ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼

ਸੰਪਾਦਕ

ਪਿਆਰਾ ਸਿੰਘ ਪਦਮ



ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼

ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼

ਸੰਪਾਦਕ
ਪਿਆਰਾ ਸਿੰਘ ਪਦਮ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

SRI GURU GRANTH MEHMA KOSH *(Punjabi)*

edited by

Piara Singh Padam

ISBN 81-7380-507-5

ਪਹਿਲੀ ਵਾਰ : 1983
ਦੂਜੀ ਵਾਰ : 1991
ਤੀਜੀ ਵਾਰ : 1999
ਕਾਪੀਆਂ : 2100
ਮੁੱਲ 100-00 ਰੁਪਏ

ਪ੍ਰੋਫੈਸਰ ਰਣਬੀਰ ਸਿੰਘ ਐਮ.ਏ. (ਅੰਗ੍ਰੇਜ਼ੀ), ਪੀ-ਐਚ.ਡੀ., ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਅਤੇ ਰਾਮ ਪ੍ਰਿੰਟੋਗਰਾਫ ਦਿੱਲੀ ਵਿਖੇ ਛਪੀ।

ਪ੍ਰਾਰੰਭ

ਸ੍ਰੀ ਗੁਰੂ ਗ੍ਰੰਥ ਸਾਹਿਬ ਰਹੱਸਵਾਦੀ ਅਨੁਭਵ ਤੇ ਸ੍ਰੇਸ਼ਟਾਚਾਰੀ ਸਿਖਿਆਵਾਂ ਦਾ ਮਹਾਂ-ਸਾਗਰ ਹੈ। ਇਸ ਦੀ ਪੁਨੀਤ ਵਿਚਾਰਧਾਰਾ ਮਾਨਵ ਸੰਸਕ੍ਰਿਤੀ ਦੀ ਸਿਖਰ ਛੂੰਹਦੀ ਤੇ ਭਾਰਤੀ ਸੰਸਕ੍ਰਿਤੀ ਦੀ ਵਚਿਤ੍ਰ ਵਿਵਿਧਤਾ ਦਰਸਾਉਂਦੀ ਹੈ। ਪ੍ਰਾਚੀਨ ਰਿਸ਼ੀਆਂ ਵਾਲਾ ਵਿਸਮਾਦੀ ਅਨੁਭਵ, ਤੱਤਵੇਤਿਆਂ ਵਾਲਾ ਗੰਭੀਰ ਗਿਆਨ, ਰਾਜ-ਜੋਗੀਆਂ ਵਾਲਾ ਸ਼ਾਂਤ ਅਡੋਲ ਧਿਆਨ, ਸੰਤਾਂ ਭਗਤਾਂ ਵਾਲੀ ਸ਼ਰਧਾ ਭਾਵਨਾ, ਸੂਫ਼ੀ ਦਰਵੇਸ਼ਾਂ ਵਾਲੀ ਪ੍ਰੇਮ-ਖੁਮਾਰੀ, ਪਰਮਹੰਸਾਂ ਵਾਲੀ ਵਿਸ਼ਲੇਸ਼ਣਕਾਰੀ, ਮਨੋਵਿਗਿਆਨਕ ਤੇ ਪ੍ਰਕ੍ਰਿਤਕ ਚਿੱਤ੍ਰਕਾਰੀ ਇਸ ਦਾ ਅੰਤਰੀਵ ਸਰੂਪ ਹੈ। ਬਾਹਰਲੀ ਕੰਚਨ ਕਾਇਆ—ਕਾਵਿ ਕਟਾਖਯਾਂ, ਅਲੰਕਾਰਾਂ, ਪ੍ਰਤੀਕਾਂ, ਬਿੰਬਾਂ, ਰਾਗਾਂ, ਛੰਦਾਂ ਤੇ ਲੋਕ-ਧਾਰਨਾਵਾਂ ਅਤੇ ਵੰਨ-ਸੁਵੰਨੀ ਸ਼ਬਦਾਵਲੀ ਨਾਲ ਸਜੀ ਹੋਈ ਹੈ। ਪੁਰਾਤਨ ਪੰਡਿਤ ਇਸ ਨੂੰ 'ਪੰਚਮ ਵੇਦ' ਸਿਧ ਕਰਦੇ ਰਹੇ ਤੇ ਸੰਪ੍ਰਦਾਈ ਗਿਆਨੀ ਨਿਰਾ ਵੇਦਾਂਤ। ਸ੍ਰੀ ਗੁਰੂ ਗ੍ਰੰਥ ਨਾ ਵੇਦ ਹੈ, ਨਾ ਵੇਦਾਂਤ। ਇਹ ਤਾਂ ਅਦਭੁਤ ਕਾਵਿ-ਰੰਗ ਵਿਚ ਟਹਿਕਦਾ 'ਅੰਜਨ ਮਾਹਿ ਨਿਰੰਜਨ' ਰੈਹਣ ਦਾ ਕਰਮਯੋਗੀ ਜੀਵਨ-ਸਿਧਾਂਤ ਹੈ ਜੋ ਲੋਕ ਪਰਲੋਕ ਦੋਹਾਂ ਨੂੰ ਸੰਵਾਰਨ ਦਾ ਜ਼ਿੰਮਾ ਲੈਂਦਾ ਹੈ। ਇਸ ਕਰਕੇ ਇਸ ਨੂੰ 'ਸ੍ਰੀ ਗੁਰੂ' ਕਹਿਕੇ ਸਤਕਾਰਿਆ ਗਿਆ।

ਇਸ ਮਹਾਨ ਗ੍ਰੰਥ ਬਾਰੇ ਸਿੱਖਾਂ, ਗ਼ੈਰ-ਸਿੱਖਾਂ, ਹਿੰਦੂਆਂ, ਮੁਸਲਮਾਨਾਂ, ਦੇਸੀ ਬਿਦੇਸੀ ਵਿਦਵਾਨਾਂ ਜੋ ਵਿਚਾਰ ਦਿੱਤੇ ਹਨ, ਸਭਨਾਂ ਇਸ ਦੀ ਸਲਾਹੁਤਾ ਕੀਤੀ ਹੈ, ਇਹ ਠੀਕ ਹੈ ਕਿ ਸਾਰੇ ਲੇਖਕ ਸ਼ਰਧਾਲੂ ਸਿੱਖਾਂ ਵਾਂਙ ਨਹੀਂ ਸੋਚਦੇ ਪਰ ਫਿਰ ਵੀ ਹਰ ਇਕ ਨੇ ਜਿਵੇਂ ਕਿਵੇਂ ਇਸ ਦੀ ਮਹਿਮਾ ਹੀ ਗਾਈ ਹੈ। ਇਹ ਵੀ ਸਭ ਨੇ ਅੰਗੀਕਾਰ ਕੀਤਾ ਹੈ ਕਿ ਸਿੱਖ ਇਸ ਨੂੰ 'ਗੁਰੂ ਸਰੂਪ' ਵਿਚ ਪਰਵਾਨ ਕਰਦੇ ਹਨ। ਦੂਜੇ, ਇਹ ਇਕ ਐਸਾ ਸਰਬ ਸਾਂਝਾ ਗ੍ਰੰਥ ਹੈ ਜੋ ਸਮੂਹ ਮਨੁੱਖਤਾ ਨੂੰ ਆਪਣੀ ਗਲਵੱਕੜੀ ਵਿਚ ਲੈਂਦਾ ਹੈ। ਇਸ ਦੀ ਵਿਚਾਰਧਾਰਾ ਅਧਿਆਤਮਕ ਸਮਾਜਕ ਦੋਹਾਂ ਕਿਨਾਰਿਆਂ ਨੂੰ ਛੂੰਹਦੀ ਹੈ, ਇਸ ਦੀ ਅਭਿਵਿਅੰਜਨਾ ਸ਼ੈਲੀ ਕਲਾਤਮਕ ਰੰਗ ਨਾਲ ਭਰਪੂਰ ਹੋਣ ਕਰਕੇ ਹਰ ਇਕ ਨੂੰ ਆਪਣੇ ਵਲ ਆਕਰਸ਼ਤ ਕਰਦੀ ਹੈ।

ਸਾਰੇ ਵਿਦਵਾਨਾਂ ਆਪਣੀ ਆਪਣੀ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਦਾ ਮਹੱਤਵ ਉਜਾਗਰ ਕੀਤਾ ਹੈ। ਜੇ ਕਿਸੇ ਸ਼ਰਧਾ ਦਾ ਪੱਲਾ ਛਡ ਕੇ ਨਿਰਾ ਤਰਕ ਆਸਰੇ ਵੀ ਲਿਖਿਆ ਤਾਂ ਉਸ ਨੇ ਕੋਈ ਨਾ ਕੋਈ ਰੌਸ਼ਨ ਪੱਖ ਪੇਸ਼ ਕੀਤਾ ਹੈ, ਇਹ ਗੱਲ ਵੱਖਰੀ ਹੈ ਕਿ ਉਸ ਦਾ ਤਰੀਕਾ ਆਪਣਾ ਹੈ। ਅਸੀਂ ਚਾਹੁੰਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਰਧਾਲੂ ਇਨ੍ਹਾਂ ਵਿਚਾਰਵਾਨਾਂ ਦੇ ਵਿਚਾਰ ਪੜ੍ਹਕੇ ਆਪਣੇ ਨਿਸਚੇ ਵਿਚ ਦ੍ਰਿੜ੍ਹਤਾ ਲਿਆਉਣ ਤੇ ਇਸ ਸਾਗਰ ਦੀ ਕੁੱਖ ਵਿਚ ਛਿਪੇ ਗੁੱਝੇ ਹੀਰੇ ਮੋਤੀਆਂ ਦੀ ਭਾਲ ਕਰਕੇ ਆਪਣੇ ਆਪ ਨੂੰ ਹੋਰ ਅਮੀਰ ਬਣਾਉਣ ਦਾ ਉਪਰਾਲਾ ਕਰਨ। ਇਸੇ ਮਨੋਰਥ ਨੂੰ ਮੁੱਖ ਰਖਕੇ ਇਹ ਪੁਸਤਕ—*'ਸ੍ਰੀ ਗੁਰੂ ਗ੍ਰੰਥ ਮਹਿਮਾ-ਕੋਸ਼'*—ਨਾਨਕ ਪ੍ਰਕਾਸ਼

ਪੱਤ੍ਰਿਕਾ ਦੇ 'ਵਿਸ਼ੇਸ਼ ਅੰਕ' ਦੇ ਰੂਪ ਵਿਚ ਪ੍ਰਕਾਸ਼ਿਤ ਕਰ ਰਹੇ ਹਾਂ ਤਾਂ ਕਿ ਇਹ ਸਾਮੱਗਰੀ ਹਰ ਸਾਧਾਰਣ ਪਾਠਕ ਤਕ ਪਹੁੰਚ ਸਕੇ।

ਸ੍ਰੀ ਗੁਰੂ ਗ੍ਰੰਥ ਅਧਿਐਨ ਵਿਭਾਗ ਦੀ ਸਥਾਪਨਾ ਇਸੇ ਮੰਤਵ ਨੂੰ ਲੈ ਕੇ ਕੀਤੀ ਗਈ ਸੀ ਕਿ ਹਰ ਦ੍ਰਿਸ਼ਟੀ ਤੋਂ ਗੁਰਬਾਣੀ ਨੂੰ ਸਮਝਿਆ ਵਿਚਾਰਿਆ ਜਾਵੇ। ਸਭ ਤੋਂ ਪਹਿਲਾਂ ਗੁਰੂ ਗ੍ਰੰਥ ਦਾ ਆਮ ਪਰਿਚਯ ਦੇਣ ਲਈ '*ਗੁਰੂ ਗ੍ਰੰਥ ਰਤਨਾਵਲੀ*' ਪੁਸਤਕ ਦਾ ਮੂਲ ਪੰਜਾਬੀ ਖਰੜਾ ਮੈਂ ਤਿਆਰ ਕੀਤਾ, ਇਸ ਦਾ ਹਿੰਦੀ ਅਨੁਵਾਦ ਪੰ. ਸ਼ਰੁਤਿਕਾਂਤ ਜੀ ਨੇ ਕੀਤਾ ਅਤੇ ਅੰਗ੍ਰੇਜ਼ੀ ਰੂਪਾਂਤਰ—ਡਾ. ਦਰਸ਼ਨ ਸਿੰਘ ਮੈਣੀ, ਡਾ. ਗੁਰਦਿਤ ਸਿੰਘ ਤੇ ਪ੍ਰੋ. ਬਖ਼ਸ਼ੀਸ਼ ਸਿੰਘ ਜੀ ਦੇ ਸਹਿਯੋਗ ਨਾਲ ਹੋਇਆ ਜਿਸ ਨੂੰ ਡਾਕਟਰ ਤਾਰਨ ਸਿੰਘ ਜੀ ਨੇ ਐਡਿਟ ਕੀਤਾ ਤੇ ਇਹ ਪੁਸਤਕ ਤਿੰਨੇ ਜ਼ਬਾਨਾਂ ਵਿਚ ਇਕੱਠੀ ਛਪੀ। ਫਿਰ ਇਸ ਤੋਂ ਬਾਅਦ '*ਗੁਰੂ ਗ੍ਰੰਥ ਵਿਚਾਰ ਕੋਸ਼*' ਤੇ '*ਗੁਰੂ ਗ੍ਰੰਥ ਸੰਕੇਤ ਕੋਸ਼*' ਤਿਆਰ ਕਰਕੇ ਗੁਰਬਾਣੀ ਅਧਿਐਨ ਲਈ ਹੋਰ ਲੋੜੀਂਦੀ ਸਾਮੱਗਰੀ ਜੁਟਾਈ ਗਈ। ਇਹ '*ਗੁਰੂ ਗ੍ਰੰਥ ਮਹਿਮਾ ਕੋਸ਼*' ਇਸੇ ਲੜੀ ਦਾ ਮਣਕਾ ਹੈ ਜਿਸ ਵਿਚ ਪੰਜਾਂ ਜ਼ਬਾਨਾਂ—ਪੰਜਾਬੀ, ਹਿੰਦੀ, ਸੰਸਕ੍ਰਿਤ, ਫ਼ਾਰਸੀ ਤੇ ਅੰਗ੍ਰੇਜ਼ੀ ਦੀਆਂ ਦੋ ਸੌ ਦੇ ਲਗਭਗ ਲਿਖਤਾਂ ਵਿਚੋਂ ਆਦਿ ਗੁਰੂ ਗ੍ਰੰਥ ਬਾਰੇ ਇਹ ਚੋਣਵੇਂ ਵਿਚਾਰ ਇਕੱਤਰ ਕੀਤੇ ਗਏ ਹਨ। ਸਾਨੂੰ ਆਸ ਹੈ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਪ੍ਰੇਮੀ ਇਸ ਤੋਂ ਲਾਹਾ ਪ੍ਰਾਪਤ ਕਰ ਸਕਣਗੇ।

ਮਾਰਚ, 1983 **ਪਿਆਰਾ ਸਿੰਘ ਪਦਮ**

ਤੀਜੀ ਛਾਪ—ਪਹਿਲੇ ਇਹ ਸਾਰੀ ਸਮੱਗਰੀ ਨਾਨਕ ਪ੍ਰਕਾਸ਼ ਪਤ੍ਰਿਕਾ ਦੇ ਵਿਸ਼ੇਸ਼ ਸਾਲਾਨਾ ਅੰਕ 1983 ਵਿਚ ਪ੍ਰਕਾਸ਼ਤ ਕੀਤੀ ਗਈ ਸੀ ਫਿਰ ਦੂਜੀ ਛਾਪ ਕਿਤਾਬੀ ਰੂਪ ਵਿਚ। ਹੁਣ ਪਾਠਕਾਂ ਦੀ ਮੰਗ ਤੇ ਇਹ ਤੀਜੀ ਛਾਪ ਪ੍ਰਕਾਸ਼ਤ ਕੀਤੀ ਜਾ ਰਹੀ ਹੈ ਤੇ ਅੰਤ ਵਿਚ 10-15 ਹੋਰ ਲੇਖਕਾਂ ਦੇ ਵਿਚਾਰ ਸ਼ਾਮਲ ਕਰਕੇ ਇਹ ਦੋ ਸੌ ਮਣਕਿਆਂ ਦੀ ਮਾਲਾ ਗੁੰਦ ਦਿਤੀ ਗਈ ਹੈ। ਇਸ ਤੋਂ ਇਸ ਮਹਾਨ ਗ੍ਰੰਥ ਦੇ ਕਈ ਹੋਰ ਪੈਹਲੂਆਂ ਨੂੰ ਸਮਝਣ ਬੁਝਣ ਵਿਚ ਵੀ ਸਹਾਇਤਾ ਮਿਲੇਗੀ।

ਅਪ੍ਰੈਲ 1998 **ਪਿਆਰਾ ਸਿੰਘ ਪਦਮ**

ਤਤਕਰਾ

(੨) *ਹਿੰਦੀ ਭਾਗ*

(੩) ***ਸੰਸਕ੍ਰਿਤ ਭਾਗ***

(੪) ***ਫ਼ਾਰਸੀ ਭਾਗ***

(੫) ***ਅੰਗ੍ਰੇਜ਼ੀ ਭਾਗ***

ਪ੍ਰਸਤਾਵਨਾ

ਭਾਰਤ ਦੀ ਅਧਿਆਤਮਕ ਪਰੰਪਰਾ ਬੜੀ ਅਮੀਰ ਤੇ ਗਹਿਰ ਗੰਭੀਰ ਹੈ। ਇਸ ਸਾਗਰ ਦੀ ਵਿਸ਼ਾਲਤਾ, ਵੰਨ-ਸੁਵੰਨਤਾ ਤੇ ਅਦਭੁਤਤਾ ਦਾ ਅਨੁਮਾਨ ਲਾਉਣਾ ਕੋਈ ਸੌਖੀ ਗੱਲ ਨਹੀਂ। ਪੁਰਾਤਨ ਯੁਗ ਵਿਚ ਇਹ ਅਧਿਆਤਮਕਤਾ ਦਾ ਗਿਆਨ ਸੰਸਕ੍ਰਿਤ ਭਾਸ਼ਾ ਵਿਚ ਹੀ ਕੀਤਾ ਕਰਾਇਆ ਜਾਂਦਾ ਸੀ, ਦੇਵ-ਭਾਸ਼ਾ ਤੋਂ ਬਿਨਾ ਸਾਧਾਰਣ ਲੋਕ-ਬੋਲੀਆਂ ਵਿਚ ਇਸ ਦੀ ਚਰਚਾ ਇਕ ਤਰ੍ਹਾਂ ਵਰਜਿਤ ਸੀ। ਇਸ ਕਰਕੇ ਆਮ ਲੋਕ ਇਸ ਤੋਂ ਵੰਚਿਤ ਸਨ ਤੇ ਕੇਵਲ ਪੰਡਿਤਾਂ ਤਕ ਹੀ ਇਹ ਗਿਆਨ ਸੀਮਤ ਸੀ। ਦੂਜੇ, ਇਹ ਅਧਿਐਨ ਵਧੇਰੇ ਦਾਰਸ਼ਨਿਕ ਪੱਧਰ ਦਾ ਸੀ ਜੋ ਪੁਰਾਤਨ ਸ਼ਾਸਤ੍ਰੀ ਵਿਧੀ ਅਨੁਸਾਰ ਹੀ ਇਸਦਾ ਵਿਸ਼ਲੇਸ਼ਨ ਕਰਦਾ ਸੀ। ਜਦੋਂ ਅਸੀਂ ਇਸ ਵਿਸ਼ਲੇਸ਼ਨ ਨੂੰ ਧਿਆਨ-ਗੋਚਰੇ ਕਰਦੇ ਹਾਂ ਤਾਂ ਉਨ੍ਹਾਂ ਧਾਰਮਕ ਗ੍ਰੰਥਾਂ ਵਿਚ ਕਰਮਯੋਗ ਤੇ ਗਿਆਨ-ਯੋਗ ਦਾ ਵਧੇਰੇ ਚਰਚਾ ਮਿਲਦਾ ਹੈ। ਪੁਰਾਣੇ ਧਾਰਮਕ ਲੋਕ ਇਹ ਸਮਝਦੇ ਹਨ ਕਿ ਕੁਝ ਖਾਸ ਖਾਸ ਕਰਮ ਕਰਨ ਨਾਲ ਉਚੇਰੀ ਅਧਿਆਤਮਕ ਅਵਸਥਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਵੇਂ ਕਿ ਯੱਗ ਹੋਮ, ਤਪ, ਬਰਤ, ਪੂਜਾ, ਪਾਠ, ਤੀਰਥ-ਯਾਤਰਾ ਤੇ ਪੁੰਨ ਦਾਨ ਆਦਿ। ਇਸ ਤੋਂ ਇਲਾਵਾ ਬੌਧਕ ਵਿਕਾਸ ਵਿਚ ਵਿਸ਼ਵਾਸ ਰੱਖਣ ਵਾਲੇ ਮਹਾਂਗਿਆਨੀ, ਗਿਆਨ ਯੋਗ ਨੂੰ ਹੀ ਇਕੋ ਇਕ ਵਿਧੀ ਮੰਨਦੇ ਤੇ ਇਸੇ ਨੂੰ ਮੁਕਤੀ ਦਾ ਸਾਧਨ ਦੱਸਦੇ ਸਨ। ਇਨ੍ਹਾਂ ਲੋਕਾਂ ਦੀ ਬੌਧਕ ਘਾਲਣਾ ਦਾ ਸਿੱਟਾ 'ਖਟ ਦਰਸ਼ਨ' ਤੇ ਉਨ੍ਹਾਂ ਉੱਤੇ ਲਿਖੇ ਭਾਸ਼ਯ ਜਾਂ ਬ੍ਰਿਤੀਆਂ ਆਦਿ ਹਨ। ਉਪਨਿਸ਼ਧਕ ਸਾਹਿੱਤ ਵਿਚ ਅਧਿਆਤਮਵਾਦ ਦੇ ਅਨੇਕ-ਪੱਖੀ ਅਨੁਭਵਾਂ ਤੇ ਵਿਚਾਰਾਂ ਦਾ ਸੰਕਲਨ ਸੀ, ਜਿਸਨੂੰ ਵਿਦਵਾਨਾਂ ਹੌਲੀ ਹੌਲੀ ਮਥ ਵਿਚਾਰ ਕੇ ਤੇ ਕੁਝ ਆਪਣੇ ਪ੍ਰਭਾਵ ਮਿਲਾ ਕੇ ਨਵੇਂ ਨਵੇਂ ਮਤਾਂ ਦੀ ਸਥਾਪਨਾ ਕੀਤੀ। ਵੈਸ਼ਨਵ, ਸ਼ੈਵ, ਸ਼ਾਕਤ, ਤਾਂਤ੍ਰਿਕ ਆਦਿਕ ਕਈ ਸੰਪ੍ਰਦਾਇ ਵਜੂਦ ਵਿਚ ਆਏ।

ਪੁਰਾਤਨ ਧਰਮ-ਗ੍ਰੰਥ

ਪਰ ਇਹ ਜਿਤਨਾ ਅਧਿਆਤਮਕ ਗਿਆਨ ਦਾਰਸ਼ਨਕ ਜਾਂ ਧਾਰਮਕ ਪੱਧਰ ਤੇ ਵਿਚਾਰਿਆ ਗਿਆ, ਉਹ ਬਹੁਤਾ ਸੰਸਕ੍ਰਿਤ ਵਿਚ ਹੀ ਸੀ। ਬੁਧ ਮਤ ਤੇ ਜੈਨ ਮਤ ਦੇ ਆਚਾਰਯਾਂ ਨੇ ਤਾਂ ਲੋਕਾਂ ਦੀ ਸੋਖ ਨੂੰ ਸਨਮੁੱਖ ਰੱਖਕੇ ਤੇ ਬ੍ਰਹਾਮਣਵਾਦ ਦਾ ਸੰਗਲ ਤੋੜਨ ਲਈ ਆਪਣੇ ਧਾਰਮਕ ਉਪਦੇਸ਼ ਸੰਸਕ੍ਰਿਤ ਦੀ ਥਾਂ ਲੋਕ-ਬੋਲੀਆਂ ਜਾਂ ਪ੍ਰਾਕ੍ਰਿਤਾਂ ਵਿਚ ਦਿੱਤੇ ਜਿਨ੍ਹਾਂ ਦਾ ਜਨਤਾ ਵਿਚ ਭਾਰਾ ਸੁਆਗਤ ਹੋਇਆ। ਪਰ ਕੁਝ ਸਦੀਆਂ ਬਾਦ ਰਾਜਸੀ ਸ਼ਕਤੀ ਮੁੜ ਬ੍ਰਾਹਮਣੀ ਹੱਥਾਂ ਵਿਚ ਆ ਗਈ ਤੇ ਬੇਚਾਰੇ ਬੋਧੀ ਵਿਦਵਾਨਾਂ ਨੂੰ ਮਜਬੂਰ ਹੋ ਕੇ ਫਿਰ ਆਪਣੇ ਗ੍ਰੰਥ ਸੰਸਕ੍ਰਿਤ ਵਿਚ

ਉਲਥਾਉਣੇ ਪਏ, ਇਹ ਇਕ ਤਰ੍ਹਾਂ ਦਾ ਭਿਆਨਕ ਦੁਖਾਂਤ ਸੀ ਜਿਸਨੇ ਬ੍ਰਾਹਮਣ ਨੂੰ ਤਾਂ ਸੰਤੁਸ਼ਟ ਕਰ ਦਿੱਤਾ ਪਰ ਆਮ ਲੋਕਾਂ ਦੀ ਅਸੰਤੁਸ਼ਟਤਾ ਵਧਦੀ ਗਈ। ਇਹ ਬੇਬਸੀ ਤੇ ਅਸੰਤੁਸ਼ਟਤਾ ਰਾਜਸੀ ਅਤਿਆਚਾਰਾਂ ਕਾਰਣ ਕੁਝ ਹੋਰ ਭਿਆਨਕ ਰੂਪ ਧਾਰ ਗਈ ਤੇ ਦੇਸ਼ ਭਰ ਵਿਚ ਇਸਦਾ ਪ੍ਰਤਿਕਰਮ ਹੋਇਆ। ਭਗਤੀ ਲਹਿਰ ਸਮੇਂ ਜਨ-ਸਾਧਾਰਣ ਦੀ ਭਾਸ਼ਾ ਵਿਚ ਅਧਿਆਤਮਕ ਗਿਆਨ ਦਾ ਪ੍ਰਕਾਸ਼ ਹੋਇਆ। ਇਸਦਾ ਇਕ ਕਾਰਣ ਤਾਂ ਇਹ ਹੀ ਸੀ ਕਿ ਇਸ ਸਮੇਂ ਜੋ ਸੰਤ, ਭਗਤ, ਮਹਾਂਪੁਰਸ਼ ਕਰਮ-ਖੇਤਰ ਵਿਚ ਨਿਤਰੇ, ਉਹ ਵਧੇਰੇ ਛੋਟੀਆਂ ਜਾਤੀਆਂ ਵਿਚੋਂ ਸਨ ਤੇ ਉਨ੍ਹਾਂ ਦਾ ਤੱਤ-ਗਿਆਨ ਆਪਣੇ ਰਹੱਸਵਾਦੀ ਅਨੁਭਵ ਤੇ ਆਧਾਰਤ ਸੀ। ਇਸ ਲਈ ਉਨ੍ਹਾਂ ਇਸਨੂੰ ਲੋਕ-ਬੋਲੀ ਵਿਚ ਹੀ ਪਰਗਟ ਨਹੀਂ ਕੀਤਾ, ਸਗੋਂ ਲੋਕ-ਸ਼ੈਲੀ ਵਿਚ ਆਪਣੇ ਵਿਚਾਰ ਪ੍ਰਗਟਾਏ ਤੇ ਭਾਰਤੀ ਜੀਵਨ ਨੂੰ ਧਾਰਮਕ ਤੇ ਸਮਾਜਕ ਪੱਖ ਤੋਂ ਬਹੁਤ ਹੱਦ ਤਕ ਪ੍ਰਭਾਵਿਤ ਕੀਤਾ।

ਕਈ ਪੱਛਮੀ ਵਿਦਵਾਨਾਂ ਇਹ ਲਿਖਿਆ ਹੈ ਕਿ ਇਹ ਭਗਤੀ ਲਹਿਰ ਈਸਾਈ ਪ੍ਰਭਾਵ ਦਾ ਸਿੱਟਾ ਸੀ। ਡਾ ਤਾਰਾਚੰਦ ਵਰਗੇ ਕੁਝ ਵਿਦਵਾਨ ਇਸਨੂੰ ਇਸਲਾਮੀ ਲਹਿਰ ਦਾ ਨਤੀਜਾ ਕਹਿੰਦੇ ਹਨ ਪਰ ਇਹ ਦੋਵੇਂ ਗੱਲਾਂ ਪਰਵਾਨ ਕਰਨ ਯੋਗ ਨਹੀਂ। ਹਕੀਕਤ ਇਹ ਹੈ ਕਿ ਬ੍ਰਾਹਮਣ ਦੇ ਸਮਾਜਕ ਜਬਰ ਤੇ ਬਿਦੇਸੀ ਹਮਲਾਵਰਾਂ ਦੇ ਰਾਜਨੀਤਕ ਜਬਰ ਵਿਰੁੱਧ ਬਗ਼ਾਵਤ ਕਰਕੇ ਮਨੁੱਖੀ ਆਤਮਾ ਆਪਣੀ ਸੁਤੰਤ੍ਰਤਾ ਹਾਸਲ ਕਰਨਾ ਚਾਹੁੰਦੀ ਸੀ ਤੇ ਆਪਣੇ ਸਾਂਸਕ੍ਰਿਤਿਕ ਸ੍ਵੈਮਾਨ ਨੂੰ ਸੁਰੱਖਿਅਤ ਕਰਨ ਦਾ ਉਪਰਾਲਾ ਕਰ ਰਹੀ ਸੀ, ਇਸ ਪਵਿੱਤਰ ਮੰਤਵ ਦੀ ਪੂਰਤੀ ਲਈ ਜਨ ਸਾਧਾਰਣ ਵਿਚੋਂ ਉਠੇ ਮਹਾਂਪੁਰਖ ਹੀ ਇਸ ਲਹਿਰ ਦੇ ਆਗੂ ਬਣੇ। ਇਹ ਠੀਕ ਹੈ ਕਿ ਭਗਤੀ ਲਹਿਰ ਕੋਈ ਯੋਜਨਾਬੱਧ ਲਹਿਰ ਨਹੀਂ ਸੀ, ਜਿਸਦਾ ਕਿਸੇ ਇਕ ਕੇਂਦਰ ਤੋਂ ਸੰਚਾਲਨ ਹੋਇਆ ਹੋਵੇ ਤੇ ਇਹ ਇਕੋ ਤਰ੍ਹਾਂ ਸਾਰੇ ਖਿਲਰੀ ਹੋਵੇ। ਕੇਵਲ ਹਾਲਾਤ ਹੀ ਅਜਿਹੇ ਸਨ ਕਿ ਥਾਂ ਥਾਂ ਮਹਾਂਪੁਰਸ਼ ਪਰਗਟ ਹੋਏ ਤੇ ਉਨ੍ਹਾਂ ਆਪਣੇ ਅਨੁਭਵ ਅਨੁਸਾਰ ਜੀਵਨ-ਸੰਦੇਸ਼ ਦਿੱਤਾ। ਦੱਖਣੀ ਭਾਰਤ ਵਿਚ ਅਲਵਾਰ ਭਗਤ ਮੌਜੂਦ ਸਨ, ਮਹਾਰਾਸ਼ਟਰ ਵਿਚ ਨਾਮਦੇਵ, ਤ੍ਰਿਲੋਚਨ, ਬੰਗਾਲ ਵਿਚ ਜੈਦੇਵ, ਚੈਤੰਨ ਪ੍ਰਭੂ, ਉਤਰਪ੍ਰਦੇਸ਼ ਵਿਚ ਸੁਆਮੀ ਰਾਮਾਨੰਦ, ਕਬੀਰ ਤੇ ਰਾਜਸਥਾਨ ਵਿਚ ਪੀਪਾ, ਸੈਣ ਭਗਤ ਤੇ ਪੰਜਾਬ ਵਿਚ ਬਾਬਾ ਫਰੀਦ ਵਰਗੇ ਫਕੀਰ ਇਹ ਰੂਹਾਨੀਅਤ ਦਾ ਸੰਦੇਸ਼ ਦ੍ਰਿੜ ਕਰਾ ਰਹੇ ਸਨ। ਸਿੱਖ ਗੁਰੂ ਸਾਹਿਬਾਨ ਨੇ ਨਾਮ ਤੇ ਸੇਵਾ ਦੀ ਸੰਥਾ ਪੜ੍ਹਾ ਕੇ ਪੰਜਾਬ ਵਿਚ ਅਧਿਆਤਮਕਤਾ ਦਾ ਝੰਡਾ ਉੱਚਾ ਕੀਤਾ। ਥਾਂ ਥਾਂ ਧਰਮਸ਼ਾਲਾ ਤੇ ਸੰਗਤ ਦੀ ਸਥਾਪਨਾ ਕਰਕੇ ਇਸ ਨੂੰ ਵਿਧੀ-ਪੂਰਬਕ ਸੰਗਠਿਤ ਕਰਨ ਦਾ ਜਤਨ ਕੀਤਾ ਜਿਸ ਵਿਚ ਉਨ੍ਹਾਂ ਨੂੰ ਬੇਅੰਤ ਸਫਲਤਾ ਪ੍ਰਾਪਤ ਹੋਈ। ਗੁਰੂਆਂ ਨੇ ਚੇਤੰਨ ਹੋ ਕੇ ਹੋਰ ਵਧੀਆ ਉੱਦਮ ਕੀਤਾ ਕਿ ਇਸ ਭਗਤੀ ਲਹਿਰ ਦਾ ਅਧਿਆਤਮਕ ਗਿਆਨ ਜੋ ਬਾਣੀ ਰੂਪ ਵਿਚ ਪ੍ਰਾਪਤ ਸੀ ਉਹ ਸੰਗ੍ਰਹਿ ਕਰਕੇ ਸੰਭਾਲਣਾ ਸ਼ੁਰੂ ਕਰ ਦਿੱਤਾ ਤਾਂ ਕਿ ਇਹ ਬਾਣੀ-ਭੰਡਾਰ ਅਗਾਂਹ ਦੀਆਂ ਪੀੜ੍ਹੀਆਂ ਲਈ ਵੀ ਲਾਭਦਾਇਕ ਹੁੰਦਾ ਰਹੇ। ਦੱਖਣ ਵਿਚ 'ਅਚਾਰਯ' ਕਿਸਮ ਦੇ ਧਾਰਮਕ ਨੇਤਾ ਵੀ ਸਨ ਜੋ ਪੁਰਾਤਨ ਸ਼ਾਸਤ੍ਰੀ ਵਿਧੀ ਨੂੰ ਅਪਨਾ ਕੇ ਸੰਸਕ੍ਰਿਤ ਵਿਚ ਹੀ ਅੱਗੇ ਧਰਮ ਦੀ ਵਿਆਖਿਆ ਕਰਦੇ ਤੇ ਜਗਿਆਸੂਆਂ ਨੂੰ ਆਪਣੇ ਵੱਲ ਖਿੱਚਣ ਦਾ ਯਤਨ ਕਰਦੇ ਸਨ—ਜਿਵੇਂ ਕਿ ਸ਼ੰਕਰ, ਰਾਮਾਨੁਜ, ਮਾਧਵ, ਨਿੰਬਾਰਕ, ਵੱਲਭਾਚਾਰਯ ਆਦਿ। ਪਰੰਤੂ ਇਨ੍ਹਾਂ ਦੇ ਸੰਸਕ੍ਰਿਤ ਭਾਸ਼ਯ ਨੂੰ ਸਮਝਣਾ ਜਨ-ਸਾਧਾਰਣ ਦੀ ਬੁੱਧੀ ਤੋਂ ਬਾਹਰੀ ਗੱਲ ਸੀ।

ਇਸ ਕਰਕੇ ਹੇਠਲੀਆਂ ਕਿਰਤੀ ਜਾਤੀਆਂ ਵਿਚ ਉਠੇ ਭਗਤ ਆਗੂ ਅੱਗੇ ਹੋਏ, ਜਿਨ੍ਹਾਂ ਦਾ ਜਨ ਸਾਧਾਰਣ ਨਾਲ ਵਧੇਰੇ ਨਿਕਟ-ਸਬੰਧ ਕੁਦਰਤੀ ਸੀ। ਜਦੋਂ ਆਗੂ ਹੇਠਲੇ ਤਬਕੇ ਵਿਚੋਂ ਆਏ ਹੋਣ ਤਾਂ ਜ਼ਰੂਰੀ ਸੀ ਕਿ ਅਧਿਆਤਮਕ ਤੇ ਧਾਰਮਕ ਗਿਆਨ ਦਾ ਸੋਮਾਂ ਉਨ੍ਹਾਂ ਦੀ ਸਹਿਜ ਸਰਲ ਭਾਸ਼ਾ ਬਣਦੀ। ਸੋ ਭਗਤੀ ਲਹਿਰ ਦੀ ਸਭ ਤੋਂ ਵੱਡੀ ਦੇਣ ਇਹ ਸੀ ਕਿ ਜਿਥੇ ਇਸ ਨੇ ਬਿਨਾਂ ਕਿਸੇ ਵਰਣ, ਮਜ਼੍ਹਬ, ਨਸਲ ਜਾਂ ਦੇਸ-ਭੇਦ ਦੇ ਮਨੁੱਖ ਮਾਤਰ ਨੂੰ ਧਰਮ ਦਾ ਉਪਦੇਸ਼ ਦੇ ਕੇ ਸਮਾਨਤਾ ਲਿਆਂਦੀ, ਉਥੇ ਲੋਕ-ਭਾਸ਼ਾ ਨੂੰ ਅਧਿਆਤਮਕ ਗਿਆਨ ਦਾ ਮਾਧਿਅਮ ਬਣਾ ਕੇ ਇਕ ਨਵੀਂ ਪਿਰਤ ਪਾਈ ਤੇ ਨਵੇਂ ਯੁਗ ਦੀ ਬੁਨਿਆਦ ਰੱਖੀ। ਇਕ ਗੱਲ ਹੋਰ, ਭਗਤੀ ਨੇ ਇਨ੍ਹਾਂ ਸੰਤਾਂ ਭਗਤਾਂ ਦਾ ਪਰਮੇਸ਼ਰ ਨਾਲ ਇਕ ਤਰ੍ਹਾਂ ਵਿਅਕਤੀਗਤ ਰਿਸ਼ਤਾ ਬਣਾਇਆ ਤੇ ਉਹ ਪਰਮਸੱਤਾ ਨਾਲ ਅਭੇਦ ਹੋ ਕੇ ਹੋਰ ਤਰ੍ਹਾਂ ਦੀ ਅਲੌਕਿਕ ਉਚਤਾ ਦਾ ਅਨੁਭਵ ਕਰਨ ਲਗੇ। ਜਿਨ੍ਹਾਂ ਛੋਟੀਆਂ ਜਾਤੀਆਂ ਨੂੰ ਬ੍ਰਾਹਮਣ ਆਦਰ ਦੀ ਨਜ਼ਰ ਨਾਲ ਨਹੀਂ ਸੀ ਦੇਖਦਾ ਤੇ ਸਮਾਜ ਵੀ ਬ੍ਰਾਹਮਣੀ ਅਸਰ ਹੇਠ ਇਨ੍ਹਾਂ ਨੂੰ ਮਾਨਤਾ ਦੇ ਕੇ ਰਾਜ਼ੀ ਨਹੀਂ ਸੀ, ਪਰ ਉਹ ਸਿਮਰਨ ਦੀ ਸ਼ਕਤੀ ਸਦਕੇ ਰੱਬੀ ਅਭੇਦਤਾ ਪਾ ਕੇ ਇਕ ਨਵੀਂ ਕਿਸਮ ਦਾ ਮਾਣ ਤੇ ਫ਼ਖਰ ਅਨੁਭਵ ਕਰਨ ਲਗੇ, ਜਿਵੇਂ ਕਿ ਉਨ੍ਹਾਂ ਦੇ ਕਥਨਾਂ ਤੋਂ ਪਰਗਟ ਹੁੰਦਾ ਹੈ :

'ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ ॥
'ਕਬੀਰ ਮਨੁ ਨਿਰਮਲੁ ਭਇਆ, ਜੈਸੇ ਗੰਗਾ ਨੀਰ ॥
ਪਾਛੈ ਲਾਗਿਓ ਹਰਿ ਫਿਰੈ ਕਹਤ ਕਬੀਰ ਕਬੀਰ' ॥ (ਕਬੀਰ)
'ਦਾਸ ਅਨਿੰਨ ਮੇਰੋ ਨਿਜ ਰੂਪ......
ਮੇਰੀ ਬਾਂਧੀ ਭਗਤ ਛੁਡਾਵੈ, ਬਾਂਧੀ ਭਗਤ ਨ ਛੂਟਹਿ ਮੋਹਿ ॥
ਏਕ ਸਮੈਂ ਮੋਕਉ ਗਹਿ ਬਾਂਧਿਅਉ, ਤਉ ਫੁਨ ਮੋ ਪੈ ਜਬਾਬੁ ਨਾ ਹੋਇ ॥(ਨਾਮਦੇਵ)
'ਐਸੀ ਲਾਲ ਤੁਝ ਬਿਨ ਕਉਨ ਕਰੈ
ਗਰੀਬ ਨਿਵਾਜ਼ ਗੁਸਈਆਂ ਮੇਰੈ, ਮਾਥੈ ਛਤਰ ਧਰੈ ॥' (ਰਵਿਦਾਸ)

ਇਉਂ ਅਭੇਦ ਹੋਏ ਭਗਤ ਤੱਤ੍ਵੇਤਾ ਬ੍ਰਹਮ ਗਿਆਨੀ ਹੋ ਗਏ ਤੇ ਉਨ੍ਹਾਂ ਦੇ ਅੰਮ੍ਰਿਤ-ਬਚਨ 'ਬਾਣੀ' ਕਹਿਕੇ ਸਤਿਕਾਰੇ ਗਏ। ਇਨ੍ਹਾਂ ਸਾਧੂਆਂ ਸੰਤਾਂ ਦਾ ਹਿਰਦਾ ਹਿਮਾਲੇ ਵਾਂਗ ਸ਼ਾਂਤ, ਉੱਜਲ ਤੇ ਨਿਰਮਲ ਸੀ, ਜਿਸ ਵਿਚੋਂ ਅਧਿਆਤਮਕ ਗਿਆਨ ਦੀ ਗੰਗਾ ਵਹਿਣ ਲਗੀ।

ਬਾਣੀ ਉਚਰਹਿ ਸਾਧ ਜਨ, ਅਮਿਉ ਚਲਹਿ ਝਰਣੇ ॥ *(ਗਉੜੀ ਵਾਰ ੫)*

ਇਹ ਗਿਆਨ ਕਈ ਰੂਪਾਂ ਵਿਚ ਪਰਗਟ ਹੋਇਆ, ਸ੍ਰੀ ਰਾਮਚੰਦ੍ਰ ਨੂੰ ਇਸ਼ਟ ਮੰਨ ਕੇ ਪ੍ਰੇਮਾ ਭਗਤੀ ਪਰਗਟਾਉਣ ਵਾਲਿਆਂ, ਰਾਮ-ਕਾਵਿ ਧਾਰਾ ਚਲਾਈ, ਕ੍ਰਿਸ਼ਣ ਨੂੰ ਇਸ਼ਟ ਮੰਨ ਕੇ ਪ੍ਰੇਮ ਪਰਗਟਾਉਣ ਵਾਲਿਆਂ ਕ੍ਰਿਸ਼ਨ-ਕਾਵਿਧਾਰਾ ਪ੍ਰਵਾਹਿਤ ਕੀਤੀ। ਇਨ੍ਹਾਂ ਸਭ ਤੋਂ ਨਿਰਾਲਾ ਦਲ ਨਿਰਗੁਣਵਾਦੀ ਸੰਤਾਂ ਦਾ ਸੀ ਜੋ ਵਿਅਕਤੀਗਤ ਸੀਮਾਂ ਵਿਚ ਨਾ ਬੱਝ ਕੇ ਕੇਵਲ ਸਰਬ-ਵਿਆਪਕ ਹਸਤੀ ਦੇ ਗੁਣ ਗਾਇਕ ਢਾਡੀ ਬਣੇ। ਭਾਵੇਂ ਦਾਰਸ਼ਨਿਕ ਤੌਰ ਤੇ ਹਿੰਦੂ ਮਤ ਅਦ੍ਵੈਤਵਾਦੀ ਸੀ ਪਰ ਵਿਹਾਰਕ ਰੂਪ ਵਿਚ ਬਹੁ-ਦੇਵਵਾਦ ਇਕ ਆਮ ਗੱਲ ਸੀ ਤੇ ਇਸ ਤੋਂ ਵੀ ਪਰੇ ਬੁਤ-ਪ੍ਰਸਤੀ। ਸੂਫੀਆਂ ਦਾ ਰੱਬੀ ਭਰੋਸਾ, ਏਕਤਾਵਾਦ ਨੂੰ ਬਲ ਦੇ ਰਿਹਾ ਸੀ ਪ੍ਰਰ ਉਹ ਭਗਤਾਂ ਵਾਂਙ ਸ਼ਰ੍ਹਾ ਸ਼ਰੀਅਤ ਤੇ ਜ਼ੋਰ ਨਾ ਦੇ ਕੇ ਪ੍ਰੇਮ-ਮਾਰਗ ਨੂੰ ਵਧੀਆ ਰਸਤਾ ਦੱਸ ਰਹੇ ਸਨ।

ਇਸ ਨਾਲ ਭਗਤੀ ਲਹਿਰ ਨੂੰ ਚੰਗੀ ਸ਼ਕਤੀ ਮਿਲੀ। ਹਿੰਦੂ ਸਾਧੂ ਸੰਤ ਤੇ ਮੁਸਲਮਾਨ ਸੂਫੀ ਦਰਵੇਸ਼ ਦੋ ਗੱਲਾਂ ਵਿਚ ਬਿਲਕੁਲ ਇਕ ਸਨ—ਰੱਬ ਇਕ ਹੈ ਤੇ ਮਨੁੱਖ ਜਾਤੀ ਇਕ। ਪਰ ਪਰੋਹਤ ਜਮਾਤ ਇਸ ਗੱਲ ਨਾਲ ਅਮਲੀ ਤੌਰ ਤੇ ਸਹਿਮਤ ਨਹੀਂ ਸੀ, ਬ੍ਰਾਹਮਣ ਤੇ ਕਾਜ਼ੀ, ਕਾਫਰ ਮਲੇਛ ਅਤੇ ਸ਼ੂਦ੍ਰ ਸੁਵਰਣ ਵਾਲੀ ਸੰਕੇਤਾਵਲੀ ਨੂੰ ਅਜੇ ਛੱਡਣ ਲਈ ਤਿਆਰ ਨਹੀਂ ਸਨ ਅਤੇ ਨਾ ਹੀ ਉਹ ਕਰਮਕਾਂਡ ਤੇ ਫੋਕੀ ਸ਼ਰੀਅਤ ਦੀ ਨਿਖੇਧੀ ਸੁਣ ਸਕਦੇ ਸਨ। ਪਰ ਭਗਤਾਂ ਦਰਵੇਸ਼ਾਂ ਦਾ ਮਾਰਗ ਬਲਵਾਨ ਸੀ, ਉਸਦੇ ਵਹਿਣ ਨੇ ਭਰਮ ਭੁਲੇਖੇ ਦਾ ਸਭ ਕੂੜਾ ਕਰਕਟ ਰੋੜ੍ਹ ਦਿੱਤਾ। ਕਬੀਰ ਉੱਚੀ ਉੱਚੀ ਕਹਿਕੇ ਸੁਣਾ ਰਿਹਾ ਸੀ ਕਿ ਇਹ ਕਰਮਕਾਂਡ ਤੇ ਸ਼ਰ੍ਹਾ ਦੇ ਗ੍ਰੰਥ ਹੁਣ ਦੇ ਜ਼ਮਾਨੇ ਲਈ ਇਤਨੇ ਉਪਯੋਗੀ ਨਹੀਂ।

ਵੇਦ ਕਿਤੇਬ ਇਫਤਰਾ ਭਾਈ, ਦਿਲ ਕਾ ਫਿਕਰੁ ਨਾ ਜਾਇ ॥ *(ਤਿਲੰਗ)*

ਨਵਾਂ ਧਰਮ ਗ੍ਰੰਥ

ਸੋ ਭਗਤੀ ਕਾਵਿ-ਧਾਰਾ ਪੁਰਾਣੀ ਮਾਨਤਾ ਨੂੰ ਪਰਵਾਨ ਨਾ ਕਰਕੇ ਆਪਣਾ ਨਵਾਂ ਮਾਰਗ ਸਪਸ਼ਟ ਕਰ ਰਹੀ ਸੀ ਤੇ ਉਸ ਲਈ ਕੋਈ ਨਵੇਂ ਧਰਮ ਗ੍ਰੰਥ ਦੀ ਵੀ ਆਵੱਸ਼ਕਤਾ ਸੀ। ਦੇਸ਼ ਭਰ ਵਿਚ ਸੰਤ ਭਗਤ ਜੋ ਵਿਚਾਰ ਦੁਹਰਾ ਰਹੇ ਸਨ, ਉਨ੍ਹਾਂ ਵਿਚ ਇਕ ਅਨੋਖੀ ਸਾਂਝ ਸੀ ਤੇ ਉਹ ਬਹੁਤੇ ਮਸਲਿਆਂ ਤੇ ਇਕ ਰਾਇ ਸਨ ਜਿਵੇਂ ਕਿ :

1. ਪਰਮੇਸ਼ਰ ਇਕ ਤੇ ਪੂਜਣ ਯੋਗ ਉਹੋ ਹੈ।
2. ਗਿਆਨ ਯੋਗ ਤੇ ਕਰਮ ਯੋਗ ਨਾਲੋਂ ਉਸਦੀ ਪਰਾਪਤੀ ਦਾ ਪੰਧ ਪ੍ਰੇਮਾ ਭਗਤੀ ਹੈ।
3. ਇਸ ਪਰਮਾਰਥ ਦੇ ਮਾਰਗ ਤੇ ਚਲਣ ਲਈ 'ਗੁਰੂ' ਦੀ ਅਗਵਾਈ ਜ਼ਰੂਰੀ ਹੈ।
4. ਸਾਧੂਆਂ ਦੀ ਸੰਗਤ ਯਾ 'ਸਤਿਸੰਗ' ਸਹਾਇਕ ਸਾਧਨ ਹੈ।
5. ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਔਗੁਣ ਤਿਆਗ ਕੇ ਸਤ, ਸੰਤੋਖ, ਧੀਰਜ, ਦਇਆ, ਨਿੰਮਰਤਾ ਆਦਿ ਗੁਣ ਧਾਰਨੇ ਜ਼ਰੂਰੀ ਹਨ।
6. ਭਗਤੀ ਦਾ ਅਸਲੀ ਤਰੀਕਾ ਨਾਮ ਸਿਮਰਨ ਹੈ, ਜੋ ਸਤਸੰਗੀਆਂ ਨਾਲ ਮਿਲ ਕੇ 'ਕੀਰਤਨ' ਰਾਹੀਂ ਵੀ ਹੋ ਸਕਦਾ ਹੈ, ਏਕਾਂਤ ਭਜਨ ਰਾਹੀਂ ਵੀ।
7. ਸੰਸਾਰ ਦੇ ਭੋਗ ਬਿਲਾਸ ਤੇ ਪਦਾਰਥ ਚਲਾਇਮਾਨ ਹਨ, ਇਸ ਲਈ ਇਨ੍ਹਾਂ ਨਾਲ ਪਕੜ ਰੱਖਣੀ ਠੀਕ ਨਹੀਂ, ਵੈਰਾਗ ਤੇ ਤਿਆਗ ਜ਼ਰੂਰੀ ਹੈ।
8. ਕੁਸੰਗਤ ਤੋਂ ਸਦਾ ਬਚ ਕੇ ਚਲਣਾ ਚਾਹੀਦਾ ਹੈ।
9. ਵੇਦ ਕਿਤੇਬ ਦੇ ਕਰਮਕਾਂਡ ਤੇ ਸ਼ਰਾ ਸ਼ਰੀਅਤ ਸਾਰਥਕ ਨਹੀਂ। ਕੇਵਲ ਭਗਤੀ ਤੇ ਉੱਚ ਆਚਾਰ ਹੀ ਸਹੀ ਮਾਰਗ ਹੈ।
10. ਪਰ ਇਹ ਸਭ ਕੁਝ ਕਰਕੇ ਵੀ ਮੁਕਤੀ, ਆਤਮ-ਕਲਿਆਣ ਯਾ ਅੰਤਮ ਪ੍ਰਾਪਤੀ ਉਸ ਦੀ ਕ੍ਰਿਪਾਲਤਾ (ਨਦਰਿ ਕਰਮ) ਦਾ ਫਲ ਹੈ।

ਇਸ ਕਰਕੇ ਸੱਚਾ ਭਗਤ ਆਪਣੀ ਸਾਧਨਾ ਤੇ ਮਾਣ ਨਾ ਕਰਦਾ ਹੋਇਆ ਪ੍ਰਭੂ ਅੱਗੇ ਆਤਮ-ਸਮਰਪਣ ਕਰਦਾ ਹੈ ਤੇ ਉਸਦੇ ਭਾਣੇ ਵਿਚ ਚਲਣਾ ਹੀ ਆਪਣਾ ਜੀਵਨ-ਕਰਤੱਵ, ਸਮਝਦਾ ਹੈ।

ਸੋ ਇਸ ਭਗਤੀ ਕਾਵਿ ਵਿਚ ਕੇਵਲ ਅਧਿਆਤਮਕਤਾ ਉੱਤੇ ਹੀ ਜ਼ੋਰ ਨਹੀਂ, ਸਗੋਂ ਸ਼ਰੇਸ਼ਟਾਚਾਰ ਉੱਤੇ ਵੀ ਪੂਰਾ ਜ਼ੋਰ ਦਿੱਤਾ ਗਿਆ ਹੈ। ਅਸੀਂ ਕਹਿ ਸਕਦੇ ਹਾਂ ਕਿ ਵਿਸ਼ੇ ਪੱਖ ਤੋਂ

ਇਹ ਅਧਿਆਤਮਕ ਰਚਨਾਵਾਂ ਇਤਨਾ ਗੌਰਵ ਰਖਦੀਆਂ ਹਨ ਕਿ 'ਸਰਬੋਤਮ ਮਾਨਵ' ਦੀ ਸਿਰਜਨਾ ਲਈ ਅੱਜ ਵੀ ਇਹ ਉਪਦੇਸ਼ ਕਾਰਗਰ ਸਿੱਧ ਹੋਣ ਵਾਲੇ ਹਨ।

ਜਿੱਥੋਂ ਤਕ ਭਗਤੀ ਕਾਵਿਧਾਰਾ ਦੇ ਰੂਪਕ ਪੱਖ ਦਾ ਸਬੰਧ ਹੈ, ਇਸ ਬਾਰੇ ਇਕ ਗੱਲ ਤਾਂ ਸਪਸ਼ਟ ਹੈ ਕਿ ਇਸਦੀ ਰਚਨਾ ਕਰਨ ਵਾਲੇ ਸ਼ਾਸਤਰੀ ਢੰਗ ਦੇ 'ਆਚਾਰਯ' ਨਹੀਂ ਸਨ। ਅਲੰਕਾਰ ਸ਼ਾਸਤਰ ਯਾ ਰਸ-ਸਿਧਾਂਤ ਉਨ੍ਹਾਂ ਦੇ ਅਧਿਐਨ ਦਾ ਵਿਸ਼ਾ ਨਹੀਂ ਸੀ, ਉਨ੍ਹਾਂ ਜਿਵੇਂ ਅਨੁਭਵ ਕੀਤਾ, ਉਸਨੂੰ ਉਵੇਂ—ਜਿਵੇਂ ਆਪਣੀ ਸਪਸ਼ਟ ਤੇ ਸਿੱਧੀ ਸਾਦੀ ਸਰਲ ਸ਼ੈਲੀ ਵਿਚ ਅੰਕਤ ਕਰ ਦਿੱਤਾ। ਨਾ ਉਚੇਚਾ ਅਲੰਕਾਰਾਂ ਤੇ ਜ਼ੋਰ ਲਾਇਆ ਤੇ ਨਾ ਹੀ ਭਾਸ਼ਾ ਉਤੇ। ਸ਼ਾਸਤਰੀ ਛੰਦ ਦੀ ਥਾਂ ਉਨ੍ਹਾਂ ਲੋਕ-ਪ੍ਰਚਲਤ ਧਾਰਨਾਵਾਂ ਨੂੰ ਅਪਨਾਇਆ ਹੈ। ਇਹੋ ਕਾਰਣ ਹੈ ਕਿ ਉਨ੍ਹਾਂ ਦੀ ਆਖੀ ਗੱਲ ਅੱਜ ਵੀ ਪੜ੍ਹਿਆ ਅੱਧ-ਪੜ੍ਹਿਆ ਹਰ ਕੋਈ ਸਮਝ ਸਕਦਾ ਹੈ ਕਿਉਂਕਿ ਇਹ ਲੋਕ ਵਧੇਰੇ ਕਰਕੇ ਆਪਣੀ ਕਾਰ ਕਿਰਤ ਕਰਨ ਵਾਲੇ ਸਨ, ਇਸ ਕਰਕੇ ਬ੍ਰਾਹਮਣਾਂ ਵਾਲਾ ਪੰਡਤਾਊਪਣ ਇਨ੍ਹਾਂ ਵਿਚ ਨਹੀਂ ਸੀ। ਨਾਲੇ ਇਹ ਲੋਕ ਯਕੀਨ ਕਰਦੇ ਸਨ ਕਿ ਜੋ ਗੱਲ ਤਜਰਬੇ ਵਿਚ ਆਈ, ਉਹੋ ਸਾਫ ਸਾਫ ਆਖੀ ਜਾਵੇ ਤੇ ਆਖੀ ਵੀ ਸਰਲ ਜ਼ਬਾਨ ਵਿਚ ਜਾਵੇ :

'ਬਾਗ ਬਗੀਚਾ ਸੋ ਭਲਾ, ਜੋ ਸਭ ਕਾ ਸਾਂਝਾ ਹੋਇ ॥
ਬਾਨੀ ਤਿਸ ਭਾ ਕੀ ਭਲੀ, ਜਿਸ ਸਮਝੈ ਸਵ ਕੋਇ ॥ (ਕਬੀਰ)

ਇਹ ਸੰਤਾਂ ਦੀ ਗੱਲ ਹੀ ਨਹੀਂ। ਭਾਰਤ ਦਾ ਸਮਾਜਕ ਵਿਕਾਸ ਦੱਸਦਾ ਹੈ ਕਿ ਲੋਕ ਪਰੋਹਤ-ਭਾਸ਼ਾਵਾਂ ਤੋਂ ਅੱਕ ਥੱਕ ਚੁੱਕੇ ਸਨ। ਜੈਸਾ ਕਿ ਵਿਦਿਆਪਤੀ (ਚੌਧਵੀਂ ਸਦੀ) ਨੇ ਲਿਖਿਆ ਹੈ ਕਿ ਸੰਸਕ੍ਰਿਤ, ਪੰਡਤਾਂ ਤਕ ਮਹਿਦੂਦ ਹੈ, ਪ੍ਰਾਕ੍ਰਿਤ ਦਾ ਮਰਮ ਕੋਈ ਪਾ ਨਹੀਂ ਸਕਦਾ, ਦੇਸੀ ਬੋਲ ਬਚਨ ਹੀ ਸਭ ਨੂੰ ਮਿੱਠੇ ਲਗਦੇ ਹਨ। ਇਸੇ ਕਰਕੇ ਮੈਂ ਟੁੱਟੀ ਫੁੱਟੀ ਅਪਭ੍ਰੰਸ਼ ਯਾ 'ਅਵਹੱਠ' ਵਿਚ ਗੱਲ ਕਰਦਾ ਹਾਂ :

ਸੱਕਯ ਬਾਣੀ ਬਹੁਯ ਨ ਭਾਵਇ। ਪਾਉਅ ਰਸ ਕੋ ਮੱਮ ਨਾ ਪਾਵਇ ॥
ਦੇਸਿਲ ਬਅਨਾ ਸਭ ਜਨ ਮਿੱਠਾ। ਤੇ ਤੈਸਨ ਜੰਪਉ ਅਵਹੱਠਾ ॥ (ਕੀਰਤਿ ਲਤਾ)

ਕਬੀਰ ਇਕ ਥਾਂ ਕਹਿੰਦੇ ਹਨ :

'ਸੰਸਕ੍ਰਿਤ ਹੈ ਕੂਪ ਜਲ, ਭਾਖਾ ਬਹਤਾ ਨੀਰ ॥'

(੧) ਸਰਬੱਤ ਦਾ ਗ੍ਰੰਥ

ਸੋ ਇਹ ਸੰਤ-ਬਾਣੀ ਵਿਸ਼ੇ ਤੇ ਰੁਖ ਦੇ ਪੱਖ ਤੋਂ ਸਰਬਤ੍ਰ ਲਈ ਸੀ, ਜਿਵੇਂ ਲੋਕ-ਰਾਜ ਦੀ ਪਰਿਭਾਸ਼ਾ ਕੀਤੀ ਜਾਂਦੀ ਹੈ, ਉਹ ਰਾਜ ਜੋ ਲੋਕਾਂ ਲਈ, ਲੋਕਾਂ ਵੱਲੋਂ ਤੇ ਲੋਕਾਂ ਦਾ ਰਾਜ ਹੋਵੇ। ਲਗਭਗ ਇਹੋ ਤਾਰੀਫ ਸੰਤ-ਬਾਣੀ ਉੱਤੇ ਢੁੱਕਦੀ ਹੈ। ਦਾਰਸ਼ਨਿਕ ਅਚਾਰਯਾਂ ਜੋ ਪਰਮਾਰਥਕ ਗਿਆਨ ਬਿਖਮ ਸ਼ੈਲੀ ਤੇ ਬਿਖਮ ਭਾਸ਼ਾ ਵਿਚ ਲਿਖਿਆ ਸੀ, ਉਹ ਕੇਵਲ ਵਿਸ਼ੇਸ਼ ਪੰਡਤ ਜਮਾਤ ਲਈ ਹੀ ਸੀ। ਇਨ੍ਹਾਂ ਸੰਤਾਂ ਭਗਤਾਂ ਆਪਣੇ ਅਨੁਭਵ ਨੂੰ ਸਰਲ ਬੋਲੀ ਤੇ ਸਰਲ ਸ਼ੈਲੀ ਵਿਚ ਅੰਕਿਤ ਕਰਕੇ ਜਨ ਸਾਧਾਰਣ ਉੱਤੇ ਮਹਾਨ ਉਪਕਾਰ ਕੀਤਾ।

ਇਨ੍ਹਾਂ ਰਹੱਸਵਾਦੀ ਸੰਤਾਂ ਸਾਧੂਆਂ ਦਾ ਨਿਜੀ ਅਨੁਭਵ ਅਰਥ-ਪੂਰਣ ਸੀ। ਇਸ ਕਰਕੇ ਇਨ੍ਹਾਂ ਜੋ ਕੁਝ ਆਖਿਆ ਉਹ ਬਹੁਤ ਪ੍ਰਭਾਵਸ਼ਾਲੀ ਸਿੱਧ ਹੋਇਆ ਤੇ ਇਸ ਤਰ੍ਹਾਂ ਬ੍ਰਾਹਮਣਾਂ, ਜੋਗੀਆਂ ਤੇ ਸਿਧਾਂ ਪੀਰਾਂ ਦੀ ਥਾਂ ਇਹ ਸੰਤ ਭਗਤ ਨਵੇਂ ਯੁਗ ਦੇ ਨਾਇਕ ਬਣ ਗਏ।

ਗੁਰੂ ਸਾਹਿਬਾਨ ਤੋਂ ਪਹਿਲਾਂ ਪੰਜਾਬ ਵਿਚ ਸਿਵਾਇ ਜੋਗੀਆਂ ਨਾਥਾਂ ਦੇ ਹੋਰ ਕਿਸੇ ਦਾ ਅਸਰ ਘੱਟ ਹੀ ਸੀ। ਇਹ ਲੋਕ ਜਾਂ ਆਪਣੇ ਭੇਖ ਦਾ ਖੱਟਿਆ ਖਾਂਦੇ ਸਨ ਜਾਂ ਫਿਰ ਮਾੜੀ ਮੋਟੀ ਰਿਧੀ ਸਿਧੀ ਦੇ ਚਮਤਕਾਰ ਦਾ। ਉੱਚਾ ਅਧਿਆਤਮਕ ਜੀਵਨ ਜਿਊਣ ਲਈ ਦੋਵੇਂ ਚੀਜ਼ਾਂ ਨਿਰਾਰਥਕ ਸਨ, ਇਸ ਕਰਕੇ ਗੁਰੂ ਸਾਹਿਬਾਨ ਨੇ ਇਨ੍ਹਾਂ ਨੂੰ ਅਪਰਵਾਨ ਕਰਕੇ ਸੱਚਾ ਧਾਰਮਕ ਜੀਵਨ ਬਣਾਉਣ ਤੇ ਰੱਬੀ ਭਾਣੇ ਵਿਚ ਜ਼ਿੰਦਗੀ ਬਸਰ ਕਰਨ ਦੀ ਤਾਕੀਦ ਕੀਤੀ। ਫਿਰ ਜੋਗੀਆਂ ਦਾ ਤਰੀਕਾ ਪੁਰਾਣੇ ਸੰਨਿਆਸੀਆਂ ਜਾਂ ਬੋਧੀ ਭਿਖਸ਼ੂਆਂ ਵਾਲਾ ਹੀ ਸੀ, ਕੰਮ ਨਾ ਕਰਨ ਦਾ ਤੇ ਮੰਗ ਖਾਣ ਦਾ। ਇਸ ਨੂੰ ਗੁਰੂ ਸਾਹਿਬਾਨ ਨੇ ਬਿਲਕੁਲ ਰੱਦ ਕਰ ਦਿੱਤਾ। ਇਸ ਦੀ ਥਾਂ ਕਿਰਤ ਕਮਾਈ ਕਰਕੇ ਵੰਡ ਛਕਣ ਦਾ ਉਪਦੇਸ਼ ਦਿੱਤਾ ਤੇ ਮੰਗਣ ਦੀ ਨਿਖੇਧੀ ਕੀਤੀ। ਇਸ ਸਮੇਂ ਮੁਸਲਮ ਸੂਫ਼ੀ ਦਰਵੇਸ਼ ਵੀ ਕਈ ਥਾਂ ਰਾਜ-ਸੱਤਾ ਆਸਰੇ ਆਪਣੇ ਡੇਰੇ ਚਲਾ ਰਹੇ ਸਨ, ਕੁਝ ਇਨ੍ਹਾਂ ਵਿਚੋਂ ਨਿਰੋਲ ਕੱਟਰ ਇਸਲਾਮ ਦੇ ਪ੍ਰਚਾਰਕ ਮਾਤਰ ਸਨ ਤੇ ਕੁਝ ਜ਼ਰਾ ਉਦਾਰਵਾਦੀ ਹੋ ਕੇ ਮਨੁੱਖ ਮਾਤਰ ਦਾ ਕਲਿਆਨ ਚਾਹੁੰਦੇ ਸਨ। ਇਨ੍ਹਾਂ ਨੇ ਵੀ ਜਨ ਸਾਧਾਰਣ ਨੂੰ ਸ਼ਾਂਤੀ ਤੇ ਸਬਰ ਸੰਤੋਖ ਦੀ ਸਿਖਿਆ ਦਿੱਤੀ। ਇਉਂ ਅਸੀਂ ਦੇਖਦੇ ਹਾਂ ਕਿ ਭਗਤੀ ਲਹਿਰ ਦੇ ਸਮੁੱਚੇ ਵੇਗ ਵਿਚ ਨਿਰਗੁਣਵਾਦੀ ਸੰਤਾਂ ਦੀ ਆਵਾਜ਼ ਜ਼ਰਾ ਉੱਚੀ ਸੁਣਾਈ ਦਿੰਦੀ ਹੈ ਤੇ ਉਸ ਦਾ ਕਾਫ਼ੀ ਡੂੰਘਾ ਅਸਰ ਸੀ ਭਾਵੇਂ ਸਰਗੁਣਵਾਦੀ ਸਾਧੂਆਂ ਦੇ ਗੀਤ ਵੀ ਕਾਫ਼ੀ ਆਕਰਸ਼ਕ ਸਨ ਪਰੰਤੂ ਉਹ ਚਿਰਕਾਲੀਨ ਪ੍ਰਭਾਵ ਨਾ ਪਾ ਸਕੇ ਤੇ ਨਾ ਹੀ ਸਮਾਜ ਨੂੰ ਕਿਸੇ ਉਚੇਰੇ ਪਰਿਵਰਤਨ ਲਈ ਤਿਆਰ ਕਰ ਸਕੇ।

ਸ੍ਰੀ ਗੁਰੂ ਗ੍ਰੰਥ-ਯੋਜਨਾ : ਗੁਰੂ ਨਾਨਕ ਦੀ ਸਿੱਖ ਜਾਗ੍ਰਤੀ ਲਹਿਰ ਇਕ ਯੋਜਨਾ-ਬਧ ਪ੍ਰੋਗ੍ਰਾਮ ਸੀ ਜਿਸ ਦੀ ਸੰਪੂਰਨਤਾ ਲਈ ਗੁਰੂ ਸਾਹਿਬ ਨੇ ਚਾਰ ਖ਼ਾਸ ਗੱਲਾਂ ਕੀਤੀਆਂ—ਪਹਿਲੇ ਗੁਰਗੱਦੀ ਨੂੰ ਦਸ ਵਿਅਕਤੀਆਂ ਤਕ ਅਖੰਡ ਅੱਗੇ ਚਲਾਇਆ ਤਾਂ ਕਿ ਸੰਪੂਰਨ ਯੋਜਨਾ ਨੇਪਰੇ ਚਾੜ੍ਹੀ ਜਾ ਸਕੇ, ਦੂਜੇ ਥਾਂ ਥਾਂ ਧਰਮਸ਼ਾਲਾ ਥਾਪੀਆਂ, ਤੀਜੇ ਬਾਣੀ ਦਾ ਸੰਕਲਨ ਕਰਕੇ ਨਵੇਂ ਧਰਮ-ਗ੍ਰੰਥ ਦੀ ਸਾਜਨਾ ਦਾ ਮੁੱਢ ਬੰਨ੍ਹਿਆ। ਚੌਥੇ, ਇਸ ਸੰਤ-ਬਾਣੀ ਨੂੰ 'ਗੁਰੂ' ਕਹਿਕੇ ਪ੍ਰਤਿਸ਼ਠਤ ਕੀਤਾ ਤਾਂ ਕਿ ਰੂਹਾਨੀ ਰਹਿਨੁਮਾਈ ਹਰ ਸਮੇਂ, ਹਰ ਥਾਂ, ਹਰ ਇਕ ਨੂੰ ਮਿਲਦੀ ਰਹੇ। ਦੇਹਧਾਰੀ ਵਿਅਕਤੀ, ਸਰਬ-ਪਰਵਾਣ ਨਹੀਂ ਹੋ ਸਕਦਾ, ਸਰਬ-ਵਿਆਪਕ ਹੋ ਨਹੀਂ ਸਕਦਾ, ਉਪਭਾਵਕਤਾ ਅਧੀਨ ਹੋਣ ਕਰਕੇ ਸਦਾ ਸਥਿਰ ਤੇ ਅਡੋਲ ਵੀ ਨਹੀਂ ਹੋ ਸਕਦਾ, ਜਦੋਂ ਕਿ ਅਨੁਭਵੀ ਪਰਮਾਰਥਕ ਗਿਆਨ, ਇਨ੍ਹਾਂ ਊਣਤਾਈਆਂ ਤੋਂ ਉਪਰ ਹੈ। ਸੋ ਯੁਗ-ਪੁਰਸ਼ ਗੁਰੂ ਨਾਨਕ ਸਾਹਿਬ ਦੀ ਸੁਜਾਨ ਦ੍ਰਿਸ਼ਟੀ ਨੇ ਇਹ ਅਨੁਭਵ ਕਰ ਲਿਆ ਸੀ ਕਿ ਇਸ ਭਗਤੀ ਲਹਿਰ ਦੇ ਤੱਤਵੇਤਿਆਂ ਦੇ ਬਚਨ ਇਕੱਤਰ ਕਰਕੇ ਸੰਭਾਲੇ ਜਾਣ ਤੇ ਉਨ੍ਹਾਂ ਦੇ ਆਧਾਰ ਤੇ ਜੀਵਨ-ਆਦਰਸ਼ ਪਰਿਪੱਕ ਕਰਕੇ ਮਨੁੱਖੀ ਜ਼ਿੰਦਗੀ ਨੂੰ ਸੇਧ ਦਿੱਤੀ ਜਾਵੇ। ਇਹ ਇਕ ਬਹੁਤ ਵੱਡਾ ਫੈਸਲਾ ਸੀ ਜੋ ਧਾਰਮਕ ਖੇਤਰ ਵਿਚ ਇਕ ਨਵਾਂ ਪਰਿਵਰਤਨ ਲਿਆ ਕੇ ਇਕ ਤਰ੍ਹਾਂ ਵਿਅਕਤੀ ਪੂਜਾ ਤੋਂ ਪੈਦਾ ਹੋਣ ਵਾਲੀਆਂ ਗੁੰਝਲਾਂ ਤੋਂ ਛੁਟਕਾਰਾ ਦਿਵਾਉਂਦਾ ਸੀ।

ਭਾਰਤੀ ਧਰਮਾਂ ਦਾ ਲੰਮਾਂ ਇਤਿਹਾਸ ਦੱਸਦਾ ਹੈ ਕਿ ਸ਼ਰਧਾਲੂ ਲੋਕ ਧਾਰਮਕ ਸਿਧਾਂਤਾਂ ਦੀ ਥਾਂ ਧਾਰਮਕ ਆਗੂਆਂ ਦੇ ਵਿਅਕਤਿਤਵ ਦੀ ਵਧੇਰੇ ਪਕੜ ਕਰਦੇ ਰਹੇ ਹਨ ਤੇ ਫਿਰ ਇਕ ਵਿਅਕਤੀ ਨੂੰ ਪੂਜਣ ਵਾਲੇ, ਦੂਜੇ ਮਹਾਨ ਵਿਅਕਤੀ ਨੂੰ ਆਦਰ ਨਾਲ ਦੇਖਣ ਦੀ ਲੋੜ ਨਹੀਂ ਸੀ ਸਮਝਦੇ। ਇਸ ਤਰ੍ਹਾਂ ਵਿਰੋਧ ਵਧਦੇ ਗਏ ਤੇ ਅੱਡ ਅੱਡ ਸੰਪ੍ਰਦਾਵਾਂ ਬਣਦੀਆਂ ਗਈਆਂ। ਇਨ੍ਹਾਂ

ਸਾਰਿਆਂ ਵਿਰੋਧਾਂ ਤੋਂ ਭਿੰਨਤਾਵਾਂ ਦੇ ਪਿਛੋਕੜ ਵਿਚ ਵਿਅਕਤੀਵਾਦ ਹੀ ਮੁੱਖ ਔਗੁਣ ਸੀ। ਹੁਣ ਵੀ ਜਿਥੇ ਹਿੰਦੂ ਮਤ ਵਿਚ ਚੰਗੇ ਸਿਧਾਂਤਕ ਤੱਤ ਮੌਜੂਦ ਹਨ, ਉਥੇ ਭਿੰਨ ਭਿੰਨ ਅਵਤਾਰਾਂ ਦੀ ਪੂਜਾ ਯਾ ਵੱਖ ਵੱਖ ਦੇਵੀ ਦੇਵਤਿਆਂ ਦੀ ਮਾਨਤਾ ਉਨ੍ਹਾਂ ਵਿਚ ਵੰਡ ਪਾਉਣ ਦਾ ਵੱਡਾ ਕਾਰਣ ਬਣਦੀ ਰਹੀ ਹੈ, ਸ਼ੈਵ, ਵੈਸ਼ਣਵਾਂ ਨੂੰ ਪਸੰਦ ਨਹੀਂ ਕਰਦੇ, ਵੈਸ਼ਣਵਾਂ ਵਿਚ ਰਾਮ-ਭਗਤਾਂ ਤੇ ਕ੍ਰਿਸ਼ਨ ਭਗਤਾਂ ਦੀ ਟੋਲੀ ਅੱਡ ਅੱਡ ਹੈ ਤੇ ਦੇਵੀ-ਭਗਤ ਇਨ੍ਹਾਂ ਦੋਹਾਂ ਤੋਂ ਨਿਆਰੇ ਹਨ।

ਇਹ ਹੀ ਨਹੀਂ, ਇਸ ਗੱਲ ਨੇ ਹਿੰਦੂ ਮਤ ਨੂੰ ਖੰਡ ਖੰਡ ਕੀਤਾ ਬਲਕਿ ਜੈਨੀਆਂ ਤੇ ਬੋਧੀਆਂ ਵਿਚ ਵੀ ਬੁੱਧ ਤੇ ਮਹਾਂਬੀਰ ਵਰਧਮਾਨ ਦੀ ਪੂਜਾ ਲੋੜ ਤੋਂ ਵਧ ਥਾਂ ਲੈ ਗਈ। ਇਹੋ ਹਾਲ ਸਾਮੀ ਮਜ਼੍ਹਬਾਂ ਦਾ ਹੈ, ਭਾਵੇਂ ਇਹ ਮਤ ਆਪਣੇ ਆਪ ਨੂੰ 'ਅਹਲਿ ਕਿਤਾਬ' ਕਹਾਉਂਦੇ ਹਨ ਪਰ ਫਿਰ ਵੀ ਇਨ੍ਹਾਂ ਦੇ ਮੰਨਣ ਵਾਲੇ ਖ਼ੁਦਾ ਯਾ ਰੱਬ ਦੀ ਪੂਜਾ ਮਾਨਤਾ ਦੀ ਥਾਂ ਹਜ਼ਰਤ ਮੂਸਾ, ਹਜ਼ਰਤ ਈਸਾ ਯਾ ਹਜ਼ਰਤ ਮੁਹੰਮਦ ਸਾਹਿਬ ਲਈ ਵਧੇਰੇ ਸ਼ਰਧਾ ਭਾਵਨਾ ਪ੍ਰਗਟਾ ਕੇ ਰਾਜ਼ੀ ਹਨ। ਅਜੋਕੇ ਧਰਮਾਂ ਦਾ ਹਾਲ ਇਹ ਹੈ ਕਿ ਸਰਬਮਾਨ, ਸਰਬ ਪੂਜਯ ਪਰਮੇਸ਼ਰ ਸੰਬੰਧੀ ਕੋਈ ਕੁਝ ਆਖੇ, ਉਹ ਸਹਿਨ ਕੀਤਾ ਜਾ ਸਕਦਾ ਹੈ ਪਰ ਜੇ ਕੋਈ ਕਿਸੇ ਧਰਮ ਦੇ ਆਗੂ ਬਾਰੇ ਕੀਤੇ ਕੋਈ ਆਲੋਚਨਾਤਮਕ ਸ਼ਬਦ ਵਰਤ ਬੈਠੇ ਤਾਂ ਉਹ ਬਰਦਾਸ਼ਤ ਨਹੀਂ ਕੀਤੇ ਜਾਂਦੇ। ਸੋ ਇਹ ਸਾਰੀ ਬੀਮਾਰੀ ਵਿਅਕਤੀ ਪੂਜਾ ਦੇ ਕਾਰਣ ਵਧੀ ਤੇ ਇਸਨੇ ਸੰਪ੍ਰਦਾਇਕ ਝਗੜੇ ਵਧਾ ਕੇ ਵੱਖੋ ਵੱਖ ਮਜ਼੍ਹਬਾਂ ਵਿਚ ਖਿਚੋਤਾਣ ਪੈਦਾ ਕੀਤੀ। ਗੁਰੂ ਨਾਨਕ ਸਾਹਿਬ ਨੇ ਭਾਰਤ ਭਰ ਵਿਚ ਭ੍ਰਮਣ ਕਰਕੇ ਇਸ ਰੋਗ ਦੇ ਸਿੱਟੇ ਚੰਗੀ ਤਰ੍ਹਾਂ ਦੇਖ ਲਏ ਸਨ ਤੇ ਇਸਦਾ ਇਲਾਜ ਲੱਭ ਲਿਆ ਸੀ ਕਿ ਕਿਵੇਂ ਸੰਤ-ਬਚਨਾਵਲੀ ਯਾ ਰੂਹਾਨੀ ਬਾਣੀ ਨੂੰ 'ਗੁਰੂ' ਥਾਪ ਕੇ ਲੋਕਾਂ ਨੂੰ ਇਸ ਵਿਅਕਤੀ ਪੂਜਾ ਦੇ ਰੋਗ ਤੋਂ ਮੁਕਤੀ ਦਿਵਾਈ ਜਾ ਸਕਦੀ ਹੈ। ਇਸੇ ਕਰਕੇ ਉਨ੍ਹਾਂ ਆਪਣੇ ਪ੍ਰਚਾਰ-ਦੌਰਿਆਂ ਸਮੇਂ ਇਹ ਇਕ ਉਚੇਰਾ ਉਦਮ ਕਰਕੇ ਥਾਂ ਥਾਂ ਤੋਂ ਉਤਮ ਬਾਣੀ ਦਾ ਸੰਗ੍ਰਹਿ ਕੀਤਾ। ਆਦਿ ਗ੍ਰੰਥ ਦੀ ਬਾਣੀ ਦੀ ਅੰਦਰਲੀ ਗਵਾਹੀ ਤੋਂ ਸਿਧ ਹੈ ਕਿ ਬਹੁਤੀ ਭਗਤ ਬਾਣੀ ਗੁਰੂ ਨਾਨਕ ਸਾਹਿਬ ਨੇ ਆਪ ਸੰਚਿਤ ਕੀਤੀ ਤੇ ਕੁਝ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਵੀ ਇਕੱਠੀ ਕੀਤੀ ਕਰਾਈ। ਇਹ ਸੰਤ ਸਾਧ ਵਧੇਰੇ ਘੁਮੱਕੜ ਸਨ, ਥਾਂ ਥਾਂ ਦਾ ਇਨ੍ਹਾਂ ਪਾਣੀ ਪੀਤਾ ਸੀ, ਕਿਸੇ ਖਾਸ ਥਾਂ ਨਾਲ ਜਾਂ ਕਿਸੇ ਖਾਸ ਵਿਅਕਤੀ ਨਾਲ ਇਨ੍ਹਾਂ ਦਾ ਲਗਾਉ ਨਹੀਂ ਸੀ, ਸਿਵਾਇ ਸਰਬ-ਵਿਆਪਕ ਪ੍ਰਭੂ ਦੇ। ਫਿਰ ਇਹ ਲੋਕ ਨਿਰਭੈ ਅਤੇ ਨਿਧੜਕ ਸਨ ਤੇ ਹਿਰਦੇ ਵਲੋਂ ਕੋਮਲ ਤੇ ਪਰਉਪਕਾਰੀ ਸੁਭਾ ਦੇ ਸਨ। ਇਸਤੋਂ ਵਧ ਖ਼ੂਬੀ ਇਹ ਹੈ ਕਿ ਇਹ ਲੋਕਾਂ ਨੂੰ ਹੀ ਉਪਦੇਸ਼ ਨਹੀਂ ਸੀ ਦਿੰਦੇ ਸਗੋਂ ਆਪਣੇ ਆਪ ਨੂੰ ਸੰਬੋਧਨ ਕਰਕੇ ਵੀ ਸ੍ਰੇਸ਼ਟ ਮਾਰਗ ਦਾ ਪਰਸਾਰ ਕਰਦੇ ਸਨ, ਤਰਕ ਨਾਲੋਂ ਨਿਜੀ ਅਨੁਭਵ ਦੀ ਗੱਲ ਜ਼ਿਆਦਾ ਸੀ। ਕਾਸ਼ੀ ਦੇ ਆਚਾਰਯ ਤਰਕ ਨਾਲ ਸ਼ਾਸਤ੍ਰਾਰਥ ਕਰਦੇ ਤੇ ਇਹ ਸੰਤ ਭਗਤ ਆਪਣੇ ਸੁੱਚੇ ਹਿਰਦੇ ਦੇ ਸਿਦਕ ਵਿਸ਼ਵਾਸ ਨਾਲ ਦੂਜਿਆਂ ਅੰਦਰ ਪ੍ਰੇਮ ਸ਼ਰਧਾ ਤੇ ਭਰੋਸੇ ਦੀ ਚੰਗਿਆੜੀ ਜਗਾਉਂਦੇ ਸਨ। ਇਸ ਨਾਲ ਬਾਣੀ ਨੂੰ ਬਲ ਮਿਲਦਾ ਸੀ ਤੇ ਉਹ ਆਮ ਲੋਕਾਂ ਤੇ ਜਾਦੂ ਦਾ ਅਸਰ ਕਰਦੀ ਸੀ। ਇਹ ਬਾਣੀ ਦੀ ਜਾਦੂਗਰੀ ਦਾ ਪ੍ਰਭਾਵ ਗੁਰੂਆਂ ਦੇਖ ਹੀ ਲਿਆ ਸੀ। ਇਸ ਕਰਕੇ ਗੁਰੂ ਨਾਨਕ ਸਾਹਿਬ ਨੇ ਇਸ ਦਾਮਨਿਕ ਸ਼ਕਤੀ ਨੂੰ ਇਕ ਭੰਡਾਰ ਵਿਚ ਸੰਚਿਤ ਕਰਨਾ ਜ਼ਰੂਰੀ ਸਮਝਿਆ ਤੇ *ਗੁਰੂ ਗ੍ਰੰਥ* ਇਸੇ ਬਾਣੀ ਦਾ ਸਾਗਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਵਿਸ਼ੇਸ਼ਤਾਵਾਂ ਹਨ ਜੋ ਉਸ ਦੇ ਮਹੱਤਵ ਨੂੰ ਸਥਾਪਤ ਕਰਦੀਆਂ ਹਨ ਪਰ ਸਭ ਤੋਂ ਵਡੇਰੀ ਵਿਸ਼ੇਸ਼ਤਾ ਇਹ ਹੈ ਕਿ ਇਹ ਏਕਤਾ ਦਾ ਪਰਤੀਕ ਹੈ। ਇਸ਼ਟ ਦੀ ਏਕਤਾ, ਗੁਰੂ

ਦੀ ਏਕਤਾ, ਮਨੁਖੀ ਜਾਤੀ ਦੀ ਏਕਤਾ, ਧਰਮਾਂ ਦੀ ਏਕਤਾ ਤੇ ਬ੍ਰਹਮੰਡ ਮਾਤਰ ਦੀ ਏਕਤਾ ਇਸਦਾ ਮੁੱਖ ਵਿਸ਼ਾ-ਵਸਤੂ ਹੈ। ਕੋਈ ਅਜੇਹੀ ਗੱਲ ਨਹੀਂ ਅਪਨਾਈ ਗਈ ਜਿਸ ਨਾਲ ਇਹ ਏਕਤਾ ਭੰਗ ਹੁੰਦੀ ਹੋਵੇ ਜਾਂ ਕਿਸੇ ਤਰ੍ਹਾਂ ਦੀ ਦੂਜਾਇਗੀ ਜਾਂ ਦ੍ਵੈਤ ਪੈਦਾ ਹੁੰਦੀ ਹੋਵੇ। ਗੁਰੂ ਅਰਜਨ ਸਾਹਿਬ ਇਸ ਅਦੁਤੀ ਏਕਤਾ ਦੀ ਮੰਗ ਕਰਦੇ ਫੁਰਮਾਉਂਦੇ ਹਨ :—

'ਜੇ ਤੂੰ ਤੁਠਾ ਕ੍ਰਿਪਾ ਨਿਧਾਨ, ਨ ਦੂਜਾ ਵੇਖਾਲਿ ॥
ਏਹਾ ਪਾਈ ਮੂ ਦਾਤੜੀ, ਨਿਤ ਹਿਰਦੈ ਰਖਾਂ ਸਮਾਲਿ ॥ *(ਸੂਹੀ ਮਹਲਾ ੫)*

(1) **ਇਸ਼ਟ ਦੀ ਏਕਤਾ** : ਭਾਰਤੀ ਧਾਰਮਕ ਖੇਤਰ ਵਿਚ ਇਸ਼ਟ ਦੀ ਅਨੇਕਤਾ ਇਕ ਮੰਨੀ-ਪ੍ਰਮੰਨੀ ਰਵਾਇਤ ਸੀ। ਭਾਵੇਂ ਵੇਦ ਵਿਚ ਇਹ ਕਥਨ ਆਇਆ ਹੈ ਕਿ ਇਕੋ ਸੱਚ ਨੂੰ ਵਿਦਵਾਨ ਵੱਖਰੀ ਵੱਖਰੀ ਤਰ੍ਹਾਂ ਨਿਰੂਪਣ ਕਰਦੇ ਹਨ ਪਰ ਸੱਚ ਇਕ ਹੀ ਹੈ। ਬਾਵਜੂਦ ਅਜੇਹੀ ਧਾਰਣਾ ਦੇ ਅਮਲੀ ਤੌਰ ਤੇ ਪਰਮੇਸ਼ਰ ਦਾ ਨਿਰਗੁਣ ਸਰਗੁਣ ਵਾਲਾ ਭੇਦ, ਅਵਤਾਰਵਾਦ ਯਾ ਬਹੁਦੇਵਵਾਦ ਕਾਰਣ ਅਨੇਕ—ਭਾਂਤ-ਭੇਦ ਮੌਜੂਦ ਸੀ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬ ਨੇ ਉਸ ਮਹਾਨ ਇਸ਼ਟ ਦਾ ਸਰੂਪ ਦਸਦਿਆਂ ਸਭ ਤੋਂ ਪਹਿਲਾਂ ਉਸਦਾ ਮੁੱਖ ਗੁਣ 'ਇਕ' ਦਸਿਆ :

'ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦ ॥"

ਅਕਾਲ ਮੂਰਤਿ, ਅਜੂਨੀ, ਸੈਭੰ ਦੱਸਣ ਦਾ ਭਾਵ ਹੀ ਇਹ ਸੀ ਕਿ ਉਹ ਅਵਤਾਰਾਂ ਵਿਚੋਂ ਨਹੀਂ, ਜਨਮ ਮਰਣ ਵਾਲਾ ਵਿਅਕਤੀ ਹੋ ਨਹੀਂ ਸਕਦਾ। ਇਸ ਕਰਕੇ ਉਸਨੂੰ 'ਸਤਿ ਸੁਹਾਣੁ ਸਦਾ ਮਨਿ ਚਾਉ।' ਕਹਿਕੇ ਵਰਨਣ ਕੀਤਾ ਹੈ।

'ਸਾਹਿਬ ਮੇਰਾ ਏਕੋ ਹੈ, ਭਾਈ ਏਕੋ ਹੈ ॥ *[ਮਹਲਾ ੧]*
'ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ, ਤੁਧੁ ਜੇਵਡੁ ਅਵਰ ਨਾ ਕੋਈ ॥
'ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ, ਤੂੰ ਨਿਹਚਲੁ ਕਰਤਾ ਸੋਈ ॥
(ਆਸਾ ੫)

'ਇਕ' ਕਹਿਣ ਤੋਂ ਇਲਾਵਾ ਪਰਮੇਸ਼ਰ ਨੂੰ ਕਰਤਾਪੁਰਖ, ਕਰਣ ਕਾਰਣ, ਪੁਰਖ ਬਿਧਾਤਾ, ਪਾਰ ਬ੍ਰਹਮ, ਪ੍ਰੀਤਮ, ਪਿਆਰਾ, ਮਿਤ੍ਰ, ਸੱਜਣ, ਮਿਠਬੋਲੜਾ, ਸਾਈਂ, ਸਾਹਿਬ, ਕ੍ਰਿਪਾਨਿਧਾਨ, ਦਯਾਲੂ, ਬਖਸ਼ੰਦ, ਪਤਿਤ ਪਾਵਨ, ਦੀਨ-ਬੰਧੂ, ਗਰੀਬ ਨਿਵਾਜ, ਭਗਤ ਵਛਲ, ਹਾਜ਼ਰਾ ਹਜ਼ੂਰ, ਅੰਤਰਜਾਮੀ, ਦਾਨਾ ਬੀਨਾ, ਸੁਘੜ ਸੁਜਾਨ ਤੇ ਸਰਬ-ਵਿਆਪਕ ਜੋਤਿ ਕਿਹਾ ਹੈ। ਕੁਝ ਭਗਤੀ ਲਹਿਰ ਦੇ ਲੋਕਾਂ ਸਰਗੁਣ ਨਿਰਗੁਣ ਦੀ ਵੰਡ ਵੀ ਪਾਈ ਸੀ ਪਰ ਸਤਿਗੁਰੂ ਕਹਿੰਦੇ ਹਨ :

ਮੈ ਨਾਹੀਂ ਪ੍ਰਭੁ ਸਭ ਕਿਛ ਤੇਰਾ
ਈਘੈ ਨਿਰਗੁਣ ਊਘੈ ਸਰਗੁਣ, ਕੇਲ ਕਰਤ ਬਿਚ ਸੁਆਮੀ ਮੇਰਾ ॥
(ਬਿਲਾਵਲ ੫)

ਇਸੇ ਤਰ੍ਹਾਂ ਹਿੰਦੂ ਮੁਸਲਮਾਨ ਦੇ ਸੰਕਲਪਾਂ ਤੇ ਨਾਮਾਂ ਵਿਚ ਕੁਝ ਭੇਦ ਪੈ ਰਿਹਾ ਸੀ, ਸਤਿਗੁਰਾਂ ਇਸ ਭਰਮ ਨੂੰ ਵੀ ਦੂਰ ਕਰਨ ਦੀ ਤਾਕੀਦ ਕੀਤੀ :—

ਕਹੁ ਨਾਨਕ ਗੁਰਿ ਖੋਏ ਭਰਮ। ਏਕੋ ਅਲਹੁ ਪਾਰਬ੍ਰਹਮ ॥ *(ਰਾਮਕਲੀ ੫)*

ਹੁਣ ਅਜੇਹੀ ਸਰਬ ਗੁਣ-ਸਾਗਰ ਹਸਤੀ ਦੀ ਪੂਜਾ—ਮਾਨਤਾ ਕਿਵੇਂ ਕੀਤੀ ਜਾਵੇ, ਕੋਈ ਧੂਪ ਦੀਪ ਤੇ ਕੋਈ ਜਪ ਤਪ ਨਾਲ ਉਸਦੀ ਅਰਾਧਨਾ ਕਰਦਾ ਸੀ ਪਰ ਸੰਤਾਂ ਭਗਤਾਂ ਤੇ ਗੁਰੂਆਂ ਇਸ ਇਸ਼ਟ ਦੀ ਪੂਜਾ ਉਪਾਸ਼ਨਾ ਦਾ ਇਕੋ ਇਕ ਤਰੀਕਾ ਦੱਸਿਆ ਕਿ ਪ੍ਰੇਮਾ ਭਗਤੀ ਨਾਲ ਨਾਮ ਸਿਮਰਨ ਹੀ ਉਸਦੀ ਸੱਚੀ ਪੂਜਾ ਹੈ। ਸਿਮਰਨ ਦਾ ਭਾਵ ਹੈ ਕਿ ਅਜੇਹੀ ਗੁਣਸਾਗਰ ਸ਼ਖਸੀਅਤ ਦਾ ਧਿਆਨ ਧਰਕੇ ਆਪਣੇ ਆਪ ਵਿਚ ਅਜੇਹੇ ਗੁਣ ਪੈਦਾ ਕਰਨਾ, ਕਿਉਂਕਿ ਇਹ ਇਕ ਸਚਾਈ ਹੈ :

'ਜੈਸੇ ਸੇਵੈ ਤੈਸੋ ਹੋਇ ॥ (ਗਉੜੀ ੧)

ਜੋ ਸ਼ਰਧਾਲੂ ਪ੍ਰੇਮੀ ਅਜੇਹੇ ਇਸ਼ਟ ਦਾ ਸਿਮਰਨ ਤੇ ਗੁਣ ਗਾਇਨ (ਕੀਰਤਨ) ਕਰਦਾ ਹੈ, ਉਹ ਉਜੇਹਾ ਹੀ ਏਕਤਾਵਾਦੀ ਸੱਚਾ, ਨਿਰਭੈ, ਨਿਰਵੈਰ ਤੇ ਦਯਾਲੂ ਉਪਕਾਰੀ ਹੋ ਜਾਂਦਾ ਹੈ। ਇਹ ਇਕ ਪਰਮੇਸ਼ਰ ਦੀ ਪੂਜਾ, *ਗੁਰੂ ਗ੍ਰੰਥ* ਦਾ ਬੁਨਿਆਦੀ ਸਿਧਾਂਤ ਸੀ, ਜਿਸਨੇ ਹਰ ਖੇਤਰ ਵਿਚ ਅਦ੍ਵੈਤਵਾਦ ਅਤੇ ਏਕਤਾ ਦੀ ਭਾਵਨਾ ਪਰਿਪੱਕ ਕੀਤੀ।

(2) **ਗੁਰੂ ਦੀ ਏਕਤਾ** : ਇਸ ਸਰਬ-ਵਿਆਪਕ ਪਰ ਅਦ੍ਰਿਸ਼ਟ ਅਗੋਚਰ, ਇਸ਼ਟ ਨੂੰ ਧਿਆਉਣਾ ਸ਼ਾਇਦ ਕਈ ਹੋਰ ਮਤਾਂ ਵੀ ਪਰਾਵਣ ਕੀਤਾ ਹੈ ਪਰ ਵੱਖ ਵੱਖ ਗੁਰੂਆਂ ਦੀ ਮਾਨਤਾ ਇਸ ਏਕਤਾ ਨੂੰ ਭੰਗ ਕਰਦੀ ਰਹੀ ਹੈ ਕਿਉਂਕਿ ਆਮ ਤੌਰ ਤੇ ਲੋਕ ਕਿਸੇ ਪ੍ਰਤਿਸ਼ਠਤ-ਵਿਅਕਤੀ ਨੂੰ ਹੀ 'ਗੁਰੂ' ਮੰਨਕੇ ਚਲਦੇ ਆਏ ਹਨ। ਇਸ ਲਈ ਅਧਿਆਤਮਵਾਦੀ ਮਹਾਂਪੁਰਖਾਂ ਇਹ ਪ੍ਰਤੱਖ ਅਨੁਭਵ ਕੀਤਾ ਕਿ ਦੇਹ ਕੁਝ ਨਹੀਂ, ਵਿਅਕਤੀ ਕੋਈ ਚੀਜ਼ ਨਹੀਂ, ਗਿਆਨ ਜਾਂ ਰੋਸ਼ਨੀ ਦੇਣ ਵਾਲੀ ਚੀਜ਼ ਜੋਤਿ ਹੈ ਤੇ ਇਹ ਜੋਤਿ ਸਰਬ-ਵਿਆਪਕ ਹੋ ਕੇ ਹਰ ਥਾਂ ਪ੍ਰਕਾਸ਼ ਕਰ ਰਹੀ ਹੈ :

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ (ਧਨਾਸਰੀ ੧)

ਇਹ ਜੋਤਿ ਨਾਮ ਹੈ, ਇਹੋ ਹੁਕਮ, ਇਹੋ ਸ਼ਬਦ ਜਾਂ ਬਾਣੀ ਦਾ ਜਾਮਾ ਧਾਰ ਪ੍ਰਤੱਖ ਮੂਰਤੀਮਾਨ ਹੁੰਦਾ ਹੈ। ਇਸ ਕਰਕੇ ਇਸ ਜੋਤਿ ਦਾ ਰਹੱਸਵਾਦੀ ਅਨੁਭਵੀ ਪ੍ਰਕਾਸ਼ 'ਗੁਰੂ' ਹੀ ਹੈ। ਜੇ ਇਕ ਦੇਹਧਾਰੀ ਵੀ ਕੋਈ ਆਤਮਕ ਗਿਆਨ ਸਮਝਾਉਂਦਾ ਹੈ, ਤਾਂ ਇਸ ਨਾਲ ਉਸਦਾ ਸਰੀਰਕ ਵਿਅਕਤਿਵ ਗੁਰੂ ਨਹੀਂ ਬਣਦਾ ਸਗੋਂ ਉਸ ਵਲੋਂ ਆਇਆ ਆਤਮਕ ਪ੍ਰਕਾਸ ਹੀ ਇਸ ਵਡਿਆਈ ਦਾ ਅਧਿਕਾਰੀ ਬਣਦਾ ਹੈ। ਇਸੇ ਕਰਕੇ ਗੁਰੂ ਨਾਨਕ ਸਾਹਿਬ ਨੇ 'ਗੁਰ ਗੁਰ ਏਕੋ ਵੇਸ ਅਨੇਕ' ਕਿਹਾ ਹੈ ਅਰਥਾਤ ਇਸ ਅਧਿਆਤਮਕ ਗਿਆਨ ਦੇ ਬਾਹਰਲੇ ਰੂਪ ਭਾਵੇਂ ਕਈ ਹੋ ਸਕਦੇ ਹਨ ਪਰ ਮੂਲ ਰੂਪ ਵਿਚ ਜੋਤਿ ਇਕ ਹੀ ਹੈ। ਇਸ ਸਿਧਾਂਤ ਅਨੁਸਾਰ ਉਸ ਪ੍ਰਭੂ ਦੇ ਸਰਬ-ਵਿਆਪਕ 'ਨਾਮ' ਨੂੰ ਸ਼ਬਦ ਤੇ ਇਸੇ ਸ਼ਬਦ ਨੂੰ ਬੈਖਰੀ ਰੂਪ ਵਿਚ ਪ੍ਰਗਟਾਉਣ ਕਾਰਣ 'ਬਾਣੀ' ਕਿਹਾ ਹੈ। ਇਹ ਸਤਿ ਸਰੂਪ ਪਰਮਸੱਤਾ ਦਾ ਹੀ ਇਕ ਰੂਪ ਹੈ। ਗੁਰੂ ਦਾ ਮੁੱਖ ਕਰਤਵ ਸਿੱਖ ਨੂੰ ਸਚਿਆਰ ਬਣਾਉਣਾ ਹੈ, ਗੁਰਬਾਣੀ ਆਪ ਸਤਿ ਸਰੂਪ ਹੋਣ ਕਰਕੇ ਸਿਖ ਨੂੰ ਉਸੇ ਰੂਪ ਵਿਚ ਢਾਲਦੀ ਹੈ।

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ, ਗੁਰ ਬਾਣੀ ਬਣੀਐ ॥ (ਵਾਰ ਗਉੜੀ ੪)
ਊਚੀ ਬਾਣੀ ਊਚਾ ਹੋਇ। ਗੁਰਮੁਖਿ ਸਬਦਿ ਵਖਾਣੈ ਕੋਇ ॥
ਸਾਚੀ ਬਾਣੀ ਮਹਲੁ ਪਰਾਪਤਿ ਹੋਇ ॥ (ਆਸਾ ੩)

ਸੋ ਵਿਅਕਤੀਆਂ ਵਿਚ ਏਕਤਾ ਜਾਂ ਇਕਸਾਰਤਾ ਲਿਆਉਣਾ ਬਿਖਮ ਕਾਰ ਹੈ ਪਰ 'ਸ਼ਬਦ' ਦੀ

ਏਕਤਾ ਕਿਸੇ ਸ਼ੰਕਾ ਦੀ ਮੁਥਾਜ ਨਹੀਂ। ਇਸ ਕਰਕੇ ਗੁਰੂ ਸਾਹਿਬਾਨ ਨੇ 'ਸ਼ਬਦ ਗੁਰੂ' ਜਾਂ 'ਬਾਣੀ ਗੁਰੁ' ਦਾ ਸਿਧਾਂਤ ਆਪਣੇ ਬੁਨਿਆਦੀ ਅਸੂਲਾਂ ਵਿਚ ਪ੍ਰਮੁਖ ਤੌਰ ਤੇ ਪ੍ਰਚਾਰਿਆ ਤਾਂ ਕਿ ਅਧਿਆਤਮਕ ਏਕਤਾ ਜਾਂ ਇਕਸੁਰਤਾ ਸਥਾਪਨ ਵਿਚ ਕੋਈ ਵਿਘਨ ਨ ਪਵੇ।

(3) **ਮਨੁੱਖ ਜਾਤੀ ਦੀ ਏਕਤਾ** : ਗੁਰੂ ਗ੍ਰੰਥ ਸਾਹਿਬ, ਸਭ ਨੂੰ 'ਏਕ ਪਿਤਾ ਏਕਸ ਕੇ ਹਮ ਬਾਰਿਕ' ਮੰਨਦਾ ਹੋਇਆ, 'ਕੁਦਰਤਿ ਕੇ ਸਭ ਬੰਦੇ' ਕਹਿ ਕੇ ਇਕ ਸਮਾਨ ਸਮਝਦਾ ਹੈ ਕਿਉਂਕਿ ਉਸਦੀ ਸਿਖਿਆ ਅਨੁਸਾਰ ਹਰ ਕੋਈ ਉਸੇ ਜੋਤਿ ਤੋਂ ਪ੍ਰਕਾਸ਼ਮਾਨ ਹੈ। ਜਦ ਸਮੂੰਹ ਜੀਵ ਉਸੇ ਮਹਾਨ ਸੂਰਜ ਦੀਆਂ ਕਿਰਣਾਂ ਹਨ ਤਾਂ ਇਸ ਵਿਚ ਭੇਦ ਕਰਨ ਦਾ ਕੋਈ ਕਾਰਣ ਨਹੀਂ ਰਹਿ ਜਾਂਦਾ ਤੇ ਸਭ ਨਾਲ ਸਮਾਨ ਵਰਤਾਉ ਕਰਨਾ ਹੀ ਜੀਵਨ ਦਾ ਪਰਮ ਕਰੱਤਵ ਹੋ ਜਾਂਦਾ ਹੈ। ਇਸੇ ਕਰਕੇ ਥਾਂ ਥਾਂ ਗੁਰਬਾਣੀ ਵਿਚ ਜਾਤਿ ਪਾਤਿ, ਰੰਗ, ਨਸਲ, ਮਜ਼੍ਹਬ, ਦੇਸ਼ ਦੇ ਭਿੰਨ ਭੇਦ ਦਾ ਖੰਡਨ ਕੀਤਾ ਗਿਆ ਹੈ।

'ਸਗਲ ਬਨਸਪਤਿ ਮਹਿ ਬੈਸੰਤਰ, ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ, ਘਟਿ ਘਟਿ ਮਾਧਉ ਜੀਆ ॥ (ਸੋਰਠਿ ੫)
ਫਕੜ ਜਾਤੀ ਫਕੜੁ ਨਾਉ, ਸਭਨਾ ਜੀਆ ਇਕਾ ਛਾਉ ॥ (ਵਾਰ ਸਿਰੀ ਰਾਗ ੧)
ਜਾਤਿ ਬਰਨ ਕੁਲ ਸਹਸਾ ਚੂਕਾ, ਗੁਰਮਤਿ ਸਬਦਿ ਵੀਚਾਰੀ ॥ (ਸਾਰੰਗ ੧)

ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਗਿਆਨ ਤਾਂ ਮਨੁੱਖੀ ਏਕਤਾ ਨੂੰ ਦ੍ਰਿੜਾਉਂਦਾ ਹੀ ਹੈ ਗੁਰੂ ਗ੍ਰੰਥ ਦੀ ਆਪਣੀ ਹਸਤੀ ਵੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਰੂਆਂ ਲਈ ਕੋਈ ਛੋਟਾ ਵੱਡਾ ਨਹੀਂ ਸੀ। ਉਨ੍ਹਾਂ ਸ਼ੂਦਰ ਤੇ ਬ੍ਰਾਹਮਣ ਅਤੇ ਹਿੰਦੂ ਤੇ ਮੁਸਲਮਾਨ ਦਾ ਭੇਦ ਮਿਟਾ ਕੇ ਸਾਰੇ ਸੰਤਾਂ ਭਗਤਾਂ ਦੀ ਬਾਣੀ ਇਕੋ ਜੇਹੇ ਆਦਰ ਭਾਵ ਨਾਲ, ਗੁਰੂਬਾਣੀ ਸੰਗ ਦਰਜ ਕੀਤੀ। ਕਬੀਰ, ਨਾਮਦੇਵ, ਰਵਿਦਾਸ, ਸੈਣ, ਸਧਨਾਂ, ਧੰਨਾ ਆਦਿ ਨੂੰ ਬਨਾਰਸ ਦੇ ਬ੍ਰਾਹਮਣ ਅਚਾਰਯ ਪ੍ਰਵਾਣ ਨਹੀਂ ਸੀ ਕਰਦੇ ਤੇ ਧਰਮ ਦੇ ਅਧਿਕਾਰੀ ਨਹੀਂ ਸੀ ਮੰਨਦੇ ਲੇਕਿਨ ਸਤਿਗੁਰਾਂ ਇਸ ਪੁਰਾਤਨ ਰੂੜ੍ਹੀਵਾਦੀ ਸ਼ਾਸਤ੍ਰੀ ਮਰਯਾਦਾ ਨੂੰ ਪ੍ਰਵਾਣ ਨਹੀਂ ਕੀਤਾ, ਸਗੋਂ ਇਸ ਨੂੰ ਰੱਦ ਕਰਕੇ ਸਾਫ ਕਿਹਾ ਹੈ ਕਿ ਇਨ੍ਹਾਂ ਪਰਮ ਮਨੁੱਖਾਂ, ਤੱਤ ਦੀ ਪਛਾਣ ਕਰ ਲਈ ਸੀ, ਇਸ ਕਰਕੇ ਇਹ ਸਾਡੇ ਸਤਿਕਾਰ ਦੇ ਲਾਇਕ ਹਨ :

'ਨਾਮਾ ਛੀਂਬਾ ਕਬੀਰ ਜੁਲਾਹਾ, ਪੂਰੇ ਗੁਰੂ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ, ਹਉਮੈ ਜਾਤਿ ਗਵਾਈ ॥
ਸੁਰਿ ਨਰ ਤਿਨ ਕੀ ਬਾਣੀ ਗਾਵਹਿ, ਕੋਈ ਨ ਮੇਟੈ ਭਾਈ ॥' (ਸਿਰੀ ੩)

ਇਸ ਕਰਕੇ ਜਿਥੇ ਗੁਰੂ ਸਾਹਿਬਾਨ ਨੇ ਆਪਣੇ ਧਰਮ-ਗ੍ਰੰਥ, ਧਰਮ-ਮੰਦਰ, ਸੰਗਤ ਪੰਗਤ ਤੇ ਲੰਗਰ ਵਿਚ ਸਭ ਨਾਲ ਇਕ-ਸਮਾਨ ਵਰਤਾਉ ਦੀ ਪਿਰਤ ਪਾਈ, ਉਥੇ ਸਰਬ ਮਨੁੱਖ ਮਾਤਰ ਨੂੰ ਸੱਦਾ ਦਿੱਤਾ ਕਿ ਜ਼ਿੰਦਗੀ ਦਾ ਵਿਕਾਸ ਕੇਵਲ ਮਾਨਵੀ ਏਕਤਾ ਸਥਾਪਨ ਵਿਚ ਹੈ, ਦੂਜਾਇਗੀ ਜਾਂ ਬੇਗਾਨਗੀ ਵਿਚ ਨਹੀਂ :

ਆਵਹਿ ਭੈਣੇ ਗਲਿ ਮਿਲਹਿ, ਮੇਰੀ ਅੰਕਿ ਸਹੇਲੜੀਆਹੁ ॥
ਮਿਲਕੈ ਕਰਹਿ ਕਹਾਣੀਆਂ, ਸੰਮ੍ਰਥ ਕੰਤ ਕੀਆਹੁ ॥ (ਸਿਰੀ ੧)
ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵਲਾਇ ॥ (ਬਸੰਤ ੫)

(4) **ਧਰਮਾਂ ਦੀ ਏਕਤਾ** : ਸਾਡੇ ਦੇਸ਼ ਵਿਚ ਇਸ਼ਟਾਂ ਦੀ ਅਨੇਕਤਾ ਤੇ ਉਨ੍ਹਾਂ ਦੀ ਪੂਜਾ

ਉਪਾਸਨਾ ਭਿੰਨ ਭਿੰਨ ਹੋਣ ਕਾਰਣ ਕਈ ਤਰ੍ਹਾਂ ਦੀਆਂ ਸੰਪਰਦਾਵਾਂ ਤੇ ਫਿਰਕੇ ਪੈਦਾ ਹੋਏ ਸਨ ਅਤੇ ਹਰ ਫਿਰਕਾ ਆਪਣੇ ਧਰਮ ਨੂੰ ਵਧੀਆ ਤੇ ਦੂਜੇ ਧਰਮਾਂ ਨੂੰ ਨਿਰਾਦਰ ਭਾਵ ਨਾਲ ਤੱਕਦਾ ਸੀ। ਇਹ ਵਿਤਕਰੇ ਇਤਨੇ ਵਧ ਗਏ ਸਨ ਕਿ ਮਨੁੱਖੀ ਏਕਤਾ ਦਾ ਹਾਰ ਬਿਖਰ ਚੁੱਕਾ ਸੀ। ਇਸ ਦਾ ਕਾਰਣ ਇਕੋ ਸੀ ਕਿ ਧਰਮ ਦੇ ਸਹੀ ਸਰੂਪ ਨੂੰ ਨਹੀਂ ਸੀ ਸਮਝਿਆ ਜਾ ਰਿਹਾ, ਜਿਸਨੇ ਕਿ ਸਭ ਦਾ ਸੰਜੋਗ ਰਚਣਾ ਸੀ। ਗੁਰੂ ਸਾਹਿਬ ਨੇ ਇਹ ਗੁੰਝਲ ਖੋਲ੍ਹੀ ਕਿ ਧਰਮ ਤਾਂ ਇਕੋ ਚੀਜ਼ ਹੈ—ਸਚਾਈ ਪ੍ਰਤੀ ਨਿਸ਼ਠਾ। ਜੇ ਸੱਚ ਪਲੇ ਨਹੀਂ ਤਾਂ ਧਰਮ ਦੇ ਭਾਵ ਪਰਿਪੱਕ ਨਹੀਂ ਕਹੇ ਜਾ ਸਕਦੇ। ਵਰਣ-ਆਸ਼੍ਰਮ ਮਰਯਾਦਾ ਅਨੁਸਾਰ ਹਰ ਇਕ ਦਾ ਧਰਮ ਵੱਖ ਵੱਖ ਹੋ ਸਕਦਾ ਹੈ ਪਰ ਮਨੁੱਖਤਾ ਦਾ ਧਰਮ ਕੇਵਲ ਇਕੋ ਹੀ ਹੈ :

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪ੍ਰਾਕ੍ਰਿਤਹ ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਨਸਿ ਭੇਉ ॥
ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ *(ਵਾਰ ਆਸਾ ੧)*
ਏਕੁ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਪੂਰਾ ਜੁਗਿ ਜੁਗਿ ਸੋਈ ॥ *(ਬਸੰਤ ੧)*

ਇਸ ਸੱਚ ਦੀ ਦ੍ਰਿੜਤਾ ਜਾਂ ਨਿਸ਼ਠਾ ਦਾ ਭਾਵ ਕੀ ਹੈ, ਜਿਸ ਦੀ ਵਿਆਖਿਆ ਆਸਾ ਦੀ ਵਾਰ ਦੇ ਸ਼ਲੋਕਾਂ ਵਿਚ ਮੌਜੂਦ ਹੈ :—

ਸਚੁ ਤਾ ਪਰ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲ ਉਤਰੈ ਤਨ ਕਰੈ ਹਛਾ ਧੋਇ ॥
ਸਚੁ ਤਾਂ ਪਰ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥
ਸਚੁ ਤਾ ਪਰ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤ ਪਰ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਆ ਕੀ ਕਿਛੁ ਪੁੰਨੁ ਦਾਨਿ ਕਰੇਇ ॥
ਸਚੁ ਤਾ ਪਰ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੇ ਕਰੈ ਨਿਵਾਸੁ ॥ *(ਵਾਰ ਆਸਾ ੧)*

ਸੋ ਸੱਚਾ ਧਰਮੀ ਪੁਰਸ਼ ਇਸ ਕਿਸਮ ਦਾ ਸੁਚੱਜਾ ਜੀਵਨ ਜਿਉਂਦਾ ਹੈ, ਉਸ ਨੂੰ ਕਿਸੇ ਬਾਹਰਲੇ ਭੇਖ ਅਡੰਬਰ ਦੀ ਜ਼ਰੂਰਤ ਨਹੀਂ ਪੈਂਦੀ। ਇਹੋ ਕਾਰਣ ਹੈ ਕਿ ਗੁਰੂ ਸਾਹਿਬਾਨ ਨੇ ਕਿਸੇ ਧਰਮ, ਮਤ ਜਾਂ ਸੰਪ੍ਰਦਾਇ ਨੂੰ ਨਿੰਦਿਆ ਨਹੀਂ ਸਗੋਂ ਹਿੰਦੂ ਮੁਸਲਮਾਨ ਤੇ ਜੋਗੀ ਤੇ ਸੱਚੇ ਤੇ ਸੁੱਚੇ ਹਿੰਦੂ, ਮੁਸਲਮ, ਜੋਗੀ ਬਣਨ ਦੀ ਪ੍ਰੇਰਨਾ ਕੀਤੀ ਹੈ। ਹਿੰਦੂ ਲਈ ਜੰਞੂ, ਪੂਜਾ ਪਾਠ ਤੇ ਆਰਤੀ ਜ਼ਰੂਰੀ ਹੈ ਲੇਕਿਨ ਗੁਰੂ ਸਾਹਿਬ ਇਸ ਕਿਸਮ ਦਾ ਜੰਞੂ ਆਦਿ ਦੱਸਦੇ ਹਨ ਜਿਸਨੂੰ ਮਨੁੱਖ ਮਾਤਰ ਧਾਰ ਸਕਦਾ ਹੈ :

ਜੰਞੂ— *ਦਇਆ ਕਪਾਹੁ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
ਏਹੁ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤੁ ॥ *(ਵਾਰ ਆਸਾ)*

ਪੂਜਾ— ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨ ਉਰਸਾ ਹੋਇ ॥
ਕਰਣੀ ਕੁੰਗੂ ਜੇ ਕਰੀ ਘਟਿ ਅੰਤਰਿ ਪੂਜਾ ਹੋਇ ॥
ਪੂਜਾ ਕੀਚੈ ਨਾਮ ਧਿਆਈਐ ਵਿਣੁ ਨਾਵੈ ਪੂਜਾ ਨਾ ਹੋਇ ॥ (ਗੂਜਰੀ ੧)

ਆਰਤੀ—ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪ ਮਲਆਨਲੋ ਪਵਣੁ ਚਵਰੋ ਕਰੇ ਸਗਲਿ ਬਨਰਾਇ ਫੂਲੰਤ ਜੋਤੀ ॥
ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ ਅਨਹਤਾ ਸਬਦ ਵਾਜੰਤ ਭੇਰੀ ॥ (ਧਨਾਸਰੀ ੧)

ਇਸੇ ਤਰ੍ਹਾਂ ਸੱਚੇ ਜੋਗ ਦਾ ਨਿਰੂਪਣ ਕਰਦਿਆਂ ਰੂਹਾਨੀ ਤੇ ਸਦਾਚਾਰਕ ਕੀਮਤਾਂ ਉੱਤੇ ਜ਼ੋਰ ਦਿੱਤਾ ਗਿਆ ਹੈ ਜਿਸ ਵਲ ਆਮ ਜੋਗੀ ਧਿਆਨ ਨਹੀਂ ਸੀ ਦਿੰਦੇ :—

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨ ਜੀਤੈ ਜਗੁ ਜੀਤੁ ॥ (ਜਪੁ)

'ਗਲੀਂ ਜੋਗ ਨ ਹੋਈ
ਏਕ ਦ੍ਰਿਸ਼ਟ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ।' (ਰਾਮਕਲੀ ੧)

(ੲ) ਮੁਸਲਮਾਨ—ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲ ਰੋਜਾ ਹੋਹੁ ਮੁਸਲਮਾਣੁ ॥ (ਵਾਰ ਮਾਝ ੧)

'ਮੁਸਲਮਾਨ ਕਹਾਵਣੁ ਮੁਸਕਲ ਜੇ ਹੋਇ ਤ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਮੁ ਦੀਨ ਮੁਹਾਣੈ ਮਰਣ ਜੀਵਨ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥
(ਵਾਰ ਮਾਝ ੧)

ਸੋ ਗੁਰੂ ਗ੍ਰੰਥ ਸਾਹਿਬ ਨੇ ਭੇਖ ਤੇ ਕੂੜੇ ਅਡੰਬਰ ਦੀ ਜ਼ਰੂਰ ਨਿਖੇਧੀ ਕੀਤੀ ਹੈ ਕਿਉਂਕਿ ਇਸਦੇ ਪਿਛੇ ਸੱਚੀ ਭਾਵਨਾ ਨਹੀਂ ਸੀ, ਵੈਸੇ ਕਿਸੇ ਮਤ ਨੂੰ ਤ੍ਰਿਸਕਾਰਨ ਦਾ ਜਤਨ ਨਹੀਂ ਕੀਤਾ। ਜਿਸ ਧਰਮ ਦੀ ਵਿਆਖਿਆ ਜਾਂ ਪ੍ਰੇਰਨਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਰਦੀ ਹੈ, ਉਹ ਮਨੁੱਖ ਮਾਤਰ ਦੇ ਭਲੇ ਲਈ ਹੈ ਤੇ ਉਸ ਦੀ ਵਰਤੋਂ ਹਰ ਯੁੱਗ ਲਈ ਹਿਤਕਾਰੀ ਹੈ, ਇਹ ਹੈ ਨਾਮ ਸਿਮਰਨ ਤੇ ਸੇਵਾ। ਨਾਮ ਸਿਮਰਨ ਦੁਆਰਾ ਮਨੁੱਖ ਦਾ ਰੱਬ ਨਾਲ ਰਿਸ਼ਤਾ ਪਰਿਪੱਕ ਹੁੰਦਾ ਹੈ ਤੇ 'ਸੇਵਾ' ਦੁਆਰਾ ਮਨੁੱਖ ਦਾ ਮਨੁੱਖ ਨਾਲ ਰਿਸ਼ਤਾ ਵਧਦਾ ਹੈ ਤੇ ਬ੍ਰਹਮੰਡ ਨਾਲ ਇਕਸੁਰਤਾ ਪੈਦਾ ਹੋ ਕੇ ਸਰਬਤ ਦੇ ਭਲੇ ਦਾ ਚਾਉ ਪੈਦਾ ਹੁੰਦਾ ਹੈ। ਇਹੋ ਇਕਸੁਰਤਾ ਧਰਮ ਦਾ ਪਰਮ ਆਦਰਸ਼ ਹੈ। ਇਸ ਕਰਕੇ ਗੁਰੂ ਸਾਹਿਬ ਦਾ ਦਸਿਆ ਧਰਮ, ਰੱਬੀ ਸਿਮਰਨ ਤੇ ਲੋਕ-ਸੇਵਾ ਹੈ :—

'ਸਰਬ ਧਰਮ ਮਹਿ ਸ੍ਰੇਸਟ ਧਰਮ। ਹਰਿ ਕੋ ਨਾਮ ਜਪੁ ਨਿਰਮਲ ਕਰਮ ॥
(ਗਉੜੀ ਸੁਖਮਨੀ ੫)

ਵਿਚਿ ਦੁਨੀਆ ਸੇਵ ਕਮਾਈਐ। ਤ ਦਰਗਹ ਬੈਸਣੁ ਪਾਈਐ।' (ਸਿਰੀ ੧)

ਗੁਰੂ ਗ੍ਰੰਥ ਸਾਹਿਬ ਦੇ ਇਨ੍ਹਾਂ ਏਕਤਾਵਾਦੀ ਸਿਧਾਂਤਾਂ ਨੂੰ ਜਾਨਣਾ ਤੇ ਪਛਾਨਣਾ ਮਨੁੱਖ ਮਾਤਰ

ਲਈ ਲੋੜੀਂਦੀ ਤੇ ਲਾਹੇਵੰਦ ਹੈ। ਗੁਰੂ ਦਾ ਇਕ ਮੁਖ ਲੱਛਣ ਇਹ ਵੀ ਹੈ ਕਿ ਉਹ ਸਭ ਨੂੰ ਏਕਤਾ ਦੇ ਧਾਗੇ ਵਿਚ ਪਰੋ ਲਵੇ :—

ਨਾਨਕ ਸਤਿਗੁਰ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥

ਚੂੰਕਿ *ਗੁਰੂ ਗ੍ਰੰਥ ਸਾਹਿਬ* ਦੀ ਸਿਖਿਆ ਸਭ ਨੂੰ ਮਿਲਾਉਣ ਵਾਲੀ ਹੈ, ਇਸ ਕਰਕੇ ਇਹ ਸਾਰੀ ਮਾਨਵਤਾ ਦਾ ਗੁਰੂ ਪਰਵਾਨ ਕੀਤੇ ਜਾਣ ਦਾ ਅਧਿਕਾਰ ਰਖਦਾ ਹੈ।

(੨) 'ਸ਼ਬਦ-ਗੁਰੂ' ਦਾ ਸਿਧਾਂਤ

ਜਿਸ ਸਮੇਂ ਸਿਖ ਧਰਮ ਦੇ ਬਾਨੀ ਗੁਰੂ ਬਾਬਾ ਨਾਨਕ ਸਾਹਿਬ ਤੋਂ, ਸਿੱਧਾਂ ਪੁਛਿਆ, ਕਿ ਤੁਸੀਂ ਸਿੱਖੀ ਮਹੱਲ ਨੂੰ ਕਿਨ੍ਹਾਂ ਬੁਨਿਆਦਾਂ ਆਸਰੇ ਖੜਿਆਂ ਕਰਨਾ ਚਾਹੁੰਦੇ ਹੋ ? ਤਾਂ ਉਨ੍ਹਾਂ ਦਾ ਉੱਤਰ ਸੀ—ਇਹ ਧਰਮ-ਮੰਦਰ ਗੁਰਬਾਣੀ ਤੇ ਗੁਰ ਸੰਗਤਿ ਦੇ ਆਧਾਰ ਤੇ ਸਥਾਪਤ ਕੀਤਾ ਜਾ ਰਿਹਾ ਹੈ, ਰੂਹਾਨੀ ਵਿਚਾਰਧਾਰਾ ਤੇ ਇਸ ਵਿਚਾਰਧਾਰਾ ਨੂੰ ਮੰਨਣ ਵਾਲੇ ਹੀ ਇਸ ਦਾ ਸਭੋ ਕੁਝ ਹਨ, ਹੋਰ ਕਿਸੇ ਕੜੀ ਕਰਾਮਾਤ ਨਾਲ ਸਾਡਾ ਸਰੋਕਾਰ ਨਹੀਂ।*

ਸਿਖ ਇਤਿਹਾਸ ਤੋਂ ਭਲੀ ਭਾਂਤ ਪਰਗਟ ਹੈ ਕਿ ਇਸੇ ਬਾਣੀ ਨੂੰ 'ਗ੍ਰੰਥ' ਤੇ ਸੰਗੰਤ ਨੂੰ 'ਪੰਥ' ਦਾ ਰੂਪ ਦਿੱਤਾ ਗਿਆ। ਗ੍ਰੰਥ, ਮੂਲ ਜੀਵਨ-ਸਿਧਾਂਤ ਹੈ ਤੇ 'ਪੰਥ' ਇਸਦਾ ਅਮਲ। ਕਹਿਣ ਲਈ ਭਾਵੇਂ ਇਹ ਦੋ ਹਨ ਪਰ ਅਸਲ ਵਿਚ ਇਕ ਹੀ ਹੈ। ਇਹ ਇਉਂ ਹੀ ਹੈ ਜਿਵੇਂ ਇਕ ਆਮ ਇਤਿਹਾਸਕਾਰ ਦੀ ਨਜ਼ਰ ਵਿਚ ਗੁਰੂਆਂ ਦੀ ਗਿਣਤੀ 'ਦਸ' ਕਹੀ ਜਾਦੀ ਹੈ ਮਗਰ ਸਿੱਖ ਸਿਧਾਂਤਕਾਰ ਦੀ ਦ੍ਰਿਸ਼ਟੀ ਵਿਚ ਇਕੋ ਇਕ 'ਨਾਨਕ ਨਿਰੰਕਾਰੀ' ਹੀ ਸੀ। ਅਜੇਹੀ ਘਟਨਾ ਕਿ ਦਸ ਮਹਾ ਪੁਰਸ਼ ਇਕ ਹੀ ਹੋਣ, ਸਿਖੀ ਦੇ ਏਕਤਾ-ਸਿਧਾਂਤ ਦਾ ਵਿਚਾਰ ਤੇ ਅਮਲ ਹੈ। ਇਤਿਹਾਸਕ ਪ੍ਰਮਾਣ ਵਜੋਂ ਕਿਹਾ ਜਾ ਸਕਦਾ ਹੈ ਕਿ ਸਾਰੀ ਦੀ ਸਾਰੀ ਬਾਣੀ ਦਾ ਉਚਾਰਨ ਆਪਣੀਆਂ ਸ਼ਖਸੀਅਤਾ ਨੂੰ ਪਾਸੇ ਰੱਖ ਕੇ ਕੇਵਲ 'ਨਾਨਕ' ਨਾਮ ਤੇ ਹੀ ਕੀਤਾ ਗਿਆ, ਜਿਸ ਦੀ ਮਿਸਾਲ ਕਿਸੇ ਹੋਰ ਸਾਹਿਤ ਵਿਚ ਪ੍ਰਾਪਤ ਨਹੀਂ। ਦੂਸਰੇ, 'ਦਬਿਸਤਾਨਿ ਮਜ਼ਾਹਬ' ਦੇ ਕਰਤਾ ਮੁਹਸਨ ਫਾਨੀ ਦੀ ਇਹ ਲਿਖਤ ਵੀ ਇਸ ਸਿਧਾਂਤ ਨੂੰ ਪੱਕਿਆਂ ਕਰਦੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ, ਉਸ ਨਾਲ ਚਿੱਠੀ ਪੱਤ੍ਰ ਕਰਨ ਸਮੇਂ ਆਪਣੀ ਸਹੀ 'ਨਾਨਕ' ਕਰਕੇ ਹੀ ਪਾਇਆ ਕਰਦੇ ਸਨ। ਤੀਸਰੇ, ਸਾਰੇ ਸਿੱਖਾਂ ਦਾ ਇਹੋ ਵਿਸ਼ਵਾਸ ਸੀ ਕਿ ਸਭੇ ਗੁਰੂ, ਗੁਰੂ ਨਾਨਕ-ਸਰੂਪ ਹਨ। ਚੁਨਾਂਚਿ ਇਸੇ ਅਕੀਦੇ ਦੀ ਚਰਚਾ ਕਰਦਿਆਂ ਮੁਹਸਨ ਫਾਨੀ ਨੇ ਲਿਖਿਆ ਹੈ :—

'ਏਸ਼ਾਂ ਰਾ ਅਕੀਦਾ ਅਸਤ ਕਿ ਹਮਾ ਗੁਰੂ ਨਾਨਕ ਅੰਦ।'

ਇਹ ਬਿਦੇਸੀ ਵਿਦਵਾਨ ਦੀ ਰਾਇ ਉਸੇ ਭਾਵ ਨੂੰ ਪਰਗਟ ਕਰਦੀ ਹੈ, ਜਿਸ ਨੂੰ ਭਾਈ ਗੁਰਦਾਸ ਤੇ ਭਾਈ ਸੱਤਾ ਤੇ ਭਾਈ ਬਲਵੰਡ ਨੇ ਆਪਣੇ ਸ਼ਬਦਾਂ ਵਿਚ ਇਉਂ ਆਖਿਆ ਹੈ, 'ਗੁਰੂ ਕੇਵਲ ਕਾਇਆ ਪਲਟਦੇ ਰਹੇ ਮਗਰ ਉਨ੍ਹਾਂ ਦੀ ਜੋਤਿ ਤੇ ਜੁਗਤਿ ਇਕੋ ਹੀ ਸੀ'—

'ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥' (ਵਾਰ ਰਾਮਕਲੀ)

ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਥੋਂ ਤਕ ਲਿਖਿਆ ਹੈ ਕਿ 'ਗੁਰੂ ਜੋਤਿ' ਦੀ ਏਕਤਾ ਦੀ ਪਛਾਣ ਬਿਨਾ ਸਿਖੀ ਦੇ ਰਾਜ ਨੂੰ ਪਾਇਆ ਹੀ ਨਹੀਂ ਜਾ ਸਕਦਾ। ਉਨ੍ਹਾਂ ਦਾ ਫੁਰਮਾਨ ਹੈ :—

**ਸਿਧ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤ ਦਿਖਾਈ ॥*
ਗੁਰ-ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ ॥ ੪੨ ॥ ਵਾਰ ੧ (ਵਾਰਾਂ ਭਾਈ ਗੁਰਦਾਸ)

'ਸ੍ਰੀ ਨਾਨਕ ਅੰਗਦ ਕਰਿ ਮਾਨਾ। ਅੰਗਦ ਅਮਰਦਾਸ ਪਹਿਚਾਨਾ ॥
ਅਮਰਦਾਸ ਰਾਮਦਾਸ ਕਹਾਯੋ। ਸਾਧਨਟ ਲਖਾ, ਮੂੜ੍ਹ ਨਹਿ ਪਾਯੋ ॥ 9 ॥
ਭਿੰਨ ਭਿੰਨ ਸਭਹੂੰ ਕਰਿ ਜਾਨਾ। ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧਿ ਪਾਈ। ਬਿਨ ਸਮਝੇ ਸਿਧਿ ਹਾਥ ਨ ਆਈ ॥
100 (ਬਿਚਿਤ੍ਰ ਨਾਟਕ)

ਸੋ ਜਦੋਂ ਭਿੰਨ ਭਿੰਨ ਸਰੀਰਾਂ ਵਿਚ ਮੂਰਤੀਮਾਨ ਹੋ ਕੇ ਵੀ ਜੋਤਿ ਇਕੋ ਰਹੀ ਤਾਂ ਇਸ ਦੀ ਬੁਨਿਆਦੀ ਏਕਤਾ ਨੂੰ ਜਾਣਨਾ ਜ਼ਰੂਰੀ ਹੈ। ਚੂੰਕਿ ਗ੍ਰੰਥ ਤੇ ਪੰਥ ਜੋਤਿ ਤੇ ਜੁਗਤਿ ਦਾ ਹੀ ਸਥੂਲ ਰੂਪ ਹੈ, ਇਸ ਲਈ ਗ੍ਰੰਥ, ਪੰਥ ਦੇ ਸੰਕਲਪ ਨੂੰ ਜਾਣਨ ਲਈ ਜੋਤਿ ਜੁਗਤਿ ਦਾ ਤਾਤਪ੍ਰਯ ਸਮਝਣਾ ਸਭ ਤੋਂ ਵਧ ਅਹਿਮ ਹੈ। ਜੋਤਿ, ਪਰਮੇਸ਼ਰ ਦੀ ਪ੍ਰਕਾਸ਼ਕ ਗਿਆਨ ਸ਼ਕਤੀ ਹੈ ਜਿਸ ਦੇ ਚਾਨਣ ਨਾਲ ਹਰ ਥਾਂ ਚਾਨਣ ਹੋ ਰਿਹਾ ਹੈ।* ਇਸੇ ਦੈਵੀ ਪ੍ਰਕਾਸ਼ (Divine light) ਨੂੰ 'ਗੁਰੂ' ਕਿਹਾ ਗਿਆ ਹੈ, ਜੋ ਅਭੁੱਲ ਹੈ ਤੇ ਇਸੇ ਰੱਬੀ ਜਲਵੇ ਦਾ ਜ਼ਹੂਰ ਦਸ ਗੁਰੂਆਂ ਵਿਚ ਵਰਤਦਾ ਸੀ।

'ਸਤਿਗੁਰੁ ਵਿਚਿ ਆਪੁ ਰਖਿਓਨੁ ਕਰਿ ਪਰਗਟ ਆਖਿ ਸੁਣਾਇਆ ॥
(ਵਾਰ ਆਸਾ ੧)

'ਭੁਲਣ ਅੰਦਰਿ ਸਭ ਕੋ ਅਭੁਲੁ ਗੁਰੂ ਕਰਤਾਰ' ॥
'ਗੁਰ ਪਰਮੇਸਰੁ ਏਕੋ ਜਾਣ' ॥
ਗੁਰੂ ਗੋਬਿੰਦ ਗੋਬਿੰਦ ਗੁਰੂ ਹੈ, ਨਾਨਕ ਭੇਦ ਨਾ ਭਾਈ ॥
'ਆਦਿ ਅੰਤ ਏਕੋ ਅਵਤਾਰਾ। ਸੋਈ ਗੁਰੂ ਸਮਝੀਅਹੁ ਹਮਾਰਾ ॥' (ਪਾਤਸ਼ਾਹੀ ੧੦)

ਆਦਿ ਗ੍ਰੰਥ ਦਾ ਪ੍ਰਕਾਸ਼

ਜਿਸ ਤਰ੍ਹਾਂ ਵਿਗਿਆਨੀਆਂ ਲਈ ਬਿਜਲੀ ਦਾ ਲੱਛਣ ਕਰਨਾ ਔਖਾ ਹੈ, ਇਸੇ ਤਰ੍ਹਾਂ ਆਤਮ-ਵਿਗਿਆਨੀਆਂ ਲਈ ਉਸ ਅਨੰਤ ਦਾਮਨਿਕ ਸ਼ਕਤੀ ਯਾ ਜੋਤਿ ਦਾ ਨਿਸਚਿਤ ਲੱਛਣ ਦੱਸ ਸਕਣਾ ਬਿਖਮ ਕਾਰ ਹੈ। ਇਸ ਰੱਬੀ ਜਲਵੇ ਦਾ ਕੋਈ ਨਾਮ-ਸੰਸਕਾਰ ਵੀ ਨਹੀਂ ਕੀਤਾ ਜਾ ਸਕਦਾ, ਇਸ ਕਰਕੇ ਸੰਤਾਂ ਫ਼ਕੀਰਾਂ ਇਸ ਅਨਾਮ ਨੂੰ 'ਨਾਮ' ਹੀ ਕਿਹਾ ਹੈ। ਇਹ ਅਜੇਹੀ ਸਰਬ-ਵਿਆਪਕ ਜਗਮਗਾਉਂਦੀ ਮੂਲ ਹਸਤੀ ਹੈ ਜਿਸ ਤੋਂ ਬਿਨਾ ਕੋਈ ਥਾਂ ਖਾਲੀ ਨਹੀਂ। ਆਦਿ ਗੁਰੂ ਤਾਂ ਆਪਣੇ ਅਨੁਭਵ ਨਾਲ ਇਹੋ ਫ਼ੁਰਮਾਉਂਦੇ ਹਨ :

ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ (ਜਪੁ)

ਇਸੇ 'ਨਾਮ' ਨੂੰ 'ਹੁਕਮ, ਸ਼ਬਦ, ਬਾਣੀ, ਗੁਰੂ ਆਦਿ ਅਨੇਕਾਂ ਪਦਾਂ ਨਾਲ ਯਾਦ ਕੀਤਾ ਗਿਆ ਹੈ। ਗੁਰੂ ਨਾਨਕ ਸਾਹਿਬ ਨੇ ਜਾਣ ਬੁਝ ਕੇ ਇਕੋ ਥਾਂ ਤਿੰਨੇ ਸੰਕ੍ਰੇਤਾਂ ਦੀ ਵਰਤੋਂ ਕੀਤੀ ਹੈ :

ਚਹੁ ਦਿਸਿ 'ਹੁਕਮੁ' ਵਰਤੈ ਪ੍ਰਭੁ ਤੇਰਾ, ਚਹੁ ਦਿਸਿ 'ਨਾਮੁ' ਪਤਾਲੰ ॥
ਸਭ ਮਹਿ 'ਸ਼ਬਦੁ' ਵਰਤੇ ਪ੍ਰਭ ਸਾਚਾ, ਕਰਮਿ; ਮਿਲੈ ਬੈਆਲੰ ॥ (ਮਲਾਰ ੧)
ਗੁਰ ਮਹਿ ਆਪੁ ਸਮੋਇ, ਸਬਦੁ ਵਰਤਾਇਆ ॥ (ਮਲਾਰ ੧)

ਗੁਰੂ ਅਮਰਦਾਸ ਸਾਹਿਬ ਲਿਖਦੇ ਹਨ :—

ਇਕਾ ਬਾਣੀ ਇਕ ਗੁਰੁ, ਇਕੋ ਸਬਦੁ ਵੀਚਾਰਿ' ॥ (ਸੋਰਠਿ ੩)

ਸਭਿ ਮਹਿ ਜੋਤਿ ਜੋਤਿ ਹੈ ਸੋਇ ॥ ਤਿਸਦੈ ਚਾਨਣਿ ਸਭ ਮਹਿ ਚਾਨਣ ਹੋਇ ॥ (ਧਨਾਸਰੀ ੧)

ਗੁਰੂ ਰਾਮਦਾਸ ਇਸ ਬਾਣੀ ਤੇ ਗੁਰੂ-ਜੋਤਿ ਦੀ ਅਭਿੰਨਤਾ ਦੱਸਦੇ ਕਹਿੰਦੇ ਹਨ :

ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥ (ਨਟ ੪)

ਇਸ ਰੱਬੀ ਜੋਤਿ ਨੂੰ ਸੂਫੀ ਦਰਵੇਸ਼ 'ਨੂਰ' ਵੀ ਕਹਿੰਦੇ ਆਏ ਹਨ। ਕਬੀਰ ਜੀ ਦਾ ਵਾਕ ਹੈ :

'ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ ॥' (ਪ੍ਰਭਾਤੀ)

ਗੁਰੂ ਨਾਨਕ ਸਾਹਿਬ ਨੇ ਇਸ ਨੂੰ 'ਕਵਾਉ' ਯਾ 'ਨਾਮ' ਵੀ ਆਖਿਆ ਹੈ :

'ਕੀਤਾ ਪਸਾਉ ਏਕੋ ਕਵਾਉ। ਤਿਸ ਤੇ ਹੋਏ ਲਖ ਦਰੀਆਉ ॥' (ਜਪੁ)
'ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥' (ਵਾਰ ਆਸਾ)

ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਨੂੰ 'ਤੇਜ' ਯਾ 'ਖੰਡਾ' ਕਹਿਕੇ ਯਾਦ ਕੀਤਾ ਹੈ :—

'ਪ੍ਰਿਥਮ ਕਾਲ ਸਭ ਜਗ ਕੋ ਤਾਤਾ। ਤਾਂਤੇ ਭਯੋ ਤੇਜ ਬਖਿਆਤਾ ॥
ਸੋਈ 'ਭਵਾਨੀ' ਨਾਮ ਕਹਾਈ। ਜਿਨ ਸਗਰੀ ਯਹ ਸ੍ਰਿਸ਼ਟਿ ਉਪਾਈ ॥
'ਖੰਡਾ ਪ੍ਰਿਥਮੈ ਸਾਜਿਐ...... ।' (ਵਾਰ) (ਬਚਿਤ੍ਰ ਨਾਟਕ)

ਇਹ ਵਿਚਾਰ ਚਰਚਾ ਇਸ ਗੱਲ ਨੂੰ ਸਪੱਸ਼ਟ ਕਰਦੀ ਹੈ ਕਿ ਉਹੋ ਪਰਮ ਜੋਤਿ ਨਾਮ ਰੂਪ, ਉਹੋ ਸ਼ਬਦ ਬਾਣੀ, ਗ੍ਰੰਥ ਤੇ ਰੂਪ ਹੈ। ਇਨ੍ਹਾਂ ਦੇ ਅੰਤਰੀਵ ਭਾਵ ਨੂੰ ਨਿਖੇੜਿਆ ਨਹੀਂ ਜਾ ਸਕਦਾ। ਜਿਵੇਂ ਦਸ ਗੁਰੂ, ਵੱਖ ਵੱਖ ਸਰੀਰ ਰਖਦੇ ਹਨ ਪਰ ਗੁਰੂ ਜੋਤਿ ਉਨ੍ਹਾਂ ਅੰਦਰ ਇਕ ਸਮਾਨ ਹੀ ਵਰਤਦੀ ਸੀ, ਤਿਵੇਂ ਇਹ ਦਸ ਸੰਕੇਤ ਇਕੋ ਭਾਵ ਦੇ ਸੂਚਕ ਹਨ, ਕੇਵਲ ਇਨ੍ਹਾਂ ਦਾ ਸੂਖਮ ਮਾਤਰ, ਅਵਸਥਾ-ਭੇਦ ਕਿਹਾ ਜਾ ਸਕਦਾ ਹੈ।

1. ਨਾਮ 2. ਹੁਕਮ 3. ਸ਼ਬਦ 4. ਬਾਣੀ 5. ਗ੍ਰੰਥ 6. ਗੁਰੂ 7. ਜੋਤਿ 8. ਜੁਗਤਿ 9. ਸੰਗਤਿ 10. ਪੰਥ, ਆਦਿਕ

ਜਿਵੇਂ ਪਾਣੀ ਦਾ ਸੂਖਮ ਰੂਪ ਗੈਸਾਂ ਤੇ ਸਥੂਲ ਰੂਪ ਬਰਫ ਹੈ ਪਰ ਇਸ ਰੂਪ-ਭੇਦ ਦੇ ਬਾਵਜੂਦ ਜਲ ਤੱਤ ਦਾ ਗੁਣ ਹਰ ਥਾਂ ਮੌਜੂਦ ਹੈ। ਇਹ 'ਨਾਮ' ਪ੍ਰਭੂ ਦੀ ਇਛਾ ਹੈ, ਕੋਈ ਸੰਗਿਆ ਮਾਤਰ ਨਹੀਂ। ਜਦੋਂ ਅਸੀਂ ਉਸ ਨੂੰ ਸਰਬੋਚ ਸੱਤਾ ਮੰਨ ਕੇ ਗੱਲ ਕਰਦੇ ਹਾਂ ਤਾਂ ਇਸੇ ਨੂੰ 'ਹੁਕਮ' ਕਹਿ ਦਿੰਦੇ ਹਾਂ, ਜਦੋਂ ਇਹ ਵਰਣਾਤਮਕ ਰੂਪ ਧਾਰਦਾ ਹੈ ਤਾਂ ਸ਼ਬਦ (Logos) ਕਹਾਉਂਦਾ ਹੈ। ਇਹੋ 'ਸ਼ਬਦ', ਬਾਣੀ ਦਾ ਭੰਡਾਰ ਗ੍ਰੰਥ ਆਖਿਆ ਜਾਂਦਾ ਹੈ। ਪਰੰਤੂ ਇਹ ਸ਼ਬਦ ਲਫਜ਼ ਨਹੀਂ, ਜੋ ਸਾਡੇ ਬੋਲ—ਯੰਤ੍ਰਾਂ ਵਿਚੋਂ ਨਿਕਲ ਸਕੇ, ਇਹ ਹੋਰ ਚੀਜ਼ ਹੈ। ਜਿਸ ਦੀ ਚਰਚਾ ਅੱਗੇ ਕਰਾਂਗੇ।

ਗੁਰਬਾਣੀ, ਜੀਵਨ ਦਾ ਦੈਵੀ ਅਨੁਭਵੀ ਸਿਧਾਂਤ ਹੈ, ਜਿਸ ਨੂੰ ਗੁਰੂਆਂ ਉਸ ਪਰਮ ਸੱਤਾ ਨਾਲ ਅਭੇਦ ਹੋ ਕੇ ਉਚਾਰਿਆ। ਇਹ ਹਰ ਕੋਈ ਨਹੀਂ ਕਰ ਸਕਦਾ। ਇਸ ਤੱਤ ਦਾ ਵਖਿਆਨ ਉਹੋ ਕਰ ਸਕਦਾ ਹੈ, ਜਿਸਨੂੰ ਅਨੁਭਵ ਅਤੇ ਸੋਝੀ ਹੋਵੇ। ਮਹਾਂਵਾਕ ਹੈ :—

'ਅੰਮ੍ਰਿਤ ਬਾਣੀ ਤਤੁ ਵਖਾਣੀ, ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ, ਸੁਰਤੀ ਸੁਰਤਿ ਸਮਾਈ ॥...... (ਮਹਲਾ ੨)
'ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥
ਜਿਨਿ ਪੀਤੀ ਤਿਸੁ ਮੋਖ ਦੁਆਰ । ੧ ।' (ਮਹਲਾ ੧)

ਇਸ ਗੁਰਬਾਣੀ ਦੀ ਦੱਸੀ ਸੇਧ ਅਨੁਸਾਰ ਜੀਵਨ ਦਾ ਮੁੱਖ ਉਦੇਸ਼ ਸਚਿਆਰ ਹੋਣਾ ਹੈ ਤੇ ਇਸ ਸੱਚ ਦੀ ਪ੍ਰਾਪਤੀ ਦਾ ਮਾਰਗ ਨਾਮ ਸਿਮਰਨ ਹੈ। ਗੁਰਬਾਣੀ, ਨਾਮ ਸਿਮਰਨ ਦਾ ਇਕ ਵਧੀਆ ਰੂਪ ਹੈ ਜਿਸ ਦੁਆਰਾ ਅਸੀਂ 'ਸਚਿਆਰ' ਬਣਨ ਦੇ ਪੰਧ ਪੈਂਦੇ ਹਾਂ।

ਗੁਰਬਾਣੀ ਦਾ ਵਿਸ਼ਾ-ਵਸਤੂ ਸੱਚ ਹੈ—(1) ਸੱਚ ਦਾ ਸਹੀ ਸਰੂਪ (2) ਸੱਚ ਦੇ ਸਾਧਨ (3) ਜਿਨ੍ਹਾਂ ਸੱਚ ਪ੍ਰਾਪਤ ਕਰ ਲਿਆ। (4) ਜਿਨ੍ਹਾਂ ਨਹੀਂ ਪ੍ਰਾਪਤ ਕੀਤਾ। ਇਨ੍ਹਾਂ ਦੋਹਾਂ ਦੀ ਖੋਲ੍ਹ ਕੇ ਵਿਆਖਿਆ ਕੀਤੀ ਗਈ ਹੈ ਤਾਂ ਕਿ ਸੱਚ ਦਾ ਪਾਂਧੀ ਮੰਜ਼ਲ ਵਲ ਵਧ ਸਕੇ।

ਜਿਗਿਆਸੂ ਲਈ ਸਵਾਰੇ ਬਣਾਏ ਇਸੇ ਪੰਧ ਦਾ ਨਾਮ ਪੰਥ ਹੈ ਜਿਸ ਨੂੰ ਜੋਤਿ ਦੇ ਨਾਲ ਨਾਲ 'ਜੁਗਤਿ' ਕਿਹਾ ਗਿਆ ਹੈ, ਜੋਤਿ, ਗੁਰਬਾਣੀ ਜਾਂ ਗ੍ਰੰਥ ਰੂਪ ਵਿਚ ਪ੍ਰਗਟਾਇਆ ਜੀਵਨ-ਸਿਧਾਂਤ ਹੈ ਤੇ ਜੁਗਤਿ ਉਹ ਵਰਤੋਂ—ਵਿਹਾਰ, ਢੰਗ, ਵਿਧੀ ਜਾਂ ਜੀਵਨ—ਜਾਚ ਜਿਸ ਨੂੰ ਕਮਾ ਕੇ ਅਸੀਂ 'ਸਚਿਆਰ' ਹੋ ਸਕਦੇ ਹਾਂ। ਜੇ ਇਉਂ ਕਹਿ ਦਈਏ ਕਿ ਬਾਣੀ ਜਾਂ ਗ੍ਰੰਥ ਹੀ ਅਮਲੀ ਰੂਪ ਧਾਰ ਕੇ ਪੰਥ ਬਣ ਜਾਦਾ ਹੈ ਤਾਂ ਇਹ ਗ਼ਲਤ ਨਹੀਂ। ਪਰਮੇਸਰ ਦੇ ਨਿਰਗੁਣ ਸਰਗੁਣ ਸਰੂਪ ਵਾਂਙ ਗ੍ਰੰਥ ਪੰਥ ਇਕੋ ਤਸਵੀਰ ਦੇ ਦੋ ਪਾਸੇ ਹਨ।

ਗੁਰੂ ਗ੍ਰੰਥ ਸਾਹਿਬ ਨਾਮ ਦਾ ਸਾਗਰ ਹੈ, ਸ਼ਬਦ ਦਾ ਪ੍ਰਕਾਸ਼ ਹੈ, ਜੋ ਗੁਰੁ ਬਣ ਕੇ ਮਨੁੱਖੀ ਆਤਮਾ ਦੀ ਰਹਿਨੁਮਾਈ ਕਰਦਾ ਹੈ। ਇਹ ਦੂਜੇ ਸ਼ਬਦਾਂ ਵਿਚ ਪਰਮ ਜੋਤਿ ਦਾ ਪ੍ਰਕਾਸ਼ਕ ਪੱਖ ਹੈ ਜੋ ਸਦਾ ਇਕ ਰਹਿੰਦਾ ਹੈ। ਦੇਸ਼ ਕਾਲ ਦੀ ਭਿੰਨਤਾ ਨਾਲ ਇਸ ਦੇ ਨਾਮ ਜਾਂ ਵੇਸ ਅਨੇਕ ਹੋ ਸਕਦੇ ਹਨ ਪਰ ਮੂਲ ਰੂਪ ਵਿਚ ਇਹ ਇਕ ਹੀ ਹੈ ਜਿਸ ਨੂੰ ਕਿ ਗੁਰੂ ਨਾਨਕ ਸਾਹਿਬ ਨੇ ਗੁਰੂਆਂ ਦਾ ਗੁਰੂ ਕਿਹਾ ਹੈ :—

ਛਿਅ ਘਰ ਛਿਅ ਗੁਰ ਛਿਅ ਉਪਦੇਸ ॥
ਗੁਰ ਗੁਰ ਏਕੋ ਵੇਸ ਅਨੇਕ ॥ *(ਆਸਾ ੧)*

ਸੋ ਜਦੋਂ ਅਸੀਂ ਸ਼ਬਦ ਜਾਂ ਬਾਣੀ ਨੂੰ ਗੁਰੂ ਆਖਦੇ ਹਾਂ ਤਾਂ ਇਸ ਦਾ ਖੁਲ੍ਹਾ ਭਾਵਾਰਥ ਰੱਬੀ ਹੁਕਮ, ਦੈਵੀ ਆਵਾਜ਼ ਜਾਂ ਇਲਾਹੀ ਫੁਰਮਾਨ ਹੁੰਦਾ ਹੈ ਤੇ ਗੁਰਮਤਿ ਵਿਚ ਵਧੇਰੇ 'ਸ਼ਬਦ' ਸੰਕੇਤ ਇਸੇ ਅਰਥ ਵਿਚ ਵਰਤਿਆ ਗਿਆ ਹੈ।

(੩) ਸ਼ਬਦ ਤੋਂ ਕੀ ਭਾਵ ਹੈ ?

ਗੁਰਬਾਣੀ ਵਿਚ ਸ਼ਬਦ ਇਕ ਲਫਜ਼ ਦਾ ਵਾਚਕ ਹੀ ਨਹੀਂ ਸਗੋਂ ਇਕ ਵਿਸ਼ੇਸ਼ ਸੰਕੇਤ ਹੈ ਜਿਸ ਦਾ ਅਰਥ ਆਮ ਪ੍ਰਚਲਤ ਅਰਥਾਂ ਨਾਲੋਂ ਭਿੰਨ ਹੈ। ਇਸ ਗੱਲ ਦੀ ਸ਼ਪਸਟਤਾ ਲਈ ਇਥੇ ਪੁਰਾਣੇ ਨਵੇਂ ਕੋਸ਼ਾਂ ਦੀ ਫੋਲਾਫਾਲੀ ਜ਼ਰੂਰੀ ਹੈ ਤਾਂ ਕਿ ਇਸ ਬਾਰੇ ਸਾਡਾ ਗਿਆਨ ਠੀਕ ਸਿਟੇ ਕੱਢਣ ਦੇ ਸਮਰੱਥ ਹੋ ਸਕੇ। ਪਹਿਲੇ ਅਸੀਂ ਸ਼ਬਦ ਦੇ ਆਮ ਕੋਸ਼ੀ-ਅਰਥ ਵਿਚਾਰ-ਗੋਚਰੇ ਕਰਦੇ ਹਾਂ।

ਪਾਤੰਜਲੀ ਨੇ ਹਮਾਂਭਾਸ਼ਯ ਵਿਚ ਸ਼ਬਦ ਦਾ ਲੱਛਣ ਇਸ ਪ੍ਰਕਾਰ ਦਿੱਤਾ ਹੈ ਜੋ ਸ਼ਾਇਦ ਸਭ ਤੋਂ ਪੁਰਾਤਨ ਹੈ :

'ਕੰਨਾਂ ਦੁਆਰਾ ਸੁਣਿਆ ਜਾਣ ਵਾਲਾ, ਬੁਧੀ ਦੁਆਰਾ ਸਮਝਿਆ ਜਾਣ ਵਾਲਾ ਤੇ ਵਰਤੋਂ ਵਿਹਾਰ ਵਿਚ ਪ੍ਰਚਲਤ,—ਆਕਾਸ਼ ਜਿਸਦਾ ਸਥਾਨ ਹੈ,—ਉਹ ਸ਼ਬਦ ਹੈ।

श्रोत्रोपलब्धि, बुद्धिर्निग्राहय
प्रयोगेणाभिज्वलतः, आकाशः देशः शब्दः।

ਹਿੰਦੀ ਕੋਸ਼ਾਂ ਵਿਚ ਇਸ ਦੇ ਅਰਥ ਇਸ ਪ੍ਰਕਾਰ ਦਰਜ਼ ਹਨ :—

(੧) ਸ਼ਬਦ—ਸੰ. ਧ੍ਵਨੀ, ਆਵਾਜ਼ (੨) ਸਾਰਥਿਕ ਧ੍ਵਨੀ (੩) ਸੰਤਾਂ ਦੇ ਬਣਾਏ ਹੋਏ ਪਦ।

(*ਨਾਲੰਦਾ ਵਿਸ਼ਾਲ ਸ਼ਬਦ ਸਾਗਰ*, ਪੰਨਾ ੧੧੨੪, ੨੦੦੭ ਬਿ.)

(੨) ਸ਼ਬਦ—ਸੰਗਿਆ ਪੁਲਿੰਗ-ਧ੍ਵਨੀ, ਆਵਾਜ਼ ੨. ਉਹ ਸਾਰਥਿਕ ਧੁਨੀ ਜਿਸ ਤੋਂ ਕਿਸੇ ਪਦਾਰਥ ਜਾਂ ਭਾਵ ਆਦਿ ਦਾ ਬੋਧ ਹੋਵੇ ੩. ਕਿਸੇ ਸਾਧੂ ਯਾ ਮਹਾਤਮਾ ਦੇ ਬਣਾਏ ਹੋਏ ਪਦੇ।

(*ਸੰਖਿਪਤ ਹਿੰਦੀ ਸ਼ਬਦ ਸਾਗਰ*, ਪੰਨਾ ੬੧੭, ਨਾਗਰੀ ਪ੍ਰਚਾਰਿਣੀ ਸਭਾ ਕਾਸ਼ੀ ੨੦੧੪)

(੩) ਸ਼ਬਦ—ਧ੍ਵਨੀ, ਆਵਾਜ਼ ੨. ਧੁਨੀ ਜਾਂ ਅੱਖਰਾਂ ਆਦਿ ਤੋਂ ਬਣਿਆ ਹੋਇਆ ਤੇ ਮੂੰਹ ਤੋਂ ਉਚਾਰਿਆ ਅਥਵਾ ਲਿਖਿਆ ਜਾਣ ਵਾਲਾ ਉਹ ਸੰਕੇਤ ਜੋ ਕਿਸੇ ਭਾਵ, ਕੰਮ ਜਾਂ ਗੱਲ ਦਾ ਬੋਧਕ ਹੁੰਦਾ ਹੈ, ਸਾਰਥਿਕ ਧ੍ਵਨੀ, ਲਫਜ਼। ੩. ਸੰਤਾਂ ਦੇ ਬਣਾਏ ਹੋਏ ਪਦ ਕਿਸੇ ਆਪਤ ਪੁਰਸ਼ ਦੀ ਕਹੀ ਹੋਈ ਐਸੀ ਗੱਲ ਜਿਸ ਵਿਚ ਕੁਝ ਉਪਦੇਸ਼ ਵੀ ਹੋਵੇ, ਜਿਵੇਂ ਕਬੀਰ ਜਾਂ ਗੁਰੂ ਨਾਨਕ ਦੇ ਸ਼ਬਦ।

(*ਪ੍ਰਮਾਣਿਕ ਹਿੰਦੀ ਕੋਸ਼*, ਰਾਮ ਚੰਦ੍ਰ ਵਰਮਾ, ੨੦੦੮ ਬਿ.)

(੪) [ਸ਼ਬਦ+ਘਞ] ਆਵਾਜ਼, ਧ੍ਵਨੀ। ਸ਼ਬਦ ਦੇ ਚਾਰ ਵਿਸ਼ਯ ਵਿਭਾਗ ਹਨ :—
੧. ਜਾਤੀ ਸ਼ਬਦ-ਜਾਤੀ ਵਾਚਕ ਯੰਗਯਾਂ ਜਿਵੇਂ ਗੌ ੨. ਗੁਣ ਸ਼ਬਦ-ਗੁਣ ਵਾਚਕ ਜੈਸੇ ਸ਼ੁਕਲ, ਪੀਤ ੩. ਕ੍ਰਿਯਾ ਸ਼ਬਦ—ਕ੍ਰਿਯਾ ਵਾਚਕ ਜੈਸੇ ਪਾਚਨ ੪. ਯਾਦ੍ਰਿਛਾ ਸ਼ਬਦ—ਅਰਥ ਸ਼ੂਨਯ, ਸੰਕੇਤ ਮਾਤ੍ਰ
ਵਿਅਕਤੀ ਵਾਚਕ—ਜਿਵੇਂ ਡਿਥ, ਕਪਿਥ ਸਭ ਸ਼ਬਦ ਇਨ੍ਹਾਂ ਚਾਰਾਂ ਭਾਗਾਂ ਵਿਚ ਆ ਜਾਂਦੇ ਹਨ।

ਸੰਸਕ੍ਰਿਤ ਸ਼ਬਦਾਰਥ ਕੌਸਤੁਭ, ਚਤੁਰਵੇਦੀ ਦ੍ਵਾਰਕਾ ਪ੍ਰਸ਼ਾਦ ਸ਼ਰਮਾ।
ਤਥਾ ਪੰਡਿਤ ਤਾਰਣੀਸ਼ ਝਾ, ਤੀਜੀ ਛਾਪ, ੨੦੨੪

(੫) ਸੱਦ—ਪੁ. ੧. ਧ੍ਵਨੀ ਆਵਾਜ਼ (ਹੇ. ੧, ੨੬੦) ੨.੭੯, ਕੁਮਾ. ਸਮ ੧੫) ੨. ਪੁ. ਨਯ ਵਿਸ਼ੇਸ਼ ੩. ਛੰਦ ਵਿਸ਼ੇਸ਼ ੪. ਨਾਮ ੫. ਪ੍ਰਸਿਧੀ

(*ਪਾਇਅ ਸੱਦ ਮਹਣਵੋ*, ਪੰਨਾ ੮੬੨, ਪੰ. ਹਰਗੋਬਿੰਦ ਦਾਸ ਤ੍ਰਿਕਮ ਚੰਦ ਸੇਠ,
ਦੂਜੀ ਛਾਪ, ੧੯੬੩ ਈ., ੨੦੨੦ ਬਿ.)

(੬) ਸ਼ਬਦ—ਪੁ. (ਸੰ) ਪਰਮਾਤਮਾ ਦਾ ਮੁਖ ਨਾਮ ਓਮ, ਆਕਾਸ਼ ਵਿਚ ਕਿਸੇ ਵੀ ਤਰ੍ਹਾਂ ਉਤਪੰਨ ਛੋਭ ਜੋ ਵਾਯੂ ਲਹਿਰਾਂ ਦੁਆਰਾ ਕੰਨਾਂ ਤਕ ਜਾ ਕੇ ਸੁਣਾਈ ਪਵੇ ਜਾਂ ਪੈ ਸਕੇ।

ਸ਼ਬਦ ਦੇ ਦੋ ਭੇਦ ਹਨ—ਵਰਣਾਤਮਕ ਤੇ ਧ੍ਵਨਯਾਤਮਕ। ਵਾਕਯੰਤ੍ਰ ਤੋਂ ਉਤਪੰਨ ਸ਼ਬਦ ਵਰਣਾਤਮਕ ਹਨ ਤੇ ਤਾਲ ਮ੍ਰਿਦੰਗ ਆਦ ਤੋਂ ਉਤਪੰਨ ਹੋਣ ਵਾਲੇ ਧ੍ਵਨਯਾਤਮਕ। ਵਰਣਾਤਮਕ ਸ਼ਬਦ ਦੋ ਕਿਸਮ ਦੇ ਹਨ—ਵਿਅਕਤ (ਸਾਰਥਿਕ) ਅਵਿਅਕਤ (ਨਿਰਾਰਥਕ)। ਨਿਰਵਿਭਗਤਕ ਨਾਮ ਜੋ ਵਰਨ ਸਮੂੰਹ ਦੁਆਰਾ ਬਣਿਆ ਤੇ ਸਾਰਥਿਕ ਹੋਵੇ (ਵਰਡ), ਧ੍ਵਨੀ, ਆਵਾਜ਼, (ਸਾਉਂਡ), ਆਪਤ ਬਚਨ, ਆਪਤ ਪੁਰਸ਼ ਦੁਆਰਾ ਆਖਿਆ ਗਿਆਨ, ਸਿਖਿਆ ਆਦਿ ਦੀ ਗੱਲ।

(*ਬ੍ਰਿਹਤ ਹਿੰਦੀ ਕੋਸ਼*, ਗਿਆਨ ਮੰਡਲ ਵਾਰਾਣਸੀ, ਚੋਥੀ ਐਡੀਸ਼ਨ, ੨੦੩੦, ਪੰਨਾ ੧੧੧੧)

(੭) ਸ਼ਬਦ—Sabda Pop Sabda
S. Noise, Sound, Voice
(A Comparative and Etymological Dictionary of the Nepali Language by R.L.Turner, London (19131)

(੮) ਪੁ—ਧੁਨੀ, ਵਸਤੂ ਦਰਸ਼ਕ ਅੱਖਰ—ਸਮੂੰਹ, ਆਵਾਜ਼, ਬੋਲ
a sound, a word
(*Marathi Etymological Dictionary* by K.P. Kulkarni, ਸ਼ਕੇ ੧੮੬੮, ਮੁੰਬਈ)

(੯) ਸ਼ਬਦ Sabd-A voice, a Song
(among Nanak Panthis) a word, a noun)
(*Dictionary of the Punjabi Language,* Page 48, (Ludhiana Mission)

(੧੦) Sabad ਸ਼ਬਦ
Corruption of the Sanskrit word Shabad, A hymn, a Sacred song from the Sikh Scripture (a Sikh term), Sound, Voice, a word, a verse.
[*Punjabi Dictionary,* P. 979 by Bhai Maya Singh]

(੧੧) ਸ਼ਬਦ—ਪੁ. ਭਜਨ, ਗੀਤ, *ਗੁਰੂ ਗ੍ਰੰਥ ਸਾਹਿਬ* ਦੀ ਬਾਣੀ,
ਆਵਾਜ਼, ਪਦ, ਬੈਂਤ, ਤੁਕ, ਗੱਲ ਬਾਤ
(*ਪੰਜਾਬੀ ਸ਼ਬਦ ਭੰਡਾਰ,* ਪੰਨਾ ੧੫੨, ਭਾਈ ਬਿਸ਼ਨ ਦਾਸ ਪੁਰੀ, ੧੯੨੨)

(੧੨) ਸ਼ਬਦ—(੧) ਧੁਨਿ ਆਵਾਜ਼, ਸੁਰ (੨) ਪਦ, ਲਫਜ਼ (੩) ਗੁਫਤਗੂ (੪) ਗੁਰਉਪਦੇਸ਼ (੫) ਬ੍ਰਹਮ ਕਰਤਾਰ (੬) ਧਰਮ ਮਜ਼ਹਬ (੭) ਪੈਗ਼ਾਮ, ਸੁਨੇਹਾ (੮) ਕਰਤਾਰ ਦਾ ਹੁਕਮ।
[*ਮਹਾਨ ਕੋਸ਼,* ਪੰਨਾ ੧੧੨, ਭਾਈ ਕਾਨ੍ਹ ਸਿੰਘ ਨਾਭਾ, ਦੂਜੀ ਛਾਪ]

(੧੩) ਸ਼ਬਦ—ਪੁ. (੧) ਲਫਜ਼; ਪਦ, ਬਚਨ, ਅਵਾਜ਼, ਖੜਕ, ਖੜਕਾਰ (੨) ਭਜਨ, ਗੀਤ (੩) *ਗੁਰੂ ਗ੍ਰੰਥ ਸਾਹਿਬ* ਦੀ ਬਾਣੀ ਦਾ ਕੋਈ ਇਕ ਛੰਦ (੪) ਉਹ ਧੁਨੀ ਜਿਸਦਾ ਕੁਝ ਮਤ੍ਲਬ ਹੋਵੇ।
[*ਪੰਜਾਬੀ ਕੋਸ਼,* ਪੰਨਾ ੧੭੫, ਪਹਿਲੀ ਜਿਲਦ, ਮਹਿਕਮਾ ਪੰਜਾਬੀ ਪਟਿਆਲਾ, ੧੯੫੫]

(੧੪) ਸ਼ਬਦ—੧. ਸ਼ਬਦ ਦੇ ਪਹਿਲੇ ਅਰਥ ਕੇਵਲ ਅਵਾਜ਼ ਹਨ।

ਵਿਆਕਰਣ ਵਾਲੇ ਪਦ ਯਾਂ ਲਫਜ਼ ਨੂੰ ਸ਼ਬਦ ਆਖਦੇ ਹਨ ਇਸਦੇ ਉਹ ਦੋ ਰੂਪ ਮੰਨਦੇ ਹਨ—ਇਕ ਆਵਾਜ਼ ਰੂਪ ਜੋ ਬੋਲੀ ਦਾ ਹੈ ਇਕ ਲਿਖ ਕੇ ਜੋ ਅੱਖਰਾਂ ਦੇ ਰੂਪ ਰਖਦਾ ਹੈ। ਯਥਾ—'ਮੇਰਾ ਪ੍ਰਭੁ ਹੈ ਗੁਣਾਂ ਕਾ ਦਾਤਾ ਅਵਗੁਣ ਸਬਦਿ ਜਲਾਇ।' ਮੇਰਾ ਰੱਬ ਐਸਾ ਗੁਣਾਂ ਦਾ ਦਾਤਾ ਹੈ ਕਿ ਲਫਜ਼ ਅਵਗੁਣ ਨੂੰ ਹੀ ਸਾੜ ਸਟਦਾ ਹੈ। ਤਥਾ—'ਆਸ ਅੰਦੇਸੇ ਤੇ ਨਿਹ ਕੇਵਲੁ ਹਉਮੈ ਸਬਦਿ ਜਲਾਏ।' ਨਾਮ ਜਪਣ ਵਾਲਾ ਆਸ ਤੇ ਅੰਦੇਸੇ ਤੋਂ ਪਵਿਤ੍ਰ ਹੋ ਜਾਏ। ਤੇ ਹਉਮੈ ਦਾ ਅਭਾਵ ਐਨਾ ਕਰੇ ਕਿ ਹਉਮੈ ਦਾ ਲਫਜ਼ ਹੀ ਸਾੜ ਦੇਵੇ ਭਾਵ ਉਸਦੇ ਬਖਸ਼ੇ ਗੁਣ ਤੇ ਆਯਾ ਅਵਗੁਣ ਦਾ ਪਦ ਹੀ ਅਭਾਵ ਹੋ ਜਾਂਦਾ ਹੈ।

੨. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਵਿਚ ਸ਼ਬਦ ਬਹੁਤਾ ਤਾਂ ਨਾਮ ਦੇ ਅਰਥਾਂ ਵਿਚ ਆਯਾ ਹੈ।

ਜੋ *ਗੁਰੂ ਗ੍ਰੰਥ ਸਾਹਿਬ* ਜੀ ਵਿਚ ਨਾਮ ਦਾ ਅਰਥ ਹੈ ਸੋਈ ਸ਼ਬਦ ਦਾ ਅਰਥ ਹੈ। ਯਥਾ—'ਘੜੀਐ ਸਬਦੁ ਸਚੀ ਟਕਸਾਲਿ।' ਤਥਾ—'ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ।' ਨਾਮ ਰੂਪੀ ਸੋਹਲਾ ਜੋ ਸਦਾ ਸੁਹਣਾ ਹੈ, ਸਤਿਗੁਰੂ ਨੇ ਸੁਣਾਇਆ ਹੈ।'

੭. ਨਾਮ ਤੋਂ ਵਧੇਰੇ ਹੋਰ ਸ਼ੁਭ ਸਿਖਯਾ ਦੇ ਗੁਰੂ ਵਲੋਂ ਮਿਲੇ ਉਪਦੇਸ਼ ਨੂੰ ਬੀ ਸ਼ਬਦ ਆਖਿਆ ਹੈ। ਯਥਾ—'ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ।' ਸਤਿਗੁਰਾਂ ਦੇ ਉਪਦੇਸ਼ ਦੁਆਰਾ ਹੀ ਨਾਮ ਪਰਗਟ ਹੁੰਦਾ ਹੈ, ਉਪਦੇਸ਼ ਦੁਆਰਾ ਹੀ (ਵਾਹਿਗੁਰੂ) ਮੇਲ ਮਿਲਾਇਆ ਕਰਦਾ ਹੈ।

× × ×

੮. ਗੁਰੂ ਜੀ ਜਗਤ ਦੀ ਰਚਨਾ ਵਾਹਿਗੁਰੂ ਦੇ ਹੁਕਮ ਤੋਂ ਹੋਈ ਦੱਸਦੇ ਹਨ। ਹੁਕਮ ਨੂੰ ਉਹ ਵਾਹਿਗੁਰੂ ਦੀ ਤਰ੍ਹਾਂ ਕਥਨ ਕਹਣ ਤੋਂ ਪਰੇ ਦੱਸਦੇ ਹਨ। ਯਥਾ—'ਹੁਕਮੁ ਨ ਕਹਿਆ ਜਾਈ।' ਹੁਕਮ ਨਿਰਗੁਣ ਵਿਚ ਨਿਰਗੁਣ ਰੂਪ ਹੈ ਪਰ ਜਗ ਰਚਨਾ ਵੇਲੇ ਸ਼ਬਦ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ, ਇਸ ਕਰਕੇ ਸ਼ਬਦ ਦਾ ਅਰਥ ਕਈ ਥਾਂ—ਹੁਕਮ ਹੈ। ਯਥਾ—'ਸਭੁ ਤੇਰਾ ਸਬਦੁ ਵਰਤੈ ਉਪਾਵਨਹਾਰਿਆ।' ਹੇ ਉਤਪਤ ਕਰਨ ਵਾਲੇ ! ਸਾਰੇ ਤੇਰਾ ਹੁਕਮ ਵਰਤ ਰਿਹਾ ਹੈ।

੯. ਅੰਕ ਅਠ ਵਿਚ ਦਸੇ ਕਾਰਣ ਤੋਂ ਵਾਹਿਗੁਰੂ ਦਾ ਹੁਕਮ ਵਾਹਿਗੁਰੂ ਦਾ ਰੂਪ ਹੈ ਤੇ ਸ਼ਬਦ ਹੁਕਮ ਦਾ ਰਚਨਾ ਕਾਲ ਦਾ ਰੂਪ ਹੈ ਸੋ ਸ਼ਬਦ ਵਾਹਿਗੁਰੂ ਰੂਪ ਹੈ, ਇਸ ਕਰਕੇ ਸ਼ਬਦ ਪਦ-ਵਾਹਿਗੁਰੂ-ਯਾ ਬ੍ਰਹਮ ਦੇ ਅਰਥਾਂ ਵਿਚ ਬੀ ਵਰਤਿਆ ਗਿਆ ਹੈ। ਯਥਾ—

'ਸਭੁ ਇਕੋ ਸਬਦੁ ਵਰਤਦਾ ਜੋ ਕਰੈ ਸੋ ਹੋਈ ॥'

ਸਾਰੇ ਇਕੋ ਵਾਹਿਗੁਰੂ ਵਰਤ ਰਿਹਾ ਹੈ; ਜੋ ਉਹ (ਵਾਹਿਗੁਰੂ) ਕਰਦਾ ਹੈ, ਸੋ ਹੁੰਦਾ ਹੈ।

੧੦. ਜਗਤ ਦੀ ਉਤਪਤੀ—ਇਕੋ ਕਵਾਉ—ਤੋਂ ਹੋਈ, ਸੋ ਸਬਦ ਤੋਂ ਉਤਪਤ ਹੋਏ ਜਗਤ ਨੂੰ ਬੀ ਕਿਤੇ ਸ਼ਬਦ ਪਦ ਨਾਲ ਲਿਖਿਆ ਹੈ। ਸੋ ਸ਼ਬਦ ਦਾ ਅਰਥ ਜਗਤ ਬੀ ਹੈ। ਯਥਾ—ਤੇਰਾ ਸਬਦੁ ਸਭ ਤੂਹੈ ਵਰਤਹਿ ਤੂ ਆਪੇ ਕਰਹਿ ਸੁ ਹੋਈ।' ਸਾਰਾ ਜਗਤ ਤੇਰਾ ਹੈ। (ਇਸ ਵਿਚ) ਤੂੰ ਹੀ ਵਰਤ ਰਿਹਾ ਹੈ ਤੇ ਤੂੰ ਕਰੇਂ ਸੋ ਹੁੰਦਾ ਹੈ।

੧੧. ਧਰਮ ਦਾਤਾ ਦੀ ਆਗਯਾ ਤੋਂ ਧਰਮ ਬਿਵਸਥਾ ਬੱਝਦੀ ਹੈ, ਆਗਯਾ ਸ਼ਬਦ ਦੁਆਰਾ ਹੁੰਦੀ ਹੈ। ਸੋ ਇਸ ਲੱਛਣਾਂ ਕਰਕੇ ਸ਼ਬਦ ਦਾ ਅਰਥ ਧਰਮ ਬੀ ਹੁੰਦਾ ਹੈ। ਯਥਾ—ਜੋਗ ਸਬਦੰ ਗਿਆਨ ਸਬਦੰ', ਜੋਗੀ ਦਾ (ਧਰਮ ਕੀ ਹੈ/ਗਯਾਨ ਧਰਮ ਹੈ)।

[*ਸ੍ਰੀ ਗੁਰੂ ਗ੍ਰੰਥ ਕੋਸ਼*, ਪੰਨਾ 225-27, ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ, ਦੂਜੀ ਛਾਪ, ਬੇ ਸੰਮਤ]

ਉਪਰੋਕਤ ਕੋਸ਼ਾਂ ਵਿਚੋਂ ਗੁਰਬਾਣੀ ਦੇ ਕੁਝ ਕੁ ਕੋਸ਼ਕਾਰਾਂ ਇਸ ਗੱਲ ਵਲ ਇਸ਼ਾਰਾ ਕੀਤਾ ਹੈ ਕਿ ਇਹ ਸ਼ਬਦ ਰੱਬੀ ਹੁਕਮ ਜਾਂ ਦੈਵੀ ਇਛਾ (Divine will) ਦਾ ਵਾਚਕ ਹੀ ਹੈ। ਇਹ ਦੈਵੀ ਇਛਾ ਪਹਿਲੇ ਪਹਿਲ ਨਾਦ ਰੂਪ ਵਿਚ ਹੀ ਗੁੰਜਾਇਮਾਨ ਹੁੰਦੀ ਹੈ, ਇਸ ਪੱਖ ਦੀ ਪ੍ਰੋੜ੍ਹਤਾ ਕਰਨ ਵਾਲੇ ਪ੍ਰਮਾਣ ਵੀ ਬਾਣੀ ਵਿਚ ਪ੍ਰਾਪਤ ਹਨ, ਜਿਵੇਂ ਕਿ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਨ ਹੈ :

ਕੀਤਾ ਪਸਾਉ ਏਕੋ ਕਵਾਉ ॥ *(ਜਪੁ)*

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕਿਹਾ ਹੈ :—

'ਪ੍ਰਿਥਮ ਕਾਲ ਜਬ ਕਰਾ ਪਸਾਰਾ ਓਅੰਕਾਰ ਤੇ ਸ੍ਰਿਸਟਿ ਉਪਾਰਾ ॥'

ਜਾਂ

'ਓਅੰਕਾਰ ਕਹਿ ਇਕ ਦਾ ਕਹਾ ਭੂਮਿ ਅਕਾਸ਼ ਸਕਲ ਬਨ ਰਹਾ। ੩੩੫।'

(ਬਚਿਤ੍ਰ ਨਾਟਕ)

ਸੋ ਨਾਮ ਰੱਬੀ ਜਲਵਾ ਹੈ ਤੇ ਇਸੇ ਨਾਮ ਦਾ ਸਥੂਲ ਰੂਪ ਸ਼ਬਦ ਹੈ, ਸ਼ਬਦ-ਸੰਗ੍ਰਹਿ ਬਾਣੀ ਹੈ, ਬਾਣੀ ਸੰਗ੍ਰਹਿ *ਗੁਰੂ ਗ੍ਰੰਥ* ਹੈ। ਸੋ ਨਾਮ ਜਾਂ ਸ਼ਬਦ ਇਕ ਸੰਗਿਆ ਮਾਤਰ ਨਹੀਂ, ਸਗੋਂ ਸਰਬ ਵਿਆਪਕ ਹਸਤੀ ਦਾ ਅਲੌਕਿਕ ਚਮਤਕਾਰ ਹੈ ਜਿਵੇਂ ਚੰਦ੍ਰਮਾ ਦੀ ਚਾਨਣੀ ਤੇ ਸੂਰਜ ਦੀ ਰੋਸ਼ਨੀ। ਜਦੋਂ ਅਸੀਂ 'ਸ਼ਬਦ ਗੁਰੂ' ਕਹਿੰਦੇ ਹਾਂ ਤਾਂ ਇਕ ਤਰ੍ਹਾਂ ਅਸੀਂ ਪਰਮੇਸ਼ਰ ਦੀ ਪ੍ਰਕਾਸ਼ਕ ਸੱਤਾ ਨੂੰ ਪ੍ਰਣਾਮ ਕਰਦੇ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਜਿਸ ਤਰ੍ਹਾਂ ਇਸ ਸੰਕੇਤ ਦੀ ਵਰਤੋਂ ਹੋਈ ਹੈ, ਉਸ ਨੂੰ ਇਥੇ ਦੁਹਰਾਉਣਾ ਸ਼ਾਇਦ ਅਕਾਰਥ ਨਹੀਂ। ਜਿਵੇਂ ਕਿ :—

(1) *ਸੁ ਸਬਦ ਕਾ ਕਹਾਂ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥*
ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ, ਜਹ ਦੇਖਾ ਤਹ ਸੋਈ ॥

(ਰਾਮਕਲੀ ਸਿਧਗੋਸਟਿ)

(2) *ਤਿਹੁ ਲੋਆ ਮਹਿ ਸਬਦੁ ਰਵਿਆ ਹੈ*
ਆਪੁ ਗਇਆ ਮਨੁ ਮਾਨਿਆ ॥ *(ਆਸਾ ੧)*

(3) *ਸਬਦੁ ਦੀਪਕੁ ਵਰਤੈ ਤਿਹ ਲੋਇ ॥* *(ਧਨਾਸਰੀ ੩)*

(4) *ਚਹੁ ਦਿਸਿ ਹੁਕਮੁ ਵਰਤੈ ਪ੍ਰਭੁ ਤੇਰਾ, ਚਹੁਦਿਸਿ ਨਾਮੁ ਪਤਾਲੰ ॥*
ਸਭ ਮਹਿ ਸਬਦੁ ਵਰਤੈ ਪ੍ਰਭੁ ਸਾਚਾ, ਕਰਮਿ ਮਿਲੈ ਬੈਆਲੰ ॥ *(ਮਹਲਾ ੧)*

(5) *ਉਤਪਤਿ ਪਰਲਉ ਸਬਦੇ ਹੋਵੈ ॥*
ਸਬਦੇ ਫਿਰਿ ਓਪਤਿ ਹੋਵੈ ॥ *(ਮਾਝ ੩)*

(6) *ਸਭ ਇਕੋ ਸ਼ਬਦੁ ਵਰਤਦਾ ਜੋ ਕਰੇ ਸੁ ਹੋਈ ॥* *(ਵਾਰ ਸੋਰਠਿ ੫)*

ਇਨ੍ਹਾਂ ਮਿਸਾਲਾਂ ਤੋਂ ਇਕ ਗੱਲ ਭਲੀ ਭਾਂਤ ਪਰਗਟ ਹੈ ਕਿ ਇਹ ਕਿਸੇ ਇਕ ਲਫਜ਼ ਦੀ ਗੱਲ ਨਹੀਂ, ਇਕ ਲਫਜ਼ ਜਾਂ ਸ਼ਬਦ, ਸਰਬ-ਵਿਆਪਕ ਨਹੀਂ ਹੋ ਸਕਦਾ ਤੇ ਨਾ ਹੀ ਉਹ ਸ੍ਰਿਸਟੀ ਦਾ ਕਰਤਾ ਹੋ ਸਕਦਾ ਹੈ। ਇਸ ਵਰਤੋਂ ਤੋਂ ਪਰਗਟ ਹੈ ਕਿ ਇਥੇ ਸ਼ਬਦ ਦਾ ਅਰਥ ਭਾਵ—ਰੱਬੀ ਧੁਨੀ, ਦੈਵੀ ਆਵਾਜ਼, ਇਲਾਹੀ ਹੁਕਮ ਜਾਂ ਅਕਾਲੀ ਫੁਰਮਾਨ ਹੈ। ਸੋ ਜਦੋਂ ਬਾਣੀ ਵਿਚ ਇਹ ਗੱਲ ਆਖੀ ਗਈ ਹੈ ਜਾਂ ਸਿਖ ਪਰੰਪਰਾ ਇਸ ਗੱਲ ਨੂੰ ਬਾਰ ਬਾਰ ਦੁਹਰਾਉਂਦੀ ਹੈ ਕਿ ਸ਼ਬਦ ਗੁਰੂ ਹੈ ਤਾਂ ਇਥੇ ਭਾਵ ਪਰਮੇਸਰ ਦਾ ਹੁਕਮ ਹੈ, ਰੱਬੀ ਸੰਦੇਸ਼ਾ ਹੈ, ਕਿਸੇ ਇਕ ਵਿਅਕਤੀ ਦਾ ਕਥਨ ਮਾਤਰ ਨਹੀਂ।

ਇਸੇ ਕਰਕੇ ਗੁਰੂ ਸਾਹਿਬਾਨ ਨੇ ਬਾਰ ਬਾਰ ਇਹ ਗੱਲ ਦੁਹਰਾਈ ਹੈ ਕਿ ਇਹ ਸੱਚ ਦਾ ਪੈਗ਼ਾਮ ਅਸੀਂ ਨਹੀਂ ਕਹਿ ਰਹੇ ਬਲਕਿ ਉਸੇ ਦੇ ਆਦੇਸ਼ ਦਾ ਨਤੀਜਾ ਹੈ :

'ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ।'

(ਤਿਲੰਗ ੧)

'ਤਾਂ ਮੈਂ ਕਹਿਆ ਕਹਣੁ, ਜਾ ਤੁਝੈ ਕਹਾਇਆ ॥' *(ਵਡਹੰਸ ੧)*

'ਜਿਉ ਬੋਲਾਏ ਤਿਉ ਬੋਲੀਐ, ਜਾ ਆਪਿ ਬੁਲਾਏ ਸੋਇ ॥ *(ਸਿਰੀ ਰਾਗ ੩)*

'ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ

ਹਰਿ ਕਰਤਾ ਆਪਿ ਮੁਹਹੁ ਕਢਾਏ ॥ *(ਵਾਰ ਗਉੜੀ ੪)*

'ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥' *(ਗਉੜੀ ਸੁਖਮਨੀ ੫)*

'ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ ॥' *(ਸੂਹੀ ੫)*

ਇਹੋ ਗੱਲ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕਹੀ ਹੈ :

ਜੋ ਨਿਜ ਪ੍ਰਭੁ ਮੋ ਸੋ ਕਹਾ, ਸੋ ਕਹਿਹੌਂ ਜਗ ਮਾਹਿਂ ॥

ਜਾਂ

'ਕਹਿਓ ਪ੍ਰਭੂ ਸੋ ਭਾਖਿਹੌਂ। ਕਿਸੂ ਨ ਕਾਣ ਰਾਖਹੌਂ ॥' *(ਬਚਿਤ੍ਰ ਨਾਟਕ)*

ਇਹੋ ਕਾਰਣ ਹੈ ਇਸ ਰਚਨਾ ਨੂੰ 'ਧੁਰ ਕੀ ਬਾਣੀ' ਕਿਹਾ ਗਿਆ ਹੈ ਕਿਉਂਕਿ ਇਹ ਸੱਚ ਦਾ ਉਪਦੇਸ ਉਸ ਉੱਚੀ ਰੂਹਾਨੀ ਅਵਸਥਾ ਵਿਚੋਂ ਪ੍ਰਗਟ ਹੁੰਦਾ ਹੈ ਜਿਥੇ ਕਿ ਹਉਮੈ ਅਹੰਕਾਰ ਦੀ ਥਾਂ ਨਹੀਂ, ਕੇਵਲ ਪਰਮ ਸੱਚ ਦੀ ਧੁਨਿਕਾਰ ਹੈ।

ਗੁਣ ਗੋਵਿੰਦ ਨਾਮ ਧੁਨਿ ਬਾਣੀ ॥ *(ਗਉੜੀ ਸੁਖਮਨੀ ੫)*

ਜੇਤਾ ਸਬਦ ਸੁਰਤਿ ਧੁਨਿ ਤੇਤੀ, ਜੇਤਾ ਰੂਪ ਕਾਇਆ ਤੇਰੀ ॥ *(ਆਸਾ ੧)*

ਜੇ ਬਾਰੀਕੀ ਨਾਲ ਦੇਖਿਆ ਜਾਵੇ ਤਾਂ 'ਸ਼ਬਦ ਗੁਰੂ' ਦਾ ਸਿਧਾਂਤ ਹਰ ਮਤ ਨੇ ਪਰਵਾਣ ਕੀਤਾ ਹੈ। ਭਾਰਤੀ ਰਿਸ਼ੀਆਂ ਮੁਨੀਆਂ ਦੇ ਵਾਕ, ਵੇਦ ਰੂਪ ਵਿਚ ਸਰਬੋਚ ਮੰਨੇ ਜਾਂਦੇ ਹਨ, ਇਸੇ ਤਰ੍ਹਾਂ ਈਸਾਈ ਤੇ ਇਸਲਾਮ ਆਦਿ ਮਤਾਂ ਨੂੰ 'ਅਹਲਿ ਕਿਤਾਬ' ਕਿਹਾ ਜਾਂਦਾ ਹੈ ਤੇ ਉਹ ਬਾਇਬਲ ਅਤੇ ਕੁਰਾਨ ਸ਼ਰੀਫ ਵਗ਼ੈਰਾ ਨੂੰ ਹੀ ਅਪਣਾ ਰਹਿਨੁਮਾ ਮੰਨ ਕੇ ਚਲਦੇ ਹਨ। ਗੁਰਮਤਿ ਦੀ ਵਿਸ਼ੇਸ਼ਤਾ ਇਹ ਹੈ ਇਸ ਨੇ ਸ਼ਬਦ ਨੂੰ ਬਾਕਾਇਦਾ 'ਗੁਰੂ' ਸਥਾਪਨ ਕਰ ਕੇ ਇਕ ਬਿਲਕੁਲ ਨਿਵੇਕਲੀ ਤੇ ਵਿਲੱਖਣ ਗੱਲ ਕੀਤੀ ਤਾਂ ਕਿ ਸ਼ਖਸੀ ਗੁਰੂ ਬਣਨ ਤੋਂ ਪੈਦਾ ਹੋਣ ਵਾਲੀਆਂ ਤਮਾਮ ਔਕੜਾਂ ਤੋਂ ਸਦਾ ਲਈ ਛੁਟਕਾਰਾ ਪਾਇਆ ਜਾ ਸਕੇ।

ਸੋ ਉਪਰੋਕਤ ਸਵਿਸਤਾਰ ਵਿਚਾਰ ਇਹ ਸਿੱਧ ਕਰਦੀ ਹੈ ਕਿ ਸ਼ਬਦ ਕੋਈ ਇਕ ਧੁਨਿ ਜਾਂ ਆਵਾਜ਼ ਮਾਤਰ ਨਹੀਂ ਸਗੋਂ ਪਰਮੇਸ਼ਰ ਦੀ ਪ੍ਰਕਾਸ਼ਕ ਸੱਤਾ ਹੈ। ਉਹ ਸਰਬਸ਼ਕਤੀਮਾਨ ਸੱਤਾ ਕੀ ਹੈ, ਇਸਦੀ ਵਿਆਖਿਆ ਅੱਜ ਦੇ ਨਾਸਤਿਕ ਯੁਗ ਵਿਚ ਜਪੁ ਦੇ ਮੂਲ ਮੰਤਰ ਦੇ ਅਧਾਰ ਤੇ ਕਰਨਾ ਯੋਗ ਹੋਵੇਗਾ।

(੪) ਸ਼ਬਦ ਤੇ ਪਰਮ ਸਤਿ

'*ਜਪੁ*' ਦੇ ਪ੍ਰਾਰੰਭ ਵਿਚ ਗੁਰੂ ਨਾਨਕ ਸਾਹਿਬ ਨੇ ਇਸ ਨਿਤ ਬਦਲਦੇ ਦ੍ਰਿਸ਼ਟਮਾਨ ਸੰਸਾਰ ਦੀ ਸਿਰਜਨਹਾਰ, ਅਪਰਿਵਰਤਨਸ਼ੀਲ, ਅਦ੍ਰਿਸ਼ਟ ਪਰਮਸੱਤਾ ਦਾ ਸਰਬੰਗੀ ਚਿਤ੍ਰ ਇਸ ਲਈ ਪ੍ਰਸਤੁਤ ਕੀਤਾ ਹੈ ਕਿ ਇਸਤੇ ਵਿਸ਼ਵਾਸ ਕਰਨਾ ਆਸਤਿਕ ਲਈ ਪਹਿਲੀ ਸ਼ਰਤ ਹੈ। ਇਹ ਧਰਮ ਦਾ ਬੀਜ ਮੰਤਰ ਹੈ, ਸਿੱਖੀ ਦੀ ਸਾਰੀ ਇਮਾਰਤ ਇਸੇ ਨਕਸ਼ੇ ਤੇ ਉਸਾਰੀ ਗਈ ਹੈ। ਪਦਾਰਥਵਾਦ ਮਾਦੇ (matter) ਨੂੰ ਮੂਲ ਤੱਤ, ਆਦਰਸ਼ਵਾਦ ਮਨ (mind) ਨੂੰ ਅਤੇ ਅਧਿਆਤਮਵਾਦ ਆਤਮਾ (Spirit) ਨੂੰ ਮੂਲ ਮੰਨਦਾ ਹੈ, ਵੈਦਿਕ ਬਹੁਦੇਵਵਾਦ ਅਨੇਕ ਸ਼ਕਤੀਆਂ ਦਾ ਪੁਜਾਰੀ ਹੈ ਜੋ ਪੁਰਾਣਕ ਪ੍ਰਚਾਰ ਸਦਕਾ ਗੁਰੂ ਨਾਨਕ ਕਾਲ ਤੋਂ ਪਹਿਲਾਂ ਮੁੜ

ਭਾਰਤੀ ਮਨਾਂ ਤੇ ਛਾਇਆ ਹੋਇਆ ਸੀ। ਇਸ ਕਰਕੇ ਏਕੀਸ੍ਵਰਵਾਦ ਦਾ ਸਹੀ ਸਰੂਪ ਸਪਸ਼ਟ ਕਰਨਾ, ਸਮੇਂ ਦੀ ਮੰਗ ਸੀ। ਜੇ ਇਹ ਜਗਤ, ਉਹ ਪਰਮ ਸੱਤਾ ਦਾ ਹੀ ਵਿਸਤਾਰ ਹੈ ਤੇ ਇਸ ਜਲਤਰੰਗ ਨੇ ਮੁੜ ਸਾਗਰ ਵਿਚ ਲੀਨ ਹੋਣਾ ਹੈ ਤਾਂ ਧਿਆਨ ਧਰਨ ਲਈ ਉਸਦੇ ਸਹੀ ਸਤਿ ਸਰੂਪ ਦੀ ਜਾਣ-ਪਛਾਣ ਆਵੱਸ਼ਕ ਹੈ। ਇਹ ਜਾਣ-ਪਛਾਣ ਇਸ ਮੂਲ ਮੰਤ੍ਰ ਦੇ ੧੨ ਸੂਤ੍ਰੀ ਨਿਬੰਧ ਵਿਚ ਅੰਕਿਤ ਹੈ। ਭਾਵੇਂ ਕਈ ਸ਼ਬਦ ਜਾਂ ਸੰਕੇਤ ਭਾਰਤੀ ਦਰਸ਼ਨ ਵਿਚ ਪਹਿਲਾਂ ਹੀ ਮੌਜੂਦ ਸਨ, ਮਸਲਾ ਕੇਵਲ ਸ਼ਬਦਾਵਲੀ ਦਾ ਨਹੀਂ ਸਗੋਂ ਚੋਣ ਤੇ ਤਰਤੀਬ ਦਾ ਸੀ। ਪੰਸਾਰੀ ਪਾਸ ਅਨੇਕਾਂ ਜੜੀਆਂ ਬੂਟੀਆਂ ਹੁੰਦੀਆਂ ਹਨ ਪਰ ਰਸਾਇਣ ਬਣਾਉਣਾ ਨਿਪੁਣ ਵੈਦਰਾਜ ਦਾ ਕੰਮ ਹੈ। ਜਿਸ ਤਰਤੀਬ ਤੇ ਚੋਣ ਨਾਲ ਪਰਮ ਪ੍ਰਤਿਭਾਵਾਨ ਸਤਿਗੁਰੂ ਨੇ ਇਹ ਮੂਲ ਮੰਤ੍ਰ ਵਿਉਂਤਿਆ ਹੈ, ਉਹ ਉਨ੍ਹਾਂ ਦੇ ਮਹਾਨ ਅਨੁਭਵ ਤੇ ਬਿਬੇਕ ਦਾ ਇਕ ਸੁੰਦ੍ਰ ਪ੍ਰਮਾਣ ਹੈ।

'ੴ' ਇਸਦਾ ਸਿਰਲੇਖ ਹੈ ਤੇ ਅੰਤਲਾ ਪਦ 'ਗੁਰਪ੍ਰਸਾਦਿ' ਇਸਦੀ ਪ੍ਰਾਪਤੀ ਦਾ ਮਾਰਗ ਸੰਕੇਤ ਕਰਦਾ ਅਤੇ ਬਾਕੀ 10 ਵਿਸ਼ੇਸ਼ਣ ਉਸ ਹਸਤੀ ਦਾ ਪਰਿਚਯ ਕਰਾਉਂਦੇ ਹਨ। ਇਨ੍ਹਾਂ ਵਿਚ ਪੰਜ ਪਹਿਲੇ ਸਕਾਰਾਤਮਕ ਹਨ ਤੇ ਪੰਜ ਨਕਾਰਾਤਮਕ ਪਰ ਇਹ ਸਾਰੇ ਲਗਭਗ ਭਾਰਤੀ ਸੋਮੇ ਨਾਲ ਸਬੰਧਤ ਹਨ ਤੇ ਸਮੂਹ ਰਹੱਸਵਾਦੀ ਇਸ ਨਾਲ ਸਹਿਮਤ ਹਨ।

ਇਕ 'ਓਅੰਕਾਰ' ਦਾ ਅਰਥ ਹੈ—ਇਕੋ ਇਕ ਪਰਮਾਤਮਾ। ਭਾਰਤੀ ਸਾਹਿਤ ਵਿਚ 'ਓਅੰਕਾਰ' ਇਕ ਪੁਰਾਤਨ ਸੰਕੇਤ ਹੈ ਜੋ ਪਰ ਤੇ ਅਪਰ ਬ੍ਰਹਮ—ਅਰਥਾਤ ਨਿਰਗੁਣ ਤੇ ਸਰਗੁਣ ਦੋਹਾਂ ਲਈ ਵਰਤਿਆ ਜਾਂਦਾ ਹੈ। ਮਾਂਡੂਕ ਉਪਨਿਸ਼ਧ ਦਾ ਕਥਨ ਹੈ ਕਿ ਇਹ 'ਓਅੰਕਾਰ' ਅੱਖਰ ਸਭੋ ਕੁਝ ਹੈ, ਜੋ ਸੀ, ਜੋ ਹੈ, ਜੋ ਹੋਵੇਗਾ, ਇਹ ਸਰਬਵਿਆਪਕ (immanent) ਓਅੰਕਾਰ ਹੀ ਹੈ। ਤ੍ਰਿਗੁਣਾਤੀਤ (transcendental) ਵੀ ਉਹੋ ਹੀ ਹੈ। 'ਪ੍ਰਸ਼ਨ ਉਪਨਿਸ਼ਧ' ਵਿਚ ਸਤਯਕਾਮ ਨੂੰ ਸਮਝਾਉਂਦਿਆਂ ਰਿਸ਼ੀ ਕਹਿੰਦਾ ਹੈ ਕਿ ਪਾਰਮਬ੍ਰਹਮ ਤੇ ਪੂਰਨ ਬ੍ਰਹਮ ਓਅੰਕਾਰ ਹੀ ਹੈ।'

'ਬ੍ਰਹਿਮ' ਪਦ ਦਾਰਸ਼ਨਿਕ ਸੰਕੇਤ ਹੈ। ਭਾਰਤੀ ਚਿੰਤਕਾਂ ਇਸਨੂੰ ਇਉਂ ਵਰਤਿਆ ਜਿਵੇਂ ਇਹ ਕੋਈ ਓਪਰੀ ਸ਼ੈ ਹੋਵੇ—ਤ੍ਰਿਗੁਣਾਤੀਤ। ਗੁਰੂ ਸਾਹਿਬ ਨੇ ਕੁਦਰਤ ਵਿਚ ਰਮਿਆ ਤੱਕ ਕੇ ਉਸਨੂੰ 'ਬ੍ਰਹਿਮ' ਦੀ ਥਾਂ 'ਓਅੰਕਾਰ' ਹੀ ਕਿਹਾ। ਕਈਆਂ ਦਾ ਖਿਆਲ ਹੈ ਕਿ ਬ੍ਰਹਮ ਨੇ ਜੋ ਆਦਿ ਧੁਨ ਕੀਤੀ, ਉਹ ਓਅੰਕਾਰ ਸੀ, ਇਸੇ 'ਕਵਾਉ' ਤੋਂ ਸਾਰੀ ਸ੍ਰਿਸ਼ਟੀ ਬਣੀ। ਇਸ ਕਰਕੇ ਓ੩ਮ੍ ਨੂੰ ਏਕਾਛਰ ਵੀ ਕਿਹਾ ਗਿਆ ਹੈ।

ਸੋ ਓਅੰਕਾਰ ਇਕ ਪ੍ਰਮਾਣੀਕ ਸੰਕੇਤ ਹੈ ਜਿਸਨੂੰ ਭਾਰਤੀ ਚਿੰਤਕਾਂ ਆਮ ਵਰਤਿਆ ਹੈ। ਇਹ ਠੀਕ ਹੈ, ਇਸ ਨਾਲ 'ਇਕ' ਪਦ ਗੁਰੂ ਸਾਹਿਬ ਨੇ ਲਾਇਆ ਜੋ ਕਿ ਏਕਤਾ ਦਾ ਸੂਚਕ ਹੈ। ਹਿੰਦੂ ਮਤ ਦੇ ਪੁਰਾਣਕ ਵਿਆਖਿਆਕਾਰ ਉਸਨੂੰ—ਬ੍ਰਹਮਾ, ਵਿਸ਼ਨੂੰ, ਮਹੇਸ਼—ਤ੍ਰਿਮੂਰਤੀ ਦੱਸਣ ਲਗ ਪਏ। ਸਤਿਗੁਰਾਂ ਇਸ ਨਾਲ ਏਕਾ ਲਾ ਕੇ ਤੌਹੀਦ ਯਾ ਅਦ੍ਵੈਤ ਦੀ ਬੁਨਿਆਦ ਪੱਕੀ ਕੀਤੀ। ਉਸ ਪਰਸਤਿ ਲਈ 'ਏਕ' ਪਦ ਵੈਦਿਕ ਸਾਹਿਤ ਵਿਚ ਵੀ ਵਰਤਿਆ ਗਿਆ ਹੈ। ਜਿਵੇਂ ਰਿਗ ਵੇਦ ਦਾ ਕਥਨ ਹੈ ਕਿ ਵਿਦਵਾਨ ਭਾਵੇਂ ਉਸਨੂੰ ਅਨੇਕ ਬਿਆਨ ਕਰਦੇ ਹਨ ਪਰ ਉਹ 'ਸਤਿ' ਇਕ ਹੀ ਹੈ।

"एको सद् विप्रा बहुधा वदंति"

ਬਾਵਜੂਦ ਅਜੇਹੇ ਏਕੇਵਾਦੀ ਵਿਚਾਰਾਂ ਦੇ ਬਹੁਦੇਵਵਾਦ, ਮੂਰਤੀ ਪੂਜਾ ਤੇ ਅਵਤਾਰ ਪੂਜਾ

ਦੁਆਰਾ ਲੋਕਾਂ ਅੰਦਰ ਘਰ ਕਰ ਗਿਆ ਸੀ, ਇਸ ਕਰਕੇ ਸੰਤਾਂ ਭਗਤਾਂ ਤੇ ਗੁਰੂਆਂ ਨੂੰ ਇਕ ਈਸ਼੍ਵਰਵਾਦ (monotheism) ਉੱਤੇ ਵਧੇਰੇ ਜ਼ੋਰ ਦੇਣਾ ਪਿਆ।

ਏਕੰਕਾਰੁ ਅਵਰਿ ਨਹੀਂ ਦੂਜਾ, ਨਾਨਕ ਏਕੁ ਸਮਾਈ ॥ (ਰਾਮਕਲੀ ੧)
ੴ ਅੰਕਾਰ ਏਕੋ ਰਵਿ ਰਹਿਆ, ਸਭ ਏਕਸ ਮਾਹਿ ਸਮਾਵੈਗੋ ॥ (ਕਾਨੜਾ ੪)

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ੴ ਅੰਕਾਰ ਕੀ ਚੀਜ਼ ਹੈ, ਇਸਦਾ ਸਰੂਪ ਕੀ ਹੈ, ਇਹ ਕਿਹੋ ਜਿਹਾ ਹੈ, ਇਸ ਨੂੰ ਕੀ ਸਮਝਿਆ ਜਾਵੇ। ਇਸ ਨਿਰਗੁਣ, ਨਿਰਾਕਾਰ ਹਸਤੀ ਦੀ ਰੂਪ ਰੇਖਾ ਕੀ ਹੈ, ਕੀ ਇਹ ਕੋਰੀ ਕਲਪਨਾ ਹੈ, ਨਿਰਾ ਸੂੰਨ ਹੈ? ਯਾ ਕੋਈ ਜੀਉਂਦੀ-ਜਾਗਦੀ ਹਸਤੀ ਹੈ?

ਇਸਦੇ ਜਵਾਬ ਵਿਚ ਗੁਰੂ ਸਾਹਿਬ ਇਹ ਵਿਸ਼ੇਸ਼ਣਮਾਲਾ ਇਕ ਵਿਸ਼ੇਸ਼ ਤਰਤੀਬ ਵਿਚ ਪੇਸ਼ ਕਰਦੇ ਹਨ :

(1) ੧—ਉਹ ਕੇਵਲ ਇਕੋ ਇਕ ਹੈ।[1]
(2) ਸਤਿ-ਸਦਾ ਰਹਿਣ ਵਾਲੀ ਹਸਤੀ, ਕਲਪਨਾ ਨਹੀਂ ਸਗੋਂ ਸੱਚ ਹੈ, ਹਕੀਕਤ ਹੈ।[2]
(3) ਨਾਮ—ਚੇਤਨਾ, ਆਦਿ ਫੁਰਨਾ ਰੱਬੀ ਇਛਾ (divine will) ਕਵਾਉ, ਕਲਾਮ, ਸ਼ਬਦ (Logos) ਜੋ ਰਚਨਾ ਦਾ ਮੂਲ ਕਾਰਣ ਹੈ।[3]
(4) ਕਰਤਾ—ਸ੍ਰਿਸ਼ਟੀ ਦਾ ਸਾਜਣਹਾਰ ਕਿਸੇ ਕਾਰੀਗਰ ਯਾ ਘੁਮਿਆਰ ਵਾਂਡ ਸਮੱਗਰੀ ਲੈਕੇ ਵਸਤੂ ਸਾਜਣ ਵਾਲਾ ਨਹੀਂ ਸਗੋਂ ਉਹ ਸਮੱਗਰੀ ਦਾ ਵੀ ਸਾਜਣ ਵਾਲਾ—ਕਰਣ ਕਾਰਣ ਹੈ।
(5) ਪੁਰਖੁ—ਏਕਦੇਸੀ, ਇਕ ਵਿਅਕਤੀ ਨਹੀਂ, ਸਗੋਂ ਉਹ ਸਰਬ ਵਿਆਪਕ ਹੈ।
(6) ਨਿਰਭਉ—ਸਾਰੀ ਰਚਨਾ ਕਿਸੇ ਨਾ ਕਿਸੇ ਭੈ-ਅਧੀਨ ਹੈ, ਉਹ ਸਰਬ-ਸ਼ਕ੍ਤੀਮਾਨ ਹੋਣ ਕਰਕੇ ਡਰ ਰਹਿਤ ਹੈ।
(7) ਨਿਰਵੈਰ—ਦ੍ਵੈਤ ਕਾਰਣ ਸਾਰੀ ਰਚਨਾ ਦ੍ਵੈਸ਼ ਦਾ ਸ਼ਿਕਾਰ ਹੈ। ਕਿਉਂਕਿ ਸ੍ਰਿਸ਼ਟੀ ਉਸ ਦੇ ਆਪੇ ਦਾ ਵਿਸਤਾਰ ਹੈ, ਇਸ ਲਈ ਉਹ ਵੈਰ ਰਹਿਤ ਹੈ।
(8) ਅਕਾਲ ਮੂਰਤਿ—ਸਾਰੀ ਰਚਨਾ, ਕਾਲ ਦਾ ਸ਼ਿਕਾਰ ਹੈ, ਉਸਦੀ ਹਸਤੀ ਕਾਲ ਦੀ ਮਾਰ ਤੋਂ ਦੂਰ ਹੈ।
(9) ਅਜੂਨੀ—ਸਾਰੀ ਰਚਨਾ ਜੋਨਿ-ਚੱਕ੍ਰ ਵਿਚ ਹੈ, ਉਹ ਅਨਾਦਿ ਅਨੰਤ ਹੋਣ ਕਰਕੇ ਅਜਨਮਾ ਹੈ।
(10) ਸੈਭੰ—ਫਿਰ ਉਹ ਕਿਥੋਂ ਪਰਗਟਿਆ ਹੈ? ਉਹ ਆਪਣੇ ਆਪ ਪ੍ਰਕਾਸ਼ਤ ਸੱਤਾ ਹੈ, ਕਿਸੇ ਤੇ ਆਧਾਰਿਤ ਨਹੀਂ।

ਗੁਰਪ੍ਰਸਾਦਿ ਅਜੇਹੀ ਅਦਭੁਤ ਅਨੰਤ ਪਰਮਸੱਤਾ ਦੀ ਸੋਝੀ ਗੁਰੂ ਦੀ ਕ੍ਰਿਪਾ ਦੁਆਰਾ ਹੀ

---

(1) *ਏਕਮ ਏਕੰਕਾਰ ਨਿਰਾਲਾ। ਅਮਰ ਅਜੋਨੀ ਜਾਤਿ ਨ ਜਾਲਾ ॥* (ਬਿਲਾਵਲ ੧, ਥਿਤੀ)
(2) *ੴ ਅੰਕਾਰਿ ਸਭ ਸ੍ਰਿਸਟਿ ਉਪਾਈ। ਸਭੁ ਖੇਲ ਤਮਾਸਾ ਤੇਰੀ ਵਡਿਆਈ ॥* (ਮਾਰੂ ੩)
(3) *ਪ੍ਰਿਥਮ ਕਾਲ ਜਬ ਕਰਾ ਪਸਾਰਾ। ੴ ਅੰਕਾਰ ਤੇ ਸ੍ਰਿਸ਼ਟੀ ਉਪਾਰਾ ॥* (ਬਚਿਤ੍ਰ ਨਾਟਕ, ੫, ੧੦)
ਵੇਦ ਪੁਰਾਨ ਸਿਮ੍ਰਿਤਿ ਸੁਧਾਖਰ। ਕੀਨੇ ਰਾਮ ਨਾਮ ਏਕਾਖਰ ॥ (ਗਉੜੀ ਸੁਖਮਨੀ ੫)

ਹੁੰਦੀ ਹੈ। ਆਪਣੇ ਆਪ ਇਸਦਾ ਅਨੁਭਵ ਸੰਭਵ ਨਹੀਂ। ਕਾਰਣ ਇਹ ਕਿ ਸਾਡੇ ਇੰਦ੍ਰਿਆਂ ਤੇ ਮਨ ਦੀ ਸੀਮਾ ਹੈ, ਉਹ ਅਸੀਮ ਨੂੰ ਕਿਵੇਂ ਵਿਚਾਰ-ਗੋਚਰਾ ਕਰ ਸਕਦੇ ਹਨ।

ਇਸੇ ਕਰਕੇ ਨਾਸਤਿਕ ਕਹਿੰਦੇ ਹਨ, 'ਉਹ ਹੈ ਹੀ ਨਹੀਂ' ਵੈਦਿਕ ਆਸਤਕ ਇਹ ਆਖਦੇ ਹਨ, 'ਉਹ ਇਹ ਨਹੀਂ।' 'ਉਹ ਇਹ ਨਹੀਂ' ਅਰਥਾਤ 'ਨੇਤਿ ਨੇਤਿ' ਕਹਿਣਾ ਉਨ੍ਹਾਂ ਦੀ ਰੀਤਿ ਜਿਹੀ ਬਣ ਗਈ ਸੀ, ਜਿਸ ਨਾਲ ਹਰ ਇਕ ਦੀ ਤਸੱਲੀ ਨਹੀਂ ਸੀ ਬੱਝਦੀ। ਭਾਰਤੀ ਦਰਸ਼ਨ ਉਸਨੂੰ 'ਸੱਚਿਦਾਨੰਦ' ਕਹਿੰਦਾ ਹੈ, ਸੋ 'ਸਤਿ' ਉਸਦਾ ਮੂਲ ਗੁਣ ਹੈ।

ਤੈਤਰੀਯ ਉਪਨਿਸ਼ਧ ਦਾ ਕਥਨ ਹੈ ਕਿ ਉਹ ਸਤਿ ਤੇ ਅਨੰਤ ਗਿਆਨ ਸਰੂਪ ਹੈ, 'ਛਾਂਦੋਗ' ਵਿਚ ਉਸਦਾ ਨਾਮ 'ਸਤਿ' ਕਿਹਾ ਗਿਆ ਹੈ।

ਵੇਦਾਂਤ ਵਾਕ 'ਬ੍ਰਹਮ ਸਤਯੰ ਜਗਤ ਮਿਥਯਾ' ਨੇ ਇਸੇ ਹਕੀਕਤ ਦੀ ਪੁਸ਼ਟੀ ਕੀਤੀ ਹੈ। ਗੁਰੂ ਨਾਨਕ ਸਾਹਿਬ ਨੇ 'ਆਦਿ ਸਚੁ ਜੁਗਾਦਿ ਸਚੁ, ਹੈਭੀ ਸਚੁ ਨਾਨਕ ਹੋਸੀ ਭੀ ਸਚੁ।' ਕਹਿ ਕੇ ਉਸ ਦੇ ਤਿੰਨਾਂ ਕਾਲਾਂ ਵਿਚ ਸਦਾ ਕਹਿਣ ਵਾਲੀ ਹੋਂਦ ਦੀ ਸਾਖੀ ਭਰੀ ਹੈ।

'ਸਤਿ ਸੁਹਾਣੁ ਸਦਾ ਮਨਿ ਚਾਉ ॥' *(ਜਪੁ)*

ਇਸੇ ਸਤਿ ਦਾ ਸਰਗੁਣ ਸਰੂਪ 'ਨਾਮ' ਹੈ, ਇਸੇ ਨੂੰ ਰੱਬੀ ਜਲਵਾ ਵੀ ਕਹਿ ਸਕਦੇ ਹਾਂ ਕਿਉਂਕਿ ਨਿਰਕਾਰ ਪਰਮ ਸਤਿ ਤੇ ਸਾਕਾਰ ਸ੍ਰਿਸ਼ਟੀ ਰਚਨਾ ਦੇ ਦਰਮਿਆਨ ਦੀ ਇਹ ਗਤਿਸ਼ੀਲ ਚੇਤਨ ਅਵਸਥਾ ਅਦਭੁਤ ਹੈ। ਇਸੇ ਨੂੰ 'ਜੇਤਾ ਕੀਤਾ ਤੇਤਾ ਨਾਉ' ਕਿਹਾ ਹੈ। ਸਤਿ ਤੇ ਨਾਮ ਦੋ ਵੱਖ ਵੱਖ ਸੰਕੇਤ ਹਨ, ਇਸ ਕਰਕੇ ਸਤਿਨਾਮੁ ਦਾ ਸੱਚਾ ਨਾਮ ਅਰਥ ਕਰਨਾ ਭੁਲ ਹੈ। ਜੇ ਇਹ ਇਕੋ ਪਦ ਹੁੰਦਾ ਤਾਂ ਮੂਲ ਮੰਤ੍ਰ ਦਾ ਸੰਖਿਪਤ ਕਰਨ ਲਗਿਆਂ '੧ਓ ਸਤਿ-ਗੁਰਪ੍ਰਸਾਦਿ' ਨਾ ਲਿਖਿਆ ਜਾਂਦਾ। ਸੋ 'ਨਾਮ' ਪਰਮਾਤਮਾ ਦਾ ਉਹ ਸਰੂਪ ਹੈ ਜਦੋਂ ਉਹ ਸ੍ਰਿਸ਼ਟੀ ਰਚਨਾ ਦਾ ਫੁਰਨਾ ਕਰਦਾ ਹੈ, ਇਕ ਤੋਂ ਬਹੁਤੇ ਹੋਣ ਦਾ ਸੰਕਲਪ ਧਾਰਦਾ ਹੈ। ਇਸ ਮੂਲ ਫੁਰਨੇ (Divine will) ਨੂੰ ਕਈਆਂ 'ਨਾਦ' ਕਿਹਾ ਹੈ, ਸੂਫੀ ਇਸਨੂੰ 'ਨੂਰ' ਆਖਦੇ ਹਨ। ਗੁਰੂ ਗੋਬਿੰਦ ਸਿੰਘ 'ਤੇਜ' ਕਹਿੰਦੇ ਹਨ। ਗੁਰੂ ਨਾਨਕ ਇਸਨੂੰ 'ਨਾਮ' ਦੱਸਦੇ ਹਨ।

ਆਪੀਨੈ ਆਪਿ ਸਾਜਿਓ,
ਆਪੀਨੈ ਰਚਿਓ ਨਾਉ ॥ *(ਵਾਰ ਆਸਾ ੧੦)*
ਅਵਲਿ ਅਲਹੁ ਨੂਰ ਉਪਾਇਆ,
ਕੁਦਰਤ ਕੇ ਸਭ ਬੰਦੇ ॥ *(ਪ੍ਰਭਾਤੀ)*

ਉਪਨਿਸ਼ਧ ਵਿਚ 'ਨਾਮ ਬ੍ਰਹਮ' ਦੀ ਉਪਾਸਨਾ ਦੀ ਤਾਕੀਦ ਹੈ—'ਨਾਮ ਬ੍ਰਹਮ ਉਪਾਸਤਿ' 'ਮੀਮਾਂਸਾ ਸਿਧਾਂਤ', ਵਿਚ ਨਾਮ ਨੂੰ 'ਤਤਸਤ ਵਸਤੂ' ਮੰਨਦਾ ਹੈ। ਗੁਰੂ ਜੀ ਇਸ ਨੂੰ ਤੱਤਸਾਰ ਕਹਿੰਦੇ ਹਨ :

ਨਾਮ ਤਤੁ ਸਭ ਹੀ ਸਿਰ ਜਾਪੈ ॥ *(ਸਿਰ ਗੋਸਟਿ ੧)*

ਸਾਮੀ ਮਜ਼੍ਹਬਾਂ ਵਿਚ ਕਲਾਮ ਯਾਂ ਸ਼ਬਦ (Logos) ਨੂੰ ਸ੍ਰਿਸ਼ਟੀ ਰਚਨਾਂ ਦਾ ਮੂਲ ਮੰਨਿਆ ਹੈ, ਇਹੋ 'ਨਾਮ' ਹੈ। ਕੁਰਾਨ ਦੀ ਆਇਤ ਹੈ, 'ਕੁਨ ਫਯੂ ਕੁਨ' ਹੋ ਜਾ, ਹੋ ਗਿਆ। ਇਹੋ ਨਾਦ, ਸ਼ਬਦ ਜਾਂ ਹੁਕਮ, ਨਾਮ ਹੈ। ਨਾਮ ਦਾ ਭਾਵਾਰਥ ਹੋਇਆ ਚੇਤਨਾ।

ਕੀਤਾ ਪਸਾਉ ਏਕੋ ਕਵਾਉ ॥ *(ਜਪੁ ੧)*

ਵਿਸਮਾਦੁ ਨਾਦੁ ਵਿਸਮਾਦ ਵੇਦੁ ॥ *(ਵਾਰਾ ਆਸਾ ੧)*

'ਉਤਪਤਿ ਪਰਲਓ ਸਬਦੇ ਹੋਵੈ।

ਸਬਦੇ ਹੀ ਫਿਰ ਓਪਤਿ ਹੋਵੇ ॥' *(ਮਾਝ ੩)*

ਦੂਜੇ ਸ਼ਬਦਾਂ ਵਿਚ 'ਨਾਮ' ਸਤਿ ਦਾ ਪ੍ਰਕਾਸ਼ ਹੈ ਭਾਵੇਂ ਉਹ ਉਸ ਤੋਂ ਵੱਖਰਾ ਵੀ ਨਹੀਂ ਜਿਵੇਂ ਸੂਰਜ ਧੁੱਪ ਬਣ ਕੇ ਪ੍ਰਕਾਸ਼ਦਾ ਤੇ ਚੰਦ੍ਰਮਾ ਚਾਨਣੀ ਹੋ ਕੇ ਆਪਣਾ ਜਮਾਲ ਦਿਖਾਉਂਦਾ ਹੈ, ਤਿਵੇਂ ਨਾਮ ਬਣ ਕੇ 'ਸਤਿ' ਇਕ ਤਰ੍ਹਾਂ ਪਰਗਟ ਹੁੰਦਾ ਹੈ। ਸਪਸ਼ਟ ਹੈ ਕਿ ਰਹੱਸਵਾਦੀ ਅਨੁਭਵੀ ਇਨ੍ਹਾਂ ਨੂੰ ਇਕੋ ਸਮਝਦੇ ਹਨ ਤੇ ਕੇਵਲ ਅਵਸਥਾ ਭੇਦ ਕਰਕੇ ਭਿੰਨ ਭਿੰਨ ਨਾਮ ਦਿੰਦੇ ਹਨ।

ਕਈ ਭਾਰਤੀ ਚਿੰਤਕ ਉਸਨੂੰ 'ਕਰਤਾ' ਨਹੀਂ ਮੰਨਦੇ ਕਿਉਂਕਿ ਉਨ੍ਹਾਂ ਦਾ ਖਿਆਲ ਹੈ ਕਿ ਜਿਸਨੂੰ ਕੋਈ ਘਾਟ ਮਹਿਸੂਸ ਹੋਵੇ ਜਾਂ ਲੋੜ ਵਾਪਰੇ ਤਾਂ ਕੋਈ ਕੁਝ ਕਰਦਾ ਹੈ। ਕਿਉਂਕਿ ਪਰਮੇਸਰ ਸੰਪੂਰਣ ਹੈ, ਉਸਨੂੰ ਕੋਈ ਇੱਛਾ ਨਹੀਂ, ਇਸ ਲਈ ਉਹ 'ਅਕ੍ਰਿਯ' ਹੈ। ਉਨ੍ਹਾਂ ਦੇ ਖਿਆਲ ਵਿਚ ਸ੍ਰਿਸ਼ਟੀ ਰਚਨਾ, ਮਾਇਆ ਦਾ ਕੰਮ ਹੈ। ਪਰੰਤੂ ਗੁਰੂ ਇਸ ਨਾਲ ਇਤਫਾਕ ਨਹੀਂ ਕਰਦੇ, ਉਹ ਉਸ ਪਰਮਸੱਤਾ ਨੂੰ ਕਰਤਾ ਯਾ ਸਾਜਣ ਵਾਲਾ ਮੰਨਦੇ ਹਨ। ਸ੍ਰਿਸ਼ਟੀ ਰਚਨਾ ਉਸਦੀ ਮੌਜ ਹੈ, ਉਹ ਆਪਣੇ ਰੰਗ ਵਿਚ ਸਭ ਕੁਝ ਕਰ ਰਿਹਾ ਹੈ :—

ਰੰਗੀ ਰੰਗੀ ਭਾਤੀ ਕਰ ਕਰ ਜਿਨਸੀ, ਮਾਇਆ ਜਿਨ ਉਪਾਈ ॥

ਕਰਿ ਕਰਿ ਵੇਖੈ ਕੀਤਾ ਆਪਣਾ, ਜਿਵ ਤਿਸਦੀ ਵਡਿਆਈ ॥ *(ਜਪੁ)*

ਇਹ ਸਾਜਨਹਾਰ ਸ਼ਕਤੀ ਇਕ ਥਾਂ ਸਥਿਤ ਨਹੀਂ ਹੈ ਸਗੋਂ ਪੁਰਖ ਹੈ—ਸਰਬ ਵਿਆਪਕ ਹੈ। ਬ੍ਰਹਿਮੰਡ ਦੀ ਆਤਮਾ (soul of universe) ਬਣ ਕੇ ਰਮੀ ਹੋਈ ਹੈ। ਨਿਰੁਕਤਕਾਰ ਯਾਸਕ ਕਹਿੰਦਾ ਹੈ, ਉਹ ਸਾਰੇ ਪੂਰ ਰਿਹਾ ਹੈ। ਇਸ ਲਈ ਪੁਰਖ ਹੈ, ਸ੍ਵੇਤਾਸ੍ਵਤਰ ਵਿਚ ਵੀ ਇਹੋ ਭਾਵ ਦੱਸਿਆ ਗਿਆ ਹੈ। ਰਿਗਦੇਵ ਦਾ ਸਪਸ਼ਟ ਕਥਨ ਹੈ ਕਿ ਉਹ ਪੁਰਖ ਹੀ ਸਾਰੇ ਹੈ, ਸਾਰੇ ਸੀ ਤੇ ਸਾਰੇ ਹੋਵੇਗਾ।

ओ म् पुरूष एवेदं सर्व

यद् भूतं यच्च भव्यम् (पुरूष सूक्त 10/90)

ਮੁੰਡਕ ਉਪਨਿਸ਼ਦ ਵਿਚ ਵੀ 'ਕਰਤਾਰ ਈਸ ਪੁਰਸ਼' (3.1.3) ਪੁਰਖ ਨੂੰ ਕਰਤਾ ਆਖਿਆ ਗਿਆ ਹੈ। ਸਾਂਖ ਦਾ ਪੁਰਸ਼ ਇਕ ਨਿਰਲੇਪ ਚੇਤਨ ਹਸਤੀ ਹੈ, ਪਰ ਉਹ ਕਰਤਾ ਨਹੀਂ, ਉਹ ਆਤਮਾ ਵਰਗਾ ਭੋਗਤਾ ਹੈ, ਪਰਮਾਤਮਾ ਨਹੀਂ। ਇਸ ਸੰਕੇਤ ਦਾ ਭਾਵ ਇਤਨਾ ਹੀ ਹੈ ਕਿ ਦਾਰਸ਼ਨਿਕ ਖੇਤਰ ਵਿਚ 'ਪੁਰਸ਼' ਇਕ ਵਿਸ਼ੇਸ਼ ਹਸਤੀ ਲਈ ਵਰਤਿਆ ਗਿਆ ਹੈ। ਵਰਤਮਾਨ ਸੰਸਕ੍ਰਿਤੀ ਅਨੁਸਾਰ 'ਪੁਰਖ' ਸੁਤੰਤਰ ਕਰਦਾ ਹੈ, ਇਸਤ੍ਰੀ ਪਰਤੰਤ੍ਰ। ਇਸ ਕਰਕੇ ਵੀ ਪਰਮ ਸੱਤਾ ਨੂੰ ਪੁਰਖ ਰੂਪ ਵਿਚ ਅੰਕਿਤ ਕੀਤਾ ਗਿਆ ਹੈ।

'ਇਸ ਜਗ ਮਹਿ ਪੁਰਖੁ ਏਕੁ ਹੈ, ਹੋਰ ਸਗਲੀ ਨਾਰਿ ਸਬਾਈ ॥

(ਵਾਰ ਵਡਹੰਸ ੩)

ਇਨ੍ਹਾਂ ਵਿਸ਼ੇਸ਼ਣਾਂ ਨੂੰ ਮਿਲਾ ਕੇ ਪੜ੍ਹਿਆਂ ਇਹੋ ਭਾਵ ਪਰਗਟ ਹੁੰਦਾ ਹੈ ਕਿ ਬ੍ਰਹਿਮੰਡ ਨੂੰ ਸਾਜਣ ਵਾਲੀ ਸਦੀਵੀ ਤੇ ਸਰਬ ਵਿਆਪਕ ਹਸਤੀ ਓਅੰਕਾਰ ਹੈ। ਮਾਇਆ ਜਾਂ ਪ੍ਰਕ੍ਰਿਤੀ ਨਹੀਂ, ਜਿਵੇਂ ਕਿ ਕੁਝ ਭਾਰਤੀ ਦਰਸ਼ਨ ਚਿਤਵਦੇ ਸਨ। ਕਿਉਂਕਿ ਉਹ ਸਾਜਣ ਵਾਲਾ ਹੈ,

ਉਸਦੀ ਸ਼ਕਤੀ ਸਭ ਤੋਂ ਵਧ ਹੈ, ਇਸ ਲਈ ਉਸਨੂੰ ਕਿਸੇ ਦਾਂ ਭੈ ਨਹੀਂ। ਭੈ ਆਪਣੇ ਤੋਂ ਵਧ ਸ਼ਕਤੀਵਾਨ ਤੋਂ ਹੀ ਲਗਦਾ ਹੈ। ਜਦ ਉਸ ਤੋਂ ਵਧੇਰੇ ਸ਼ਕਤੀ ਕੋਈ ਰਖਦਾ ਹੀ ਨਹੀਂ, ਫਿਰ ਉਸਨੂੰ ਭੈ ਭੀਤ ਕੌਣ ਕਰ ਸਕਦਾ ਹੈ, ਉਹ ਨਿਰਭਉ ਹੈ। ਵੈਰ ਬਰਾਬਰ ਦੇ ਨਾਲ ਹੁੰਦਾ ਹੈ ਜਾਂ ਓਪਰੇ ਨਾਲ ਕਿਉਂਕਿ ਉਸ ਦੇ ਤੁਲ ਕੋਈ ਨਹੀਂ ਤੇ ਨਾ ਹੀ ਉਸ ਲਈ ਕੋਈ ਓਪਰਾ ਹੈ, ਇਸ ਲਈ ਉਹ ਦ੍ਵੈਸ਼ ਰਹਿਤ ਹੈ। ਨਾਲੇ ਉਹ ਆਪਣੀ ਰਚਨਾ ਸੰਤਾਨ ਨਾਲ ਵੈਰ ਕਿਵੇਂ ਕਰ ਸਕਦਾ ਹੈ। ਸਾਰੀ ਕਿਰਤਮ ਰਚਨਾ ਕਿਸੇ ਨਾ ਕਿਸੇ ਦੇ ਭੈ-ਅਧੀਨ ਹੈ ਤੇ ਜੋ ਭੈ ਅਧੀਨ ਹੈ ਉਹ ਵੈਰ ਤੇ ਦ੍ਵੈਸ਼ ਦਾ ਵੀ ਸ਼ਿਕਾਰ ਹੈ। ਹੋਰ ਤਾ ਹੋਰ ਦੇਵਤੇ ਵੀ ਭੈ-ਗ੍ਰਸਤ ਹਨ, ਛੋਟੇ ਦੇਵਤੇ ਇੰਦ੍ਰ ਤੋਂ ਡਰਦੇ ਹਨ, ਇੰਦ੍ਰ ਬ੍ਰਹਮਾ ਤੋਂ, ਬ੍ਰਹਮਾ ਵਿਸ਼ਨੂੰ ਤੋਂ ਤੇ ਵਿਸ਼ਨੂੰ ਸ਼ਿਵਾਂ ਤੋਂ। ਦੁਨੀਆਂ ਆਪਣੇ ਤੋਂ ਵਧ ਸ਼ਕਤੀ ਵਾਲੇ ਕੋਲੋਂ ਭੈ ਖਾਂਦੀ ਹੈ ਤੇ ਘਟ ਵਾਲੇ ਨਾਲ ਵੈਰ ਕਮਾਉਂਦੀ ਹੈ। ਇਹ ਸਭ ਦ੍ਵੈਤ ਦਾ ਸਿਟਾ ਹੈ ਪਰ ਚੂੰਕਿ ਉਹ ਇਕੋ ਇਕ ਹੈ, ਇਸ ਲਈ ਉਸਦੀ ਨਜ਼ਰ ਵਿਚ ਦੂਜਾ ਕੋਈ ਨਹੀਂ ਤੇ ਨਾ ਹੀ ਉਹ ਕਿਸੇ ਦਾ ਭੈ ਮੰਨਦਾ ਤੇ ਨਾ ਭੈ ਮੰਨਾ ਕੇ ਵੈਰ ਕਮਾਉਂਦਾ ਹੈ। ਜਿਸਨੂੰ ਕਿਸੇ ਦਾ ਭਉ ਨਹੀਂ, ਉਸ ਨਾਲ ਵੈਰ ਕਿਸਦਾ ਹੋ ਸਕਦਾ ਹੈ। ਉਹ ਸਰਬ-ਪ੍ਰਿਯ ਹੈ :

ਸਗਲਿਆਂ ਭਉ ਲਿਖਿਆ ਸਿਰਿ ਲੇਖ,
ਨਾਨਕ ਨਿਰਭਉ ਨਿਰੰਕਾਰੁ ਸਚੁ ਏਕ ॥ *(ਵਾਰ ਆਸਾ ੧)*

ਇਸਲਾਮੀ ਸੰਕਲਪ ਦਾ ਰੱਬ 'ਜੱਬਾਰ ਕੱਹਾਰ' ਕਿਹਾ ਗਿਆ ਹੈ। ਇਸ ਦਾ ਸਿਟਾ ਇਹ ਸੀ ਕਿ ਲੋਕ ਉਸ ਤੋਂ ਭੈ ਖਾਂਦੇ ਸਨ ਪਰੰਤੂ ਗੁਰੂ ਸਾਹਿਬ ਨੇ ਉਸ ਨੂੰ ਨਿਰਭਉ ਤੇ ਨਿਰਵੈਰ ਦੱਸ ਕੇ ਮਨੁੱਖ ਨੂੰ ਡਰਾਵੇ ਵਾਲੇ 'ਹਊਏ' ਤੋਂ ਛੁਟਕਾਰਾ ਦਿਵਾਇਆ। ਉਸ ਸਮੇਂ ਹਿੰਦੂ ਨਿਰਭਉ ਨਹੀਂ ਸੀ ਮੁਸਲਮ ਨਿਰਵੈਰ ਨਹੀਂ ਸੀ, ਇਸ ਲਈ ਇਨ੍ਹਾਂ ਦੋਹਾਂ ਧਰਮਾਂ ਦੇ ਸਨਮੁਖ ਨਿਰਭਉ ਨਿਰਵੈਰ ਦਾ ਚਿਤ੍ਰ ਲਿਆਉਣਾ ਇਤਿਹਾਸਕ ਆਵੱਸ਼ਕਤਾ ਵੀ ਸੀ ਤਾਂ ਕਿ ਅੰਦਰਲੀ ਸਾਂਝ ਦੇ ਅਧਾਰ ਤੇ ਬਾਹਰਲੀ ਸਾਂਝ ਸਥਾਪਤ ਕੀਤੀ ਜਾ ਸਕੇ। ਸੋ ਇਹ ਦੋ ਵਿਸ਼ੇਸ਼ਣ ਇਸ ਤਵਾਰੀਖੀ ਘਾਟ ਨੂੰ ਪੂਰਿਆਂ ਕਰਨ ਲਈ ਬਹੁਤ ਜ਼ਰੂਰੀ ਸਨ।

ਦੂਸਰੇ, ਸੱਚੇ ਤੇ ਸੁਤੰਤਰ ਮਨੁੱਖ ਲਈ ਇਹ ਜ਼ਰੂਰੀ ਹੈ ਕਿ ਉਹ ਭੈ ਤੇ ਦ੍ਵੈਸ਼ ਤੋਂ ਰਹਿਤ ਹੋਵੇ। ਜੇ ਭੈ ਦਿੰਦਾ ਹੈ ਉਹ ਜ਼ਾਲਮ ਹੈ, ਜੋ ਭੈ ਖਾਂਦਾ ਹੈ ਉਹ ਮਜ਼ਲੂਮ ਹੈ, ਇਹ ਦੋਵੇਂ ਅਵਸਥਾਵਾਂ ਅਸੰਤੁਲਿਤ ਜੀਵਨ ਦਾ ਸਿੱਟਾ ਹਨ, ਗੁਰੂ ਸਾਹਿਬ ਨੇ ਇਹ ਦੋ ਵਿਸ਼ੇਸ਼ਣ ਸੰਜੁਗਤ ਰੱਖ ਕੇ ਸਿਖ ਆਚਾਰ-ਸ਼ਾਸਤ੍ਰ ਦੀ ਬੁਨਿਆਦ ਪੱਕੀ ਕੀਤੀ ਜਿਨ੍ਹਾਂ ਦੇ ਆਧਾਰ ਤੇ ਸਰਬਤ ਦੇ ਭਲੇ ਵਾਲਾ ਉੱਚਾ ਚਰਿਤ੍ਰ ਉਸਾਰਿਆ ਗਿਆ। ਇਹ ਵੀ ਪ੍ਰਮਾਣਿਤ ਸਿਧਾਂਤ ਹੈ ਜੋ ਲੋਕ ਭੈ ਤੇ ਦ੍ਵੈਸ਼ ਦਾ ਸ਼ਿਕਾਰ ਹਨ ਉਹੋ ਕਾਲ ਤੇ ਜੋਨੀਆ ਦੇ ਚੱਕ੍ਰਾਂ ਵਿਚ ਭਟਕਦੇ ਹਨ। ਇਸ ਕਰਕੇ 'ਨਿਰਭਉ ਨਿਰਵੈਰ' ਹੋਣਾ ਅਕਾਲ ਹੋਣਾ ਹੈ, ਮੌਤ ਤੇ ਜਿੱਤ ਪਾ ਲੈਣਾ ਹੈ, ਜੋ ਮੌਤ ਦੇ ਭੈ ਤੋਂ ਮੁਕਤ ਹੋ ਗਿਆ, ਉਹ ਫਿਰ ਜੂਨੀਆਂ ਵਿਚ ਨਹੀਂ ਪੈਂਦਾ।

ਨਿਰਭਉ ਜਪੈ ਸਗਲਿ ਭੈ ਮਿਟੈ,
ਪ੍ਰਭ ਕ੍ਰਿਪਾ ਤੇ ਪ੍ਰਾਣੀ ਛੁਟੈ ॥ *(ਗਉੜੀ ਸੁਖਮਨੀ ੫)*

ਹਿੰਦੂ ਮਤ ਵਿਚ ਪਰਮੇਸ਼ਰ ਨੂੰ ਅਵਤਾਰ ਧਾਰਦਾ, ਜਨਮ ਲੈਂਦਾ ਦੱਸਿਆ ਗਿਆ ਹੈ। ਪਰ ਗੁਰੂ ਸਾਹਿਬ ਨੇ ਇਹ ਭਰਮ ਵੀ ਨਵਿਰਤ ਕਰ ਦਿੱਤਾ ਕਿ ਉਹ ਕਾਲ ਤੇ ਜੋਨੀਆਂ ਦੇ ਚੱਕ੍ਰ ਤੋਂ ਉਪਰ ਹੈ।* ਜੇ ਉਸਨੂੰ ਜੰਮਦਾ ਮਰਦਾ ਮੰਨ ਲਈਏ ਤਾਂ ਫਿਰ ਉਹ 'ਸਤਿ' ਨਹੀਂ ਰਹੇਗਾ। ਸੋ

ਅਜੋਨੀ ਤੇ ਅਕਾਲ ਹੋਣਾ ਇਕ ਤਰ੍ਹਾਂ ਸਤਿ ਦੀ ਹੀ ਵਿਆਖਿਆ ਹੈ। ਜਿਸ ਨੇ ਉਸ ਪਰਮ ਜੋਤਿ ਦਾ ਰੂਪ ਹੋਣਾ ਹੈ, ਉਸ ਨੂੰ ਉਸ ਦੇ ਗੁਣ—ਸਰਬਸਾਂਝੀਵਾਲਤਾ, ਏਕਤਾ, ਸਚਾਈ, ਚੇਤਨਤਾ, ਸਿਰਜਨਾਤਮਕਤਾ, ਵਿਆਪਕਤਾ, ਨਿਰਭੈਤਾ, ਨਿਰਵੈਰਤਾ (ਪ੍ਰੇਮ ਅਨੰਦ), ਅਮਰਤਾ, ਆਤਮਨਿਰਭਰਤਾ ਤੇ ਸੁਤੰਤ੍ਰਤਾ ਦਾ ਧਾਰਨੀ ਹੋਣਾ ਜ਼ਰੂਰੀ ਹੈ ਪਰ ਅਜੇਹੇ ਗੁਣਾਂ ਦਾ ਸੰਗ੍ਰਹਿ ਕਰਨ ਦੇ ਬਾਵਜੂਦ ਇਹ ਦਾਅਵਾ ਨਹੀਂ ਕਰਨਾ ਚਾਹੀਦਾ ਕਿ ਆਪਦੀ ਘਾਲ ਸਦਕੇ ਹੀ ਪੂਰਨ ਪੁਰਖ (Perfect man) ਬਣ ਸਕਾਂਗਾ, ਸਗੋਂ ਇਸ ਪੂਰਨਤਾ ਲਈ ਉਸਦੀ, ਕ੍ਰਿਪਾ, ਮਿਹਰ ਯਾ ਪ੍ਰਸਾਦਿ (grace) ਦੀ ਜਾਚਨਾ ਕਰਨੀ ਅਤਿਅੰਤ ਜ਼ਰੂਰੀ ਹੈ। ਜੇਕਰ ਇਹ ਭਾਵਨਾ ਨਾ ਹੋਵੇ ਤਾਂ ਸਾਡੀ ਹਉਮੈ, ਦ੍ਵੈਤ ਚੱਕ੍ਰ ਵਿਚ ਪੈ ਕੇ ਫਿਰ ਪਰਮ ਜੋਤਿ ਦੇ ਗੁਣ ਗੁਆ ਬੈਠੇਗੀ ਤੇ ਅਭੇਦ ਹੋ ਕੇ ਸੰਪੂਰਨ ਨਹੀਂ ਹੋ ਸਕੇਗੀ। ਇਸ ਕਰਕੇ ਸਹੀ ਮਾਰਗ ਸ਼ਬਦ ਦੁਆਰਾ ਏਕੰਕਾਰ ਵਿਚ ਵਿਸ਼ਵਾਸ਼ ਰੱਖ ਕੇ ਉਸ ਦੀ ਹੁਕਮੀ ਕਾਰ ਨੂੰ ਸਮਝਕੇ 'ਨਦਰਿ ਕਰਮ' ਮੰਗਣਾ ਹੈ, ਇਹੋ ਗੁਰਮਤਿ ਦੇ ਮੂਲ ਮੰਤ੍ਰ ਦਾ ਸਾਰ ਹੈ।

ਬ੍ਰਹਮ ਇਕੋ ਇਕ ਦਾ ਮੰਤਰ ਰਟਣ ਵਾਲੇ ਹੋਰ ਵੀ ਅਨੇਕਾਂ ਦਰਸ਼ਨਾਚਾਰਯ ਸਨ। ਉਨ੍ਹਾਂ ਹਉਮੈ ਤਿਆਗੀ ਨਹੀਂ ਤੇ ਮਿਹਰ ਮੰਗੀ ਨਹੀਂ। ਦੁਨੀਆਂ ਜੋ ਉਸ ਨਿਰਗੁਣ ਬ੍ਰਹਮ ਦਾ ਸਾਖਯਾਤ ਸਰਗੁਣ ਸਰੂਪ ਹੈ, ਉਹ ਉਸ ਨਾਲ ਇਕਮਿਕ ਨਹੀਂ ਹੋ ਸਕੇ। ਉਨ੍ਹਾਂ ਨੂੰ ਅਦ੍ਵੈਤਵਾਦ ਯਾ ਇਕੀਸ਼੍ਵਰਵਾਦ ਦਾ ਕੋਈ ਲਾਭ ਨਾ ਹੋਇਆ। ਇਸ ਕਰਕੇ ਗੁਰੂ ਨਾਨਕ ਸਾਹਿਬ ਨੇ ਫੋਕੀ ਦਿਮਾਗੀ ਮਨੌਤ ਤੋਂ ਵੀ ਬਚਣ ਦੀ ਤਾਕੀਦ ਕਰਦਿਆਂ ਆਖਿਆ ਹੈ :

ਏਕੋ ਏਕ ਕਹੈ ਸਭ ਕੋਈ, ਹਉਮੈ ਗਰਬਿ ਵਿਆਪੈ ॥
ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ, ਸਿੰਞਾਪੈ ॥
ਪ੍ਰਭੁ ਨੇੜੈ ਹਰਿ ਦੂਰ ਨ ਜਾਣਹੁ, ਏਕੋ ਸ੍ਰਿਸਟਿ ਸਬਾਈ ॥
ਏਕੰਕਾਰ ਅਵਰੁ ਨਹੀਂ ਦੂਜਾ, ਨਾਨਕ ਏਕ ਸਮਾਈ ॥ (ਰਾਮਕਲੀ ਓਅੰਕਾਰ ੧)

ਸੋ ਮੂਲਮੰਤ੍ਰ ਅਨੁਸਾਰ 'ਪਰਮ ਸਤਿ' ਦਾ ਸਰੂਪ ਜਿਥੇ ਲਾਸਾਨੀ ਇਕੋ ਇਕ ਹੈ, ਉਥੇ ਸਦੀਵੀ ਚੇਤਨ ਤੇ ਆਨੰਦ ਸਰੂਪ ਵੀ ਹੈ ਤੇ ਨਾਲ ਹੀ ਉਹ ਹਸਤੀ ਅਲਗ-ਥਲਗ ਸੁੰਨ ਯਾਂ ਅਕਰਤ੍ਰੀ ਨਹੀਂ ਸਗੋਂ ਕਰਦਾ ਧਰਤਾ ਹੋ ਕੇ ਸਰਬ ਵਿਆਪਕ ਧੁਨਿ ਹੋ ਗੁੰਜਾਇਮਨ ਹੋ ਰਹੀ ਹੈ।

ਜੋ ਅੰਤਰਿ ਸੋ ਬਾਹਰਿ ਆਨੰਤੁ ॥
ਘਟਿ ਘਟਿ ਬਿਆਪਿ ਰਹਿਆ ਭਗਵੰਤੁ ॥
ਧਰਨਿ ਮਾਹਿ ਆਕਾਸ ਪਇਆਲ ॥
ਸਰਬ ਲੋਕ ਪੂਰਨ ਪ੍ਰਤਿਪਾਲ ॥
ਬਨਿ ਤ੍ਰਿਨਿ ਪਰਬਤ ਹੈ ਪਾਰਬ੍ਰਹਮੁ ॥
ਜੈਸੀ ਆਗਿਆ ਤੈਸਾ ਕਰਮ ॥
ਪਉਣ ਪਾਣੀ ਬੈਸੰਤਰ ਮਾਹਿ ॥
ਚਾਰਿ ਕੁੰਟ ਦਹਦਿਸੇ ਸਮਾਹਿ ॥

**ਨਾਨਕ ਨਿਰਭਉ ਨਿਰੰਕਾਰ, ਹੋਰ ਕੇਤੇ ਰਾਮ ਰਵਾਲ ॥ (ਵਾਰ ਆਸਾ ੧)*
ਤਿਸ ਕਾ ਸਰੀਕੁ ਕੋ ਨਹੀਂ, ਨ ਕੋ ਕੰਟਕ ਵੈਰਾਈ ॥ (ਵਾਰ ਵਡਹੰਸ ੩)
ਤੂ ਅਕਾਲ ਪੁਰਖ ਨਾਹੀ ਸਿਰਿ ਕਾਲਾ। ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥ (ਮਾਰੂ ਸੋਲਹੇ ੧)

ਤਿਸ ਤੇ ਭਿੰਨ ਨਹੀਂ ਕੋ ਠਾਉ ॥
ਗੁਰਪ੍ਰਸਾਦਿ ਨਾਨਕ ਗੁਣ ਗਾਉ ॥ *(ਗਉੜੀ ਸੁਖਮਨੀ ੫)*

ਇਸ ਦੀ ਪ੍ਰਾਪਤੀ ਦਾ ਮਾਰਗ 'ਗੁਰਪ੍ਰਸਾਦਿ' ਹੈ, ਗੁਰੂ ਦੀ ਮਿਹਰ ਹੈ, ਉਸ ਦੀ ਕ੍ਰਿਪਾ ਹੈ। ਇਸ ਕ੍ਰਿਪਾ ਦੁਆਰਾ ਕੀ ਜਾਣਨਾ ਯਾ ਕੀ ਕੁਝ ਕਰਨਾ ਹੈ, ਇਸ ਦਾ ਜਵਾਬ ਹੈ—ਆਪਣੀ ਹਉਮੈ ਛੱਡ ਕੇ ਹੁਕਮ ਅਨੁਸਾਰ ਜੀਵਨ ਬਸਰ ਕਰਨਾ ਹੈ।

ਪਰ ਹਉਮੈ ਆਪ ਛੱਡੀ ਨਹੀਂ ਜਾ ਸਕਦੀ ਇਹ ਕੋਈ ਸਾਧਾਰਣ ਗੱਲ ਨਹੀਂ, ਆਪਣੀ ਹਸਤੀ ਤੋਂ ਇਨਕਾਰ ਸਭ ਤੋਂ ਬਿਖਮ ਕੰਮ ਹੈ। ਕੋਈ ਆਦਮੀ ਆਪਣੀ ਭਾਵਨਾ, ਆਪਣੀ ਅਕਲ, ਬੁਧਿ ਤੇ ਤਜਰਬੇ ਦਾ ਵਿਰਸਾ ਤਿਆਗ ਨਹੀਂ ਸਕਦਾ ਪਰ ਜਦੋਂ ਜਗਿਆਸੂ ਨੂੰ ਇਸ ਹਕੀਕਤ ਦੀ ਸਮਝ ਪੈਂਦੀ ਹੈ ਕਿ ਹੁਕਮ ਯਾਂ ਸ਼ਬਦ ਸਭ ਤੋਂ ਵਧ ਪ੍ਰਬਲ ਹੈ, ਇਸ ਤੋਂ ਬਿਨਾਂ ਇਕ ਪੱਤਾ ਵੀ ਝੂਲ ਨਹੀਂ ਸਕਦਾ। ਇਸ ਕਰਕੇ ਉਹ ਅਨੁਭਵ ਕਰਦਾ ਹੈ ਕਿ 'ਹੁਕਮ ਰਜਾਈ ਚਲਣਾ' ਹੀ ਧਰਮ ਹੈ, 'ਜੋ ਤੁਧ ਭਾਵੈ ਸਾਈ ਭਲੀ ਕਾਰ' ਹੀ ਵਧੀਆ ਧਰਮ ਕਰਮ ਹੈ, 'ਸੋ ਮੈਂ ਵਿਸਰਿ ਨਾ ਜਾਈ' ਦੀ ਖ਼ੈਰ ਮੰਗਣੀ ਚਾਹੀਦੀ ਹੈ। ਇਹ ਤਾਂ ਸੰਭਵ ਹੈ ਜੇ ਉਸ ਗੁਣੀ ਨਿਧਾਨ ਦੇ ਗੁਣਾਂ ਦੇ ਗਾਇਨ ਯਾ ਕੀਰਤਨ ਵਿਚ ਸੁਰਤਿ ਜੁੜੀ ਰਹੇ ਤੇ ਹਉਮੈ ਦਬੀ ਰਹੇ। ਮੂਲ ਮੰਤ੍ਰ ਰੱਬ ਦੇ ਸੰਪੂਰਨ ਗੁਣਾ ਦਾ ਲੇਖਾ ਨਹੀਂ, ਕੇਵਲ ਸੰਕੇਤ ਮਾਤ੍ਰ ਹੈ ਜੋ ਜਗਿਆਸੂ ਦੇ ਸਨਮੁਖ ਇਕ ਚਿਤ੍ਰ ਰਖਦਾ ਹੈ ਜਿਸ ਅਨੁਸਾਰ ਉਸ ਨੇ ਆਪਣਾ ਜੀਵਨ ਢਾਲਣਾ ਹੈ। ਗੁਣਾ ਦਾ ਗਾਇਨ ਹਉਮੈ ਦਾ ਪਲਾਇਨ ਕਰਦਾ ਹੈ ਤੇ ਰੱਬੀ ਵਿਸ਼ਵਾਸ ਵਾਲਾ ਸਭ ਨਾਲ ਸੁਹਿਰਦਤਾ ਦੀ ਭਾਵਨਾ ਨਾਲ ਵਰਤਦਾ ਸਾਰੇ ਸੰਸਾਰ ਨੂੰ ਹੁਕਮ ਦੀ ਖੇਡ ਜਾਣਦਾ ਹੈ। ਇਉਂ ਹੁਕਮ ਦੀ ਸੋਝੀ ਦੁਆਰਾ ਪਰਮ ਸਤਿ (ਅਸਲੀਅਤ) ਦੀ ਪਛਾਣ ਹੋਣ ਉਪਰੰਤ ਇਹ ਜਲ ਤਰੰਗ ਉਸੇ ਸ਼ਹੁ ਸਾਗਰ ਨਾਲ ਅਭੇਦ ਹੋ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਹਉਮੈ, ਹੁਕਮ ਵਿਚ ਸਮਾ ਕੇ ਮੁਕਤ ਹੋ ਜਾਂਦੀ ਤੇ ਹੋਰਾਂ ਨੂੰ ਮੁਕਤ ਕਰਦੀ ਹੈ। ਸੋ ਹੁਕਮ ਨੂੰ ਬੁਝਣਾ ਹਸਤੀ ਦਾ ਬਿਨਾਸ਼ ਨਹੀਂ, ਸਗੋਂ ਵਿਕਾਸ ਹੈ ਜੋ ਮਨੁੱਖ ਨੂੰ ਰੱਬ ਬਣਾਉਂਦਾ ਹੈ। ਪਰ ਇਹ ਸਭ ਕੁਝ ਸਬਦ ਸੁਰਤਿ ਦੇ ਸੰਗਮ ਨਾਲ ਹੀ ਸਿਧ ਹੁੰਦਾ ਹੈ।

ਗੁਰਬਾਣੀ ਵਿਚ ਸ਼ਬਦ ਪਰਮਾਤਮ ਧੁਨਿ ਦਾ ਲਖਾਇਕ ਹੈ ਤੇ ਸੁਰਤਿ-ਮਨੁੱਖੀ ਬਿਰਤੀ ਦੀ। ਕਿਤੇ ਕਿਤੇ ਸੇਵਾ ਸੁਰਤਿ ਦਾ ਸਮਾਸ ਵੀ ਵਰਤਿਆ ਹੈ। ਕੁਝ ਉਦਾਹਰਣ ਧਿਆਨ ਯੋਗ ਹੈ :

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ *(ਰਾਮਕਲੀ ੧)*
ਸੁਰਤਿ ਸਬਦਿ ਭਵ ਸਾਗਰ ਤਰੀਐ ॥ *(ਰਾਮਕਲੀ ੧)*
ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕ ਸੁਣੇ ॥ *(ਰਾਮਕਲੀ ੧)*
ਜੇਤਾ ਸਬਦ ਸੁਰਤਿ ਧੁਨਿ ਤੇਤੀ ॥ *(ਆਸਾ ੧)*
ਸੇਵਾ ਸੁਰਤਿ ਸਬਦਿ ਵੀਚਾਰ। ਜਪੁ ਤਪੁ ਸੰਜਮੁ ਹਉਮੈ ਮਾਰਿ ॥ *(ਪ੍ਰਭਾਤੀ ੧)*
ਸੇਵਾ ਸੁਰਤਿ ਭਗਤਿ ਇਹੁ ਸਾਚੀ ਵਿਚਹੁ ਆਪ ਗਵਾਈਐ ॥ *(ਗਉੜੀ ੩)*
ਨਾਨਕ ਸੇਵਾ ਸੁਰਤਿ ਕਮਾਵਣੀ, ਜੋ ਹਰਿ ਭਾਵੈ ਸੋ ਥਾਇ ਪਾਇ ॥ *(ਸਿਰੀ ੪)*

ਸੋ 'ਸਬਦ ਸੁਰਤਿ' ਦੇ ਸਮਾਸ ਵਿਚ ਸਬਦ ਰੱਬੀ ਅਵਾਜ਼ ਜਾਂ ਬ੍ਰਹਿਮ ਨਾਦ ਦਾ ਪ੍ਰਤੀਕ ਹੈ ਤੇ ਸੁਰਤਿ ਅੰਤਰੀਵ ਧਿਆਨ ਜਾਂ ਲਗਾਉ ਦੀ ਸੂਚਕ ਹੈ। ਮੋਟੇ ਤੌਰ ਤੇ ਸ਼ਬਦ ਪਰਮਾਤਮਾ ਹੈ

ਤੇ ਸੁਰਤਿ ਜੀਵਾਤਾਮ। ਇਹੋ ਸਬਦ ਰੂਪ ਨਿਰੰਕਾਰ ਪਰਮ ਸ਼ੱਤਾ ਬਾਣੀ ਵਿਚ ਵਿਆਪਕ ਹੋ ਕੇ ਗੁਰੂ ਬਣਦੀ ਤੇ ਜਗਿਆਸੂ ਦੀ ਰਹਿਨੁਮਾਈ ਕਰਦੀ ਹੈ। ਸੋ ਇਥੇ ਸੀਮਤ ਦੇਹ ਯਾਂ ਆਕਾਰ ਦੀ ਗੱਲ ਨਹੀਂ।

(੫) ਦੇਹਵਾਦ ਤੇ ਅਧਿਆਤਮਵਾਦ

ਅਧਿਆਤਮਕਤਾ ਇਕ ਪਰਾਸਰੀਰਕ ਅਨੁਭਵ ਹੈ, ਇਹ ਹੋਰਾਂ ਚੀਜ਼ਾਂ ਵਾਂਙ ਇੰਦ੍ਰਯਬੋਧ ਨਹੀਂ। ਇਸ ਅਨੁਭਵ ਨੂੰ ਪ੍ਰਾਪਤ ਕਰਨ ਲਈ ਸਭ ਤੋਂ ਪਹਿਲੀ ਸ਼ਰਤ ਦੇਹ ਦੀ ਅਹੰਤਾ ਤੇ ਮਮਤਾ ਦਾ ਤਿਆਗ ਹੈ ਤੇ ਫਿਰ ਦੇਹ ਦੀਆਂ ਵਾਸਨਾਵਾਂ ਦਾ ਤਿਆਗ ਜ਼ਰੂਰੀ ਹੈ। ਇਸ ਤੋਂ ਬਿਨਾਂ ਰੂਹਾਨੀਅਤ ਦੇ ਰਾਹ ਤੁਰਿਆ ਹੀ ਨਹੀਂ ਜਾ ਸਕਦਾ। ਇਕ ਗੱਲ ਬੜੀ ਸਪਸ਼ਟ ਹੈ, ਆਤਮਾ ਦਾ ਵਜੂਦ ਸੂਖਮ ਭਾਂਤ ਦਾ ਜੋਤਿ ਸਰੂਪ ਹੈ ਤੇ ਦੇਹ ਦਾ ਪੰਚ ਤੱਤ ਦਾ ਪੁਤਲਾ ਸਥੂਲ ਰੂਪ ਹੈ, ਆਤਮਾ ਦੀਆਂ ਸੱਧਰਾਂ ਤੇ ਉਮੰਗਾਂ ਹੋਰ ਹਨ ਤੇ ਦੇਹ ਦੀਆਂ ਲੋੜਾਂ ਤੇ ਮੰਗਾਂ ਹੋਰ। ਇਸੇ ਤਰ੍ਹਾਂ ਆਤਮਾ ਦਾ ਆਚਾਰ ਵਿਉਹਾਰ ਹੋਰ ਹੈ ਤੇ ਸਰੀਰ ਦਾ ਹੋਰ। ਇਸ ਕਰਕੇ ਧਾਰਮਿਕ ਸਾਹਿਤ ਵਿਚ ਆਤਮਾ ਦੇ ਮੁਕਾਬਲੇ ਤੇ ਦੇਹੀ ਨੂੰ ਤੁੱਛ ਕਿਹਾ ਗਿਆ ਹੈ। ਕੋਈ ਇਸਨੂੰ ਮਿਟੀ ਦਾ ਭਾਂਡਾ, ਕੋਈ ਖ਼ਾਕ ਦੀ ਪੁੜੀ ਤੇ ਕੋਈ ਕਾਗਜ਼ ਦਾ ਕਲਬੂਤ ਦੱਸਦਾ ਹੈ, ਜਿਸਨੇ ਅੰਤ ਇਕ ਦਿਨ ਮਰ ਮਿਟ ਜਾਣਾ ਹੈ। ਇਹ ਜਿਸ ਮਸਾਲੇ ਨਾਲ ਬਣਿਆ ਹੋਇਆ ਹੈ, ਉਹ ਵੀ ਕੋਈ ਬਹੁਤਾ ਪਾਇਦਾਰ ਨਹੀਂ, ਉਸਦੀ ਔਧ ਬਹੁਤ ਥੋੜੀ ਹੈ, ਇਸ ਦੇ ਮੁਕਾਬਲੇ ਤੇ ਆਤਮਾ ਅਮਰ ਹੈ।

ਕਬੀਰ ਧੂਰਿ ਸਕੇਲ ਕੈ, ਪੁਰੀਆ ਬਾਂਧੀ ਦੇਹ ॥
ਦਿਵਸ ਚਾਰਿ ਕਉ ਪੇਖਨਾ, ਅੰਤਿ ਖੇਹ ਕੀ ਖੇਹ ॥ *(ਸਲੋਕ ਕਬੀਰ)*
ਜਲ ਕੀ ਭੀਤ ਪਵਨ ਕਾ ਥੰਭਾ। ਰਕਤ ਬੂਦ ਕਾ ਗਾਰਾ ॥
ਹਾਡ ਮਾਸ ਮਾੜੀ ਕੋ ਪਿੰਜਰੁ, ਪੰਖੀ ਬਸਹਿ ਬਿਚਾਰਾ ॥ *(ਸੋਰਠਿ ਰਵਿਦਾਸ)*
ਇਹ ਤਨ ਐਸਾ ਜੈਸੇ ਘਾਸ ਕੀ ਟਾਟੀ ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥ *(ਸੂਹੀ ਰਵਿਦਾਸ)*
ਕਾਚੀ ਗਾਗਰ ਦੇਹੁ ਦੁਹੇਲੀ ਉਪਜੈ ਬਿਨਸੈ ਦੁਖ ਪਾਈ ॥ *(ਆਸਾ ੧)*
ਦੇਹੀ ਕਾਚੀ ਕਾਗਦ ਮਿਕਦਾਰਾ। ਬੂੰਦ ਪਵੈ ਬਿਨਸੈ ਢਹਤ ਨਾ ਲਾਗੈ ਬਾਰਾ ॥
(ਮਾਰੂ ੩)

ਕਾਇਆ ਕਚੀ ਕਚਾ ਚੀਰੁ ਹੰਢਾਏ
ਦੂਜੈ ਲਾਗੀ ਮਹਲੁ ਨ ਪਾਏ ॥ *(ਮਾਝ ੩)*
ਬਿਸਟਾ ਅਸਤ ਰਕਤ ਪਰੇਟੇ ਚਾਮ
ਇਸ ਊਪਰਿ ਲੇ ਰਾਖਿਓ ਗੁਮਾਨ ॥ *(ਆਸਾ ੫)*

ਇਨ੍ਹਾਂ ਕਥਨਾਂ ਤੋਂ ਜ਼ਾਹਿਰ ਹੈ ਕਿ ਜਿਥੇ ਆਤਮਾ ਨੂੰ ਰੱਬੀ ਜੋਤਿ ਜਾਂ 'ਰਾਮ ਕੀ ਅੰਸ਼' ਕਹਿ ਕੇ ਸਲਾਹਿਆ ਗਿਆ ਹੈ, ਉਥੇ ਦੇਹੀ ਨੂੰ ਇਹ ਮਾਣ ਪ੍ਰਾਪਤ ਨਹੀਂ, ਇਹ ਮਾਮੂਲੀ ਚੀਜ਼ ਹੈ ਤੇ ਜੋਤਿ ਤੋਂ ਬਗੈਰ ਸ਼ਾਇਦ ਇਹ ਇਥੇ ਆਉਣ-ਜੋਗੀ ਵੀ ਨਹੀਂ ਸੀ :

'ਏ ਸਰੀਰਾ ਮੇਰਿਆ ! ਹਰ ਤੁਮ ਮਹਿ ਜੋਤਿ ਰਖੀ
ਤਾਂ ਤੂ ਜਗ ਮਹਿ ਅਇਆ ॥' *(ਅਨੰਦ ੩)*

ਇਸ ਦਾ ਅਰਥ ਇਹ ਵੀ ਨਹੀਂ ਕਿ ਸਰੀਰ ਦੀ ਕੋਈ ਅਹਿਮੀਅਤ ਨਹੀਂ ਜਾਂ ਉਸ ਨੂੰ ਉੱਕਾ ਹੀ ਥਾਂ ਦੇਣ ਦੀ ਲੋੜ ਨਹੀਂ। ਐਸੇ ਮਤ ਵੀ ਹਨ ਜੋ ਇਸ ਦੀ ਹਸਤੀ ਨੂੰ ਮੰਨਦੇ ਹੀ ਨਹੀਂ ਜਿਵੇਂ ਕਿ ਬੁਧ ਮਤ ਦੇ ਸੂੰਨਵਾਦ ਤੋਂ ਸਪਸ਼ਟ ਹੈ। ਯੂਨਾਨੀ ਰਾਜਾ ਮਲਿੰਦ ਬੋਧੀ ਆਚਾਰਯ ਨਾਗਾਰਜੁਨ ਪਾਸ ਗਿਆਨ ਲੈਣ ਆਇਆ ਸੀ ਤਾਂ ਸਿਆਣੇ ਆਚਾਰਯ ਨੇ ਉਸਨੂੰ ਪੁਛਿਆ ਕਿ ਤੁਸੀਂ ਇਥੇ ਕਿਵੇਂ ਆਏ ਹੋ ? ਉਸਨੇ ਕਿਹਾ ਰਥ ਉੱਤੇ ਚੜ੍ਹਕੇ। ਉਸ ਨੇ ਸਵਾਲ ਕੀਤਾ ਰਥ ਕਿਥੇ ਹੈ ? ਤਾਂ ਰਾਜੇ ਨੇ ਰਥ ਦੇ ਜੂਲੇ ਨੂੰ ਹੱਥ ਲਾਇਆ। ਆਚਾਰਯ ਨੇ ਕਿਹਾ ਇਹ ਤਾਂ ਜੂਲਾ ਹੈ, ਫਿਰ ਉਸਨੇ ਪਹੀਆਂ ਵਲ ਇਸ਼ਾਰਾ ਕੀਤਾ, ਨਾਭ ਤੇ ਗਜ਼ਾਂ ਨੂੰ ਵਾਰੀ ਵਾਰੀ ਛੋਹਿਆ। ਇਸ ਤਰ੍ਹਾਂ ਉਹ ਰਥ ਦੇ ਅੱਡ ਅੱਡ ਹਿਸਿਆਂ ਤੇ ਹੱਥ ਲਾਉਂਦਾ ਰਿਹਾ ਤੇ ਅਚਾਰਯ ਦਾ ਸਵਾਲ ਉਵੇਂ ਜਿਵੇਂ ਕਾਇਮ ਰਿਹਾ, ਰਥ ਦਾ ਵਜੂਦ ਦੱਸਣਾ ਔਖਾ ਹੋ ਗਿਆ। ਨਾਗਰਾਜੁਨ ਨੇ ਸਾਰੀ ਬਹਿਸ ਨੂੰ ਸਮੇਟਦਿਆਂ ਅੰਤ ਕਿਹਾ 'ਰਾਜਨ' ! ਇਹ ਕੁਛ ਵੀ ਨਹੀਂ, ਨ ਇਹ ਸਰੀਰ ਹੈ ਤੇ ਨਾ ਹੀ ਇਹ ਸੰਸਾਰ ਹੈ, ਇਹ ਤਾਂ ਸਿਰਫ ਵਿਉਹਾਰ ਖਾਤਰ ਨਾਮਕਰਣ ਕੀਤਾ ਜਾਂਦਾ ਹੈ।' ਸੋ ਬੁਧ ਮਤ ਦਾ ਸੂੰਨਵਾਦ ਦੇਹੀ ਦੀ ਹਸਤੀ ਤੋਂ ਵੀ ਇਨਕਾਰੀ ਹੈ ਤੇ ਬਾਕੀ ਧਰਮਗਿਆਨੀ ਉਸਨੂੰ 'ਮਿਥਿਆ' ਕਹਿਕੇ ਅੱਗੇ ਤਾਂ ਤੁਰਦੇ ਹਨ। ਸਰੀਰ ਦੀ ਵਡਿਆਈ ਤਿੰਨ ਗੱਲਾਂ ਵਿਚ ਹੈ—ਇਸਦੀ ਸਮਰੱਥਾ, ਇਸਦਾ ਸੁਹੱਪਣ ਤੇ ਸੂਝਬੂਝ ਲੇਕਿਨ ਇਸਦਾ ਅੰਤ ਇਹ ਹੈ

ਤੂ ਕਾਇਆ ਮੈ ਰੁਲਦੀ ਦੇਖੀ, ਜਿਉ ਧਰਿ ਊਪਰਿ ਛਾਰੋ ॥ (ਆਸਾ ੧)

ਪਰ ਗੁਰਮਤਿ ਦੇਹੀ ਦੇ ਗੌਰਵ ਨੂੰ ਹੋਰ ਤਰ੍ਹਾਂ ਮੰਨਦੀ ਹੈ, ਉਸ ਅਨੁਸਾਰ ਦੇਹੀ ਦੀ ਵਡਿਆਈ ਇਸ ਵਿਚ ਹੈ ਕਿ ਇਸ ਅੰਦਰ ਰੱਬ ਨੇ ਆਪਣੀ ਜੋਤਿ ਜਾਂ ਆਪਣਾ ਆਪ (ਹਸਤੀ) ਟਿਕਾ ਕੇ ਰੱਖਿਆ ਹੈ। ਇਹ ਕਾਇਆ ਦਾ ਕੰਚਨ ਕੋਟ ਹੈ ਜਿਸ ਵਿਚ ਉਹ ਖ਼ੁਦ ਨਿਵਾਸ ਕਰਦਾ ਹੈ ਤੇ ਉਸ ਨਾਲ ਸਭ ਕੁਝ ਹੀ ਆ ਜਾਂਦਾ ਹੈ।

ਨਉਨਿਧਿ ਅੰਮ੍ਰਿਤ ਪ੍ਰਭ ਕਾ ਨਾਮੁ
ਦੇਹੀ ਮਹਿ ਇਸ ਕਾ ਬਿਸ੍ਰਾਮੁ ॥ (ਗਉੜੀ ਸੁਖਮਨੀ ੫)
ਕਾਇਆ ਅੰਦਰ ਸਭੁ ਕਿਛੁ ਵਸੈ, ਖੰਡ ਮੰਡਲ ਪਾਤਾਲਾ ॥
ਕਾਇਆ ਅੰਦਰ ਜਗ ਜੀਵਨ ਦਾਤਾ ਵਸੈ, ਸਭਨਾ ਕਰੈ ਪ੍ਰਤਿਪਾਲਾ ॥ (ਸੂਹੀ ੩)
ਕਾਇਆ ਕੁਸੁਧ ਹਉਮੈ ਮਲ ਲਾਈ। ਜੇ ਸਉ ਧੋਵਹਿ ਤਾਂ ਮੈਲੁ ਨ ਜਾਈ ॥
ਸਬਦਿ ਧੋਪੈ ਤਾਂ ਹਛੀ ਹੋਵੈ, ਫਿਰਿ ਮੈਲੀ ਨਾ ਹੋਈ ਹੇ ॥ (ਮਾਰੂ ੩)

ਇਨ੍ਹਾਂ ਪਰਮਾਣਾਂ ਤੋਂ ਪ੍ਰਗਟ ਹੈ ਕਿ ਸਰੀਰ ਹੈ ਤਾਂ ਮਿਟੀ ਦਾ ਹੀ ਪੁਤਲਾ ਲੇਕਿਨ ਰੱਬੀ ਜੋਤਿ ਸਦਕੇ ਇਸ ਦਾ ਗੌਰਵ ਹੈ ਜਾਂ ਫਿਰ ਦੈਵੀ ਗੁਣਾਂ ਦੇ ਪ੍ਰਭਾਵ ਕਾਰਣ ਇਹ ਸਨਮਾਨ ਪਾਉਂਦੀ ਹੈ। ਜੇ ਇਸ ਭਾਂਡੇ ਵਿਚ ਇਹ ਕੁਝ ਨਹੀਂ ਤਾਂ ਇਹ ਸੱਖਣਾ ਭਾਂਡਾ ਕਿਸੇ ਕੰਮ ਨਹੀਂ। ਧਰਮ ਦਾ ਸਰੀਰ ਬਾਰੇ ਇਹ ਦ੍ਰਿਸ਼ਟੀਕੋਣ ਲਗਭਗ ਸਰਬ-ਪ੍ਰਵਾਨਿਤ ਹੈ ਸਿਵਾਇ ਚਾਰਵਾਕੀਆਂ ਦੇ ਇਸ ਤੇ ਕਿਸੇ ਨੂੰ ਕਿੰਤੂ ਨਹੀਂ। ਦੂਜੀ ਗੱਲ ਜੋ ਧਾਰਮਕ ਮੰਡਲ ਦੇ ਸਿਆਣਿਆਂ ਬਾਰ ਬਾਰ ਕਹੀ ਹੈ ਕਿ ਇਹ ਦੇਹੀ ਪੰਜ ਰੋਗਾਂ ਦਾ ਸ਼ਿਕਾਰ ਹੈ। ਪੰਜ ਵਾਸਨਾਵਾਂ ਨੇ ਇਸ ਨੂੰ ਘੇਰਿਆ ਹੋਇਆ ਹੈ, ਇਹ ਇਨ੍ਹਾਂ ਵਿਚੋਂ ਛੇਤੀ ਕੀਤਿਆਂ ਨਿਕਲ ਨਹੀਂ ਸਕਦੀ। ਇਹ ਪੰਜ ਰੋਗ ਹਨ :

ਸ਼ਬਦ, ਸ਼ਪਰਸ਼, ਰੂਪ, ਰਸ, ਗੰਧ

ਦੇਹੀ ਇਨ੍ਹਾਂ ਪੰਜਾਂ ਦੀ ਸ਼ੌਕੀਨ ਹੈ, ਕੰਨ ਮਧੁਰ ਆਵਾਜ਼ ਦੇ ਪ੍ਰੇਮੀ ਹਨ, ਤੁਚਾ ਸੁੰਦਰ ਸਰੂਪ

ਦੇ ਆਲਿੰਗਨ ਲਈ ਤਾਂਘਵਾਨ ਹੈ, ਅੱਖਾਂ ਨੂੰ ਰੂਪ ਤੱਕਣ ਦਾ ਚਾਉ ਹੈ, ਜੀਭ ਰਸ ਕਸ ਚੱਖਣ ਦੀ ਆਦੀ ਹੈ ਤੇ ਨੱਕ ਸੁਗੰਧੀ ਮਾਣ ਕੇ ਖੁਸ਼ ਹੈ। ਇਹ ਪੰਜ ਸਰੀਰਕ ਵਾਸਨਾਵਾਂ ਹਨ ਤੇ ਜਦ ਇਹ ਹਦ ਤੋਂ ਵਧ ਜਾਂਦੀਆਂ ਹਨ ਤਾਂ 'ਵਿਕਾਰ' ਬਣ ਜਾਂਦੀਆਂ ਤੇ ਦੇਹੀ ਨੂੰ ਖੇਹ ਖੁਆਰ ਕਰਦੀਆਂ ਹਨ। ਭਾਈ ਗੁਰਦਾਸ ਨੇ ਠੀਕ ਲਿਖਿਆ ਹੈ :

ਮਾਣਸ ਦੇ ਹੀ ਪੰਜ ਰੋਗ, ਪੰਜੇ ਰੋਗ ਕੁਸੂਤ ਕਰੰਦੇ ॥

ਕਈ ਜਾਨਵਰਾਂ ਨੂੰ ਵੀ ਇਹ ਵਿਕਾਰ ਚੰਬੜੇ ਹੋਏ ਹਨ ਪਰ ਕੇਵਲ ਇਕ ਇਕ। ਮਨੁਖਾ ਦੇਹੀ ਦਾ ਇਹ ਹਾਲ ਹੈ ਕਿ ਇਸ ਨੂੰ ਪੰਜੇ ਦੋਖ ਲਗੇ ਹੋਏ ਹਨ—

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ, ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾਂ ਮਹਿ, ਤਾਂਕੀ ਕੇਤਕ ਆਗ ॥ (ਰਵਿਦਾਸ)

ਸੋ ਇਸ ਵਿਚਾਰ ਦਾ ਸਿਟਾ ਇਹ ਹੈ ਕਿ ਸਰੀਰ ਦੀ ਆਤਮਾ ਦੇ ਮੁਕਾਬਲੇ ਤੇ ਕੁਝ ਵੀ ਅਹਮੀਅਤ ਨਹੀਂ। ਦੂਜੇ, ਜਿਸ ਢੰਗ ਨਾਲ ਇਸ ਨੂੰ ਪੰਜ ਵਿਕਾਰ ਖੁਆਰ ਕਰਦੇ ਹਨ, ਉਸ ਨਾਲ ਇਸਦਾ ਕੁਝ ਵੀ ਸਤਿਕਾਰ ਨਹੀਂ ਰਹਿ ਜਾਂਦਾ। ਜਿਨ੍ਹਾਂ ਲੋਕਾਂ ਆਤਮਾ ਦਾ ਵਿਕਾਸ ਕਰਨਾ ਹੈ ਤੇ ਰੂਹਾਨੀਅਤ ਜਾਂ ਪਰਮਾਰਥ ਦਾ ਪੰਧ ਪਕੜਨਾ ਹੈ, ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਦੇਹ ਦੇ ਅਭਿਆਸ ਵਿਚੋਂ ਨਿਕਲਣ, ਦੇਹੀ ਦੇ ਵਿਕਾਰਾਂ ਤੋਂ ਉਪਰ ਉਠਣ ਤਾਂ ਹੀ ਅਧਿਆਤਮਕਿਤਾ ਦੀਆਂ ਉਚਾਣਾਂ ਛੁਹੀਆਂ ਜਾ ਸਕਦੀਆਂ ਹਨ। ਅਸਲ ਆਰਦਸ਼ ਆਤਮਾ ਦਾ ਵਿਕਾਸ ਹੈ, ਦੇਹੀ ਭਾਵੇਂ ਅਸ਼ਟਾਵੱਕ੍ਰ ਵਾਲੀ ਹੋਵੇ ਜਿਸਦੀ ਆਤਮਾ ਉੱਚੀ ਹੈ, ਉਹੋ ਉੱਚਾ ਪੁਰਸ ਹੈ। ਜਿਤਨੇ ਵੀ ਧਾਰਮਿਕ ਪੁਰਸ਼ ਹੋਏ ਚਾਹੇ ਉਹ ਸੰਤ ਭਗਤ ਸਨ ਤੇ ਚਾਹੇ ਸੂਫੀ ਦਰਵੇਸ਼, ਸਭ ਇਸੇ ਵਿਚਾਰ ਦੇ ਸਨ ਕਿ ਦੇਹੀ ਦੀਆਂ ਵਾਸਨਾਵਾਂ ਦੇ ਗੁਲਾਮ ਨਹੀਂ ਹੋਣਾ ਤੇ ਨਾਹੀ ਇਨ੍ਹਾਂ ਵਿਚ ਪੈ ਕੇ ਜ਼ਿੰਦਗੀ ਦੇ ਅਸਲ ਨਿਸ਼ਾਨੇ ਨੂੰ ਭੁਲਣਾ ਹੈ। ਜੋ ਦੇਹੀ ਵਲੋਂ ਨਿਰਲੇਪ ਹੋ ਕੇ ਇਧਰ ਲਗਾ, ਉਹੋ ਪੂਰਨ ਹੈ। ਤਜਰਬੇ ਦਾ ਬਚਨ ਹੈ :

ਦੇਹੀ ਮਹਿ ਜੋ ਰਹੈ ਅਲਿਪਤਾ, ਤਿਸ ਜਨ ਕੀ ਪੂਰਨ ਘਾਲੀਐ ॥ *(ਮਾਰੂ ੫)*

ਲੇਕਿਨ ਨਵੇਂ ਧਰਮ ਦਾ ਪ੍ਰਪੰਚ ਰਚਾਉਣ ਵਾਲੇ ਦੰਭੀ ਲੋਕਾਂ ਆਤਮਾ ਦੀ ਥਾਂ ਦੇਹੀ ਦੀ ਦੁਹਾਈ ਜ਼ਿਆਦਾ ਧੁਮਾਈ ਹੋਈ ਹੈ। ਉਹ ਥਾਂ ਥਾਂ ਇਹੋ ਪ੍ਰਚਾਰਦੇ ਹਨ ਕਿ ਦੇਹ ਹੀ ਸਭ ਕੁਝ ਹੈ ਤੇ ਦੇਹਧਾਰੀ ਹੀ ਰੂਹਾਨੀ ਰਾਹ ਉੱਤੇ ਖੁਦ ਤੁਰ ਸਕਦਾ ਤੇ ਲੋਕਾਂ ਨੂੰ ਤੋਰ ਸਕਦਾ ਹੈ। ਇਹ ਦੋ ਦ੍ਰਿਸ਼ਟੀਕੋਣ ਭਿੰਨ ਭਿੰਨ ਹਨ। ਪੁਰਾਤਨ ਧਰਮੀ, ਦੇਹ ਨਾਲੋਂ ਆਤਮਾ ਨੂੰ ਉਚੇਰਾ ਮੰਨਦੇ ਸਨ ਤੇ ਉਹ ਜੋਤਿ ਦੇ ਪੁਜਾਰੀ ਸਨ। ਨਵੇਂ ਦੰਭੀ ਲੋਕ ਜੋ ਸ਼ਾਇਦ ਆਤਮ ਮੰਡਲ ਵਿਚ ਪਹੁੰਚਣ ਦੀ ਤੌਫੀਕ ਨਹੀਂ ਰਖਦੇ, ਉਹ ਦੇਹ ਤੇ ਦੇਹਧਾਰੀ ਨੂੰ ਸਭ ਕੁਝ ਮੰਨਕੇ ਚਲਦੇ ਹਨ। ਆਤਮ ਪੁਜਾਰੀ ਹੋਣਾ ਸੂਖਮ ਕਾਰਜ ਹੈ, ਸਰੀਰ ਦੇ ਪੁਜਾਰੀ ਹੋਣਾ ਸੌਖਾ ਤੇ ਮੋਟਾ ਠੁੱਲ੍ਹਾ ਕੰਮ ਹੈ। ਫਿਰ ਸਰੀਰਵਾਦੀ ਤਾਂ ਦੇਹ ਦੀਆਂ ਵਾਸਨਾਵਾਂ ਵਿਚੋਂ ਵੀ ਨਹੀਂ ਨਿਕਲ ਸਕਦਾ, ਜੈਸਾ ਕਿ ਲਿਖਿਆ ਹੈ :

ਰਸ ਕਸ ਖਾਏ ਪਿੰਡ ਵਧਾਏ। ਭੇਖ ਕਰੇ ਗੁਰ ਸਬਦੁ ਨ ਕਮਾਏ ॥
ਅੰਤਰਿ ਰੋਗੁ ਮਹਾਂਦੁਖ ਭਾਰੀ ਬਿਸਟਾ ਮਾਹਿ ਸਮਾਹਾ ਹੇ ॥ *(ਮਾਰੂ ੩)*
'ਜੇਤੇ ਰਸ ਸਰੀਰ ਕੇ, ਤੇਤੇ ਲਗਹਿ ਦੁਖ ॥' *(ਵਾਰ ਮਲਾਰ ੧)*

ਜਿਵੇਂ ਪੁਰਾਣੇ ਸਨਾਤਨੀ ਲੋਕ, ਬੁਤਪ੍ਰਸਤੀ ਵਿਚ ਫਸ ਕੇ ਰਹਿ ਗਏ ਸਨ, ਤਿਵੇਂ ਇਹ

ਦੰਭੀ ਜਿਸਮਾਂ ਦੇ ਬੁਤ-ਪੂਜ ਹੋ ਗਏ ਤੇ ਸਾਕਾਰ ਦੇਹਧਾਰੀ ਗੁਰੂ ਦਾ ਢੰਡੋਰਾ ਪਿਟ ਕੇ ਦਾਅਵਾ ਨਿਰੰਕਾਰ ਦਾ ਕਰਨ ਲਗ ਪਏ। ਕੰਮ ਕਾਮ-ਮਾਰਗੀਆਂ ਵਾਲੇ ਦੇਹ ਦੀ ਮੌਜ ਦੇ ਕਰਨੇ, ਤੇ ਗੱਲਾਂ ਰੂਹ ਦੇ ਦੇਸ ਦੀਆਂ ਕਰਨੀਆਂ, ਇਨ੍ਹਾਂ ਦਾ ਕਿੱਤਾ ਹੋ ਗਿਆ।

ਦੇਹੀ ਆਦਰਯੋਗ ਹੈ ਪਰ ਇਸ ਨੂੰ ਹੀ ਸਭ ਕੁਝ ਮੰਨ ਲੈਣਾ ਰੂਹਾਨੀਅਤ ਦੇ ਮੂਲ ਸਿਧਾਂਤ ਦੇ ਵਿਰੁੱਧ ਹੈ। ਦੇਹ ਦੀ ਆਪਣੀ ਵਡਿਆਈ ਹੈ ਤੇ ਇਸ ਦਾ ਆਪਣਾ ਅਸਥਾਨ ਹੈ। ਜਿਵੇਂ ਕੋਈ ਮੁਸਾਫਰ ਘੋੜੇ ਦੀ ਸਵਾਰੀ ਕਰਕੇ ਪੈਂਡਾ ਤੈਅ ਕਰਦਾ ਤੇ ਜੇ ਉਹ ਚਾਹੇ ਤਾਂ ਕੋਈ ਹੋਰ ਸਾਧਨ ਵੀ ਵਰਤ ਸਕਦਾ ਹੈ। ਸਰੀਰ ਆਤਮਾ ਦਾ ਤੁਰੰਗ ਹੈ ਜਿਸ ਉੱਤੇ ਇਹ ਸਵਾਰੀ ਕਰ ਕੇ ਆਪਣੀ ਮੰਜ਼ਲ ਵਲ ਵਧਦੀ ਹੈ। ਅਸੀਂ ਤੁਰੰਗ ਦੀ ਅਹਿਮੀਅਤ ਮੰਨਦੇ ਹਾਂ ਪਰ ਇਹ ਸਵਾਰ ਦੇ ਮੁਕਾਬਲੇ ਤੁਛ ਹੈ। ਸੋ ਇਹ ਸਾਫ ਹੈ ਕਿ ਅਧਿਆਤਮਵਾਦੀ ਬਣਨ ਲਈ ਦੇਹਵਾਦੀ ਹੋਣ ਦੀ ਥਾਂ ਆਤਮਵਾਦੀ ਹੋਣਾ ਵਧੇਰੇ ਜ਼ਰੂਰੀ ਹੈ। ਆਤਮਵਾਦੀ ਤਾਂ ਹੀ ਬਣਿਆ ਜਾ ਸਕਦਾ ਹੈ ਜੇ ਕਰ ਦੇਹ ਦੀਆਂ ਵਾਸਨਾਵਾਂ ਦੇ ਜੰਜਾਲ ਵਿਚੋਂ ਆਪਣੇ ਆਪ ਨੂੰ ਕੱਢਿਆ ਜਾਵੇ।

ਦੇਹੀ ਵਿਚ ਅਨੇਕ ਔਗੁਣ ਹਨ, ਇਹ ਕਾਮੀ ਹੈ ਕ੍ਰੋਧੀ ਹੈ ਲੋਭੀ ਹੈ, ਮੋਹਵਾਨ ਤੇ ਅਹੰਕਾਰੀ ਹੈ, ਇਹ ਅਕ੍ਰਿਤਘਣ ਵੀ ਹੋ ਸਕਦੀ ਹੈ ਤੇ ਨਿੰਦਕ ਵੀ। ਇਹ ਸਵਾਰਥ ਬਸ 'ਪ੍ਰਿਥੀਚੰਦ' ਤੇ 'ਧੀਰਮੱਲ' ਵੀ ਹੋ ਸਕਦੀ ਹੈ ਪਰ ਆਤਮਕ ਮੰਡਲ ਵਿਚ ਇਸ ਦਾ ਕੋਈ ਥਾਂ ਨਹੀਂ। ਜੇ ਆਤਮਾ ਵਿਚ ਦੈਵੀ ਗੁਣਾਂ ਵਾਲੀ ਉੱਚਤਾ ਆ ਜਾਵੇ ਤਾਂ ਦੇਹ ਆਪਣੇ ਆਪ ਉੱਚਤਾ ਤੇ ਸੁੱਚਤਾ ਦੀ ਧਾਰਨੀ ਹੋ ਜਾਂਦੀ ਹੈ, ਵਰਨਾ ਨਹੀਂ।

ਤਨ ਸੂਚਾ ਸੋ ਆਖੀਐ, ਜਿਸ ਮਹਿ ਸਾਚਾ ਨਾਉ ॥
ਭੈ ਸਚਿ ਰਾਤੀ ਦੇਹੁਰੀ, ਜਿਹਵਾ ਸਚੁ ਸੁਆਉ ॥ (ਸਿਰੀ ੧)
'ਸੋ ਤਨ ਨਿਰਮਲ, ਜਿਤੁ ਉਪਜੈ ਨਾ ਪਾਪ ॥' (ਗਉੜੀ ੫)

ਜੇ ਦੇਹੀ ਪਾਪਾਂ ਦੇ ਰਾਹ ਤੁਰੇ ਤਾਂ ਇਸ ਦਾ ਕੋਈ ਹੱਦ ਬੰਨਾ ਨਹੀਂ। ਕੋਈ ਦੇਹਧਾਰੀ ਗੁਰੂ ਹੋ ਕੇ ਐਸਾ ਨੀਚ ਹੋ ਸਕਦਾ ਹੈ ਕਿ ਉਹ ਸ਼ੈਤਾਨ ਬਣ ਕੇ ਮਾਸੂਮਾਂ ਦੀ ਪਤ ਲੁਟੇ। ਕੋਈ ਕ੍ਰੋਧੀ ਐਸਾ ਹੋ ਸਕਦਾ ਹੈ ਕਿ ਆਪਣੀ ਗੱਦੀ ਦਾ ਢੋਲ ਪਿੱਟਣ ਲਈ ਬੇਗੁਨਾਹਾਂ ਨੂੰ ਗੋਲੀਆਂ ਨਾਲ ਭੁੰਨ ਸੁਟੇ। ਲੋਭੀ ਐਸਾ ਹੋ ਸਕਦਾ ਹੈ ਕਿ ਉਹ ਗਰੀਬ ਸ਼ਰਧਾਲੂਆਂ ਪਾਸੋਂ ਮਾਇਆ ਬਟੋਰ ਕੇ ਆਪਣੇ ਆਪ ਨੂੰ ਨੋਟਾਂ ਨਾਲ ਤੁਲਾਵੇ। ਦੇਹਧਾਰੀ ਗੁਰੂ ਐਸਾ 'ਮੋਹ-ਗ੍ਰਸਤ' ਵੀ ਹੋ ਸਕਦਾ ਹੈ ਕਿ ਉਹ ਆਪਣੇ ਪਿਉ ਨੂੰ 'ਜਗਤ-ਪਿਤਾ' ਮਾਂ ਨੂੰ 'ਜਗਤ-ਮਾਤਾ' ਤੇ ਘਰਵਾਲੀ ਨੂੰ 'ਰਾਜਮਾਤਾ' ਕਹਿ ਕੇ ਪੁਜਵਾਵੇ। ਇਹ ਅਹੰਕਾਰ ਦਾ ਸ਼ਿਕਾਰ ਅਜੇਹਾ ਵੀ ਹੋ ਸਕਦਾ ਹੈ ਕਿ ਆਪਣੇ ਮਿਟੀ ਦੇ ਪੁਤਲੇ ਨੂੰ 'ਨਿਰੰਕਾਰ' ਕਹਿ ਕੇ ਪੁਜਵਾਵੇ। ਇਹ ਪੰਜੇ ਐਬ ਸ਼ਰਈ ਦੇਹਧਾਰੀ ਗੁਰੂ ਦੀ ਇਕ ਮਿਸਾਲ ਹੈ, ਹੋਰ ਪਤਾ ਨਹੀਂ ਦੇਹਵਾਦੀ ਕੀ ਕੀ ਉਪੱਦਰ ਕਰ ਸਕਦਾ ਹੈ।

ਜਿਥੇ ਦੇਹੀ ਇਸ ਕਿਸਮ ਦੇ ਅਨੇਕਾਂ ਔਗੁਣਾਂ ਦਾ ਸ਼ਿਕਾਰ ਹੈ, ਉਥੇ ਇਹ ਸਰਬਦੇਸੀ, ਸਰਬ ਕਾਲੀ ਜਾਂ ਸਰਬ ਵਿਆਪਕ ਵੀ ਨਹੀਂ, ਫਿਰ ਦੇਹਧਾਰੀ ਕਿਵੇਂ ਸਰਬ ਦਾ ਗੁਰੂ ਹੋ ਸਕਦਾ ਹੈ। ਸੋ ਇਹ ਵਿਚਾਰ ਸਿੱਧ ਕਰਦੀ ਹੈ ਕਿ ਰੂਹਾਨੀ ਮੰਡਲ ਵਿਚ ਦਾਖਲ ਹੋਣ ਲਈ ਦੇਹ ਤੇ ਦੇਹ ਦੀਆਂ ਵਾਸਨਾਵਾਂ ਦਾ ਤਿਆਗ ਪਹਿਲੀ ਸ਼ਰਤ ਹੈ। ਜੋ ਵੀ ਕੋਈ ਧਰਮ ਦੇ ਉੱਚੇ ਆਦਰਸ਼ ਵਲ ਵਧਣਾ ਚਾਹੇ ਉਸ ਲਈ ਜ਼ਰੂਰੀ ਹੈ ਕਿ ਉਹ ਦੇਹ ਦਾ ਖਿਆਲ ਛੱਡ ਦੇਵੇ ਜਾਂ ਫਿਰ ਦੇਹ ਨਾਲੋਂ ਆਤਮਾ ਦੇ ਲਾਭ ਨੂੰ ਮੁਖ ਥਾਂ ਦੇਵੇ। ਦੇਹੀ ਦਾ ਰਸਾਂ ਕਸਾਂ ਵਿਚ ਗ਼ਲਤਾਨ ਹੋਣਾ ਸੁਭਾਵਕ ਹੈ।

ਉਸ ਨੂੰ ਇਹ ਇੰਦ੍ਰੇ ਰਸ ਚੰਗੇ ਲਗਦੇ ਹਨ ਪਰ ਜੋ ਮਨੁੱਖ ਦੀ ਆਤਮਾ ਹੈ, ਉਸ ਦਾ ਆਚਾਰ ਵਿਵਹਾਰ ਕਿਸੇ ਉੱਚੇ ਜੀਵਨ ਪੱਧਰ ਦਾ ਮੁਤਲਾਸ਼ੀ ਹੈ। ਉਹ ਆਪਣੀ ਦੇਹ ਨੂੰ ਭੁੱਖਿਆਂ ਮਾਰ ਕੇ ਦੂਜਿਆਂ ਨੂੰ ਖਲਾ ਕੇ ਸੰਤੁਸ਼ਟ ਹੁੰਦੀ ਹੈ, ਉਹ ਵੈਰ ਵਿਰੋਧ ਤੇ ਲੜਾਈ ਝਗੜੇ ਦੀ ਥਾਂ ਸਾਂਤੀ, ਪਿਆਰ ਪ੍ਰੇਮ ਦੀ ਲੋਚਾ ਰਖਦੀ ਹੈ, ਉਸਨੂੰ ਅਹੰਕਾਰ ਬੀਮਾਰ ਨਹੀਂ ਕਰਦਾ, ਉਹ ਆਪਣੇ ਆਪ ਨੂੰ ਸਦਾ ਨਿਰਮਾਣਤਾ ਵਿਚ ਰੱਖਦੀ ਹੈ।

ਹਮ ਮੈਲੇ ਤੁਮ ਊਜਲ ਕਰਤੇ, ਹਮ ਨਿਰਗੁਣ ਤੂ ਦਾਤਾ ॥
ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ ॥ *(ਸੋਰਠਿ ੫)*

ਸਰੀਰ ਦੇ ਮੁਕਾਬਲੇ ਤੇ ਆਤਮਾ ਸੁੱਧ ਨਿਤ, ਅਮਰ ਤੇ ਚੇਤਨ ਹੈ। ਸਤ, ਸੰਤੋਖ, ਸ਼ਾਂਤੀ, ਗਿਆਨ, ਪਿਆਰ, ਪਵਿਤ੍ਰਤਾ, ਉਪਕਾਰ ਇਸ ਦੇ ਗੁਣ ਹਨ। ਕਾਇਆ ਦੇ ਔਗੁਣ ਉਸਨੂੰ ਉੱਚਾ ਨਹੀਂ ਉਠਣ ਦਿੰਦੇ ਹਾਂ; ਜੇਕਰ ਇਸ ਭਾਂਡੇ ਨੂੰ ਨਿਰਮਲ ਕਰ ਲਿਆ ਜਾਵੇ ਤਾਂ ਆਤਮਾ ਦੇ ਗੁਣ ਆਪਣੇ ਆਪ ਇਸਨੂੰ ਉਚੇਰਾ ਲੈ ਜਾਂਦੇ ਹਨ।

ਕਾਇਆ ਸੋਧਿ ਤਰੈ ਭਵ ਸਾਗਰੁ, ਆਤਮ ਤਤੁ ਵੀਚਾਰੀ ॥
ਗੁਰ ਸੇਵਾ ਤੇ ਸਦਾ ਸੁਖੁ ਪਾਇਆ; ਅੰਤਰਿ ਸ਼ਬਦੁ ਰਵਿਆ ਗੁਣਵਾਰੀ ॥
(ਰਾਮਕਲੀ ੧)

ਕਈ ਦੇਹ-ਧਾਰੀ ਦੰਭੀ, ਗੁਰਬਾਣੀ ਵਿਚੋਂ ਕੁਝ ਐਸੀਆਂ ਤੁਕਾਂ ਪੇਸ਼ ਕਰਦੇ ਹਨ ਜਿਨ੍ਹਾਂ ਵਿਚ ਕਿਸੇ ਭਾਂਤ ਦਾ ਸਥੂਲ ਸਰੀਰ ਦਾ ਸੰਕੇਤ ਝਲਕਦਾ ਹੈ ਜਾਂ ਫਿਰ ਇਉਂ ਲਗਦਾ ਹੈ ਕਿ ਜੇਕਰ ਦੇਹਧਾਰੀ ਗੁਰੂ ਨ ਹੋ ਹੋਵੇ ਤਾਂ ਸ਼ਾਇਦ ਜਗਿਆਸੂ ਦਾ ਕੰਮ ਸੰਪੂਰਣ ਨਹੀਂ ਹੁੰਦਾ। ਮਿਸਾਲ ਲਈ ਤੁਕਾਂ ਹਨ :

ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ, ਗੁਰ ਕੇ ਚਰਣ ਧੋਇ ਧੋਇ ਪੀਵਾਂ ॥
ਗੁਰ ਕੀ ਰੇਣੁ ਨਿਤ ਮਜਨ ਕਰਉ, ਜਨਮ ਜਨਮ ਕੀ ਹਉਮੈ ਮਲ ਹਰਉ ॥
ਤਿਸ ਗੁਰ ਕਉ ਝੂਲਾਵਉ ਪਾਖਾ, ਮਹਾ ਅਗਨਿ ਜਿਨ ਹਾਥ ਦੇ ਰਾਖਾ ॥
(ਗਉੜੀ ੫)

ਅਜੇਹੇ ਹੋਰ ਵੀ ਕਈ ਸ਼ਬਦ ਹਨ ਜਿਨ੍ਹਾਂ ਵਿਚ ਗੁਰੂ ਦੇ ਦਰਸ਼ਨ ਜਾਂ ਗੁਰੂ ਦੀ ਸੇਵਾ ਕਰਨ ਦੀ ਤਾਕੀਦ ਹੈ। ਗੁਰੂ ਦੇ ਚਰਣ ਕਮਲ ਪਰਸਣ ਦੀ ਸੱਧਰ ਹੈ ਜਾਂ ਫਿਰ ਚਰਨ ਧੂੜਿ ਮਸਤਕ ਲਾਉਣ ਦੀ ਸਿਖਿਆ ਹੈ ਇਨ੍ਹਾਂ ਸੰਕੇਤਾਂ ਨੂੰ ਕਈ ਦੰਭੀ ਗੁਰੂ ਆਪਣੇ ਮਤ ਦੀ ਪੁਸ਼ਟੀ ਲਈ ਆਮ ਵਰਤਦੇ ਹਨ। ਇਸ ਕਰਕੇ ਲੋੜ ਹੈ ਕਿ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ ਕਿ 'ਗੁਰੂ ਦੇ ਦਰਸ਼ਨ' ਜ਼ਾਂ ਗੁਰੂ ਦੀ ਸੇਵਾ ਕੀ ਹੈ। ਗੁਰੂ ਦੇ ਚਰਨ ਕਮਲਾਂ ਤੋਂ ਕੀ ਭਾਵ ਹੈ।

ਗੁਰੂ ਕਾ ਦਰਸ਼ਨ

ਦੇਹਧਾਰੀ ਗੁਰੂ ਦੇ ਦੂਤ ਇਸ ਤਰ੍ਹਾਂ ਦੀਆਂ ਤੁਕਾਂ ਖਾਸ ਪੜ੍ਹ ਕੇ ਸੁਣਾਉਂਦੇ ਹਨ :—

'ਗੁਰ ਕਾ ਦਰਸਨ ਦੇਖਿ ਦੇਖਿ ਜੀਵਾਂ ॥'
'ਦਰਸਨ ਦੇਖਿ ਜੀਵਾ ਗੁਰ ਤੇਰਾ ॥
ਪੂਰਨ ਕਰਮ ਹੋਇ ਪ੍ਰਭੁ ਮੇਰਾ ॥' *(ਸੂਹੀ ੫)*

ਜਾਂ

'ਦਰਸਨ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ।' *(ਸੂਈਏ ਮਹਲੇ ਦੂਜੇ ਕੇ)*

ਇਸੇ ਤਰ੍ਹਾਂ ਗੁਰੂ ਦਾ ਧਿਆਨ ਕਰਨ ਦਾ ਵਿਧਾਨ ਹੈ :—

ਗੁਰ ਕੀ ਮੂਰਤਿ ਮਨ ਮਹਿ ਧਿਆਨੁ
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ (ਗੌਂਡ ੫)

ਇਨ੍ਹਾਂ ਤੁਕਾਂ ਦੇ ਅਰਥ ਵੀ ਉਹ ਆਪਣੇ ਦੇਹਧਾਰੀ ਗੁਰੂ—ਵਿਅਕਤਿਤਵ ਵਲ ਲਾਉਂਦੇ ਹਨ ਜੋ ਬਿਲਕੁਲ ਅਸੰਗਤ ਹਨ। ਕਿਉਂਕਿ ਸਤਿਗੁਰਾਂ ਗੁਰੂ ਨੂੰ ਹਰ ਥਾਂ ਸਰਬ ਵਿਆਪਕ ਹਸਤੀ ਦੇ ਰੂਪ ਵਿਚ ਚਿਤ੍ਰਿਆ ਹੈ :—

'ਸਤਿਗੁਰ ਮੇਰਾ ਸਦਾ ਹੈ, ਨ ਆਵਹਿ ਨ ਜਾਇ
ਉਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ ॥ (ਸੂਹੀ ੫)
'ਸਫਲ ਮੂਰਤਿ ਗੁਰਦੇਉ ਸੁਆਮੀ, ਸਰਬ ਕਲਾ ਭਰਪੂਰੇ
ਨਾਨਕ ਗੁਰ ਪਾਰਬ੍ਰਹਮੁ ਪਰਮੇਸਰੁ, ਸਦਾ ਸਦਾ ਹਜੂਰੇ ॥ (ਬਿਲਾਵਲ ੫)

ਸੋ ਇਹ ਗੁਰੂ ਇਕ ਵਿਅਕਤੀ ਨਹੀਂ, ਦੇਹਧਾਰੀ ਤਾਂ ਬਿਲਕੁਲ ਨਹੀਂ ਹੋ ਸਕਦਾ ਕਿਉਂਕਿ ਉਹ ਸਰਬ ਵਿਆਪਕ ਅਮਰ ਜੋਤਿ ਨਹੀਂ। ਦੇਹ ਨੂੰ ਪਾਣੀ ਡੋਬ ਸਕਦਾ ਹੈ, ਅੱਗ ਜਾਲ ਸਕਦੀ ਹੈ ਤੇ ਮਿਟੀ ਮਿਟੀ ਕਰ ਸਕਦੀ ਹੈ ਲੇਕਿਨ ਜੋਤਿ ਇਨ੍ਹਾਂ ਮਾਰਾਂ ਤੋਂ ਉਪਰ ਹੈ। ਇਸ ਕਰਕੇ ਉਸ ਦਾ ਦਰਸ਼ਨ ਜਾਂ ਧਿਆਨ ਕਿਸੇ ਦੇਹ ਦਾ ਦਰਸ਼ਨ ਨਹੀਂ। ਜੇ ਇਸ ਤਰ੍ਹਾਂ ਦੇ ਸਥੂਲ ਦਰਸ਼ਨ ਦੀ ਅਭਿਲਾਸ਼ਾ ਵੀ ਹੋਵੇ ਤਾਂ ਇਹ ਸੰਗਤ ਰੂਪ ਵਿਚ ਕੀਤੀ ਜਾ ਸਕਦੀ ਹੈ। ਇਸੇ ਕਰਕੇ ਹੁਕਮ ਹੈ :

'ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥'

ਗੁਰੂ ਕੀ ਸੇਵਾ

ਦੇਹਧਾਰੀ ਗੁਰੂ ਕਹਾਉਣ ਵਾਲੇ ਇਹ ਕਹਿੰਦੇ ਹਨ ਕਿ ਗੁਰੂ ਦੀ ਸੇਵਾ ਕਰੋ, ਉਸਨੂੰ ਪੱਖਾ ਝੱਲੋ ਤੇ ਉਸ ਲਈ ਪਾਣੀ ਢੋਵੋ ਤਾਂ ਇਹ ਸਾਰੀਆਂ ਗੱਲਾਂ ਤਾਂ ਹੀ ਸੰਭਵ ਹਨ ਜੇ ਗੁਰੂ ਦੇਹਧਾਰੀ ਹੋਵੇ ਵਰਨਾ ਉਸਨੂੰ ਪੱਖਾ ਕਿਵੇਂ ਝੱਲਿਆ ਜਾ ਸਕਦਾ ਹੈ ਜਾਂ ਉਸਦੀ ਅਜੇਹੀ ਸੇਵਾ ਕਿਵੇਂ ਕੀਤੀ ਜਾ ਸਕਦੀ ਹੈ। ਦਰਅਸਲ ਸੇਵਾ ਦਾ ਅਰਥ ਗੁਰੂ ਦੀ ਆਗਿਆ ਵਿਚ ਚਲਣਾ ਹੈ, ਹਰ ਕੰਮ ਉਸਦੀ ਇਛਾ ਅਨੁਸਾਰ ਕਰਨਾ ਹੈ। ਗੁਰਵਾਕ ਹੈ :—

ਗੁਰੂ ਕੀ ਟਹਲ ਗੁਰੂ ਕੀ ਸੇਵਾ, ਗੁਰੂ ਕੀ ਆਗਿਆ ਬਾਣੀ ॥ (ਸੋਰਠਿ ੫)

ਸੋ ਜੇ ਹੁਣ ਬਿਜਲੀ ਦੇ ਪੱਖੇ ਲਗ ਗਏ ਤੇ ਪਾਣੀ ਲਈ ਟੂਟੀਆਂ ਦਾ ਪਰਬੰਧ ਹੋ ਗਿਆ ਤਾਂ ਸ਼ਰਧਾਲੂਆਂ ਲਈ ਜ਼ਰੂਰੀ ਨਹੀਂ ਕਿ ਉਹ ਦੇਸੀ ਪੱਖੇ ਲੈ ਕੇ ਗੁਰੂ ਦੇ ਦੁਆਲੇ ਆ ਹੋਣ। ਫਿਰ ਗੁਰੂ ਦੀ ਸੇਵਾ ਤਾਂ ਆਮ ਲੋਕਾਂ ਦੀ ਸੇਵਾ ਹੈ, ਜੋ ਆਮ ਲੋਕਾਂ ਦੀ ਸੇਵਾ ਨਹੀਂ ਕਰਦਾ ਉਹ ਗੁਰ ਸੇਵਾ ਤੋਂ ਸੱਖਣਾ ਹੀ ਹੈ। 'ਸਤਿਗੁਰ ਪ੍ਰੀਤਿ ਗੁਰ ਸਿਖ ਮੁਖਿ ਪਾਇ।' ਕਿਸੇ ਖਾਸ ਦੇਹਧਾਰੀ ਨੂੰ ਪੱਖਾ ਝੱਲਣਾ ਜਾਂ ਉਸਦੀ ਖੁਸ਼ਨੂਦੀ ਲਈ ਮੁੱਠੀ ਚਾਪੀ ਕਰਨਾ ਕੋਈ ਸੇਵਾ ਨਹੀਂ, ਇਹ ਸ਼ਖਸੀ ਪੂਜਾ ਹੈ ਤੇ ਐਸੀ ਸੇਵਾ ਤੋਂ ਸਗੋਂ ਵਰਜਿਆ ਗਿਆ ਹੈ :—

'ਜਿਸਦੀ ਸੇਵਾ ਕੀਤੀ ਫਿਰ ਲੇਖਾ ਮੰਗੀਐ, ਸਾ ਸੇਵਾ ਅਉਖੀ ਹੋਈ ॥
ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ, ਫਿਰਿ ਲੇਖਾ
ਮੰਗੈ ਨ ਕੋਈ ॥ (ਗਉੜੀ ੫)

ਭਾ. ਗੁਰਦਾਸ ਦਾ ਕਥਨ ਹੈ :—

'ਸਤਿਗੁਰ ਸਾਹਿਬ ਛਡ ਕੈ, ਮਨਮੁਖਿ ਹੋਇ ਬੰਦੇ ਦਾ ਬੰਦਾ ॥'

ਦੇਹਧਾਰੀ ਦੀ ਸੇਵਾ ਤਾਂ ਬਿਲਕੁਲ ਹੀ ਹਾਨੀਕਾਰਕ ਦੱਸੀ ਹੈ :—

ਇਹ ਸਰੀਰ ਹੈ ਤ੍ਰੈ ਗੁਣ ਧਾਤੁ। ਇਸਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸ ਮਾਈ ਨ ਬਾਪੁ। ਵਿਚਹੁ ਚੂਕੈ ਤ੍ਰਿਸਨਾ ਅਰੁ ਆਪੁ ॥ (ਪ੍ਰਭਾਤੀ ੧)

ਇਹ ਵਿਅਕਤੀਗਤ ਸੇਵਾ ਦੀ ਥਾਂ ਸੰਗਤ ਦੀ ਟਹਿਲ ਦਾ ਬਾਰ ਬਾਰ ਆਦੇਸ਼ ਹੈ ਕਿਉਂਕਿ ਸੰਗਤ ਵਿਚ ਆਪ ਪਰਮੇਸਰ ਵਸਦਾ ਹੈ ਤੇ ਸੰਗਤ ਦੀ ਜਾਂ ਖਲਕਤ ਸੇਵਾ ਸੱਚੀ ਰੱਬੀ ਸੇਵਾ ਜਾਂ ਗੁਰੂ ਸੇਵਾ ਹੈ।

ਚਰਣ ਕਮਲ

ਗੁਰਬਾਣੀ ਤੇ ਹੋਰ ਰਹੱਸਵਾਦੀ ਰਚਨਾਂ ਵਿਚ 'ਚਰਣ ਕਮਲ' ਦਾ ਜ਼ਿਕਰ ਆਮ ਆਉਂਦਾ ਹੈ। ਦੇਹਧਾਰੀ ਸਿਧਾਂਤ ਦੇ ਹਾਮੀ ਇਹ ਕਹਿੰਦੇ ਹਨ ਕਿ ਚਰਣ ਤਾਂ ਦੇਹਧਾਰੀ ਦੇ ਹੀ ਹੋ ਸਕਦੇ ਹਨ ਜੇ ਦੇਹਧਾਰੀ ਨ ਮੰਨੀਏ ਤਾਂ ਫਿਰ ਕਿਸਦੇ ਚਰਣ ਕਮਲਾਂ ਦਾ ਧਿਆਨ ਧਰਿਆ ਜਾ ਸਕੇਗਾ। ਸਭ ਤੋਂ ਪਹਿਲਾਂ ਇਹ ਵਿਚਾਰਨਾ ਜ਼ਰੂਰੀ ਹੈ ਕਿ ਧਾਰਮਕ ਮੰਡਲ ਵਿਚ ਇਸ ਸੰਕੇਤ ਦਾ ਕੀ ਭਾਵ ਹੈ। ਕੀ ਇਹ ਰੱਬ ਦੇ ਪੈਰ ਹਨ ਜਾਂ ਕਿਸੇ ਦੇਹਧਾਰੀ ਦੇ ਪੈਰ ਹਨ? ਪਹਿਲੇ ਇਸਦੀ ਵਰਤੋਂ ਤੇ ਪ੍ਰਭਾਵ ਦਾ ਨਕਸ਼ਾ ਸਨਮੁਖ ਲੈ ਆਈਏ :—

'ਕਬੀਰ ਚਰਨ ਕਮਲ ਦੀ ਮਉਜ ਕੋ, ਕਹਿ ਕੈਸੇ ਅਨੁਮਾਨ
ਕਹਬੇ ਕਉ ਸੋਭਾ ਨਹੀਂ, ਦੇਖਾ ਹੀ ਪਰਵਾਨ ॥ (ਸਲੋਕ ਕਬੀਰ)
'ਰਾਜ ਨ ਚਾਹਉ ਮੁਕਤਿ ਨ ਚਾਹਉ, ਮਨ ਪ੍ਰੀਤਿ ਚਰਣ ਕਮਲਾਰੇ ॥
(ਦੇਵ ਗੰਧਾਰੀ ੫)
ਚਰਣ ਕਮਲ ਸੰਗਿ ਪ੍ਰੀਤਿ ਕਲਮਲ ਪਾਪ ਟਰੇ ॥ (ਆਸਾ ੫)
ਚਰਣ ਕਮਲ ਹਿਰਦੈ ਵਸਹਿ, ਸੰਕਟ ਸਭ ਖੋਵੈ ॥ (ਵਾਰ ਗਉੜੀ ੫)

ਕਈ ਥਾਂ ਚਰਨਾਂ ਨੂੰ ਪਾਰ ਉਤਾਰਨ ਵਾਲਾ ਜਹਾਜ਼ ਕਿਹਾ ਹੈ :

ਚਰਣ ਕਮਲ ਬੋਹਿਥ ਭਏ, ਲਗਿ ਸਾਗਰੁ ਤਰਿਓ ਤੇਹ ॥ (ਆਸਾਵਰੀ ੫)
ਚਰਣ ਪ੍ਰਭੂ ਕੇ ਬੋਹਿਥੁ ਪਾਏ, ਭਵ ਸਾਗਰ ਪਾਰਿ ਪਰਾਹੀ ॥ (ਬਿਲਾਵਲ ੫)

ਪਹਿਲੀ ਗੱਲ ਤਾਂ ਇਹ ਜੇ ਪਰਮੇਸਰ ਹੀ ਗੁਰੂ ਹੈ, ਕੀ ਉਸਦੇ ਚਰਣ ਹਨ ? ਕੀ ਉਸਦੇ ਸਾਂਡੇ ਵਾਂਙ ਹੋਰ ਇੰਦ੍ਰਯ ਵੀ ਹਨ ? ਇਸ ਦਾ ਜਵਾਬ ਸਰਗੁਣਵਾਦੀ ਮਾਨਤਾ ਦਾ ਖੰਡਨ ਕਰਦਿਆਂ ਸਤਿਗੁਰਾਂ ਖੁਦ ਹੀ ਦਿੱਤਾ ਹੈ ਕਿ ਉਸਦੇ ਸਾਡੇ ਵਾਂਙ ਦੋ ਨੈਣ ਜਾਂ ਦੋ ਪੈਰ, ਕੰਨ, ਨੱਕ ਆਦਿ ਬਿਲਕੁਲ ਨਹੀਂ ਕਿਉਂਕਿ ਉਹ ਜਨਮ ਮਰਨ ਜਾਂ ਦੇਸ ਕਾਲ ਵਿਚ ਆਉਣ ਵਾਲੀ ਸੀਮਤ ਹਸਤੀ ਨਹੀਂ।

'ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ; ਸਹਸ ਮੂਰਤਿ ਨਨਾ ਏਕ ਤੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨ, ਸਹਸ ਤਵ ਗੰਧ ਇਵ ਚਲਤ ਮੋਹੀ। (ਧਨਾਸਰੀ ੧)

ਪੰਚਮ ਪਾਤਸਾਹ ਲਿਖਦੇ ਹਨ :—

'ਸਰਬ ਭੂਤ ਆਪਿ ਵਰਤਾਰਾ। ਸਰਬ ਨੈਨ ਆਪਿ ਪੇਖਨਹਾਰਾ ॥
(ਗਉੜੀ ਸੁਖਮਨੀ ੫)

ਜੇ ਰੱਬ ਦੇ ਪੈਰ ਹੈ ਨਹੀਂ ਤਾਂ ਇਥੇ 'ਚਰਣ ਕਮਲ' ਦਾ ਕੀ ਭਾਵ ਹੈ। ਕੀ ਕਿਸੇ ਬੰਦੇ ਦੇ ਪੈਰ ਇਸ ਕਿਸਮ ਦੇ ਜਹਾਜ਼ ਦਾ ਕੰਮ ਕਰ ਸਕਦੇ ਹਨ ਜੋ ਲੱਖਾਂ ਲੋਕਾਂ ਨੂੰ ਪਾਰ ਉਤਾਰ ਸਕਣ। ਸੰਤਾਂ ਭਗਤਾਂ ਜਿਨ੍ਹਾਂ ਚਰਣ ਕਮਲਾਂ ਦੀ ਮੋਜ ਤੇ ਆਨੰਦ ਦੀ ਚਰਚਾ ਕੀਤੀ ਹੈ ਕੀ ਉਹ ਕੋਈ

ਹੱਡ ਚੰਮ ਦਾ ਹੀ ਅੰਗ ਹੈ ? ਸਾਡਾ ਜਵਾਬ ਹੈ ਬਿਲਕੁਲ ਨਹੀਂ, ਇਥੇ ਚਰਣ ਕਮਲ ਦੇ ਕੋਸ਼ੀ ਅਰਥ—ਪੈਰ ਕਰਨੇ ਹਰਗਿਜ ਉਚਿਤ ਨਹੀਂ, ਧਾਰਮਕ ਖੇਤਰ ਦੀ ਆਪਣੀ ਸ਼ਬਦਾਵਲੀ ਹੈ ਤੇ ਉਸਦੇ ਆਪਣੇ ਹੀ ਅਰਥ ਭਾਵ ਹਨ। ਇਨ੍ਹਾਂ ਤੋਂ ਜੋ ਦੇਹਧਾਰੀ ਗੁਰੂ ਦੇ ਪੈਰਾਂ ਦਾ ਤਾਤਪ੍ਰਯ ਕੱਢਦੇ ਹਨ ਉਹ ਸਰਾਸਰ ਜਗਿਆਸੂਆਂ ਨੂੰ ਧੋਖਾ ਦੇਣ ਵਾਲੀ ਗੱਲ ਹੈ। ਦਰਅਸਲ ਪਰਮੇਸਰ ਦੀ ਅਗਮ ਅਗੋਚਰ ਹਸਤੀ ਲਖਣ ਵਿਚ ਨਹੀਂ ਆ ਸਕਦੀ। ਜਗਿਆਸੂ ਉਸ ਲਈ ਤਾਂਘ ਜ਼ਰੂਰ ਰੱਖਦਾ ਹੈ ਪਰ ਉਹ ਆਪਣੀ ਬੇਬਸੀ ਵੀ ਪਰਗਟ ਕਰਦਾ ਹੈ :—

ਹਮ ਨੀਵੀ ਪ੍ਰਭੁ ਅਤਿ ਊਚਾ, ਕਿਉ ਕਰਿ ਮਿਲਿਆ ਜਾਏ ਰਾਮ ॥

ਇਸ ਅਵਸਥਾ ਵਿਚ ਉਹ ਆਪਣੇ ਇਸ਼ਟ ਦੇ ਮਸਤਕ ਜਾਂ ਹੱਥ ਨੂੰ ਛੂਹਣ ਦੀ ਸਮਰਥਾ ਤਾਂ ਰਖਦਾ ਨਹੀਂ, ਇਸ ਕਰਕੇ ਸ਼ਰਧਾਲੂ ਪੁਰਸ਼ ਸਭ ਤੋਂ ਨਿਮਨ ਅੰਗ ਚਰਣ ਪਰਸਣ ਦੀ ਲਾਲਸਾ ਕਰਦਾ ਹੈ। ਅਸੀਂ ਵੀ ਜਦੋਂ ਕਿਸੇ ਬਜ਼ੁਰਗ ਦਾ ਸਤਿਕਾਰ ਕਰਦੇ ਹਾਂ ਤਾਂ ਨਿਵ ਕੇ ਉਸਦੇ ਪੈਰਾਂ ਨੂੰ ਹੀ ਹੱਥ ਲਾਉਂਦੇ ਹਾਂ। ਇਸ ਕਰਕੇ ਚਰਣ ਕਮਲ ਦਾ ਭਾਵ ਆਪਣੇ ਉਸ ਮਹਾਨ ਇਸ਼ਟ ਅੱਗੇ ਨਿੰਮ੍ਰਤਾ ਦਾ ਪਰਗਟਾਵਾ ਕਰਨਾ ਹੈ। ਪਿਛੋਂ ਜਾ ਕੇ ਚਰਣ ਕਮਲ' ਰੱਬੀ ਸੱਤਾ ਦਾ ਪ੍ਰਤੀਕ ਬਣ ਗਿਆ ਤੇ ਅਧਿਆਤਮਕ ਮੰਡਲ ਵਿਚ ਰੱਬੀ ਪ੍ਰੀਤ ਦਾ ਵਰਣਨ ਇਸੇ ਸੰਕੇਤ ਦੁਆਰਾ ਕੀਤਾ ਜਾਣ ਲਗਾ।

ਚਰਣ ਕਮਲ ਸਿਉਂ ਪ੍ਰੀਤਿ ਰੀਤਿ ਸੰਤਨ ਮਨ ਆਵਏ ਜੀਉ ॥
ਦੁਤੀਆ ਭੀਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ ॥ *(ਸਿਰੀ ੫)*
ਚਰਣ ਬਿਰਾਜਤ ਸਭਿ ਊਪਰੇ, ਮਿਟਿਆ ਸਗਲਿ ਕਲੇਸ ਜੀਉ ॥
ਆਵਣ ਜਾਵਣ ਦੁਖ ਹਰੇ, ਹਰਿ ਭਗਤਿ ਕੀਆ ਪਰਵੇਸ ਜੀਉ ॥

ਸੋ ਗੁਰਬਾਣੀ ਵਿਚ ਚਰਣ ਕਮਲ ਦਾ ਅਰਥ ਪੈਰ ਨਹੀਂ ਸਗੋਂ ਪਰਮੇਸਰ ਦੀ ਹਸਤੀ ਹੈ ਜਿਸ ਨੂੰ ਸ਼ਰਧਾਵਾਨ ਅੰਤਰ ਆਤਮੇ ਛੂਹ ਕੇ ਆਤਮਕ ਰਸ ਲੈਂਦਾ ਹੈ। ਇਹੋ ਭਾਵ ਗੁਰੂ ਚਰਣਾਂ ਦਾ ਹੈ ਜਿਸਦੀ ਮਧੁਰਤਾ ਬੇਅੰਦਾਜ਼ ਹੈ।

ਮਾਈ ਚਰਣ ਗੁਰ ਮੀਠੇ
ਵਡੈ ਭਾਗ ਦੇਵਹਿ ਪਰਮੇਸਰ, ਕੋਟਿ ਫਲਾ ਦਰਸਨ ਗੁਰ ਡੀਠੇ ॥ *(ਟੋਡੀ ੫)*

ਪਰ ਜਿਸ ਤਰ੍ਹਾਂ ਨਵੇਂ ਦੇਹਧਾਰੀ ਗੁਰੂ ਆਪਣੇ ਸ਼ਰਧਾਲੂਆਂ ਕੋਲੋਂ ਆਪਣੇ ਪੈਰ ਚਟਾਉਂਦੇ ਤੇ ਉਸਦੀਆਂ ਫੋਟੋ ਖਿਚਵਾਉਂਦੇ ਹਨ, ਇਥੇ ਇਨ੍ਹਾਂ ਪੈਰਾ ਦਾ ਜ਼ਿਕਰ ਨਹੀਂ। ਜੇ ਸਥੂਲ ਚਰਨਾਂ ਦਾ ਭਾਵ ਹੀ ਹੁੰਦਾ ਤਾਂ ਕੀ ਹਰ ਇਕ ਦੇ ਆਪਣੇ ਪੈਰ ਮਾੜੇ ਹਨ ਜਿਨ੍ਹਾਂ ਨਾਲ ਸੂਰਬੀਰ ਬਹਾਦਰ ਅੱਗੇ ਵੱਧਦੇ ਅਤੇ ਕਾਇਰ ਭੱਜ ਕੇ ਆਪਣੀ ਜਾਨ ਬਚਾਉਂਦੇ ਹਨ ?

ਚਰਣ ਧੂੜਿ

ਚਰਣ ਕਮਲ ਵਾਂਙ 'ਚਰਣ ਧੂੜਿ' ਸੰਕੇਤ ਵੀ ਬਾਣੀ ਵਿਚ ਅਨੇਕ ਥਾਈਂ ਵਰਤਿਆ ਗਿਆ ਹੈ :

'ਚਰਣ ਧੂੜਿ ਤੇਰੇ ਜਨ ਕੀ ਹੋਵਾਂ...... ॥'

ਜਾਂ

'ਧੂੜੀ ਵਿਚਿ ਲੁਡੰਦੜੀ ਸੋਹਾਂ, ਨਾਨਕ ਤੈ ਸਹ ਨਾਲੇ ॥'

ਇਸ ਦਾ ਭਾਵ ਹਰਗਿਜ਼ ਇਹ ਨਹੀਂ ਕਿ ਕਿਸੇ ਧਾਰਮਕ ਜਗਿਆਸੂ ਨੇ ਕਿਸੇ ਦੇ ਪੈਰਾਂ ਨੂੰ ਲਗੀ ਮਿਟੀ ਨਾਲ ਆਪਣਾ ਆਪ ਲਿਬੇੜਨਾ ਹੈ ਤੇ ਇਸ ਨੂੰ 'ਅਧਿਆਤਮਕ ਔਸ਼ਧਿ' ਸਮਝਕੇ

ਵਰਤਣਾ ਹੈ ਸਗੋਂ ਚਰਣ ਧੂੜਿ ਤਾਤਪ੍ਰਯ ਇਹ ਹੈ ਕਿ ਪਰਮਾਰਥ ਦੇ ਰਸਤੇ ਤੁਰਨ ਵਾਲੇ ਲਈ ਅਤਿ ਆਜ਼ਿਜ਼ ਹੋਣਾ ਸਭ ਤੋਂ ਪੈਹਲੀ ਸ਼ਰਤ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਉਹ ਹਉਮੈ ਨੂੰ ਤਿਆਗੇ ਤੇ ਆਪਣੇ ਆਪ ਨੂੰ ਹੁਕਮ ਦਾ ਸੇਵਕ ਬਣਾਏ। ਇਸੇ ਭਾਵ ਨੂੰ ਪਰਗਟ ਕਰਨ ਲਈ 'ਚਰਨ ਧੂੜਿ' ਵਾਲੀ ਅਲੰਕਾਰਕ ਸ਼ੈਲੀ ਅਪਣਾਈ ਗਈ ਹੈ। ਜਿਵੇਂ ਕਿ ਗੁਰੂ ਨਾਨਕ ਸਾਹਿਬ ਦਾ ਵਾਕ ਹੈ :

'ਦਾਨ ਮਹਿੰਡਾ ਤਲੀ ਖਾਕੁ ਜਿ ਮਿਲੈ ਤ ਮਸਤਕਿ ਲਾਈਐ ॥

... ...

ਜੇ ਹੋਵੈ ਪੂਰਬ ਲਿਖਿਆ ਤ ਧੂੜਿ ਤਿਨਾ ਦੀ ਪਾਈਐ ॥' *(ਵਾਰ ਆਸਾ ੧)*

ਇਥੇ ਪਰਮੇਸਰ ਦੇ ਰਾਹ ਉੱਤੇ ਚਲਣ ਵਾਲੇ ਮਹਾਨ ਪੁਰਸ਼ਾਂ ਦੀ ਧੂੜਿ ਲੈਣ ਦਾ ਭਾਵ ਉਨ੍ਹਾਂ ਦੀ ਬਖਸ਼ਿਸ ਤੇ ਮਿਹਰ ਦਾ ਪਾਤਰ ਹੋਣਾ ਹੈ ਤਾਂ ਕਿ ਉਨ੍ਹਾਂ ਦੀ ਸੰਗਤ ਸਦਕਾ ਰੱਬੀ ਮਾਰਗ ਉੱਤੇ ਚਲਿਆ ਜਾ ਸਕਦੇ। ਇਸ ਕਰਕੇ ਇਹ ਭਾਵਨਾ ਪ੍ਰਗਟਾਉਣ ਲਈ ਬਾਰ ਬਾਰ ਐਸੀ ਬੇਨਤੀ ਕੀਤੀ ਗਈ ਹੈ।

'ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ
ਨਾਨਕ ਦਾਸ ਇਹੈ ਸੁਖ ਮਾਂਗੈ, ਮੋਕਉ ਕਰ ਸੰਤਨ ਕੀ ਧੂਰੇ ॥ *(ਗਉੜੀ ੫)*
ਕਹੁ ਨਾਨਕ ਪ੍ਰਭ ਲੋਚਾ ਪੂਰਿ। ਸੰਤ ਜਨਾ ਕੀ ਬਾਂਛਉ ਧੂਰਿ ॥ *(ਤਿਲੰਗ ੫)*

ਕਈ ਥਾਂ ਇਸ ਚਰਣ-ਧੂੜਿ ਨੂੰ ਤੀਰਥਾਂ ਨਾਲੋਂ ਵੀ ਵਧ ਪਵਿਤਰ ਕਿਹਾ ਹੈ। ਇਕ ਥਾਂ ਇਹ ਖਿਆਲ ਵੀ ਦਿੱਤਾ ਹੈ ਕਿ ਤੀਰੱਥ ਭਲੇ ਭੁਰਸ਼ਾਂ ਦੀ ਚਰਨ ਧੂੜਿ ਨੂੰ ਤਰਸਦੇ ਹਨ ਤਾਂ ਕਿ ਉਨ੍ਹਾਂ ਦੀ ਮੈਲ ਦੂਰ ਹੋ ਸਕੇ।

'ਜਨ ਪਾਰਬ੍ਰਹਮ ਜਾਕੀ ਨਿਰਮਲ ਮਹਿਮਾ, ਜਨ ਕੇ ਚਰਣ ਤੀਰਥ ਕੋਟਿ ਗੰਗਾ ॥
ਜਨ ਕੀ ਧੂਰਿ ਕੀਓ ਮਜਨੁ ਨਾਨਕ, ਜਨਮ ਜਨਮ ਦੇ ਹਰੇ ਕਾਲੰਗਾ ॥'
(ਬਿਲਾਵਲ ੫)

'ਗੰਗਾ ਜਮਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮ ਧੂਰਿ ਸਾਧੂ ਕੀ ਤਾਈ ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚ, ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥
'(ਮਲਾਰ ੪)

ਸੋ ਇਹ ਸਭ ਅਲੰਕਾਰ ਬਿਆਨ ਹਨ, ਜਿਨ੍ਹਾਂ ਦਾ ਭਾਵ ਇਤਨਾ ਹੀ ਹੈ ਕਿ ਭਗਤੀ ਕਰਨ ਵਾਲੇ ਮਹਾਂ ਪੁਰਸ਼ ਆਦਰ ਲਾਇਕ ਹਨ, ਉਨ੍ਹਾਂ ਦੀ ਸੰਗਤ ਜਾਂ ਉਨ੍ਹਾਂ ਦੀ ਕ੍ਰਿਪਾ ਦ੍ਰਿਸਟੀ ਪਾਰ ਉਤਾਰੇ ਦਾ ਸਾਧਨ ਬਣਦੀ ਹੈ।

ਜੇ ਅਸੀਂ ਇਥੇ ਅੱਖਰੀ ਅਰਥ ਹੀ ਲਈਏ ਜਿਵੇਂ ਕਿ ਦੇਹਧਾਰੀ ਗੁਰੂਆਂ ਤੇ ਸੰਤਾਂ ਮਹੰਤਾਂ ਦਾ ਸ਼ੋਕ ਹੈ ਤਾਂ ਇਹ ਚਰਣ ਧੂੜਿ ਮਿਲਣੀ ਕਠਿਨ ਹੀ ਹੋਵੇਗੀ ਕਿਉਂਕਿ ਅਜ ਕੱਲ ਦੇ ਪਖੰਡੀ ਗੁਰੂ ਚੰਗੇ ਠਾਠ ਬਾਠ ਨਾਲ ਰਹਿੰਦੇ ਤੇ ਇਥੋਂ ਤਕ ਹਾੜਾਂ ਸਿਆਲਾਂ ਵਿਚ ਵੀ ਜੁਰਾਬਾਂ ਪਾ ਕੇ ਰਖਦੇ ਹਨ ਅਤੇ ਜੇ ਸਫਰ ਕਰਦੇ ਹਨ ਤਾਂ ਵਧੀਆ ਕਾਰਾਂ ਜਾਂ ਹਾਵਈ ਚਹਾਜ਼ਾਂ ਵਿਚ ਹੀ ਵਿਚਰਦੇ ਹਨ। ਇਸ ਹਾਲਤ ਵਿਚ ਇਨ੍ਹਾਂ ਬੇਚਾਰਿਆਂ ਦੇ ਚਰਣਾਂ ਉੱਤੇ ਧੂੜਿ ਪੈਣ ਦਾ ਮੌਕਾ ਹੀ ਨਹੀਂ ਬਣਦਾ ਤੇ ਫਿਰ ਸ਼ਰਧਾਲੂ ਬੇਚਾਰੇ ਇਹ 'ਅਕਸੀਰ' ਕਿਵੇਂ ਪਰਾਪਤ ਕਰ ਸਕਦੇ ਹਨ। ਇਹ ਸ਼ੰਕਾਂ ਅਸਾਂ ਤਾਂ ਕੀਤਾ ਹੈ ਕਿਉਂਕਿ ਦੇਹਧਾਰੀ ਸਿਧਾਂਤ ਨੂੰ ਮੰਨਣ ਵਾਲੇ ਇੰਨ੍ਹਾਂ ਤੁਕਾਂ ਤੋਂ

ਇਹ ਸਿਧ ਕਰਨ ਦਾ ਨਿਰਾਰਥਕ ਜਤਨ ਕਰਦੇ ਹਨ ਕਿ ਦੇਹਧਾਰੀ ਦੇ ਹੀ ਚਰਣ ਹੋ ਸਕਦੇ ਹਨ ਤੇ ਉਨ੍ਹਾਂ ਚਰਣਾਂ ਉੱਤੇ ਹੀ ਧੂੜਿ ਪੈ ਸਕਦੀ ਹੈ ਤੇ ਜੇ ਦੇਹਧਾਰੀ ਗੁਰੂ ਨ ਹੋਵੇ ਤਾਂ ਇਹ ਰਸਾਇਣ ਲੱਭਣੀ ਮੁਸ਼ਕਿਲ ਹੋ ਜਾਵੇ। ਪਰ ਸਾਡੀ ਬੇਨਤੀ ਇਤਨੀ ਹੈ ਕਿ ਗੁਰਬਾਣੀ ਜਾਂ ਹੋਰ ਸੰਤ-ਬਾਣੀ ਵਿਚ ਇਕੱਲੀ ਦੇਹ ਦੀ ਕੋਈ ਮਾਨਤਾ ਨਹੀਂ ਤੇ ਨਾ ਹੀ ਕਿਸੇ ਦੇਹਧਾਰੀ ਦੇ ਚਰਣ ਕਮਲ ਪੂਜਣ ਦੀ ਹਦਾਇਤ ਹੈ। 'ਚਰਣ ਧੂੜਿ' ਦਾ ਭਾਵ ਵੀ ਕਿਸੇ ਦੇ ਪੈਰਾਂ ਨੂੰ ਲਗੀ ਮਿਟੀ ਨਹੀਂ। ਇਨ੍ਹਾਂ ਸੰਕੇਤਾ ਦੇ ਧਰਮ-ਖੇਤਰ ਵਿਚ ਕੁਝ ਵਿਸ਼ੇਸ਼ ਭਾਵ ਹਨ ਤੇ ਉਹੋ ਭਾਵ ਲੈਣੇ ਤਰਕਸੰਗਤ ਹਨ। ਜੇਕਰ ਪੁਠੇ ਪਾਸੇ ਤੁਰ ਕੇ ਤੇ ਪੁਠੇ ਅਰਥ ਕਰ ਕੇ ਅਧਿਆਤਮਕ ਵਿਚ ਦੇਹਵਾਦ ਨੂੰ ਲਿਆ ਕੇ ਬਿਠਾ ਦਿੱਤਾ ਜਾਵੇ ਤਾਂ ਇਹ ਅਧਿਆਤਮਵਾਦ ਦਾ ਸਰਬਨਾਸ਼ ਹੋਵੇਗਾ।

ਅਧਿਆਤਮਵਾਦ ਤਾਂ ਸਰਬਸਾਂਝੀ ਸਚਾਈ ਦਾ ਅਨੁਭਵ ਕਰਾਉਂਦਾ ਹੈ, ਉਹ ਵਿਅਕਤੀ ਦੀ ਥਾਂ ਸਮਸ਼ਟੀ ਦਾ ਪੱਖ ਪੂਰਦਾ ਹੈ। ਅੱਗੇ ਵਿਅਕਤੀਵਾਦ ਨੇ ਹੀ ਤਾਂ ਸਾਰੀਆਂ ਸੰਪ੍ਰਦਾਵਾਂ ਖੜੀਆਂ ਕੀਤੀਆਂ ਹਨ ਤੇ ਵੰਡੀਆਂ ਪਾਈਆਂ ਹਨ। ਈਸਾ ਨੂੰ ਮੰਨਣ ਵਾਲੇ ਈਸਾਈ ਹਨ ਤੇ ਮੂਸਾ ਨੂੰ ਮੰਨਣ ਵਾਲੇ ਮੂਸਾਈ, ਗੋਰਖ ਨੂੰ ਧਿਆਉਣ ਵਾਲੇ ਗੋਰਖਪੰਥੀ ਹਨ ਤੇ ਕਬੀਰ ਜਾਂ ਦਾਦੂ ਨੂੰ ਪੂਜਣ ਵਾਲੇ ਕਬੀਰ-ਪੰਥੀ ਜਾਂ ਦਾਦੂ-ਪੰਥੀ। ਪਰ ਗੁਰੂਆਂ ਨੇ ਇਸ ਵਿਅਕਤੀਵਾਦ ਦੇ ਜਾਲ ਨੂੰ ਤੋੜਿਆ ਅਤੇ ਰੱਬੀ ਜੋਤਿ ਨੂੰ ਹੀ ਗੁਰਦੇਵ ਕਰਕੇ ਮੰਨਿਆ, ਪੂਜਿਆ ਤੇ ਆਪਣੇ ਸਿਖਾਂ ਨੂੰ ਵੀ ਨਿਸਚੇ ਕਰਾਇਆ ਕਿ ਪਰਮੇਸਰ ਹੀ ਗੁਰੂ ਹੈ ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ :-

'ਅਪਰੰਪਰ ਪਾਰਬ੍ਰਹਮ ਪਰਮੇਸਰ, ਨਾਨਕ ਗੁਰ ਮਿਲਿਆ ਸੋਈ ਜੀਉ ॥'

ਦੇਹਧਾਰੀ ਪ੍ਰਣਾਲੀ

ਬਾਣੀ ਵਿਚ ਦੇਹਧਾਰੀ ਗੁਰ-ਪ੍ਰਣਾਲੀ ਦਾ ਸਾਫ ਸਾਫ ਖੰਡਨ ਕੀਤਾ ਗਿਆ ਹੈ। ਜੋ ਵੀ ਕੋਈ ਧਾਰਮਕ ਪ੍ਰਪੰਚ ਕਰ ਕੇ ਲੋਕਾਂ ਨੂੰ ਗੁਮਰਾਹ ਕਰਦਾ ਹੈ, ਉਹ ਰੂਹਾਨੀ ਦੁਨੀਆਂ ਵਿਚ ਪਰਵਾਣ ਨਹੀਂ। ਭਗਤ ਕਬੀਰ ਕਹਿੰਦੇ ਹਨ :

'ਗਜ ਸਾਢੇ ਤੈ ਤੈ ਧੋਤੀਆਂ ਤਿਹਰੇ ਪਾਇਨਿ ਤਗ ॥
ਗਲੀਂ ਜਿਨਾਂ ਜਪਮਾਲੀਆਂ, ਲੋਟੇ ਹਥਿ ਨਿਬਗ ॥
ਓਇ ਹਰਿਕੇ ਸੰਤ ਨ ਆਖੀਅਹਿ, ਬਾਨਾਰਸ ਕੇ ਠਗ ॥ (ਆਸਾ)

ਬਾਬਾ ਫਰੀਦ ਦਾ ਬਚਨ ਹੈ :

'ਫਰੀਦਾ ਕੰਨਿ ਮੁਸਲਾ ਸੂਫ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਬਾਹਰਿ ਦਿਸੈ ਚਾਨਣਾ ਦਿਲ ਅੰਧਿਆਰੀ ਰਾਤਿ ॥'

ਗੁਰੂ ਨਾਨਕ ਸਾਹਿਬ ਨੇ ਆਪਣੇ ਜ਼ਮਾਨੇ ਦੇ ਧਾਰਮਕ ਮੋਹਰੀਆਂ ਦਾ ਚਰਚਾ ਕਰਦਿਆਂ ਸਾਫ਼ ਕਿਹਾ ਹੈ ਕਿ ਇਹੋ ਲੋਕ ਸਾਡੇ ਸੰਸਾਰੀ ਤੇ ਰੂਹਾਨੀ ਜੀਵਨ ਨੂੰ ਤਬਾਹ ਕਰਨ ਵਾਲੇ ਹਨ :

ਕਾਦੀ ਕੂੜ ਬੋਲਿ ਮਲੁ ਖਾਇ। ਬ੍ਰਾਹਮਣ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ। ਤੀਨੇ ਓਜਾੜੇ ਕਾ ਬੰਧੁ ॥

(ਧਨਾਸਰੀ ੧)

ਧਾਰਮਕ ਖੇਤਰ ਵਿਚ ਰੂਹਾਨੀ ਪ੍ਰਾਪਤੀ ਤੋਂ ਬਿਨਾਂ ਰੂਹਾਨੀਅਤ ਦਾ ਉੱਚਾ ਦਾਅਵਾ ਕਰਨ ਦਾ ਰਿਵਾਜ ਰਿਹਾ ਹੈ। ਇਸ ਨੂੰ ਗੁਰੂਆਂ ਪਸੰਦ ਨਹੀ ਕੀਤਾ :-

'ਜੋ ਪ੍ਰਿਅ ਮਾਨਹਿ ਤਿਨਕੀ ਰੀਸਾ। ਕੂੜੇ ਮੂਰਖ ਕੀ ਹਾਠੀਸਾ ॥

ਭੇਖ ਦਿਖਾਵਹਿ ਸਚੁ ਨ ਕਮਾਵਹਿ। ਕਹਤੋ ਮਹਲੀ ਮਹਲੁ ਨ ਪਾਵਹਿ ॥

(ਸੂਹੀ ਮ: ੫)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਭਾਰਤ ਦੀ ਧਾਰਮਕ ਅਧੋਗਤੀ ਦਾ ਚਰਚਾ ਕੀਤਾ ਹੈ, ਉਥੇ ਵਡਾ ਕਾਰਣ ਇਹੋ ਦੱਸਿਆ ਹੈ ਕਿ ਵਿਅਕਤੀ-ਪੂਜਾ ਜਾਂ ਦੇਹਧਾਰੀ ਮਾਨਤਾ ਨੇ ਧਰਮ ਦਾ ਅਸਲੀ ਭਾਵ ਗੁਆ ਦਿਤਾ ਤੇ ਆਮ ਅਣਜਾਣ ਲੋਕ ਆਪਣੇ ਆਪਣੇ ਮਤ ਦੇ ਮੋਢੀਆਂ ਦੀ ਹੀ ਪੂਜਾ ਮਾਨਤਾ ਵਿਚ ਲਗ ਗਏ ਤੇ ਅਸਲ ਮਾਲਕ ਨੂੰ ਭੁਲਾ ਬੈਠੇ। ਇਹ ਗੱਲ ਉਨ੍ਹਾਂ ਅਕਾਲ ਪੁਰਖ ਦੇ ਮੂੰਹੋਂ ਅਖਵਾਈ ਹੈ ਕਿ ਕਿਸ ਤਰ੍ਹਾਂ ਕੇਵਲ ਸ਼ਖਸੀ ਪੂਜਾ, ਇਸ ਧਾਰਮਿਕ ਗਿਰਾਵਟ ਦਾ ਕਾਰਨ ਬਣੀ। ਗੁਰੂ ਸਾਹਿਬ ਦੇਸ਼ ਦੀ ਸਾਰੀ ਧਾਰਮਿਕ ਪਰੰਪਰਾ ਦਾ ਚਰਚਾ ਕਰਦੇ ਕਹਿੰਦੇ ਹਨ :

ਜਬ ਪਹਿਲੇ ਹਮ ਸ੍ਰਿਸਟਿ ਬਨਾਈ। ਦਈਤ ਰਚੇ ਦੁਸ਼ਟ ਦੁਖਦਾਈ
ਤੇ ਭੁਜ ਬਲ ਬਵਰੇ ਹ੍ਵੈ ਗਏ। ਪੂਜਤ ਪਰਮ ਪੁਰਖ ਰਹਿ ਗਏ। ੬।
ਤੇ ਹਮ ਤਮਕਿ ਤਨਕ ਮੋ ਖਾਪੇ। ਤਿਨਕੀ ਠਉਰ ਦੇਵਤਾ ਥਾਪੇ
ਤੇ ਭੀ ਬਲ ਪੂਜਾ ਉਰਝਾਏ। ਆਪਨ ਹੀ ਪਰਮੇਸ਼ਰ ਕਹਾਏ। ੭।
ਮਹਾਂਦੇਵ ਅਚਤ ਕਹਾਯੋ। ਬਿਸ਼ਨੁ ਆਪ ਹੀ ਕੋ ਠਹਿਰਾਯੋ
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ। ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ। ੮।
ਤਬ ਸਾਖੀ ਪ੍ਰਭੁ ਅਸ਼ਟ ਬਨਾਏ। ਸਾਖ ਨਮਿਤ ਦੈ ਬੇ ਠਹਿਰਾਏ
ਤੇ ਕਹੈਂ 'ਕਰੋ ਹਮਾਰੀ ਪੂਜਾ'। ਹਰਿ ਬਿਨ ਅਵਰਿ ਨ ਠਾਕੁਰ ਦੂਜਾ। ੯।
ਪਰਮ ਤੱਤ ਕੋ ਜਿਸ ਨ ਪਛਾਨਾ। ਤਿਨ ਕਰਿ ਈਸ਼ਰ ਤਿਨ ਕਹੁ ਮਾਨਾ
ਕੇਤੇ ਸੂਰ ਚੰਦ੍ਰ ਕਹੁ ਮਾਨੈ। ਅਗਨਿਹੋਤ੍ਰ ਕਈ ਪਵਨ ਪ੍ਰਮਾਨੈ। ੧੦।
ਕਿਨਹੂ ਪ੍ਰਭੁ ਪਾਹਨ ਪਹਿਚਾਨਾ। ਨਾਤ ਕਿਤੇ ਜਲ ਕਰਤ ਬਿਧਾਨਾ।
ਕੇਤਕ ਕਰਮ ਕਰਤ ਡਰਪਾਨਾ। ਧਰਮਰਾਜ ਕੋ ਧਰਮ ਪਛਾਨਾ। ੧੧।
ਜੇ ਪ੍ਰਭ ਸਾਖ ਨਮਿਤ ਠਹਿਰਾਏ। ਤੇ ਹਿਆਂ ਆਇ ਪ੍ਰਭੂ ਕਹਿਵਾਏ
ਤਾਂ ਕੀ ਬਾਤ ਬਿਸਰ ਜਾਤੀ ਭੀ। ਅਪਨੀ ਅਪਨੀ ਪਰਤ ਸੋਭ ਭੀ। ੧੨।
ਜਬ ਪ੍ਰਭੁ ਕੋ ਨ ਤਿਨੈ ਪਹਿਚਾਨਾ। ਤਬ ਹਰਿ ਇਨ ਮਨੁਛਨ ਠਹਿਰਾਨਾ
ਤੇ ਭੀ ਬਸ ਮਮਤਾ ਹੁਇ ਗਏ। ਪਰਮੇਸਰ ਪਾਹਨ ਠਹਿਰਏ। ੧੩।
ਤਬ ਹਰਿ ਸਿਧ ਸਾਧ ਠਹਿਰਾਏ। ਤਿਨ ਭੀ ਪਰਮ ਪੁਰਖ ਨਹੀਂ ਪਾਏ।
ਜੇ ਕੋਈ ਹੋਤ ਭਯੋ ਗਜਿ ਸਿਆਨਾ। ਤਿਨ ਤਿਨ ਅਪਨੋ ਪੰਥ ਚਲਾਨਾ। ੧੪।
ਪਰਮ ਪੁਰਖ ਕਿਨਹੂੰ ਨਹ ਪਾਯੋ। ਬੈਰ ਬਾਦ ਅਹੰਕਾਰ ਬਢਾਯੋ
ਪੇਡ ਪਾਤ ਅਪਨ ਤੇ ਜਲੈ। ਪ੍ਰਭੁ ਕੈ ਪੰਥ ਨ ਕੋਊ ਚਲੇ। ੧੫।
ਜਿਨ ਜਿਨ ਤਨਿਕ ਸਿਧ ਕੋ ਪਾਯੋ। ਤਿਨ ਤਿਨ ਅਪਨਾ ਰਾਹੁ ਚਲਾਯੋ
ਪਰਮੇਸਰ ਨ ਕਿਨਹੂੰ ਪਹਿਚਾਨਾ। 'ਮਮ' ਉਚਾਰਤੇ ਭਯੋ ਦਿਵਾਨਾ। ੧੬।
ਪਰਮ ਤੱਤ ਕਿਨਹੂੰ ਨ ਪਛਾਨਾ। ਆਪ ਆਪ ਭੀਤਰਿ ਉਰਝਾਨਾ
ਤਬ ਜੇ ਜੇ ਰਿਖਿਰਾਜ ਬਨਾਏ। ਤਿਨ ਆਪਨ ਪੁਨ ਸਿਮ੍ਰਿਤਿ ਚਲਾਏ। ੧੭।
ਜੇ ਸਿਮ੍ਰਿਤਿਨ ਕੇ ਭਏ ਅਨੁਰਾਗੀ। ਤਿਨ ਤਿਨ ਕ੍ਰਿਆ ਬ੍ਰਹਮ ਕੀ ਤਿਆਗੀ
ਜਿਨ ਮਨ ਹਰਿ ਚਰਨਨ ਠਹਰਾਯੋ। ਸੋ ਸਿਮ੍ਰਿਤਿਨ ਕੇ ਰਾਹ ਨ ਆਯੋ। ੧੮।

ਬ੍ਰਹਮਾ ਚਾਰ ਹੀ ਬੇਦ ਬਨਾਏ। ਸਰਬ ਲੋਕ ਤਿਹ ਕਰਮ ਚਲਾਏ
ਜਿਨ ਕੀ ਲਿਵ ਹਰਿ ਚਰਨਨ ਲਾਗੀ। ਤੇ ਬੇਦਨ ਤੇ ਭਏ ਤਿਆਗੀ। ੧੯।
ਜਿਨ ਮਤ ਬੇਦ ਕਿਤੇਬਨ ਤਿਆਗੀ। ਪਾਰਬ੍ਰਹਮ ਕੇ ਭਏ ਅਨੁਰਾਗੀ
ਤਿਨ ਕੇ ਗੂੜ੍ਹ ਮਤ ਜੇ ਚਲਹੀ। ਭਾਂਤ ਅਨੇਕ ਦੁਖਨ ਸੋ ਦਲਹੀ। ੨੦।
ਜੇ ਜੇ ਸਹਤ ਜਾਤਨ ਸੰਦੇਹਿ। ਪ੍ਰਭ ਕੋ ਸੰਗਿ ਨ ਛੋਡਤ ਨੇਹੁ
ਤੇ ਤੇ ਪਰਮ ਪੁਰੀ ਕਹ ਜਾਹੀ। ਤਿਨ ਹਰਿ ਸਿਉ ਅੰਤਰੁ ਕਛੁ ਨਾਹੀ। ੨੧।
ਜੇ ਜੇ ਜੀਯ ਜਾਤਨ ਤੇ ਡਰੈ। ਪਰਮ ਪੁਰਖ ਤਜਿ ਤਿਨ ਮਗ ਪਰੈ
ਤੇ ਤੇ ਨਰਕ ਕੰਡ ਮੋ ਪਰਹੀ। ਬਾਰ ਬਾਰ ਜਗ ਜੋ ਬਪੁ ਧਰਹੀ। ੨੨।
ਤਬ ਹਰਿ ਬਹੁਰ ਦੱਤ ਉਪਜਾਯੋ। ਤਿਨ ਭੀ ਆਪਨਾ ਪੰਥ ਚਲਾਯੋ
ਕਰ ਮੋ ਨਖ ਸਿਰ ਜਟਾ ਸਵਾਰੀ। ਪ੍ਰਭੁ ਕੀ ਕ੍ਰਿਆ ਨ ਕਛੂ ਬਿਚਾਰੀ। ੨੩।
ਪੁਨਿ ਹਰਿ ਗੋਰਖ ਕੋ ਉਪਰਾਜਾ। ਸਿਖ ਕਰੇ ਤਿਨਹੂੰ ਬਡ ਰਾਜਾ
ਸ੍ਰਵਨ ਫਾਰਿ ਮੁਦ੍ਰਾ ਦੁਐ ਡਾਰੀ। ਹਰਿ ਕੀ ਪ੍ਰੀਤਿ ਰੀਤਿ ਨ ਬਿਚਾਰੀ। ੨੪।
ਪੁਨਿ ਹਰਿ ਰਾਮਾਨੰਦ ਕੋ ਕਰਾ। ਭੇਸ ਬੈਰਾਗੀ ਕੋ ਜਿਨ ਧਰਾ
ਕੰਠੀ ਕੰਠਿ ਕਾਠ ਕੀ ਡਾਰੀ। ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ। ੨੫।
ਜੇ ਪ੍ਰਭੁ ਪਰਮ ਪੁਰਖ ਉਪਜਾਏ। ਤਿਨ ਤਿਨ ਅਪਨੇ ਰਾਹ ਚਲਾਏ
ਮਹਾਦੀਨ ਤਬ ਪ੍ਰਭ ਉਪਰਾਜਾ। ਅਰਬ ਦੇਸ ਕੋ ਕੀਨੋ ਰਾਜਾ। ੨੬।
ਤਿਨ ਭੀ ਏਕ ਪੰਥ ਉਪਰਾਜਾ। ਲਿੰਗ ਬਿਨਾ ਕੀਨੇ ਸਭ ਰਾਜਾ
ਸਭ ਤੇ ਅਪਨਾ ਨਾਮੁ ਜਪਾਯੋ। ਸਤਿਨਾਮੁ ਕਾਹੂੰ ਨ ਦ੍ਰਿੜਾਯੋ। ੨੭।
ਸਭ ਆਪਨੀ ਅਪਨੀ ਉਰਝਾਨਾ। ਪਾਰਬ੍ਰਹਿਮ ਕਾਹੂੰ ਨਾ ਪਛਾਨਾ......

(ਬਚਿਤ੍ਰ ਨਾਟਕ)

ਅਜੇਹੇ ਪਿਛੋਕੜ ਵਿਚ ਗੁਰੂ ਸਾਹਿਬਾਨ ਨੇ 'ਸ਼ਬਦ ਗੁਰੂ' ਦੇ ਸਿਧਾਂਤ ਦੀ ਸਿਰਜਣਾ ਕੀਤੀ ਤੇ ਦੋ; ਸੌ ਵਰ੍ਹੇ ਲਾ ਕੇ ਸਿਖ ਸੰਗਤ ਨੂੰ ਇਹ ਦ੍ਰਿੜ੍ਹਾਇਆ ਕਿ ਗੁਰੂ ਅਮਰ ਰੱਬੀ ਜੋਤ ਹੈ, ਜੋ ਸ਼ਬਦ ਰੂਪ ਵਿਚ ਮੂਰਤੀਮਾਨ ਹੈ। ਅਧਿਆਤਮਕ ਗਿਆਨ ਹੀ ਮਨੁੱਖ ਦਾ ਗੁਰੂ ਹੈ, ਇਸੇ ਨਾਲ ਜ਼ਿੰਦਗੀ ਦਾ ਪਾਰਉਤਾਰਾ ਹੋ ਸਕਦਾ ਹੈ।

ਸੋ ਸਾਰੀ ਮਨੁੱਖ ਜਾਤੀ ਇਕ ਹੈ ਤੇ ਇਸਦਾ ਗੁਰਦੇਵ ਵੀ ਇਕ ਹੀ ਹੈ, ਇਸੇ ਦੀ ਪੂਜਾ ਦੀ ਤਾਕੀਦ ਬਾਰ ਬਾਰ ਕੀਤੀ ਗਈ ਹੈ :

ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕ ਜੋਤਿ ਜਾਨਬੋ ॥ *(ਅਕਾਲ ਉਸਤਤਿ)*

ਇਹੋ ਗੁਰਦੇਵ ਦੀ ਪਰਮ ਜੋਤਿ ਨਾਮ ਹੈ ਜਿਸ ਦੀ ਮਹਿਮਾ ਗਾਈ ਗਈ ਹੈ ਤੇ ਇਸੇ ਨਾਮ ਨੂੰ ਹੁਕਮ, ਸ਼ਬਦ ਜਾਂ ਬਾਣੀ ਆਦਿ ਅਨੇਕ ਸੰਕੇਤਾਂ ਨਾਲ ਯਾਦ ਕੀਤਾ ਗਿਆ ਹੈ ਤੇ ਇਹੋ ਗੁਰੂ ਹੈ। ਚੂੰਕਿ ਬਾਣੀ ਉਸੇ ਨਾਮ ਦਾ ਵਖਿਆਣ ਹੈ ਤੇ ਉਸ ਨਾਲ ਅਭੇਦ ਹੋਣ ਦੀ ਸੋਧ ਦਿੰਦੀ ਹੈ, ਇਸ ਕਰਕੇ ਗੁਰੂ ਕਹਿ ਕੇ ਸਤਿਕਾਰੀ ਗਈ ਹੈ। ਸਤਿਗੁਰਾਂ ਦਾ ਇਹ ਅੰਤਮ ਫੈਸਲਾ ਹੈ :

ਇਕਾ ਬਾਣੀ ਇਕ ਗੁਰੂ, ਇਕੋ ਸ਼ਬਦ ਵਿਚਾਰਿ। *(ਸੋਰਠਿ ੩)*

ਕੁਝ ਸੱਜਣ ਇਹ ਵੀ ਇਤਰਾਜ਼ ਕਰਦੇ ਹਨ ਕਿ ਦਸ ਗੁਰੂ ਸਾਹਿਬਾਨ ਦੇਹਧਾਰੀ ਸਨ,

ਹੁਣ ਕਿਉਂ ਨਹੀਂ। ਜੇਕਰ ਧਿਆਨ ਨਾਲ ਦੇਖਿਆ ਜਾਵੇ ਤਾਂ ਦਸ ਗੁਰੂਆਂ ਦੇ ਸਰੀਰ ਨੂੰ ਕਦੀ ਗੁਰੂ ਨਹੀਂ ਕਿਹਾ ਗਿਆ ਸਗੋਂ ਉਨ੍ਹਾਂ ਅੰਦਰ ਜੋ ਜੋਤਿ ਤੇ ਜੁਗਤਿ ਵਰਤਦੀ ਸੀ, ਉਸੇ ਨੂੰ ਗੁਰੂ ਮੰਨਿਆ ਗਿਆ। ਦੂਜੀ ਗੱਲ ਇਹ ਵੀ ਹੈ ਕਿ ਸਤਿਗੁਰਾਂ ਦਸ ਜਾਮਿਆਂ ਰਾਹੀਂ 'ਸ਼ਬਦ ਗੁਰੂ' ਦੇ ਸਿਧਾਂਤ ਦਾ ਹੀ ਪ੍ਰਚਾਰ ਕੀਤਾ। ਜਿਵੇਂ ਕਿ ਕਿਸੇ ਦੀਵਾਰ ਉੱਤੇ ਇਹ ਇਸ਼ਤਿਹਾਰ ਲਿਖਿਆ ਜਾਂਦਾ :

'ਇਥੇ ਇਸ਼ਤਿਹਾਰ ਲਾਉਣਾ ਮਨ੍ਹਾ ਹੈ।

ਭਾਵੇਂ ਇਹ ਵੀ ਇਕ ਪ੍ਰਕਾਰ ਦਾ ਇਸ਼ਤਿਹਾਰ ਹੈ ਪਰ ਹੋਰ ਇਸ਼ਤਿਹਾਰ ਲਾਉਣ ਤੋਂ ਵਰਜਣ ਲਈ ਐਸਾ ਤਰੀਕਾ ਵਰਤਿਆ ਜਾਣਾ ਜ਼ਰੂਰੀ ਸੀ। ਸੋ ਗੁਰੂ ਵੀ ਇਹੋ ਸਿਧਾਂਤ ਸਥਾਪਤ ਕਰਦੇ ਰਹੇ ਕਿ ਕੋਈ ਵਿਅਕਤੀ ਗੁਰੂ ਨਹੀਂ, ਸਗੋਂ ਰੱਬੀ ਜੋਤਿ ਹੀ ਗੁਰੂ ਹੈ ਉਸੇ ਦੇ ਪ੍ਰਕਾਸ਼ ਨਾਲ ਸਾਰੇ ਪ੍ਰਕਾਸ਼ ਹੈ ਤੇ ਬਾਣੀ ਵਿਚ ਉਹੋ ਪ੍ਰਕਾਸ਼ਮਾਨ ਹੈ :-

'ਸ਼ਬਦੁ ਸੂਰ ਜੁਗ ਚਾਰੇ ਅਉਧੂ......

'ਸਬਦੁ ਦੀਪਕੁ ਵਰਤਹਿ ਤਿਹੁ ਲੋਇ ॥'

ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ ਸਿਖ ਸੰਪ੍ਰਦਾਵਾਂ ਵਿਚ ਪ੍ਰਤਿਸ਼ਠਤ ਤੇ ਸਨਮਾਨਤ ਹੈ। ਉਦਾਸੀ, ਨਿਰਮਲੇ, ਸੇਵਾਪੰਥੀ, ਨਿਹੰਗ ਸਿੰਘ, ਬਿਬੇਕੀ, ਬੰਦਈ, ਦੀਵਾਨੇ, ਸੁਥਰਾ ਸ਼ਾਹੀਏ, ਸਤਿਕਰਤਾਰੀਏ ਗਹਿਰ ਗੰਭੀਰੀਏ, ਹੰਦਾਲੀਏ, ਨਿਰੰਕਾਰੀ, ਨਾਮਧਾਰੀ, ਰਾਧਾਸੁਆਮੀ ਆਦਿ—ਸਭੇ ਬਾਣੀ ਦਾ ਸਤਿਕਾਰ ਕਰਦੇ ਹਨ ਤੇ ਇਸ ਦੇ ਪਾਠ ਵਿਚਾਰ ਅਤੇ ਗਾਇਨ ਰਾਹੀਂ ਆਤਮਿਕ ਸ਼ਾਂਤੀ ਲਭਦੇ ਹਨ। ਬਾਵਜੂਦ ਇਸ ਵਰ੍ਹਿਆਂ-ਬਧੇ ਵਰਤਾਰੇ ਦੇ ਕੁਝ ਕੁ ਲੋਕ ਹੁਣੇ ਹੁਣੇ ਇਹ ਕਿੰਤੂ ਕਰਨ ਲਗੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਬਤੌਰ ਗੁਰੂ ਦੇ ਮਾਨਤਾ ਕੇਵਲ ਅਜ ਦੇ ਸਮੇਂ ਦੀ ਪੈਦਾਵਾਰ ਹੈ—ਸਿੰਘ ਸਭਾ ਲਹਿਰ ਨੇ ਇਸ ਦਾ ਪ੍ਰਚਾਰ ਕੀਤਾ। ਅਸੀਂ ਇਥੇ ਬਹਿਸ ਵਿਚ ਨਹੀਂ ਪੈਣਾ ਚਾਹੁੰਦੇ। ਅਜ ਤੋਂ ਦੋ ਤਿੰਨ ਸੌ ਵਰ੍ਹੇ ਪਹਿਲੇ ਲਿਖੀਆਂ ਹੋਈਆਂ ਦੇਸੀ ਬਦੇਸ਼ੀ ਲਿਖਤਾਂ ਦੇ ਪ੍ਰਮਾਣ ਸਪਸ਼ਟ ਦੱਸਦੇ ਹਨ ਕਿ ਇਹ 'ਸ਼ਬਦ ਗੁਰੂ' ਦਾ ਸਿਧਾਂਤ ਗੁਰੂਆਂ ਨੇ ਆਦਿ ਤੋਂ ਹੀ ਪ੍ਰਚਲਤ ਕੀਤਾ ਤੇ ਮੁੱਢ ਤੋਂ ਹੀ ਸਾਰੇ ਗੁਰੂ ਨਾਨਕ-ਨਾਮ ਲੇਵਾ ਬਾਣੀ ਨੂੰ ਗੁਰੂ ਮੰਨਦੇ ਸਨ। ਅਤੇ ਫਿਰ ਰਸਮ ਅਨੁਸਾਰ ਵੀ ਦਸ਼ਮੇਸ਼ ਗੁਰੂ ਜੀ ਨੇ ਆਦਿ ਗ੍ਰੰਥ ਨੂੰ ਗੁਰਿਆਈ ਸੌਂਪ ਕੇ ਅੰਤਮ ਫੈਸਲਾ ਕਰ ਦਿੱਤਾ ਕਿ ਗੁਰਬਾਣੀ ਹੀ ਜੁਗੋ ਜੁਗ ਗੁਰੂ ਹੈ। ਗੁਰੂ ਵਿਅਕਤਿਤ੍ਵ ਦੇ ਦੋ ਪੱਖ ਹਨ ਜੋਤ ਤੇ ਜੁਗਤਿ, ਰੂਹ ਤੇ ਜਿਸਮ। ਰੂਹ ਗੁਰੂ ਗ੍ਰੰਥ ਤੇ ਜਿਸਮ ਪੰਥ ਵਿਚ ਸਾਕਾਰ ਕੀਤਾ ਗਿਆ। ਜੋਤਿ ਸੂਖਮ ਚੀਜ਼ ਸੀ ਇਸ ਨੂੰ ਸੂਖਮ ਅਨੁਭਵ ਨਾਲ ਹੀ ਜਾਣਿਆ ਜਾ ਸਕਦਾ ਸੀ ਲੇਕਿਨ ਜੁਗਤਿ ਦਾ ਵਰਤਾਰਾ ਸਥੂਲ ਰੂਪ ਵਿਚ ਹੋਣ ਕਰਕੇ ਸੌਖਿਆਂ ਸਮਝ ਆ ਸਕਦਾ ਸੀ। ਇਸ ਕਰਕੇ ਸਤਿਗੁਰਾਂ ਜੋਤਿ ਨੂੰ ਗ੍ਰੰਥ ਤੇ ਜੁਗਤਿ ਨੂੰ ਪੰਥ ਰੂਪ ਵਿਚ ਮੂਰਤੀਮਾਨ ਕਰ ਕੇ ਗੁਰਿਆਈ ਨੂੰ ਅੰਤਮ ਰੂਪ ਦਿੱਤਾ। ਭਾਈ ਪ੍ਰਹਿਲਾਦ ਸਿੰਘ ਜੀ ਨੇ ਸਾਫ ਲਿਖਿਆ ਹੈ :

ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਯੋ ਪੰਥ ॥
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓਹਿ ਗ੍ਰੰਥ ॥
ਗੁਰੂ ਖਾਲਸਾ ਮਾਨੀਅਹਿ, ਪਰਗਟ ਗੁਰਾਂ ਕੀ ਦੇਹਿ ॥
ਜੋ ਪ੍ਰਭੂ ਕੋ ਮਿਲਬੋ ਚਹਹਿ, ਖੋਜ ਸਬਦ ਮੈਂ ਲੇਹਿ ॥ *(ਰਹਿਤਨਾਮਾ)*

ਇਥੇ ਸਾਫ ਗੁਰੂ ਗ੍ਰੰਥ ਨੂੰ ਗੁਰੂ ਦੀ ਆਤਮਾ ਤੇ ਗੁਰੂ ਖਾਲਸੇ ਨੂੰ ਗੁਰੂ ਕੀ ਦੇਹ ਕਿਹਾ ਗਿਆ ਹੈ। ਭਾਈ ਚੌਪਾ ਸਿੰਘ ਦੇ ਰਹਿਤਨਾਮੇ ਵਿਚ ਆਇਆ ਬਚਨ ਵੀ ਇਸੇ ਦੀ ਪੁਸ਼ਟੀ ਕਰਦਾ ਹੈ :

'ਪੂਜਾ ਅਕਾਲ ਕੀ
ਪਰਚਾ ਸ਼ਬਦ ਕਾ
ਦੀਦਾਰ ਖਾਲਸੇ ਕਾ।'

ਪਰ ਅਜ ਕਲ ਆਮ ਸੰਗਤਾਂ ਵਿਚ ਇਸ ਦੋਹਰੇ ਦਾ ਪਾਠ ਤੀਜੀ ਤੁਕ ਤੋਂ ਬਦਲ ਗਿਆ ਹੈ। 'ਗੁਰੂ ਖਾਲਸਾ ਮਾਨੀਅਹਿ' ਦੀ ਥਾਂ 'ਗੁਰੂ ਗ੍ਰੰਥ ਜੀ ਮਾਨੀਅਹਿ ਪਰਗਟ ਗੁਰੂ ਕੀ ਦੇਹਿ।' ਆਮ ਪੜਿਆ ਜਾਂਦਾ ਹੈ। ਇਹ ਪੁਰਾਤਨ ਲਿਖਤਾਂ ਅਨੁਸਾਰ ਸਹੀ ਪਾਠ ਨਹੀਂ ਤੇ ਨਾ ਹੀ ਸਿਖ ਸਿਧਾਂਤ ਦੇ ਅਨੁਕੂਲ ਹੈ। ਪੁਰਾਤਨ ਪਾਠ ਵਿਚ ਗੁਰੂ ਗ੍ਰੰਥ ਨੂੰ ਗੁਰੂਜੋਤਿ ਤੇ ਖਾਲਸੇ ਨੂੰ ਗੁਰੂ ਦੀ ਦੇਹ ਕਹਿ ਕੇ ਸਨਮਾਨਿਆ ਹੈ, ਇਹੋ ਠੀਕ ਸੀ, ਇਹੋ ਰਹਿਣਾ ਚਾਹੀਦਾ ਹੈ। ਇਕ ਗੱਲ ਹੋਰ ਦੇਹਧਾਰੀ ਪ੍ਰਥਾ ਦਾ ਅਸੀਂ ਖੁਦ ਖੰਡਨ ਕਰਦੇ ਹਾਂ ਪਰ ਨਾਲ ਹੀ ਜੇ ਆਖੀਏ ਕਿ ਗੁਰੂ ਗ੍ਰੰਥ ਗੁਰੂ ਦੀ ਦੇਹ ਹੈ ਤਾਂ ਇਹ ਠੀਕ ਨਹੀਂ। ਅਸੀਂ ਜੋਤਿ ਦੇ ਪੁਜਾਰੀ ਹਾਂ ਗੁਰੂ ਗ੍ਰੰਥ ਗੁਰੂ ਜੋਤਿ ਹੈ। ਹਾਂ, ਜੇਕਰ ਸਾਡੀ ਸਥੂਲ ਦ੍ਰਿਸ਼ਟੀ ਨੂੰ ਕਿਸੇ ਕਿਸਮ ਦੀ ਤ੍ਰਿਪਤੀ ਦੀ ਲੋੜ ਹੈ ਤਾਂ ਉਹ ਗੁਰੂ ਖ਼ਾਲਸੇ (ਸੰਗਤਿ) ਦੇ ਦੀਦਾਰ ਤੋਂ ਪੂਰੀ ਕੀਤੀ ਜਾ ਸਕਦੀ ਹੈ।

ਇਸ ਤਰ੍ਹਾਂ ਸਿਖ ਸਿਧਾਂਤ ਨੇ ਜ਼ਿੰਦਗੀ ਦੀ ਸਰਬਪੱਖੀ ਦੀ ਸੰਤੁਸ਼ਟਤਾ ਦਾ ਬਾਂਨਣੂ ਬੰਨ੍ਹ ਕੇ ਮਨੁੱਖ ਨੂੰ ਸ਼ਖਸੀ ਪੂਜਾ ਦੇ ਜਾਲ ਤੋਂ ਬਚਾਇਆ ਹੈ। ਲੇਕਿਨ ਜਿਨ੍ਹਾਂ ਲੋਕਾਂ ਦੇਹਧਾਰੀ ਗੁਰੂ ਦੀ ਮਾਨਤਾ ਤੋਂ ਪੂਜਾ ਪ੍ਰਤਿਸ਼ਟਾ, ਪ੍ਰਭੁਤਾ ਤੇ ਪੈਸੇ ਦੀ ਪ੍ਰਾਪਤੀ ਕਰਨੀ ਹੈ, ਉਨ੍ਹਾਂ ਲਈ 'ਸ਼ਬਦ ਗੁਰੂ' ਦਾ ਸਿਧਾਂਤ ਸੁਖਦਾਈ ਪ੍ਰਤੀਤ ਨਹੀਂ ਹੁੰਦਾ ਤੇ ਉਨ੍ਹਾਂ ਵਿਰੋਧ ਲਈ ਕਈ ਕਿਸਮ ਦੇ ਪ੍ਰਚਾਰਾ ਦੀ ਲੜੀ ਚਲਾਈ ਹੋਈ ਹੈ। ਜਿਸ ਦੇ ਵਿਸਤਾਰ ਵਿਚ ਸਾਨੂੰ ਜਾਣ ਦੀ ਲੋੜ ਨਹੀਂ।

ਅਸਾਡਾ ਕਰਤੱਵ ਹੈ ਕਿ ਅਜੇਹੇ ਮੌਕੇ ਤੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਆਤਮਕ, ਧਾਰਮਿਕ, ਦਾਰਸ਼ਨਿਕ ਤੇ ਕਲਾਤਮਕ ਗੌਰਵ ਦੀ ਪਛਾਣ ਕਰੀਏ। ਇਸਦਾ ਸੌਖਾ ਢੰਗ ਇਹ ਵੀ ਹੈ ਕਿ ਇਸ ਬਾਰੇ ਜਿਤਨੇ ਵੀ ਸਿਖਾਂ ਜਾਂ ਗ਼ੈਰ ਸਿਖਾਂ ਜੋ ਕੁਝ ਲਿਖਿਆ ਹੈ, ਉਸ ਨੂੰ ਧਿਆਨ ਨਾਲ ਵਾਚਿਆ ਵਿਚਾਰਿਆ ਜਾਵੇ ਤੇ ਫਿਰ ਆਪਣਾ ਦ੍ਰਿਸ਼ਟੀਕੋਣ ਬਣਾਇਆ ਜਾਵੇ।

ਆਦਿ ਗ੍ਰੰਥ ਜੇਹੇ ਅਦੁਤੀ ਅਧਿਆਤਮਕ ਸਾਗਰ ਬਾਰੇ ਇਹ ਵਿਚਾਰ ਮਾਲਾ ਇਕੱਤਰ ਕੀਤੀ ਗਈ ਹੈ। ਇਹ ਵੱਖ ਵੱਖ ਜ਼ਬਾਨਾਂ ਵਿਚੋਂ ਦੋ ਸੌ ਦੇ ਲਗਭਗ ਵੱਖ ਵੱਖ ਵਿਦਵਾਨਾ ਦੀਆਂ ਵਿਚਾਰ ਟਿਪਣੀਆਂ ਹਨ। ਸੰਪਾਦਕ ਦੀ ਸਭ ਨਾਲ ਪੂਰਨ ਸੰਮਤੀ ਸੰਭਵ ਵੀ ਨਹੀਂ, ਫਿਰ ਵੀ ਹਰ ਇਕ ਲੇਖਕ ਨੇ ਕਿਸੇ ਨਾ ਕਿਸੇ ਵਿਸ਼ੇਸ਼ ਗੁਣ ਵਲ ਸੰਕੇਤ ਕੀਤਾ ਹੈ ਜਿਸ ਨੂੰ ਧਿਆਨ ਗੋਚਰੇ ਕਰਨਾ ਜ਼ਰੂਰੀ ਹੈ। ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼ ਲਿਖਣ ਉਪਰੰਤ ਗੁਰੂ ਗ੍ਰੰਥ ਮਹਿਮਾ ਕੋਸ਼ ਰਚਣ ਦਾ ਮੇਰਾ ਇਹ ਜਤਨ ਇਸੇ ਮਨੋਰਥ ਦੀ ਪੂਰਤੀ ਲਈ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਮਹਤਵ ਆਪਣੇ ਹਿਰਦਿਆਂ ਵਿਚ ਦ੍ਰਿੜ੍ਹ ਕਰ ਸਕੀਏ ਤੇ ਇਸ ਤੋਂ ਪੂਰਨ-ਭਾਂਤ ਅਧਿਆਤਮਕ, ਦਾਰਸ਼ਨਕ ਤੇ ਕਲਾਤਮਕ ਲਾਭ ਉਠਾ ਸਕੀਏ।

ਪੰਜਾਬੀ ਯੂਨੀਵਰਸਿਟੀ
ਪਟਿਆਲਾ
ਦਸੰਬਰ 1982

ਪਿਆਰਾ ਸਿੰਘ ਪਦਮ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼

(੧) ਗੁਰਮੁਖੀ ਭਾਗ

ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼

੧. *ਸ੍ਰੀ ਗੁਰੂ ਸਾਹਿਬਾਨ*

(ੳ) ਪੋਥੀ—

ਪੋਥੀ ਪਰਮੇਸਰ ਕਾ ਥਾਨੁ ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥ [ਸਾਰੰਗ ੫, ੧੨੨੬]
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥ [ਗਉੜੀ ੫, ੧੮੬]
ਥਾਲ ਵਿਚਿ ਤਿੰਨਿ ਵਸਤੂ ਪਈਓ, ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ, ਤਿਸਕਾ ਹੋਇ ਉਧਾਰੋ ॥
ਏਹੁ ਵਸਤੁ ਤਜੀ ਨਹ ਜਾਈ, ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ, ਸਭੁ ਨਾਨਕ ਬ੍ਰਹਿਮ ਪਸਾਰੋ ॥
[ਮੁੰਦਾਵਣੀ ੫, ੧੪੨੯]

(ਅ) ਗੁਰਬਾਣੀ

ਸਭ ਨਾਦ ਬੇਦ ਗੁਰਬਾਣੀ। ਮਨ ਰਾਤਾ ਸਾਰਿੰਗਪਾਣੀ ॥ [ਰਾਮਕਲੀ ੧,੮੭੯]
ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ। ਜਿਨਿ ਪੀਤੀ ਤਿਸ ਮੋਖ ਦੁਆਰੁ ॥
[ਮਲਾਰ ੧,੧੨੭੫]

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾਂ ਪੁਰਖ ਕੀ, ਨਿਜ ਘਰਿ ਵਾਸਾ ਹੋਇ ॥
[ਰਾਮਕਲੀ ਓਅੰਕਾਰ ੧,੬੩੫]

ਅੰਮ੍ਰਿਤ ਬਾਣੀ ਤਤੁਵਖਾਣੀ, ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ, ਸੁਰਤੀ ਕਰਮਿ ਧਿਆਣੀ ॥
[ਵਾਰ ਸਾਰੰਗ ੨,੧੨੪੩]

ਇਕਾ ਬਾਣੀ ਇਕੁ ਗੁਰੁ, ਇਕੋ ਸਬਦੁ ਵੀਚਾਰਿ ॥ [ਵਾਰ ਸੋਰਠਿ ੩,੬੪੬]
ਗੁਰਬਾਣੀ ਇਸ ਜਗ ਮਹਿ ਚਾਨਣੁ, ਕਰਮਿ ਵਸੈ ਮਨਿ ਆਇ ॥ [ਸਿਰੀ ੩,੬੭]
ਸਾਚੀ ਬਾਣੀ ਸੂਚਾ ਹੋਇ। ਗੁਣ ਤੇ ਨਾਮ ਪਰਾਪਤਿ ਹੋਇ ॥ [ਆਸਾ ੩,੩੬੧]
ਊਚੀ ਬਾਣੀ ਊਚਾ ਹੋਇ। ਗੁਰਮੁਖਿ ਸਬਦਿ ਵਖਾਣੈ ਕੋਇ ॥ [ਆਸਾ ੩,੩੬੧]
ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤ ਸਾਰੇ ॥

ਗੁਰਬਾਣੀ ਕਹੈ ਸੇਵਕ ਜਨ ਮਾਨੈ, ਪ੍ਰਤਖੁ ਗੁਰੂ ਨਿਸਤਾਰੇ ॥ [ਨਟ ੪,੯੮੨]
ਸਤਿਗੁਰ ਬਚਨੁ ਬਚਨ ਹੈ ਸਤਿਗੁਰੁ, ਪਾਧਰੁ ਮੁਕਤਿ ਜਨਾਵੈਗੋ ॥
[ਕਾਨੜਾ ੪,੧੩੧੦]
ਅੰਮ੍ਰਿਤ ਬਾਣੀ ਤਤੁ ਹੈ, ਗੁਰਮੁਖਿ ਵਸੈ ਮਨਿ ਆਇ ॥
ਹਿਰਦੈ ਕਮਲੁ ਪਰਗਾਸਿਆ, ਜੋਤਿ ਜੋਤਿ ਮਿਲਾਇ ॥ [ਸਲੋਕ ਵਾਰਾਂ ਤੇ ਵਧੀਕ]
ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ, ਗੁਰਬਾਣੀ ਬਣੀਐ ॥
[ਵਾਰ ਗਉੜੀ ੪,੩੦੪]
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ॥
ਹਰਿ ਕਰਤਾ ਆਪਿ ਮੁਹਹੁ ਕਢਾਏ ॥ [ਵਾਰ ਗਉੜੀ ੪]
ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ ॥ [ਸੋਰਠਿ ੫,੬੨੮]
ਭਗਤਿ ਭੰਡਾਰ ਗੁਰਬਾਣੀ ਲਾਲ। ਗਾਵਤ ਸੁਨਤ ਕਮਾਵਤ ਨਿਹਾਲ ॥
[ਆਸਾ ੫,੩੭੬]
ਅਨਹਦ ਬਾਣੀ ਪੂੰਜੀ। ਸੰਤਨ ਹਥਿ ਰਾਖੀ ਕੂੰਜੀ ॥ [ਰਾਮਕਲੀ ੫,੮੯੩]
ਗੁਰ ਪੂਰੇ ਕੀ ਬਾਣੀ। ਪਾਰਬ੍ਰਹਮ ਮਨਿ ਭਾਣੀ ॥
ਨਾਨਕ ਦਾਸ ਵਖਾਣੀ। ਨਿਰਮਲ ਅਕਥ ਕਹਾਣੀ ॥ [ਸੋਰਠਿ ੫,੬੨੯]
ਅੰਮ੍ਰਿਤ ਬਚਨ ਸਾਧ ਕੀ ਬਾਣੀ ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ, ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥
[ਸੂਹੀ ੫,੭੪੪]
ਬਾਣੀ ਉਚਰਹਿ ਸਾਧ ਜਨ, ਅਮਿਉ ਚਲਹਿ ਝਰਣੇ ॥ [ਵਾਰ ਗਉੜੀ ੫,੩੨੦]

(ੲ) **ਸਬਦ**

ਸਬਦੁ ਗੁਰ ਪੀਰਾ ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ ॥
[ਸੋਰਠਿ ੧,੬੩੫]
ਪਵਨ ਅਰੰਭੁ ਸਤਿ ਗੁਰਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ [ਰਾਮਕਲੀ ੧,੯੪੩]
ਸਬਦ ਸੂਰ ਜੁਗ ਚਾਰੇ ਅਉਧੂ, ਬਾਣੀ ਭਗਤਿ ਵੀਚਾਰੀ ॥ [ਰਾਮਕਲੀ ੧,੯੦੮]
ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ, ਚਹੁ ਦਿਸਿ ਨਾਮ ਪਾਤਾਲੰ ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ, ਕਰਮਿ ਮਿਲੈ ਬੈਆਲੰ ॥ [ਮਲਾਰ ੧,੧੨੭੫]
ਤਿਹੁ ਲੋਕਾ ਮਹਿ ਸਬਦੁ ਰਵਿਆ ਹੈ, ਆਪੁ ਗਇਆ ਮਨੁ ਮਾਨਿਆ ॥
[ਆਸਾ ੧,੩੫੧]
ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥ [ਵਾਰ ਮਲਾਰ ੧]
ਇਸ ਜਗ ਮਹਿ ਸਬਦੁ ਕਰਣੀ ਹੈ ਸਾਰੁ। ਬਿਨੁ ਸਬਦੈ ਹੋਰ ਮੋਹੁ ਗੁਬਾਰੁ ॥
ਸਬਦੇ ਨਾਮੁ ਰਖੈ ਉਰਿ ਧਾਰਿ। ਸਬਦੇ ਗਤਿ ਮਤਿ ਮੋਖ ਦੁਆਰੁ ॥
[ਪ੍ਰਭਾਤੀ ੧,੧੩੪੨]
ਜੋਗ ਸਬਦੰ ਗਿਆਨ ਸਬਦੰ, ਬੇਦ ਸਬਦੰ ਬ੍ਰਾਹਮਣਹ ॥

ਖਤ੍ਰੀ ਸਬਦੰ ਸੂਰ ਸਬਦੰ, ਸੂਦ੍ਰ ਸਬਦੰ ਪ੍ਰਾਕ੍ਰਿਤਹ ॥
ਸਰਬ ਸਬਦੰ ਏਕ ਸਬਦੰ, ਜੇ ਕੋ ਜਾਣਸਿ ਭੇਉ ॥
ਨਾਨਕ ਤਾਕਾ ਦਾਸ ਹੈ, ਸੋਈ ਨਿਰੰਜਨ ਦੇਉ ॥ [ਵਾਰ ਆਸਾ ੨,੪੬੯]
ਸਬਦੁ ਦੀਪਕੁ ਵਰਤੈ ਤਿਹੁ ਲੋਇ। ਜੋ ਚਾਖੈ ਸੋ ਨਿਰਮਲ ਹੋਇ ॥
[ਧਨਾਸਰੀ ੩,੬੬੪]

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤ ਜੜਾਉ ॥
ਸਬਦੁ ਰਤੰਨੁ ਜਿਤੁ ਮਨ ਲਾਗਾ, ਏਹੁ ਹੋਆ ਸਮਾਉ ॥
[ਰਾਮਕਲੀ ਅਨੰਦ ੩,੯੨੦]

ਸਬਦਿ ਮਰਹੁ ਫਿਰ ਜੀਵਹੁ ਸਣ ਹੀ, ਤਾਂ ਫਿਰਿ ਮਰਣੁ ਨ ਹੋਈ ॥
ਅੰਮ੍ਰਿਤ ਨਾਮ ਸਦਾ ਮਨਿ ਮੀਠਾ, ਸਬਦੇ ਪਾਵੈ ਕੋਈ ॥ [ਸੋਰਠਿ ੩,੬੦੪]
ਸਤਿਗੁਰ ਸਬਦਿ ਉਜਾਰੋ ਦੀਪਾ ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲੀ ਅਨੂਪਾ ॥
[ਬਿਲਾਵਲ ੫,੮੨੧]

ਅੰਧਕਾਰੁ ਮਿਟਿਓ ਤਿਹ ਤਨ ਤੇ, ਗੁਰ ਸਬਦਿ ਦੀਪਕੁ ਪਰਗਾਸਾ ॥
ਭ੍ਰਮ ਕੀ ਜਾਲੀ ਤਾਂਕੀ ਕਾਟੀ, ਜਾਂ ਕਉ ਸਾਧਸੰਗਤਿ ਬਿਸ੍ਵਾਸਾ ॥
[ਗਉੜੀ ੫,੨੦੮]

ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ
ਤਾਂ ਤੇਰਾ ਹੋਇ ਨਿਰਮਲ ਜੀਉ ॥ [ਰਾਮਕਲੀ ੫,੮੯੧]
ਜਿਉ ਮੰਦਰ ਕਉ ਥਾਮੈ ਥੰਮਨੁ
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨ ॥ [ਗਉੜੀ ਸੁਖਮਨੀ ੫,੨੮੨]
ਸਿਖਹੁ ਸਬਦ ਪਿਆਰਿਹੁ, ਜਨਮ ਮਰਨ ਕੀ ਟੇਕ ॥
ਮੁਖ ਊਜਲ ਸਦਾ ਸੁਖੀ, ਨਾਨਕ ਸਿਮਰਤ ਏਕ ॥ [ਗਉੜੀ ੫]
ਤਿਚਰੁ ਮੂਲਿ ਨ ਥੁੜੀਂਦੋ, ਜਿਚਰੁ ਆਪਿ ਕ੍ਰਿਪਾਲੁ ॥
ਸਬਦੁ ਅਖੁਟੁ ਬਾਬਾ ਨਾਨਕਾ, ਖਾਇ ਖਰਚਿ ਧਨੁ ਮਾਲੁ ॥
[ਸਲੋਕ ਵਾਰਾਂ ਤੇ ਵਧੀਕ ੫,੧੪੨੬, ਸ੍ਰੀ ਗੁਰੂ ਗ੍ਰੰਥ ਸਾਹਿਬ]

੨. ***ਭਾਈ ਗੁਰਦਾਸ***— ੧੬੩੦ ਈ.

(ੳ) *ਬਾਬਾ ਬੋਲੇ 'ਨਾਥ ਜੀ! ਅਸਾਂ ਵੇਖੇ ਜੋਗੀ ਵਸਤੁ ਨ ਕਾਈ*
*ਗੁਰ ਸੰਗਤਿ ਬਾਣੀ ਬਿਨਾ, ਦੂਜੀ ਓਟ ਨਹੀਂ ਹੈ ਰਾਈ।'*੧।੪੨
ਸਬਦੁ ਗੁਰੂ ਗੁਰ ਵਾਹੁ, ਗੁਰਮੁਖਿ ਪਾਇਆ
ਚੇਲਾ ਸੁਰਤਿ ਸਮਾਹੁ, ਅਲਖੁ ਲਖਾਇਆ। ੩।੪।
ਗੁਰ ਮੂਰਤਿ ਕਰ ਧਿਆਨ, ਸਦਾ ਹਜ਼ੂਰ ਹੈ
ਗੁਰਮੁਖਿ ਸਬਦੁ ਗਿਆਨੁ, ਨੇੜਿ ਨ ਦੂਰਿ ਹੈ। ੩।੧੦
ਗੁਰ ਮੂਰਤਿ ਪੂਰਨ ਬ੍ਰਹਮ, ਅਬਿਗਤਿ ਅਬਿਨਾਸੀ

ਪਾਰਬ੍ਰਹਮ ਗੁਰ ਸਬਦ ਹੈ, ਸਤਸੰਗਿ ਨਿਵਾਸੀ। ੯। ੧
ਗੁਰ ਮੂਰਤਿ ਗੁਰ ਸਬਦ ਹੈ, ਸਾਧਸਸੰਗਤਿ ਵਿਚਿ ਪਰਗਟੀਆਇਆ
ਪੈਰੀਂ ਪਾਇ ਸਭ ਜਗਤ ਤਰਾਇਆ। ੨੪। ੨੫ [ਵਾਰਾਂ ਭਾਈ ਗੁਰਦਾਸ]

(ਅ) ਜੈਸੇ ਫਲ ਮੈਂ ਬਿਰਖ ਬਿਰਖ ਸੇ ਹੋਤ ਫਲ, ਅਦਭੁਤ ਗਤਿ ਕਛ ਕਹਨ ਨ ਆਵੈ ਜੀ ਗੁਰ ਮੈਂ ਸਬਦ ਸਬਦ ਮੈਂ ਸਤਿਗੁਰ ਰਹੈ, ਨਿਰਗੁਨ ਸਗੁਨ ਗਯਾਨ ਧਯਾਨ ਸਮਝਾਵੈ ਜੀ । ੫੩੪।

ਮੋਤੀਆ ਛੰਦ—

(੧) ਸਿੰਮ੍ਰਿਤਿ ਪੁਰਾਨ ਕੋਟਾਨ ਬਖਯਾਨ ਬਹੂ, ਭਾਗਵਤ ਬੇਦ ਬਯਾਕਰਣ ਗੀਤਾ
ਸ਼ੇਸ ਮਰਜੇਸ਼ ਅਖਲੇਸ਼ ਸੁਰਮਹੇਸ਼ ਮੁਨਿ, ਜੁਗਤਿ ਅਰੁ ਭੁਗਤਿ ਸੁਰਿਨਰ
ਅਤੀਤਾ ਗਿਆਨ ਅਰੁ ਧਿਆਨ ਉਨਮਾਨ ਉਨਮਤਿ ਉਕਤ, ਰਾਗ ਨਾਦ ਦਿਜ ਸੁਰ ਮਤਿ ਨੀਤਾ
ਅਰਧ ਲਗ ਮਾਤ੍ਰ ਗੁਰ ਸ਼ਬਦ ਅੱਖਰਮੇਕ, ਅਗਮ ਅਤਿ ਅਗਮ ਅਗਾਧ ਮੀਤਾ। ੫੪੦।
ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ, ਹੰਸ ਮਰ ਜੀਵਾ ਨਿਹਚੈ ਪ੍ਰਸਾਦੁ ਪਾਵਈ
ਜੈਸੇ ਪਰਬਤ ਹੀਰਾ ਮਾਣਕ ਪਾਰਸ ਸਿਧ, ਖਨਵਾਰਾ ਖਨਿ ਜਗ ਬਿਖੈ ਪ੍ਰਗਟਾਵਈ
ਜੈਸੇ ਬਨ ਬਿਖੈ ਮਲਿਆਗਰ ਸੌਧਾ ਕਪੂਰ, ਸੋਸਕੈ ਸੁਬਾਸੀ ਸੁਬਾਸਹਿ ਹਸਾਵਈ
ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈ, ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ। ੫੪੬।
[ਕਬਿੱਤ ਸਵਈਏ ਭਾ. ਗੁਰਦਾਸ]

੩. *ਲਿਖਾਰੀ 'ਗੋਇੰਦਵਾਲ ਵਾਲੀ ਪੋਥੀ'—* ੧੫੯੫ ਈ.

ਏ ਪਾਰਬ੍ਰਹਮ ਪਰਮੇਸਰ!
ਏ ਅਬਿਨਾਸੀ ਪੁਰਖ ਬਾਬਾ ਨਾਨਿਕ!
ਅੰਗਦੁ ਅਮਰਦਾਸੁ ਸਚੇ ਪਾਤਸ਼ਾਹ!
ਮੇਰਾ ਚਿਤੁ ਬਾਣੀ ਬਾਬੇ ਦੀ ਨਾਲਿ ਲਾਇ!
ਏਦੂ ਹੋਰੁ ਉਪਰਿ ਦਾਨ ਕੋਈ ਨਾਹੀ,
ਜਿਸਨੋ ਤੂ ਦੇਹਿ ਤਿਸਨੋ ਮਿਲੈ ਬਾਬਾ ਪਾਤਿਸ਼ਾਹ!
(ਗੋਇੰਦਵਾਲ ਵਾਲੀ ਪੋਥੀ, ਹੱਥ ਲਿਖਤ, ਅਹੀਆਪੁਰ, ਜ਼ਿਲਾ ਹੁਸ਼ਿਆਰਪੁਰ)

੪. *ਕਰਤਾ 'ਸ੍ਰੀ ਸਤਿਗੁਰੂ ਜੀ ਦੇ ਮੁਹੈ ਦੀਆਂ ਸਾਖੀਆਂ ਸੋਲ੍ਹਵੀਂ ਸਦੀ*

ਸਾਖੀ ੨੪

ਮੇਲੁ ਸ਼ਬਦ ਕਾ ਕਰਣਾ। ਜਿਥੈ ਗੁਰੂ ਕਾ ਸ਼ਬਦ ਹੋਵੈ, ਤਿਥੈ ਮਿਲਣਾ
ਜਿਥੈ ਗੁਰੁ ਵਿਸਰੈ, ਤਿਥੈ ਮਿਲਣਾ ਨਾਹੀ। ਗੁਰੂ ਕਾ ਆਖਣਾ ਹੈ।
ਅੰਨ ਬਹੁਤੀ ਭੁਖੈ ਲਗੀ ਜੇਵਣਾ, ਭਰੇ ਉਪਰਿ ਭਰਣਾ ਨਾਹੀ,
ਅੰਨੁ ਛੋਡਣਾ ਭੀ ਨਾਹੀ। ਸਵਣਾ ਤਾਂ ਨੀਂਦ ਬਹੁਤੀ ਆਵੈ,

ਨਿੰਦ੍ਹਾ ਬਿਨਾ ਸਵਣਾ ਨਾਹੀ, ਗਾਫਲੀ ਹੈ, ਦੇਹੀ ਕਉ ਬਹੁਤ
ਦੁਖ ਭੀ ਨਾਹੀ ਦੇਣਾ। ਹਿਕੈ ਤਾਂ ਬਾਣੀ ਹਿਕੈ ਤਾਂ ਗੁਰੂ
ਕੀਆਂ ਗੱਲਾਂ ਕਰਣੀਆਂ। ਹਿਕੈ ਤਾਂ ਕਿਸੈ ਦਿਆਂ
ਬੁਲਾਇਆਂ ਬੋਲਣਾ, ਸਬਦੁ ਗਾਵਣਾ, ਕੂੜ ਨਾਹੀ ਬੋਲਣਾ।
ਜੋ ਇਨ੍ਹਾਂ ਗੱਲਾਂ ਨੋ ਮਨੈ ਨਾਲਿ ਰਖੈਗਾ, ਮਹਾਂ ਪੁਰਖ ਹੋਵੈਗਾ।
ਉਸਕਾ ਲੇਖਾ ਮਨੈ ਨਾਲਿ ਨਿਬੜੈਗਾ। ਉਸਕੇ ਕੁਲ ਕਾ
ਉਧਾਰ ਹੋਵੈਗਾ। ਉਸਕੇ ਸੰਗੀ ਸਗਲੇ ਤਰਹਿਗੇ।
ਗੁਰੂ ਕਾ ਆਖਣਾ ਹੈ।

(ਸ੍ਰੀ ਸਤਿਗੁਰੂ ਜੀ ਦੇ ਮੁਹੈ ਦੀਆਂ ਸਾਖੀਆਂ, ਕੀਰਤਪੁਰ ਸਾਹਿਬ ਵਾਲੀ ਪੋਥੀ ਬੀਬੀ ਰੂਪ ਕੌਰ ਵਾਲੀ ਵਿਚੋਂ, ਪ੍ਰਾਚੀਨ ਪੰਜਾਬੀ ਗੱਦ, ਪੰਨਾ ੮੦-੮੧,
ਸੰਪਾਦਕ-ਪਿਆਰਾ ਸਿੰਘ ਪਦਮ (੧੯੭੮)

੫. *ਬਾਬਾ ਮਿਹਰਵਾਨ—*

(ੳ) ਸਿਮ੍ਰਿਤਿ ਸ਼ਾਸਤ੍ਰ ਵੇਦ ਚਾਰਿ, ਦੇਵਹਿ ਕਰਮ ਬਤਾਇ
ਜੋ ਬੀਜਹਿ ਸੋ ਉਗਵਹਿ, ਜੋ ਦੇਵਹਿ ਸੋ ਖਾਇ
ਸਬਦੁ ਵੀਚਾਰੇ ਤ ਹਰਿ ਰਸ ਪਾਏ, ਦਾਸ ਨਾਨਕ ਹਉਮੈ ਜਾਇ। [ਪੰਨਾ ੧੪੬]
ਕਰਮ ਧਰਮ ਕਰਿ ਨਾਮ ਜਪਿ, ਸਾਚ ਸਬਦ ਕੀ ਰਾਸਿ
ਜਿਨੀ ਲਦੀ ਖੇਪ ਇਹ, ਦਾਸ ਨਾਨਕ ਦਰਿ ਸਾਬਾਸਿ [ਪੰਨਾ ੧੩੯]
ਮਦੁ ਸਬਦੁ, ਸੰਤੋਖੁ ਪਤੁ ਝੋਲੀ ਹਰਿ ਕਉ ਨਾਮੁ
ਦਾਸ ਨਾਨਕ ਸਿੰਙੀ ਤਿਨਾ ਕੀ, ਬਾਜੈ ਅਨਹਦ ਰਾਮੁ। [ਪੰਨਾ ੪੦੯]
ਸਤਿ ਪੁਰਖ ਸਤਿਗੁਰੂ ਕਾ, ਜੁਗੁ ਜੁਗੁ ਏਕੋ ਭੇਸ
ਨਾਨਕ ਦਾਸ ਜਿਸ ਸੰਗਿ ਮਿਲੈ, ਤਿਸ ਸਤਿਗੁਰ ਕੋ ਆਦੇਸ।
[ਪੰਨਾ ੪੦੩, ਗੋਸਟਿ ਗੁਰੂ ਬਾਬੇ ਨਾਨਕ ਜੀ ਕੀ]

(ਅ) ਹਉ ਢਾਢੀ ਹਾਂ ਨੀਚ ਜਾਤਿ, ਤੁਮ ਗਾਇ ਨ ਜਾਣਾ,
ਇਕ ਤਿਲ ਕੀਮ ਨ ਜਾਪਈ, ਕਿਆ ਆਖਿ ਵਖਾਣਾ
ਤੇਰੀ ਗਤਿ ਮਿਤਿ ਨ ਪਵੈ, ਕਿਵ ਤੁਧ ਪਛਾਣਾ
ਪਵਨਿ ਕਬੂਲ ਖਸਮ ਦਰਿ, ਜਿਤੁ ਸਬਦੁ ਨੀਸਾਣਾ
ਸੁਬਾਹੀ ਕਰੀ ਕਲਯਾਣ ਉਠਿ, ਖੈਰ ਦੇਹੁ ਸੁਜਾਣਾ
ਜਨ ਨਾਨਕ ਦੀਜੈ ਦਰਸ ਦਾਨ, ਜਸ ਕਰੀ ਰਬਾਣਾ। ੨੪।
[ਵਾਰ ਤਿਲੰਗ, ਮਹਲਾ ੭ ਪੰਜਾਬੀ ਵਾਰਾਂ, ਪੰਨਾ ੧੨੮,
ਸੰਪਾ—ਪਿਆਰਾ ਸਿੰਘ ਪਦਮ (੧੯੮੦)

੬. *ਭਾਈ ਕੇਸੋਦਾਸ ਬ੍ਰਾਹਮਣ—* ੧੬੫੧ ਈ.

ਸੰਬਤ ੧੭੦੮ ਵੈਸਾਖ ਵਦੀ ਏਕਮ ਨੂੰ ਚਤੁਰਭੁਜ ਪੋਥੀ ਪੂਰੀ ਹੋਈ, ਵਚਨਿ ਸ੍ਰੀ ਗਰੂ ਮਿਹਰਬਾਨ ਦੇ ਲਿਖਾਈ ਜੀ, ਲਿਖੀ ਭਾਈ ਕੇਸੋਦਾਸ ਬ੍ਰਾਹਮਣੁ ਸੇਵਕੁ ਗੁਰੂ ਕਾ, ਪੂਰੀ ਹੋਈ

੫੭੫ ਗੋਸਟੀ ਲਿਖੀਆ, ਗੁਲਾਮੁ ਗੁਲਾਮ ਕਾ, ਸੇਵਕੁ ਸੇਵਕਾਂ ਕਾ, ਸਿਖ ਸਿਖਾਂ ਦਾ ਜਿਨ੍ਹਾਂ ਗੁਰੂ ਪਛਾਤਾ ਹੈ, ਗੁਲਾਮ ਚਤੁਰਭੁਜ ਕਾ ਸਾਸਿ ਸਾਸਿ ਪੈਰੀ ਪਵਣਾ ਵਾਚਣਾ। ਗੁਰੂ ਦੇ ਹੁਕਮ ਨਾਲਿ ਪੋਥੀ ਸੋਧੀ ਅਖਰ ਘਟਦਾ ਵਧਦਾ ਬਖਸ਼ਣਾ।

ਏਹੋ ਦਾਨੁ ਦੇਣਾ—
ਸ੍ਰੀ ਗੁਰੁ ਬਾਬੇਂ ਨਾਨਕੁ ਜੀ ਕਾ ਸਬਦੁ ਅੰਤਰਿ ਵਸੈ ਜੀ। ੧।

(ਗੋਸ਼ਟਿ ਗੁਰੂ ਬਾਬੇ ਨਾਨਕ ਜੀ ਕੀ, ਹੱਥ-ਲਿਖਤ ਖਰੜੇ ਕੀ ਅੰਤਲੀ ਟੂਕ)

੭. ***ਬਾਬਾ ਹਰਿ ਜੀ—*** ੧੬੯੦ ਈ.

(ੳ) ਤਬਿ ਗੁਰੂ ਬਾਬਾ ਨਾਨਕ ਜੀ ਗੁਰੂ ਅੰਗਦ ਕਉ ਸਬਦ ਕੀ ਥਾਪਨਾ ਦੇ ਕਰਿ ਸੰਮਤ ੧੫੯੫ ਅਸੂ ਵਾਦੀ ਦਸਮੀ ਕਉ ਆਪਿ ਸਚਿ ਖੰਡਿ ਕਉ ਸਿਧਾਰੇ।

[ਪੱਤਰਾ ੫੫]

ਤਬਿ ਬਾਂਬੇ ਨਾਨਕ ਤੇ ਪੀਛੇ ਗੁਰੂ ਅੰਗਦ ਜੀ ਪ੍ਰੇਮ ਭਗਤਿ ਕਮਾਈ। ਤੇਰਹ ਬਰਸ ਪੰਜ ਮਹੀਨੇ ਉਣੱਤੀਹ ਦਿਨ ਗੁਰੂ ਬਾਬੇ ਨਾਨਕ ਜੀ ਪੀਛੇ ਸੰਸਾਰ ਦੇ ਵਿਖੇ ਰਹੇ ਅਰ ਸਬਦ ਕੀ ਥਾਪਨਾ ਗੁਰੂ ਅਮਰਦਾਸ ਜੀ ਕਉ ਦੇ ਕਰਿ ਸੰਮਤ ੧੬੦੯ ਚੇਤ ਸੁਦੀ ੪ ਚਉਥ ਕੇ ਦਿਨਿ ਆਪਿ ਸਚੇ ਖੰਡਿ ਕਉ ਸਿਧਾਰੇ।

ਤਬਿ ਗੁਰੂ ਅੰਗਦ ਕੇ ਪੀਛੇ ੨੨ ਬਾਈ ਬਰਸ ਪੰਜ ਮਹੀਨੇ ੧੧ ਯਾਰਹ ਦਿਨਿ ਗੁਰੂ ਅਮਰ ਦਾਸ ਜੀ ਸੰਸਾਰ ਕੇ ਵਿਖੇ ਭਗਤਿ ਕਮਾਈ ਅਰੁ ਸ਼ਬਦ ਕੀ ਥਾਪਨਾ ਗੁਰੂ ਰਾਮਦਾਸ ਜੀ ਕਉ ਦੇ ਕਰਿ ਆਪਿ ਸਚਿ ਖੰਡਿ ਕਉ ਸਿਧਾਰੇ।

[ਪੱਤਰਾ ੫੬]

ਗੁਰੂ ਅਮਰ ਦਾਸ ਕੇ ਪੀਛੇ ੭ ਸਤਿ ਬਰਸ ੧੨ ਦਿਨ ਗੁਰੂ ਰਾਮ ਦਾਸ, ਜੀ ਸੰਸਾਰ ਕੇ ਵਿਖੇ ਭਗਤਿ ਕਮਾਈ। ਜਬ ਗੁਰੂ ਮਿਹਰਵਾਨ ਛਿਆਂ ਸੱਤਾਂ ਮਹੀਨਿਆਂ ਕਾ ਹੋਆ, ਤਬਿ ਗੁਰੂ ਰਾਮਦਾਸ ਸੰਮਤ ੧੬੩੯ ਭਾਧਰੋਂ ਸੁਦੀ ੩ ਕਉ ਸ਼ਬਦ ਕੀ ਥਾਪਨਾ ਗੁਰੂ ਅਰਜਨ ਕਉ ਦੇ ਕਰਿ ਆਪਿ ਸਚਿ ਖੰਡਿ ਕਉ ਸਿਧਾਰੇ।

[ਪੱਤਰਾ ੬੦]

ਤਬ ਗੁਰੂ ਅਰਜਨ ਜੀ ਕੇ ਦਿਨ ਭਗਤਿ ਕਰਤੇ ਬੀਤੇ ਅਰੁ ੨੪ ਚਉਬੀਸ ਬਰਸ, ੯ ਨਉਂ ਮਹੀਨੇ, ੧ ਇਕੁ ਦਿਨੁ ਭਗਤਿ ਕਮਾਈ। ਤਬਿ ਆਪਨੀ ਪੋਥੀ, ਸਬਦ ਗੁਰੂ ਸਾਹਿਬ ਜੀ* ਕਉ ਦੀਆ ਅਰੁ ਆਪਨੇ ਅੰਗਿ ਸਾਥਿ ਲਗਾਇ ਕਰੁ ਖੁਸੀ ਕਰਿ ਕਰਿ ਵਿਦਾ ਕੀਆ।

ਤਬਿ ਗੁਰੂ ਸਾਹਿਬ ਜੀ ਆਗੇ ਹੀ ਪੂਰਾ ਥਾ। ਅਰੁ ਗੁਰੂ ਅਮਰ ਦਾਸਿ, ਗੁਰੂ ਰਾਮਦਾਸਿ, ਗੁਰੂ ਅਰਜਨਿ ਕੀ ਗੁਰੂ ਸਾਹਬੁ ਊਪਰਿ ਕਿਰਪਾ ਥੀ ਅਰ ਸਬਦ ਕੀ ਬਖਸ਼ੀਸ ਗੁਰੂ ਅਮਰ ਦਾਸਿ ਤੇ ਪਾਈ ਥੀ।

ਤਬਿ ਗੁਰੂ ਸਾਹਿਬ ਜੀ ਕਉ ਗੁਰੂ ਅਰਜਨੁ ਅੰਗ ਸਾਥਿ ਲਗਾਇ ਕਰਿ ਮਸਤਕਿ ਹਾਥੁ ਧਰਿ ਕਰਿ ਕਿਰਪਾਲੁ ਹੋਇ ਕਰਿ ਵਿਦਾ ਕੀਆ। ਤਬਿ ਗੁਰੂ ਅਰਜਨ ਜੀ ਸਚਿ ਖੰਡਿ ਕਉ ਸਿਧਾਰੇ ਸੰਮਤ ੧੬੬੩ ਜੇਠ ਸੁਦੀ ੪ ਚਉਥ ਕਉ, ਗੁਰੂ ਅਰਜਨ ਕੇ ਪੀਛੇ ਗੁਰੂ ਸਾਹਬੁ ਭਗਤਿ ਕਮਾਵਨੇ ਲਾਗਾ।

**ਭਾਵ ਪ੍ਰਿਥੀ ਚੰਦ ਤੋਂ ਹੈ*

'ਗੁਰੂ ਅਰਜਨ ਕੇ ਪੀਛੇ ਬਾਰਹ ਬਰਸ ਯਾਰਹ ਮਹੀਨੇ ਅਠ ਦਿਨ ਗੁਰੂ ਸਾਹਿਬ ਜੀ ਭਗਤਿ ਕਮਾਈ, ੧੬੭੬ ਵੈਸਾਖ ਸੁਦੀ ੧੨ ਸੁਆਦਸੀ ਕੇ ਦਿਨ, ਪਹਿਲੇ ਹੀ ਏਕ ਦਿਨ ਗੁਰੂ ਮਿਹਰਵਾਨ ਜੀ ਕਉ ਬੁਲਾਇ ਕਰਿ ਅਪਨੀ ਹਥੀਂ ਤਿਲਕੁ ਲਗਾਇਆ ਮਾਥੇ ਅਰੁ ਅਪਨੀ ਪਗੁ ਗੁਰੂ ਮਿਹਰਵਾਨ ਜੀ ਕੇ ਸਿਰੀ ਬਾਂਧੀ, ਪੋਥੀ ਮਾਲਾ ਹਾਥਿ ਦੀਨੀ।

(ਪੱਤਰਾ ੬੫
ਗੋਸ਼ਟਿ ਗੁਰੂ ਮਿਹਰਵਾਨ ਜੀ ਕੀ, ਹੱਥ ਲਿਖਤ ਖਰੜਾ ਨੰ. ੨੫੨੭*,
ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਪਟਿਆਲਾ

(ਅ) ਬਾਨੀ ਖੜਗੁ ਸਮਾਲਿਓਨੁ, ਹੋਈ ਸੁ ਭਾਏ
ਝਾੜਿਓਸੁ ਸਿਰ ਅਹੰਕਾਰ ਦਾ, ਸੁਖਿ ਦੇਸ ਵਸਾਏ
ਨੇਜੇ ਢੱਠੇ ਬੁਰੇ ਦੇ, ਚਲੇ ਹਰਾਏ
ਭਗਤਾਂ ਲੀਆ ਅਜਿਤਗੜ੍ਹ ਹਰਿ ਮੰਗਲ ਛਾਏ। ੨੭ ।

[ਵਾਰ ਸੋਰਠਿ ਕੀ ਮਹਲਾ ੮, ਪੰਜਾਬੀ ਵਾਰਾਂ, ਪੰਨਾ ੫੬)
(ਸੰਪਾਦਕ-ਪਿਆਰਾ ਸਿੰਘ ਪਦਮ (੧੯੮੦)

੮. *ਭਾਈ ਸ਼ਿੰਭੂਨਾਥ ਬ੍ਰਿਹਮਣ* ੧੭੦੧ ਈ.

ਧਰਮ ਦ੍ਰਿੜਾਵਣਾ, ਗ੍ਰਿਹਸਤ ਵਿਚਿ ਬੈਰਾਗੀ ਕਰਣੇ, ਉਦਾਸੀ ਕਰਣੇ ਨਾਹੀ, ਮੇਰੇ ਮਾਰਗ ਕੀ ਏਹਾ ਹੀ ਨੀਸਾਣੀ ਹੈ। ਪਰਮੇਸਰ ਜਪਾਵਣਾ ਪਰਮੇਸਰ ਕਾ ਸਿਮਰਨੁ ਨਾਮੁ ਦਾਨੁ ਇਸਨਾਨੁ ਦਇਆ ਧਰਮ ਰਹਣਾ। ਸੰਜਮ ਰਖਣੇ, ਘਾਲ ਕਮਾਇ ਖਾਣਾ, ਮੇਰੇ ਅਰਥ ਕਿਛੁ ਬੀਜਣਾ, ਨਿਰਲੋਭ ਰਹਿਣਾ, ਸਤਿਵਾਦੀ ਹੋਵਣਾ, ਝੂਠੁ ਨਾਹੀ ਬੋਲਣਾ, ਝੂਠ ਕੀ ਭਗਤਿ ਥਾਉਂ ਨਹੀਂ ਪਉਂਦੀ ਹੈ। ਸਚ ਕੀ ਭਗਤਿ ਥਾਇ ਪਉਂਦੀ ਹੈ। ਬਿਖਿਆ ਨਾਹੀ ਸੰਚਾਵਣੀ, ਆਇਆ ਚਲਾਇਆ, ਏਕ ਟੇਕ ਮੇਰੇ ਨਾਉਂ ਦੀ ਕਰਣੀ, ਤੁਧ ਉਪਰਿ ਮੇਰਾ ਕਰਮੁ ਹੈ। ਤੂੰ ਸੋ ਹਉਂ, ਹਉਂ ਸੋ ਤੂੰ। ਜਾਹਿ ਅਪਨਿਆਂ ਸੇਵਕਾਂ ਨੋ ਜੋ ਆਪਣੀ ਭਗਤਿ ਦ੍ਰਿੜ੍ਹਾਇ ਮੇਰਾ ਨਾਵੈ ਬਿਨੁ ਕਿਛੁ ਹੋਰ ਬੀਚਾਰ ਕਰਣਾ ਨਾਹੀ। ਤਾਂ ਬਾਬਾ ਨਾਨਕ ਕਉ ਆਗਿਆ ਆਈ ਜਾਹਿ। ਤਾਂ ਬਾਬਾ ਨਾਨਕ ਡੰਡਉਤ ਬੰਦਨਾ ਕਰਕੇ ਚਰਨ ਬੰਦਨਾ ਕਰਕੇ ਵਿਦਾ ਹੂਆ। ਤਾਂ ਫਿਰਿ ਇਸ ਜੁਗ ਕੇ ਮਨੁਖਾਂ ਕਉ ਤਾਰਣੇ ਕੀ ਨਿਮਿਤ ਈਹਾਂ ਆਇਆ। ਆਇਕੈ ਈਹਾਂ ਰਚਨਾਂ ਰਚੀ। ਵਾਹ ਗੁਰੂ, ਸਤਿਗੁਰੂ ਸਬਦੁ ਗੁਰੂ, ਕਰਣ ਕਾਰਣ ਸਮਰਥ ਗੁਰੂ, ਜਿਨ ਕੈ ਪ੍ਰਸਾਦਿ ਸਚੁ ਦ੍ਰਿੜ੍ਹਿਆ। ੧।

ਆਦਿ ਸਾਖੀਆਂ, ਪੰਨਾ ੩
ਸੰਪਾ. ਡਾ. ਪਿਆਰ ਸਿੰਘ (੧੯੬੯)

੯. *ਕਰਤਾ 'ਵਾਰ ਗਿਆਨ ਅਗਿਆਨ ਕੀ'* ੧੭੦੮ ਈ.

ਪਉੜੀ-ਮਹਲੁ ਪਾਂਚਵਾਂ ਅਰਜਨ ਗੁਰੂ, ਗੁਰੂ ਸਤਿਗੁਰ ਪੂਰਾ
ਜੋ ਸਿਖ ਆਇ ਚਰਨੀ ਲਗੈ, ਸੋ ਰਹੈ ਨ ਊਰਾ
ਬਾਣੀ ਕੋ ਬੰਧੇਜ ਕਰਿ, ਗਿਰੰਥ ਕੀਓ ਸਮੂਰਾ
ਵਾਂ ਕਉ ਜੋ ਗੁਰਮੁਖਿ ਪੜ੍ਹੈ, ਸੁਣੈ ਹੋਇ ਠਰੂਰਾ

**ਇਹ ਖਰੜਾ ੨੯੯ ਪੱਤਰਿਆਂ ਦਾ ਹੈ, ਪਹਿਲੇ ਜਪੁ ਪਰਮਾਰਥ ਹੈ ਤੇ ਪਿਛੋਂ ਪਪ ਪੱਤਰੇ ਤੋਂ 'ਗੋਸ਼ਿਟ ਗੁਰੂ ਮਿਹਰਵਾਨ ਜੀ ਕੀ' ਚਲਦੀ ਹੈ।*

ਹੋਰ ਬਾਣੀ ਚਿਤ ਨ ਲਿਆਵਈ, ਸੋਈ ਸਿਰ ਸੂਰਾ। ੩੫।

ਵਾਰ ਮਾਰੂ, ਗਿਆਨ ਅਗਿਆਨ ਕੀ ਪੰਜਾਬੀ ਵਾਰਾਂ—ਪੰਨਾ ੧੭੨-੭੩

(ਸੰਪਾਦਕ ਪਿਆਰਾ ਸਿੰਘ ਪਦਮ (੧੯੮੦)

੧੦. *ਬਾਵਾ ਕਾਨ੍ਹ ਸਿੰਘ ਗੋਇੰਦਵਾਲ* ੧੭੨੦ ਈ.

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਬਾਵਾ ਕਾਨ੍ਹ ਸਿੰਘ* ਜੀ ਨੇ ਪੱਤ੍ਰ ਰਾਹੀਂ ਸਭ ਸਿਖਾਂ ਨੂੰ ਹਦਾਇਤ ਕੀਤੀ ਸੀ :—

'ਖਾਲਸਾ ਜੀ ਵਾਹ ਗੁਰੂ ਜੀ ਕਾ ਸੁਚੇਤ ਬਿਬੇਕ ਬੁਧ ਚਾਹੀਐ ਜੋ ਸਿਵਾਇ ਅਕਾਲ ਪੁਰਖ ਦੂਜੇ ਨੋ ਜਾਨੈ ਨਾਹੀ। ਦਸਾਂ ਪਾਤਸ਼ਾਹੀਆਂ ਤਕਿ ਜਾਮੇ ਪੈਧੇ। ਯਾਰ੍ਹਵੀਂ, ਬਾਰ੍ਹਵੀਂ, ਬੰਦਾ, ਚਉਬੰਦਾ, ਅਜੀਤਾ ਵਗੈਰਾ ਤੇ ਐਤਕਾਦੁ ਲੈ ਲੈ ਆਵਣਾ ਹਤਿਆ ਹੈ। ਹੋਰ ਹਤਿਆ ਗੁਰੂ ਜਪਣ ਨਾਲਿ ਦੂਰ ਹੋਸਨ ਪਰ ਇਹ ਹਤਿਆ ਗੁਨਾਹ ਬਖਸ਼ੀਐਗਾ ਨਾਹੀ, ਜੋ ਮਨੁਖ ਕੇ ਜਾਮੇ ਉਪਰਿ ਐਤਕਾਦ ਕਰਨਗੇ।

'ਮੁਖ ਫੇਰੈ ਮੁਖ ਜੂਠਾ ਹੋਇ।'

ਖਾਲਸਾ ਜੀ ! ਤੁਸਾਂ ਸਿਵਾਇ ਅਕਾਲ, ਦੂਜੈ ਨੋ ਮੰਨਣਾ ਨਾਹੀ। ਸ਼ਬਦ ਦਸਵੀਂ ਪਾਤਸਾਹੀ ਤਕਿ ਖੋਜਣਾ।

'ਸਬਦ ਖੋਜਿ ਇਹ ਘਰ ਲਹੈ, ਨਾਨਕ ਤਾਂਕਾ ਦਾਸੁ।' ਗੁਰੂ ਕਾ ਨਿਵਾਸ ਸਬਦ ਵਿਚ ਹੈ।

'ਗੁਰ ਮਹਿ ਆਪ ਸਮੋਇ, ਸਬਦੁ ਵਰਤਾਇਆ।'
'ਜੀਅ ਅੰਦਰਿ ਜੀਉ ਸਬਦੁ ਹੈ, ਜਿਤ ਸਹੁ ਮੇਲਾਵਾ ਹੋਇ।'

ਵਾਹਿਗੁਰੂ ਜੀ ਕੀ ਫਤਹ,

ਭਾਈ ਰੂਪੇ ਕੇ ਘਰਾਣੇ ਪਾਸ ਪਈ ਹੱਥ-ਲਿਖਤ ਚਿੱਠੀ ਵਿਚੋਂ

੧੧. *ਲਿਖਾਰੀ ਭੱਟ ਵਹੀ ਮੁਲਤਾਨੀ ਸਿੰਧੀ*

'ਗੁਰੂ ਗੋਬਿੰਦ ਸਿੰਘ ਮਹਲ ਦਸਮਾ ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸੰਮਤ ਸਤ੍ਰਾਂ ਸੈ ਪੈਂਸਠ ਕਾਰਤਿਕ ਮਾਸ ਕੀ ਚਉਥ, ਸ਼ੁਕਲਾ ਪਖੇ ਬੁਧਵਾਰ ਕੇ ਦਿਹੁੰ ਦੈਆ ਸਿੰਘ ਸੇ ਬਚਨ ਹੋਆ—'ਸ੍ਰੀ ਗ੍ਰੰਥ ਸਾਹਿਬ ਲੇ ਆਉ।' ਬਚਨ ਪਾਇ ਦੈਆ ਸਿੰਘ ਸ੍ਰੀ ਗ੍ਰੰਥ ਸਾਹਬ ਲੇ ਆਏ। ਗੁਰੂ ਜੀ ਨੇ ਪਾਂਚ ਪੈਸੇ ਏਕ ਨਲੀਏਰ ਭੇਟ ਰਖਕੇ ਮਥਾ ਟੇਕਾ। ਸਰਬਤਿ ਸੰਗਤਿ ਸੇ ਕਹਾ ਮੇਰਾ ਹੁਕਮ ਹੈ—'ਮੇਰੀ ਜਗ੍ਹਾ ਸ੍ਰੀ ਗ੍ਰੰਥ ਸਾਹਬ ਕੋ ਜਾਨਨਾ, ਜੋ ਸਿਖ ਜਾਨੈਗਾ ਤਿਸਕੀ ਘਾਲ ਥਾਇੰ ਪਏਗੀ। ਗੁਰੂ ਤਿਸਕੀ ਬਾਹੁੜੀ ਕਰੇਗਾ।'

[*ਭੱਟ ਵਹੀ ਤਲਉਢਾ ਪ੍ਰਗਨਾ ਜੀਂਦ ਤੇ ਭੱਟ ਵਹੀ ਮੁਲਤਾਨੀ ਸਿੰਧੀ*]

੧੨. *ਕਰਤਾ 'ਪਰੇਮ ਸੁਮਾਰਗ'* ਅਠਾਰ੍ਹਵੀਂ ਸਦੀ

ਹੇ ਪੁਤਰ ! ਤੇਰਾ ਰੂਪ ਮੈਂ ਅਪਨੇ ਰੂਪ ਤੇ ਸਾਜਿ ਸਵਾਰਿ ਨਿਵਾਜਿਆ ਹੈ ਸੰਸਾਰ ਬਿਖੇ ਪੰਥ ਪਰਚਾ ਕਰਬੇ ਕਉ। ਕੈਸਾ ਪੰਥ ? ਜਿਸਤੇ ਧਰਮ ਕਾ ਨਿਵਾਸੁ ਹੋਇ ਅਰੁ ਕੁਬੁਧਿ ਕਾ ਨਾਸ ਹੋਇ

---

*ਇਹ ਭਾਈ ਕਾਨ੍ਹ ਸਿੰਘ, ਬਾਵਾ ਬਿਨੋਦ ਸਿੰਘ ਤ੍ਰੇਹਣ ਦਾ ਸਪੁਤਰ ਸੀ, ਜਿਸ ਨੂੰ ਮਾਤਾ ਸੁੰਦਰੀ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁਖੀ ਥਾਪਿਆ ਸੀ।

ਅਰ ਸੁਬੁਧਿ ਦਾ ਪ੍ਰਗਾਸ ਹੋਇ। ਅਰ ਮੈਂ ਜੁ ਹੋ ਸੋ ਪਰਮ ਪੁਰਖ ਹੌਂ। ਮੇਰੇ ਜਾਣਨੇ ਬਿਨਾ ਅਉਰ ਦੂਸਰੇ ਕਉ ਜਾਣਨਾ ਨਹੀਂ ਕਿਉਂਜੁ ਪੰਥ ਮੈਂ ਪ੍ਰਗਟ ਕੀਆ ਹੈ ਅਰੁ ਇਨ ਜੀਆਂ ਕੋ ਮੈਂ ਦਸ ਜਾਮਿਆਂ ਬਿਖੇ ਉਪਦੇਸ਼ ਸ਼ਬਦ ਦਾ ਕਰਤਾ ਰਹਾ ਹੋ। [ਪੰਨਾ ੧]

ਪਰ ਪਿਆਰੁ ਬਾਣੀ ਸਬਦ ਨਾਲਿ ਰਾਖੈ। ਸਬਦੁ ਗੁਰੂ ਹੈ, ਸੁਰਤਿ ਇਸਦੀ ਚੇਲਾ ਹੈ। ਮਨ ਬਚ ਕਰਮ ਏਕ ਅੰਗੁ ਪੜ੍ਹੈ। ੨। [ਪੰਨਾ ੬]

ਬਾਣੀ ਸ਼ਬਦ ਨਾਲਿ ਪਿਆਰ ਰੱਖਣਾ, ਜੈਸਾ ਚੰਦ ਚਕੋਰ ਦਾ ਪਿਆਰ ਹੈ। ਜੈਸੇ ਦੀਪਕ ਨਾਲਿ ਪਤੰਗ ਦਾ ਹੈ, ਜੈਸੇ ਲੋਭੀ ਦਾ ਮਾਲ ਨਾਲਿ ਹੈ, ਜੈਸੇ ਊਂਙ ਸੇਜਾ ਨਾਲਿ ਹੈ, ਜੈਸੇ ਭੂਖ ਸ੍ਵਾਦ ਨਾਲਿ ਹੈ, ਜੈਸੇ ਚੀਟੀਆਂ ਦਲ ਨਾਲਿ ਹੈ, ਜੈਸੇ ਚੁੰਬਕ ਲੋਹੇ ਨਾਲਿ ਹੈ। ਤੈਸੇ ਪ੍ਰੀਤਿ ਕਰਨੀ ਸਬਦ ਨਾਲ ਅਰੁ ਚਰਨ ਕੰਵਲ ਨਾਲਿ, ਅਰੁ ਦਰਸਨ ਨਾਲਿ ਅਰੁ ਨਾਮ ਨਾਲਿ।

[ਪੰਨਾ ੧੭]

'ਅਰੁ ਗੁਰੂ ਆਪਣਾ ਸ਼ਬਦ ਬਾਣੀ ਕਉ ਜਾਣੈ, ਜੋ ਕਿਛੁ ਬੋਲਣਾ ਸ਼ਬਦ ਵਿਚਿ ਹੈ ਸੋ ਹੁਕਮ ਅਪਣੇ ਗੁਰੂ ਕਾ ਜਾਣੈ। ਜਿਉਂ ਦੀਵਾਨ ਪ੍ਰਤੱਖ ਹੋਂਦੈ ਮੰਨੀਦਾ ਹੈ; ਤਿਉਂ ਮੰਨੇ ਅਰੁ ਖਾਲਸੇ ਕੀ ਸੇਵਾ ਕਰੈ, ਜਿਉਂ ਗੁਰੂ ਦੀ ਸੇਵਾ ਸਿਖ ਕਰਦਾ ਹੈ। ਅਰੁ ਦੀਵਾਨ ਮਉਕੂਫ ਦੇ ਸਮੇ ਵਾਹਗੁਰੂ ਨਿਰੰਕਾਰ ਅਕਾਲ ਪੁਰਖ ਕਾ ਸਿਖ, ਖਾਲਸੇ ਵਿਚਿ ਹੋਵੈਗਾ। ਚਾਹੇਗਾ ਜੇ ਮੈ ਗੁਰੂ ਨਾਲਿ ਗੱਲਾਂ ਕਰਾਂ ਤਾਂ ਸ਼ਬਦ ਪੜੈ ਸਭ ਨਿਸ਼ਾ ਹੋਵਸਿ ਅਰੁ ਜੋ ਚਾਹੈ ਕਿ ਦਰਸ਼ਨ ਕਰਾਂ ਜਿਥੈ ਖਾਲਸਾ ਸੰਬੂਹ ਪੰਜ ਸਤ ਅਕੈ ਬਹੁਤ ਹੋਵਣ, ਉਥੇ ਜਾਹਿਕੈ ਅਦਬ ਨਾਲਿ ਦਰਸ਼ਨ ਕਰੇ, ਪ੍ਰਤੀਤ ਕਰਕੇ ਕਰੈ, ਦਰਸਨ ਗੁਰੂ ਕਾ ਪ੍ਰਾਪਤਿ ਹੋਵੈ। ਇਸ ਵਿਚਿ ਫੇਰੁ ਨਾਹੀਂ। [ਪੰਨਾ ੧੮]

ਪ੍ਰੇਮ ਸੁਮਾਰਗ ਗ੍ਰੰਥ, ਸੰਪਾਦਕ ਰਣਧੀਰ ਸਿੰਘ ਜਲੰਧਰ, ਦੂਜੀ ਛਾਪ ੧੯੬੫

੧੩. *ਭਾਈ ਸੇਵਾ ਦਾਸ ਉਦਾਸੀ* ੧੭੪੧ ਈ.

'ਫੇਰਿ ਸਰਬਤ੍ਰ ਖਾਲਸੇ ਇਕੱਤ੍ਰ ਹੋ ਕਰਿ ਇਹ ਅਰਦਾਸਿ ਕੀਨੀ, ਜੁ ਸਚੇ ਪਾਤਸ਼ਾਹ ! ਖਾਲਸੇ ਕਉ ਫੇਰਿ ਭੀ ਗੁਰੂ ਕਾ ਅੰਚਲ ਪਕੜਾਈਐ। ਹੁਕਮ ਹੋਆ, 'ਖਾਲਸੇ ਕਉ ਮੈਂ ਅਕਾਲ ਦੀ ਗੋਦ ਮਹਿਂ ਬੈਸਾਇਆ ਹੈ।' ਬਹੁੜਿ ਗੁਰੂ ਜੀ ਇਸਨਾਨ ਕਰਕੈ ਵਸਤ੍ਰ ਪੈਧੇ, ਦੂਣੇ ਸ਼ਸਤ੍ਰ ਪੈਧੇ। ਫਿਰਿ ਇਹ ਹੁਕਮ ਹੋਆ, ਸਰੀਰ ਕਉ ਅਉਰ ਬਸਤ੍ਰ ਨਹੀਂ ਕੋਊ ਨਹੀਂ ਪਹਿਰਾਵਣਾ। ਇਨ੍ਹਾਂ ਹੀ ਬਸਤਰਹ ਸ਼ਸਤ੍ਰਹ ਮਹਿਂ ਰਾਖਣਾ। ਆਪਨੇ ਹਜੂਰਿ ਚਿਖਾ ਜੁੜਾਈ, ਜਬ ਚਿਖਾ ਜੁੜ ਰਹੀ, ਤਬ ਊਪਰਿ ਚੜਿ ਗਏ। ਜਾਇ ਕਰਿ ਊਪਰਿ ਚਉਂਕੜੀ ਮਾਰਿ ਬੈਠੇ ਅਰ ਜੋਤੀ ਮਹਿ ਸਮਾਣੇ। ਫ਼ੇਰਿ ਖਾਲਸੇ ਉਪਰਿ ਚੰਦਨ ਚੜ੍ਹਾਇਆ, ਧੂਪ ਚੜ੍ਹਾਇਆ ਫੇਰਿ ਅਤਰ ਅਰ ਕੇਸਰ ਚੜ੍ਹਾਇਆ ਸਭ ਹੀ ਚਿਖਾ ਊਪਰਿ।

ਜਬ ਬੈਸੰਤਰ ਲਗਾਇਆ ਤਬ ਮਨੁਖ ਜੋ ਖੜੇ ਹੂਏ ਥੇ ਊਹਾਂ ਸਭ ਹੀ ਰੁਦਨ ਕਰਨੇ ਲਾਗੇ। ਰੁਦਨ ਕੀ ਧੁਨਿ ਉਠੀ ਪਰ ਬੜੀ ਦੀਰਘ ਧੁਨਿ ਉਠੀ। ਕੇਤਿਆਂ ਸਿਖਾਂ ਚਿਖਾ ਮਹਿਂ ਕੁੱਦਣੇ ਕੀ ਤਿਆਰੀ ਕੀਨੀ ਪਰ ਮੁਸੱਦੀ ਸਿਖ ਤਕੜੇ ਹੋਇ ਖੜੋਤੇ। ਉਨ੍ਹਾਂ ਨੇ ਚਿਖਾ ਮਹਿਂ ਕਿਨਹੂ ਕਉ ਪਵਨੇ ਨ ਦੀਆ ! ਜਬ ਚਿਖਾ ਜਲ ਕਰਿ ਭਸਮ ਹੋਈ ਤਬ ਨ ਕੋਊ ਪਤਾ ਸਰੀਰ ਕਾ ਨਿਕਸਿਆ ਨ ਕੋਊ ਪਤਾ ਸ਼ਸਤ੍ਰਹ ਕਾ ਨਿਕਸਿਆ। ਸਭ ਕਿਸੇ ਇਉਂ ਜਾਨਿਆ ਜੁ ਗੁਰੂ ਬਾਬਾ ਸਣ ਦੇਹ ਚਲਤਾ ਰਹਿਆ ਹੈ। ਬਡਾ ਜੈਕਾਰਾ ਹੂਆ। ਅਸੰਖ ਠਉੜਿ ਕੀਰਤਨ ਹੂਏ। ਉਹਾਂ ਗੁਰੂ ਜੀ ਕਾ ਡੇਹਰਾ ਹੂਆ। ਡੇਹਰੇ ਕੇ ਚਉਫੇਰੇ ਅਨੇਕ ਧਰਮਸ਼ਾਲਾਂ ਹੋਈਆਂ। ਸਭ ਠਉੜਿ

ਗ੍ਰਿੰਥ ਜੀ ਪੜ੍ਹੀਐ ਅਰ ਰਬਾਬੀ ਸ਼ਬਦ ਗਾਵਹਿੰ। ਊਹਾ ਬਹੁਤ ਖਾਲਸੇ ਕਾ ਨਿਵਾਸ ਹੂਆ। ਉਹਾਂ ਹਰਿ ਜਸ, ਹਰਿ ਚਰਚਾ ਹੋਤੀ ਹੈ, ਉਸ ਅਸਥਾਨ ਕਉ ਦੇਖ ਕਰਿ ਗੁਰੂ ਚਿਤ ਆਂਵਦਾ ਹੈ।

ਪਰਚੀਆਂ ਸੇਵਾ ਦਾਸ, ਪੰਨਾਂ ੧੮੩, ਭਾਸ਼ਾ ਵਿਭਾਗ, ਪਟਿਆਲਾ

੧੪. ਭਾਈ ਸੈਣਾ ਸਿੰਘ ੧੭੪੧ ਈ.

ਖਾਲਸਾ ਬਿਸਾਰ ਕੈ ਉਧਾਰੁ ਕਿਯੋ ਚਾਹਤ ਹੈ
ਸੋ ਤੌ ਅਬ ਕਹੂੰ ਨਾਹਿ ਐਸੇ ਕਰਿ ਜਾਨਿਯੈ।
ਜੈਸੇ ਕਰ ਮੀਨ ਛੀਨ ਨੀਰ ਬਿਨ ਤਜੈ ਪ੍ਰਾਨ
ਐਸੇ ਗੁਰਸ਼ਬਦ ਬਿਨਾ ਮੂਰਖ ਬਖਾਨਿਯੈ।
ਚਿੱਲਾ ਜੋ ਨਹਿ ਕਮਾਨ ਕੈਸੇ ਕੈ ਚਲਾਵਹਿ ਬਾਨ
ਮਨ ਮੈਂ ਕਰਿ ਦੇਖਿ ਗਯਾਨ ਐਸੇ ਪਹਿਚਾਨਿਯੈ।
ਚਲਨੀ ਜੋ ਰਹਤ ਛਾਨ, ਮੂਰਖ ਹੈ ਤਾ ਸਮਾਨ
ਸਤਿਗੁਰ ਕੈ ਬਚਨ ਕਾਨ ਸੁਨ ਕੈ ਮਾਨਿਯੈ। ੫੧। ੨੪੭। [ਅਧਿਆਇ ਛਠਮ]
ਏਕ ਦਿਵਸ ਕਾਰਨ ਤੇ ਆਗੇ। ਮਿਲਕੈ ਸਿੰਘ ਪੂਛਨੈ ਲਾਗੇ—
'ਕਵਨ ਰੂਪ ਅਪਨ ਪ੍ਰਭੁ ਕੀਨੋ ? ਤਿਨ ਕੋ ਜਵਾਬ ਭਾਂਤ ਇਹ ਦਿਨੋ।੪੦। ੮੦੫
ਵਾਹਿ ਸਮੈਂ ਗੁਰੁ ਬੈਨ ਸੁਨਾਯੋ। ਖਾਲਸਾ ਅਪਨੋ ਰੂਪ ਬਤਾਯੋ
ਖ਼ਾਲਸ ਹੀ ਸੋ ਹੈਂ ਮਮ ਕਾਮਾ। ਬਖਸ਼ ਦਿਯੋ ਖਾਲਸ ਕੋ ਜਾਮਾ। ੪੧। ੮੦੬।

ਦੋਹਰਾ

ਖਾਲਸ ਮੇਰੋ ਰੂਪ ਹੈ, ਹੌਂ ਖਾਲਸ ਕੇ ਪਾਸ
ਆਦਿ ਅੰਤ ਹੀ ਹੋਤ ਹੈ, ਖਾਲਸ ਹੀ ਮੇਂ ਬਾਸ। ੪੨। ੮੦੭।

ਲੋਟਨ ਛੰਦ

ਖਾਲਸ ਖਾਸ ਕਹਾਵੈ ਸੋਈ। ਜਾਂਕੈ ਹਿਰਦੈ ਭਰਮੁ ਨ ਹੋਈ
ਭਰਮ ਭੇਖ ਤੇ ਰਹੈ ਨਿਆਰਾ। ਸੋ ਖਾਲਸਾ ਸਤਿਗੁਰੂ ਹਮਾਰਾ।
ਸਤਿਗੁਰੂ ਹਮਾਰਾ ਅਪਰ ਅਪਾਰਾ, ਸ਼ਬਦ ਬਿਚਾਰਾ ਅਜਰ ਜਰੀ
ਹਿਰਦੈ ਧਰਿ ਧਿਆਨੀ ਉਚਰੀ ਬਾਨੀ, ਪਦ ਨਿਰਬਾਨੀ ਅਪਰ ਪਰੀ।
ਗਤਿ ਮਿਤਿ ਅਪਾਰੰ ਬਹੁ ਬਿਸਥਾਰੰ, ਵਾਰੁ ਨ ਪਾਰੰ ਕਿਆ ਕਥਨੰ
ਤਵ ਜੋਤਿ ਪ੍ਰਕਾਸ਼ੀ ਸਰਬ ਨਿਵਾਸੀ, ਸਰਬ ਉਦਾਸੀ ਤਵ ਸਰਣੰ। ੪੩।

ਸ੍ਰੀ ਗੁਰੂ ਸ਼ੋਭਾ, ਅਧਿਆਇ ਅਠਾਰਵਾਂ, ਪੰਨਾ ੧੩੨
ਸਿਖ ਹਿਸਟਰੀ ਰਿਸਰਚ ਬੋਰਡ, ਅੰਮ੍ਰਿਤਸਰ (੧੯੬੭)

੧੫. ਕਰਤਾ 'ਸਰਬਲੋਹ ਗ੍ਰੰਥ'

ਗੁਰੂ ਅਪਨ ਪੋ ਖਾਲਸੇ ਦੀਨਾ, ਦੁਤਿਯ ਰੂਪ ਸਤਿਗੁਰ ਗੁਰ ਗ੍ਰੰਥਾ
ਬੋਲਨੁ ਸਤਿਗੁਰ ਸ਼ਬਦ ਸੰਭਾਖਨੁ, ਨਾਮ ਗੋਬਿੰਦ ਕੀਰਤਨ ਸੰਥਾ
ਗੁਣਾਨੁਵਾਦ ਪੁਨ ਸਿਫਤਿ ਸਲਾਹਨੁ, ਊਠਤ ਬੈਠਤ ਸੈਨ ਕਰੰਥਾ
ਪਾਵਨ ਪੰਥ ਖਾਲਸਾ ਪ੍ਰਗਟਯੋ, ਚਾਰ ਬਰਨ ਆਸ਼੍ਰਮ ਸੁਭ ਪੰਥਾ। ੩੧੪।

ਇਨ ਕੋ ਦਰਸ ਸਤਿਗੁਰ ਕੌ ਦਰਸਨ, ਬੋਲਨੁ ਗੁਰੂ ਸ਼ਬਦ ਗੁਰੁ ਗ੍ਰੰਥਾ
ਦ੍ਵਾਦਸ ਰੂਪ ਸਤਿਗੁਰ ਏ ਕਹੀਅਤ, ਦ੍ਵਾਦਸ ਭਾਨੁ ਪ੍ਰਗਟ ਹਰਿ ਸੰਤਾ
ਪ੍ਰਤਖਯ ਕਾਲ ਪਾਰਬ੍ਰਹਮ ਧਣੀ ਛੈ, ਗ੍ਰੰਥ ਪੰਥ ਖਾਲਸਾ ਵਰਤੰਤਾ
ਦਾਸ ਗੋਬਿੰਦ ਫਤਿਹ ਸਤਿਗੁਰ ਕੀ, ਖਾਸ ਗ੍ਰੰਥ ਗੁਰੂ ਰੂਪ ਬਦੰਤਾ। ੩੧੫।

ਸ੍ਰੀ ਸਰਬ ਲੋਹ ਗ੍ਰੰਥ, (ਦੂਜੀ ਜਿਲਦ) ਪੰਨਾ ੪੯੭,
ਪ੍ਰਕਾਸ਼ਕ—ਪੰਥ ਅਕਾਲੀ ਬੁੱਢਾ ਦਲ, ਗੁਰੂ ਕਾ ਬਾਗ ਅਨੰਦਪੁਰ ਸਾਹਿਬ

੧੬. *ਭਾਈ ਨੰਦ ਲਾਲ*

(ੳ) ਤੀਨ ਰੂਪ ਹੈਂ ਮੋਹਿ ਕੇ, ਸੁਨਹੁ ਨੰਦ! ਚਿਤ ਲਾਇ
ਨਿਰਗੁਣ, ਸਰਗੁਣ, ਗੁਰਸ਼ਬਦ, ਕਹ ਤੋਹਿਹੁ ਸਮਝਾਇ। ੬।

ਚੌਪਈ

ਏਕ ਰੂਪ ਤਿਹੁ ਗੁਣ ਤੇ ਪਰੇ। 'ਨੇਤਿ ਨੇਤਿ' ਜਿਹਾ ਨਿਗਮ ਉਚਰੇ
ਘਟਿ ਘਟਿ ਵਿਆਪਕ ਅੰਤਰਜਾਮੀ। ਪੂਰਿ ਰਹਯੋ ਜਿਉਂ ਜਲ ਘਟ ਭਾਨੀ। ੭।
ਦੂਸਰ ਰੂਪ ਗ੍ਰੰਥ ਜੀ ਜਾਨਹੁ। ਆਪਨ ਅੰਗ ਮੇਰੇ ਕਹਿ ਮਾਨਹੁ
ਰੋਮ ਰੋਮ ਅੱਛਰ ਸੋ ਲਹਹੁ। ਬਾਤ ਜਥਾਰਥ ਤੁਮ ਸੌਂ ਕਹਹੁ। ੮।
ਜੋ ਸਿਖ ਗੁਰਦਰਸ਼ਨ ਕੀ ਚਾਹਿ। ਦਰਸ਼ਨ ਕਰੈ ਗ੍ਰੰਥ ਜੀ ਆਹਿ
ਪ੍ਰਭਾਤ ਸਮੈ ਕਰਕੈ ਇਸਨਾਨ। ਤੀਨ ਪ੍ਰਦੱਛਣਾ ਕਰੈ ਸੁਜਾਨ। ੯।
ਸ਼ਬਦ ਸੁਨੈ ਗੁਰ ਹਿਤ ਚਿਤ ਲਾਇ। ਗਿਆਨ ਸ਼ਬਦ ਗੁਰ ਸੁਨੈ ਸੁਨਾਇ
ਜੋ ਮਮ ਸਾਥ ਚਹੈ ਕਰਿ ਬਾਤ। ਗ੍ਰੰਥ ਜੀ ਪੜ੍ਹਹਿ ਬਿਚਾਰਹਿ ਸਾਥ। ੧੦।
ਜੁ ਮੁਝ ਬਚਨ ਸੁਨਨ ਕੀ ਚਾਹਿ। ਗ੍ਰੰਥ-ਵਿਚਾਰ ਸੁਨਹੁ ਚਿਤ ਲਾਇ
ਮੇਰਾ ਰੂਪ ਗ੍ਰੰਥ ਜੀ ਜਾਨ। ਇਸ ਮੈਂ ਭੇਦ ਨ ਰੰਚਕ ਮਾਨ। ੧੧।
ਤੀਸਰ ਰੂਪ ਸਿਖ ਹੈ ਮੋਰ, ਗੁਰਬਾਣੀ ਰਤਿ ਜਿਹ ਨਿਸ ਭੋਰ
ਵਿਸਾਹੁ ਪ੍ਰੀਤਿ ਗੁਰਸਬਦ ਜੁ ਧਰੈ। ਗੁਰ ਦਾ ਦਰਸਨ ਨਿਤ ਉਠ ਕਰੈ। ੧੨।
ਗੁਰਸਿਖ ਸੇਵ ਕਰੇ ਮਨ ਲਾਇ। ਆਪਾ ਮਨ ਕਾ ਸਗਲਿ ਮਿਟਾਇ।
ਇਨ ਕਰਮਨ ਮਹਿਂ ਜੋ ਪਰਧਾਨ। ਸੋ ਸਿਖ ਮੇਰਾ ਰੂਪ ਪਹਿਚਾਨ। ੧੪।

(ਰਹਿਤਨਾਮਾ)

(ਅ) ਹਮੂ ਨਾਨਕ ਅਸਤੋ ਹਮੂ ਅੰਗਦ ਅਸਤ
ਹਮੂ ਅਮਰਦਾਸ ਬਫਜ਼ਲਿ ਅਮਜਦ ਅਸਤ। ੨੩।
ਹਮੂ ਰਾਮਦਾਸੋ ਹਮੂ ਅਰਜਨ ਅਸਤ
ਹਮੂ ਹਰਿਗੋਬਿੰਦ ਅਕਰਮੋ ਅਹਸਨ ਅਸਤ। ੨੪।
ਹਮੂ ਅਸਤ ਹਰਿਰਾਇ ਕਰਤਾ ਗੁਰੂ।
ਬਦੂ ਆਸ਼ਕਾ ਰਾ ਹਮਾ ਪੁਸ਼ਤੋ ਰੂ। ੨੫।
ਹਮੂ ਹਰਿਕ੍ਰਿਸ਼ਨ ਆਮਦਾ ਸਰਬੁਲੰਦ
ਅਜ਼ੋ ਹਾਸਲ ਉਮੀਦ, ਹਰ ਮੁਸਤਮੰਦ। ੨੬।
ਹਮੂ ਅਸਤ ਤੇਗ ਬਹਾਦਰ ਗੁਰੂ

ਕਿ ਗੋਬਿੰਦ ਸਿੰਘ ਆਮਦ ਅਜ਼ ਨੂਰਿ ਊ। ੨੭।
ਹਮੂ ਗੁਰੂ ਗੋਬਿੰਦ ਹਮੂ ਨਾਨਕ ਅਸਤ
ਹਮਾ ਸ਼ਬਦ ਊ ਜੋਹਰਿ ਮਾਣਕ ਅਸਤ। ੨੮। (ਜੋਤਿ ਬਿਗਾਸ)

(ਏ) ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਬੋਲਿਆ
ਏਹੁ ਕਹਿਆ, ਗੁਰਮੁਖਿ ਮੇਰਾ ਸਿਖ ਹੋਵੈਗਾ ਸੋ ਸ਼ਬਦ ਥੀਂ ਸਿਵਾਇ
ਹੋਰ ਥਾਇੰ ਪ੍ਰੀਤਿ ਨ ਕਰਨੀ, ਸ਼ਬਦ ਬਿਨਾਂ ਹੋਰ ਪ੍ਰੀਤਿ
ਨਰਕਿ ਲੈ ਜਾਂਦੀ ਹੈ। ਸ਼ਬਦੁ ਪੜ੍ਹਨਾ, ਸੁਣਨਾ, ਸ਼ਬਦੁ ਕਮਾਵਣਾ
ਸ਼ਬਦੁ ਬਾਝਹੁ ਨਾਹੀਂ ਥਾਉ। ਸ਼ਬਦੁ ਬਾਝਹੁ ਮੁਹਿ ਮੁਹਿ ਖਾਹਿ।
ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤ ਸਾਰੇ
ਬਾਣੀ ਕਹੈ ਸੇਵਕ ਜਨ ਮਾਨੈ, ਪ੍ਰਤਖ ਗੁਰੂ ਨਿਸਤਾਰੇ। (ਨਟ ਮ: ੪)
(ਸਾਖੀ ਰਹਿਤ ਕੀ)

੧੭. ਭਾਈ ਦਯਾ ਸਿੰਘ

ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟਿਓ ਪੰਥ ਮਹਾਨ
ਗ੍ਰੰਥ ਪੰਥ ਗੁਰ ਮਾਨੀਏ, ਤਾਰੈ ਸਕਲ ਕੁਲਾਨ। (ਰਹਿਤਨਾਮਾ ਭਾਈ ਦਯਾ ਸਿੰਘ)

੧੮. ਭਾਈ ਚਉਪਾ ਸਿੰਘ

ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ,........ .....*
ਆਗਿਆ ਗ੍ਰੰਥ ਕੀ, ਦੀਦਾਰ ਖਾਲਸੇ ਕਾ।
(ਰਹਿਤਨਾਮਾ ਹਜ਼ੂਰੀ ਭਾ. ਚੌਪਾ ਸਿੰਘ, ਪੰਨਾ ੯੮)

੧੯. ਭਾਈ ਪ੍ਰਹਿਲਾਦ ਸਿੰਘ

ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਯੋ ਪੰਥ,
ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ। ੩੦।
ਗੁਰੂ ਖਾਲਸਾ ਮਾਨੀਅਹਿ, ਪ੍ਰਗਟ ਗੁਰੂ ਕੀ ਦੇਹਿ
ਜੋ ਸਿਖ ਮੋ ਮਿਲਬੋ ਚਹਿਹ, ਖੋਜ ਇਨਹੁ ਮੈਂ ਲੇਹਿ। ੩੧।
ਥਾਪਿ ਚਲਯੋ ਜੁ ਜਗਤ ਮੈਂ, ਤਿਨਹਿ ਨਿਵਾਵਉ ਮਾਥ
ਵਾਹਿਗੁਰੂ ਕੇ ਮੰਤ੍ਰ ਬਿਨੁ, ਮਿਥਿਆ ਸਾਰੀ ਗਾਥ। ੩੨।

× ×

ਬਚਨ ਪ੍ਰਤੀਤਿ ਰਖਹਿ ਸਿਖ ਜੋਈ
ਤੈਸੋ ਹੀ ਫਲ ਪ੍ਰਾਪਤ ਹੋਈ
ਗੁਰ ਕਾ ਬਚਨ ਗੁਰੂ ਕੀ ਮੂਰਤਿ
ਭੁਗਤਿ ਮੁਕਤਿ ਵਰ ਸਾਚੋ ਪੂਰਤਿ। ੩੫।
ਰਹਣੀ ਰਹੈ ਸੋਈ ਸਿਖ ਮੇਰਾ

---

* ਪਠਾਂਤਰ—ਚਰਚਾ ਸ਼ਬਦ ਕਾ

ਉਹ ਠਾਕੁਰ ਮੈਂ ਉਸਕਾ ਚੇਰਾ
ਕਰਹਿ ਅਕਾਲ ਪੁਰਖ ਕੀ ਆਸਾ
ਜਨਮ ਮਰਨ ਕਟਿ ਡਾਰੈ ਫਾਸਾ। ੩੯। (ਰਹਿਤਨਾਮਾ)

੨੦. ਭਾਈ ਸਾਹਿਬ ਸਿੰਘ

ਬਾਣੀ ਗੁਰੂ ਕੀ ਅਵਰਿ ਨ ਪਾਠ। ਪੜ੍ਹਹਿ ਗੁਰਮੁਖੀ ਤਿਆਗੈ ਠਾਠ। ੯।
ਵੇਦ ਸ਼ਾਸਤ੍ਰ ਗੁਰ ਵਾਕ ਸੁ ਧਾਰੈ। ਅਵਰ ਬਿਆਧਿ ਸਮ ਸਗਰੀ ਟਾਰੈ।
ਪੀਰ ਸਰਵਰ ਸੀਤਲਾ, ਜੋਗੀ ਭੂਤ ਨ ਸੇਵ
ਗੁਰ ਸੇਵਹਿ ਸਭ ਕਾਜ ਮਹਿਂ, ਪਹੁੰਚੇ ਮਮ ਦਰ ਭੇਵ। ੨੯। (ਰਹਿਤਨਾਮਾ)
ਗੁਰ ਕੀ ਪਾਹੁਲ ਸਿਖ ਲੇਇ, ਰਹਤ ਕਮਾਵਹਿ ਗ੍ਰੰਥ
ਜੋ ਬੇੜਾ ਸੋ ਸੇਵਿਆ, ਔਰ ਨ ਭਰਮਹਿ ਪੰਥ। ੧੨।
ਮੇਰੇ ਘਰਿ ਜੋ ਆਇਆ, ਗੁਰਸਬਦਨ ਸਿਉਂ ਹੇਤ
ਗੁਰ ਸਿਖਿਯਾ ਸੁਨਿ ਧਾਰੀਏ, ਰਹਣੀ ਰਹੈ ਸੁਚੇਤ। ੩੮। (ਮੁਕਤਨਾਮਾ)

੨੧. ਭਾਈ ਦੇਸਾ ਸਿੰਘ

ਗੁਰੂ ਸੂਰੂਪ ਖਾਲਸਾ ਹਈਏ
ਜਾਂ ਕੀ ਟਹਿਲ ਪਰਮ ਸੁਖ ਲਹੀਏ। ੨੨।
ਖਟ ਦਰਸਨ ਕੀ ਸੇਵਾ ਕਰੈ। 'ਗੁਰੂ ਭਾਵ' ਨਹਿਂ ਇਨ ਮੈਂ ਧਰੈ
ਪਰਮਾਰਥ ਗੁਰ ਏਕੋ ਕਹਿਓ। ਜਿਨ ਕੇ ਘਰਿ ਬਸ ਗੁਨ ਕਛੁ ਲਹਿਓ। ੩੫।
ਦੂਹੂੰ ਗ੍ਰੰਥ ਮੈਂ ਬਾਨੀ ਜੋਈ
ਚੁਨ ਚੁਨ ਕੰਠ ਕਰਹਿ ਨਿਤ ਸੋਈ। ੩੮।
ਤਿਹ ਕਰਿ ਗੁਰ ਕੋ ਭੋਗ ਲਗਾਵੈ
ਗੁਰ ਕੋ ਰੂਪ ਰਿਦ ਮਾਹਿਂ ਧਰਾਵੈ
ਗੁਰੂ ਗ੍ਰੰਥ, ਮੋ ਭੇਦ ਨ ਕਾਈ
ਗ੍ਰੰਥ ਹੋਇ ਤੋ ਨਿਕਟਿ ਧਰਾਈ। ੧੧੦। (ਰਹਿਤਨਾਮਾ)*

੨੨. ਕਰਤਾ 'ਸਿੱਖਾਂ ਦੀ ਭਗਤਮਾਲ'

'ਗੁਰੂ ਕੇ ਸਿਖ ਗੁਰੂ ਦਾ ਉਲਸ ਖਾਂਦੇ ਹੈਨਿ। ਸੋ ਇਕੁ ਉਲਸ ਜੂਠਾ ਹੈ, ਦੂਜਾ ਉਲਸ ਜਿ ਸਤਿਗੁਰਾਂ ਦੇ ਮੁਖ ਥੀਂ ਜੋ ਸ਼ਬਦੁ ਪ੍ਰਗਟ ਹੋਇਆ ਹੈ, ਏਹੁ ਉਲਸ ਖਾਵਣ ਵਾਲਾ ਵਾਹਿਗੁਰੂ ਕੇ ਨਾਮ ਅਰ ਆਤਮ ਗਿਆਨ ਦਾ ਮਹਿਰਮੁ ਹੁੰਦਾ ਹੈ ਤੇ ਗਿਆਨ ਨੂੰ ਪ੍ਰਾਪਤ ਹੋਇਕੈ ਜੇ ਹਉਮੈ ਦਾ ਨੁਕਤਾ ਉਸਨੂੰ ਲਗ ਜਾਂਦਾ ਹੈ ਤਾਂ ਆਪ ਨੂੰ ਗਿਆਨੀ ਜਾਣ ਕੇ ਗੁਰਮੁਖਾਂ ਦੀਆਂ ਕਰਣੀਆਂ ਨਹੀਂ ਕਰਦਾ ਤੇ ਹੋਰਨਾਂ ਨੂੰ ਸਿਆਣਪਾਂ ਸਿਖਾਇਕੈ ਉਪਦੇਸ ਕਰਦਾ ਹੈ, ਸੋ ਮੁਜਰਮ ਹੁੰਦਾ ਹੈ। ਮੁਜਰਮ ਕਹੀਐ ਪਾਪੀ ਹੁੰਦਾ ਹੈ। ਜਿਵੇਂ ਛਿਨਾਰ ਇਸਤ੍ਰੀ ਭਰਤੇ ਨੂੰ ਸਿਰ ਤੇ ਰਖ ਕੇ ਦੁਰਾਚਾਰ ਕਰਦੀ ਹੈ ਤਿਵੇਂ ਉਹ ਗਿਆਨ ਨੂੰ ਸਿਖ ਕੇ ਵਿਖੈ ਭੋਗਦਾ ਹੈ ਤਾਂ ਸਬਦ ਗੁਰੂ ਕਾ ਤਾਂ ਹਉਮੈ ਰੋਗ ਥੀ ਸੁਖ ਕਰਕੇ ਛਡਾਵਣ ਵਾਲਾ ਹੈ ਸੀ ਸਗੋਂ ਉਸਨੂੰ ਖੁਆਰੀ ਹੋਂਦੀ ਹੈ। ਜਿਉਂ ਅੰਨ੍ਹਾ ਖੂਹ ਵਿਚ

*ਵਿਸਤਾਰ ਲਈ ਦੇਖੋ 'ਰਹਿਤ੍ਨਾਮੇ' (ਸੰਪਾਦਕ ਪਿਆਰਾ ਸਿੰਘ ਪਦਮ), ੧੯੭੮

ਪਵੈ ਤਾਂ ਉਸਨੂੰ ਕੋਈ ਨਹੀਂ ਕੁਛ ਆਖਦਾ ਪਰ ਜੇ ਸੁਜਾਖਾ ਹਥ ਵਿਚ ਦੀਪਕੁ ਲੈ ਕੇ ਖੂਹ ਵਿਚ ਪਉਂਦਾ ਹੈ ਤਾਂ ਉਸ ਨੂੰ ਭੰਡੀ ਹੁੰਦੀ ਹੈ। ਤੈਸੇ ਜੇ ਅਣਪੜ੍ਹਿਆ ਪਾਪ ਕਰਦਾ ਹੈ ਉਹਨੂੰ ਭੰਡੀ ਨਹੀਂ ਹੁੰਦੀ ਤੇ ਪੜ੍ਹਿਆ ਹੋਇਆ ਪਾਪ ਕਰਦਾ ਹੈ ਤਾਂ ਉਸ ਸਾਰੇ ਜਗਤ ਦੀ ਭੰਡੀ ਹੋਂਦੀ ਹੈ ਤੇ ਵਾਹਿਗੁਰੂ ਦੇ ਦਰਬਾਰ ਭੀ ਮੂਹ ਨਹੀਂ ਦੇ ਸਕਦਾ। ਗੁਰ ਕੇ ਸਿਖ ਗੁਰਮੁਖਿ ਗੁਰੂ ਕੇ ਸ਼ਬਦ ਦਾ ਅੰਮ੍ਰਿਤ ਪਿਆਲਾ ਪੀ ਕੇ ਸਰੀਰ ਦੇ ਰਸਾਂ ਵਲੋਂ ਮਸਤਾਨੇ ਹੋਂਦੇ ਹੈਨਿ। [ਪੰਨਾ ੪—੫]

ਪ੍ਰਿਥੀ ਤੇ ਖੇੜਾ ਸੁਇਨੀ ਜਾਤ ਦੇ ਖਤ੍ਰੀ ਹੈਸਨਿ, ਸਤਿਗੁਰਾਂ ਦੇ ਦਰਸਨ ਨੂੰ ਕਰਤਾਰਪੁਰ ਆਏ। ਅਗੇ ਬਾਣੀ ਦਾ ਵੀਚਾਰ ਹੁੰਦਾ ਸੀ। ਜਿਸ ਵੇਲੇ ਗੁਰੂ ਕੇ ਹਜੂਰ ਆਇ ਬੈਠੇ ਤਾਂ ਦੋਨਹੁੰ ਦਾ ਮਨ ਇਕਾਗਰ ਹੋਇ ਗਇਆ। ਸਤਿਗੁਰਾਂ ਬਚਨ ਕੀਤਾ : ਜਿਸ ਕਾਮਨਾ ਵਾਸਤੇ ਤੁਸੀਂ ਆਏ ਹੋ ਸੋ ਮੰਗੋ। ਤਾਂ ਉਨ੍ਹਾਂ ਅਰਦਾਸਿ ਕੀਤੀ : 'ਜੀ ਗਰੀਬਨਿਵਾਜ਼ ! ਅਸਾਨੂੰ ਆਪਣੇ ਚਰਣਾਂ ਦੀ ਸਰਣੀਂ ਰਖੀਏ ਤੇ ਇਹੁ ਦਾਨ ਦਿਚੇ ਜੁ ਜਗਤ ਨੂੰ ਅਸਾਰ ਜਾਣ ਕੇ ਅਸੀਂ ਮੰਗੀਏ ਕਛੂ ਨਹੀਂ। ਬਚਨ ਹੈ—

'ਅਣਮੰਗਿਆ ਦਾਨੁ ਦੀਜੈ ਦਾਤੇ, ਤੇਰੀ ਭਗਤਿ ਭਰੇ ਭੰਡਾਰਾ ॥'

ਤੇਰੀ ਭਗਤਿ ਦੇ ਭੰਡਾਰ ਨਿਖੁਟਦੇ ਨਹੀਂ, ਅਗੇ ਭੀ ਸਿਖ ਖਾਇਕੇ ਆਏ ਹੈਂ ਤੇ ਹੁਣ ਭੀ ਖਾਂਦੇ ਹੈਨਿ ਤੇ ਅਗੇ ਭੀ ਖਾਵਨਗੇ। ਅਸਾਨੂੰ ਏਹੁ ਦਾਨ ਦਿਚੈ ਜੁ ਤੇਰਾ ਹੁਕਮ ਅਸਾਨੂੰ ਮਿਠਾ ਲਗੇ ਤੇ ਹੋਰ ਮੰਗਣ ਦੀ ਆਸਾ ਨਿਵਿਰਤਿ ਹੋਵੈ, ਤੇਰੇ ਚਰਨਾਂ ਦੀ ਸਰਨਿ ਰਹੀਏ। ਬਚਨੁ ਹੋਇਆ :

'ਅਸਾਡੇ ਚਰਨ ਸਾਧਸੰਗਤਿ ਵਿਚ ਸਦਾ ਰਹਿੰਦੇ ਹੈਨਿ ਤੁਸਾਂ ਸਾਧਾਂ ਦੀ ਸੇਵਾ ਕਰਨੀ ਤੇ ਧਰਮਸਾਲਾ ਦੁਇ ਵੇਲੇ ਟੁਰ ਜਾਵਣਾ। ਤੇ ਸੰਤਾਂ, ਤੇ ਸਤਿਗੁਰਾਂ ਵਿਚ ਤੇ ਪਰਮੇਸਰ ਵਿਚ ਭੇਦ ਨਹੀਂ ਜਾਣਨਾ ਤੇ ਧਰਮ ਦੀ ਕਿਰਤ ਕਰਕੇ ਅਥਿਤਾਂ ਸਿਖਾਂ ਨਾਲਿ ਵੰਡ ਖਾਵਣਾ, ਤੁਸੀਂ ਸਦਾ ਮੇਰੇ ਚਰਨਾਂ ਦੀ ਸਰਨਿ ਹੋ। ਸਰੀਰ ਮੇਰਾ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ, ਨਿਰਗੁਣ ਰੂਪ ਹੈ, ਜੇ ਸਰੀਰ ਨਾਲਿ ਮਿਲੋਗੇ ਤਾਂ ਫੇਰਿ ਭੀ ਵਿਛੁੜੋਗੇ ਤੇ ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ। ੩। [ਪੰਨਾ ੨੭]

ਸਿਖਾਂ ਅਰਦਾਸਿ ਕੀਤੀ, ਸੱਚੇ, ਪਾਤਸ਼ਾਹ ਜੀ! ਕਸ਼ਮੀਰ ਵਿਚ ਜੋ ਪੰਡਿਤ ਹੁੰਦੇ ਹੈਨਿ ਸੋ ਗੁਰੂ ਕੀ ਬਾਣੀ ਸਿਖਾਂ ਨੂੰ ਪੜ੍ਹਨ ਨਹੀਂ ਦੇਂਦੇ। ਕਹਿੰਦੇ ਹੈਨਿ 'ਜੋ ਸਹਸਕ੍ਰਿਤ ਦੇਵ ਬਾਣੀ ਹੈ ਤੇ ਭਾਖਾ ਮਨੁਖ-ਬਾਣੀ ਹੈ ਤੇ ਤੁਸਾਂ ਨਿਤ ਨਮਿਤ ਕਰਮ ਛੋਡਿ ਦਿੱਤੇ ਹੈਨਿ, ਅਸੀਂ ਤੁਹਾਡੇ ਨਾਲਿ ਵਰਤਨਿ ਨਹੀਂ ਰਖਦੇ। ਤਾ ਮਾਧੋ ਸੋਢੀ ਨੂੰ ਆਗਿਆ ਹੋਈ : ਤੇਰੇ ਬਚਨਾਂ ਵਿਚ ਮੈਂਬਲ ਪਾਇਆ ਹੈ, ਤੂ ਜਾਇਕੈ ਕਸ਼ਮੀਰ ਵਿਚ ਗੁਰਸਿਖੀ ਦੀ ਰੀਤਿ ਚਲਾਇ। ਤਾਂ ਮਾਧੋ ਅਰਦਾਸਿ ਕੀਤੀ, 'ਜੀ ਓਹ ਕਰਮਕਾਂਡੀ ਹੈਨਿ, ਉਪਾਸਨਾ ਨੂੰ ਨਹੀਂ ਜਾਣਦੇ।' ਬਚਨ ਹੋਇਆ, 'ਜਾਣਦੇ ਹੈਨਿ ਪਰੁ ਕਮਾਂਵਦੇ ਨਹੀਂ, ਤੇਰੇ ਦਰਸ਼ਨ ਤੋਂ ਕਮਾਵਗੇ। ਜੈਸੇ ਪੰਡਿਤਾਂ ਨੂੰ ਸੰਸਕ੍ਰਿਤ ਹੈ, ਤਸੇ ਗੁਰੂ ਕੇ ਸਿਖਾਂ ਨੂੰ ਸਬਦੁ ਗੁਰੂ ਕਾ ਪਿਆਰਾ ਹੈ।'

ਤਾਂ ਭਾਈ ਮਾਧੋ ਕਸਮੀਰ ਗਇਆ, ਗੁਰੂ ਦੀ ਕਥਾ ਲਗਾ ਕਰਨੇ। ਤਾਂ ਪੰਡਿਤਾਂ ਕਹਿਆ, ਅਸੀਂ ਭਾਖਾ ਬਾਣੀ ਨਹੀਂ ਮੰਨਦੇ ਤਾ ਭਾਈ ਮਾਧੋ ਕਹਿਆ, ਘ੍ਰਿਤ ਭਾਵੇਂ ਧਾਤੁ ਦੇ ਬਾਸਨ ਮੈਂ ਹੋਵੈ ਭਾਵੇਂ ਮਾਟੀ ਦੇ ਬਾਸਨ ਮੈਂ ਹੋਵੈ, ਘ੍ਰਿਤ ਕੇ ਲੇਨੇ ਵਾਲਾ ਬਾਸਨ ਨਹੀਂ ਵੇਖਦਾ। ਤੈਸੇ ਮਹਾਰਾਜ ਦਾ ਨੇਮ ਔ ਆਤਮ-ਗਿਆਨ ਭਾਵੇਂ ਸਹੰਸਕ੍ਰਿਤ ਦੀ ਬਾਣੀ ਵਿਚ ਹੋਵੇ, ਭਾਵੇਂ ਭਾਖਾ ਵਿਚ ਹੋਵੈ, ਏਹ ਨਾਮ ਸਰਬ ਦਾ ਕਲਿਆਨ ਕਰਦਾ ਹੈ। ਕਿਉਂ ਜੁ ਤੁਸੀਂ ਭੀ ਭਾਖਾ ਵਿਚ ਸਭਨਾਂ ਨੂੰ ਸਮਝਾਂਵਦੇ

ਹੋ ਤਾ ਉਨ੍ਹਾਂ ਕਹਿਆ, ਅਸੀਂ ਮੋਟੀ ਬੁਧਿ ਵਾਲਿਆਂ ਨੂੰ ਸਮਝਾਂਦੇ ਹਾਂ ਤਾਂ ਭਾਈ ਮਾਧੋ ਕਹਿਆ, 'ਗੁਰੂ ਜੀ ਭੀ ਕਲਿਜੁਗ ਦੇ ਜੀਆਂ ਵਾਸਤੇ ਭਾਖਾ ਬਾਣੀ ਕੀਤੀ ਹੈ। ਵੇਦਾਂ ਕਰਕੇ ਚਤੁਰਾਈ ਪ੍ਰਾਪਤੀ ਹੁੰਦੀ ਹੈ, ਮਨ ਨੀਵਾਂ ਨਹੀਂ ਹੁੰਦਾ ਤੇ ਸ਼ਬਦ ਕਰਕੈ ਮਨ ਨੀਵਾਂ ਹੁੰਦਾ ਹੈ ਤਾਂ ਸਿਖੀ ਪ੍ਰਾਪਤ ਹੁੰਦੀ ਹੈ। ੯੬।' [ਪੰਨਾ ੧੩੮-੩੯]

ਭਾਈ ਗੋਪੀ ਮਹਿਤਾ ਤੇ ਭਾਈ ਤੀਰਥ , ਭਾਈ ਨੱਥਾ ਤੇ ਭਾਈ ਭਾਊ ਮੋਕਲ ਤੇ ਭਾਈ ਢਿਲੀ ਮੰਡਲ ਗੁਰਾਂ ਦੀ ਸਰਨ ਆਏ। ਓਨ੍ਹਾਂ ਅਰਦਾਸ ਕੀਤੀ 'ਜੀ ਸਚੇ ਪਾਤਸ਼ਾਹ ! ਗੁਰੂ ਕੀ ਬਾਣੀ ਨੂੰ ਸੁਣ ਕੇ ਤੇ ਭੈ ਪ੍ਰਾਪਤ ਹੁੰਦਾ ਹੈ ਤੇ ਪ੍ਰਿਥੀਮੱਲ ਤੇ ਮਹਾਦੇਉ ਤੇ ਹੋਰ ਸੋਢੀਆਂ ਬਾਣੀ ਕਰਕੈ ਵਿਚ ਗੁਰੂ ਨਾਨਕ ਜੀ ਦਾ ਭੋਗੁ ਪਾਇਆ ਹੈ। ਉਨ੍ਹਾਂ ਦੀਆਂ ਬਾਣੀਆਂ ਨੂੰ ਸੁਣਕੈ ਮਨ ਵਿਚ ਅਭਿਮਾਨ ਤੇ ਚਤੁਰਾਈ ਹੈ। ਤਾਂ ਬਚਨ ਹੋਇਆ, 'ਭਾਈ ਗੁਰਦਾਸ ਹੁਣ ਤਾਂ ਬਾਣੀਆਂ ਨੂੰ ਸਿਖ ਜਾਣਦੇ ਹੈਨਿ ਤੇ ਅਗੇ ਜੋ ਹੋਵਨਿਗੇ ਸੋ ਪਛਾਣਨਗੇ ਨਹੀ, ਜੁ ਗੁਰੂ ਕੀ ਬਾਣੀ ਕਉਣ ਹੈ ਤੇ ਬਾਹਰ ਦੀ ਬਾਣੀ ਕਉਣ ਹੈ ਤਾਂ ਸਭ ਬਾਣੀਆਂ ਇਕੱਠੀਆਂ ਕਰਕੇ ਗ੍ਰੰਥ ਜੀ ਦੀ ਬੀੜ ਕੀਚੈ ਤੇ ਅੱਖਰ ਭੀ ਗੁਰਮੁਖੀ ਸੁਗਮ ਕੀਚਨ, ਸਭ ਕਿਸੇ ਦੇ ਵਾਚਣ ਵਿਚ ਸੁਗਮ ਆਵਨਿ।' ਤਾਂ ਕੋਠੇ ਵਿਚ ਸਭੇ ਬਾਣੀਆਂ ਇਕੱਠੀਆਂ ਕੀਤੀਆਂ।

ਤੇ ਭਾਈ ਗੁਰਦਾਸ ਜੀ ਨੂੰ ਬਚਨ ਹੋਇਆ ਤੂ ਮੋਹਣ ਪਾਸੋਂ ਪੋਥੀਆਂ ਲੈ ਆਉ........

ਤਾਂ ਸਾਹਿਬ ਪੋਥੀਆਂ ਸਭ ਇਕੱਠੀਆਂ ਕਰਕੇ ਭਾਈ ਗੁਰਦਾਸ ਦੇ ਹਵਾਲੇ ਕੀਤੀਆਂ। ਗੁਰਮੁਖੀ ਅੱਖਰਾਂ ਵਿਚ ਗ੍ਰੰਥ ਜੀ ਲਿਖਿਆ। ਤਾਂ ਕਬੀਰ ਆਦਿਕ ਸਭੇ ਭਗਤ ਭਾਈ ਗੁਰਦਾਸ ਨੂੰ ਆਦਿ ਦਰਸ਼ਨ ਦਿੱਤਾ 'ਅਸਾਡੀਆਂ ਭੀ ਬਾਣੀਆਂ ਸਾਖ ਵਾਸਤੇ ਚੜ੍ਹਾਓ।'

ਤਾਂ ਭਾਈ ਗੁਰਦਾਸ ਗੁਰੂ ਕੇ ਹਜ਼ੂਰ ਅਰਦਾਸ ਕੀਤੀ ਤਾਂ ਬਚਨ ਹੋਇਆ, ਉਨ੍ਹਾਂ ਦੀਆਂ ਰਸਨਾਂ ਥੀਂ ਨਉਤਨ ਬਾਣੀਆਂ ਉਚਾਰ ਕਰਵਾਇਕੈ ਚੜ੍ਹਾਵਨੀਆਂ ਤੇ ਗ੍ਰੰਥ ਜੀ ਦਾ ਭੋਗ ਪਾਵਣਾ। ੧੦੦।

ਸਿਖਾਂ ਦੀ ਭਗਤਮਾਲਾ, ਪੰਨਾ ੧੪੨-੪੩, ਦੂਜੀ ਛਾਪ, ੧੯੫੦,
ਖਾਲਸਾ ਸਮਾਚਾਰ, ਅੰਮ੍ਰਿਤਸਰ

੨੩. ***ਰਾਜਾ ਖੁਸ਼ਹਾਲ ਚੰਦ*** ੧੭੪੦ ਈ.

ਪ੍ਰਿਥਮੈ ਸਿਮਰੋ ਆਦਿ ਅਜੋਨੀ
ਤਾਂ ਪਾਛੈ ਧ੍ਰਿਆਵਊਂ ਜੋਤਿ ਸਰੂਪੀ ਸ੍ਰੀ ਆਦਿ ਭਵਾਨੀ।
ਕੀਜੈ ਨਮਸਕਾਰ ਗੁਰੂ ਨਾਨਕ, ਤਰਨ ਤਾਰਨ ਬਖ਼ਸ਼ੰਦ ਦਯਾਲ ਸਦਾ ਖੁਸ਼ਹਾਲ
ਜਾਂ ਕੀ ਦਯਾ ਤੇ ਪਾਈ ਐਸੀ ਬੁਧਿ ਔਰ ਅੰਮ੍ਰਿਤ ਬਾਨੀ। ੧। *(ਭੈਰਉ)*
ਮੋਹਿ ਭਰੋਸਾ ਗੁਰ ਕੇ ਸ਼ਬਦ ਕਾ। ਰਾਖਿ ਲੇਹੁ ਭਗਤਨ ਕਾ ਸਦਕਾ
ਜਨ ਖੁਸ਼ਾਲ ਕੋ ਕੀਜੈ ਦਇਆ। ਰਹਹੁੰ ਸਦਾ ਤੇਰੇ ਦਰਿ ਪਇਆ। ੮। *(ਭੈਰਉ)*
ਜੋ ਜੋ ਦ੍ਰਿਸਟਿ ਬੀਚ ਅਹੈ ਆਈ। ਸੋਹੀ ਦੇਖ ਅਰਦਾਸਿ ਬਣਾਈ
ਯਹ ਭੀ ਆਗਯਾ ਪ੍ਰਭੁ ਕੀ ਆਈ। ਨਹੀ ਤੋ ਹਮਰੀ ਕਉਨ ਮਜਾਲ। ੧੯।
ਸਤਿਗੁਰੂ ਕਾ ਸ਼ਬਦ ਬੀਚਾਰੈ। ਕਾਮਹਿ ਜੀਤੈ ਕ੍ਰੋਧਹਿ ਮਾਰੈ
ਦਇਆ ਸੰਤੋਖ ਗਰੀਬੀ ਧਾਰੈ। ਸੋਈ ਕਹੀਐ ਸਿਖ ਖੁਸ਼ਹਾਲ। ੨੦। *(ਲਲਿਤ)*
ਸਿਖਾ ਖਾਲਸੇ ਦਿਆ ਵੇ! ਫਤਹਿ ਵਾਹ ਗੁਰੂ ਦੀ ਬੋਲ।

ਵਾਹ ਗੁਰੂ ਕਹਿ ਵੜ ਜਾ ਘਰ ਵਿਚਿ, ਤਤੁ ਵਸਤੂ ਲੇ ਟੋਲਿ
ਜਿਸ ਵਸਤੂ ਨੋ ਢੂੰਡੇ ਖੋਜ, ਸੋ ਹਹਿ ਤੇਰੇ ਕੋਲ। ੨।
ਪੰਚ ਦੂਤ ਜੇ ਅੱਗਹੁ ਹਟਕਨ, ਸ਼ਬਦ ਵਜਾ ਦੇ ਢੋਲ। ੩।
ਹੋਣ ਖੁਸ਼ਹਾਲ ਮਨੋਰਥ ਪੂਰਨ, ਸੁਣ ਲੈ ਬਚਨ ਅਮੋਲ। ੪। (ਦੇਵ ਗਿਰੀ)
[ਬਿਸ਼ਨ ਪਦੇ ਖੁਸ਼ਹਾਲ ਰਾਇ ਕੇ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ]

੨੪. ਭਾਈ ਕੁਇਰ ਸਿੰਘ ੧੭੫੩ ਈ.

ਦਿਜੈ ਦਾਨ ਭੂਖੇ, ਲਹੋ ਜਾਇ ਪਯਾਰੇ। ਦਿਵਾਨੰ ਲਗਾਵੈ ਸੁਨੈ ਸ਼ਬਦ ਸਾਰੇ।
ਗੁਰੂ ਗ੍ਰੰਥ ਜਾਨੋ ਸਦਾ ਅੰਗ ਸੰਗੰ। ਸੁਨੋ ਗਾਥ ਪੁਰਾਨ ਕੀ ਚੀਤ ਰੰਗੰ।
ਜਹਾਂ ਧਰਮਸਾਲਾ ਤਹਾਂ ਨੀਤ ਜੈਯੈ। ਗੁਰੂ ਦਰਸ ਕੀਜੈ ਮਹਾ ਸੁਖ ਪੈਯੈ।
(ਅਧਿਆ ੯, ਪੰਨਾ ੧੩੦)

ਤਾਂਤੇ ਜੋ ਮੁਹ ਸਿਖ ਸੁਜਾਨਾ। ਮਾਨਹਿ ਗੁਰੂ ਗ੍ਰੰਥ ਭਗਵਾਨਾ।
ਮੋ ਨਿਜ ਬਪੁ ਯਾ ਸਮ ਕੋ ਨਾਹੀ। ਪੂਰਬ ਸ੍ਰੀ ਗੁਰੂ ਨਾਨਕ ਆਹੀ। ੯੪।
'ਦਸ ਅਵਤਾਰ ਗੁਪਤ ਹ੍ਵੈ ਜਾਹਿੰ। ਕੁਲ ਨਹਿੰ ਪ੍ਰਗਟੈਗੀ ਪੁਨਿ ਤਾਂਹਿ
ਗੁਰਿਆਈ ਕਾ ਨਹਿੰ ਅਬ ਕਾਲ। ਤਿਲਕ ਨ ਦੇਵਹਿੰਗੇ ਕਿਸੁ ਭਾਲ। ੯੬।
ਸਰਬਸੁ ਸੰਗਤਿ ਖਾਲਸ ਮਾਨ। ਸ੍ਰੀ ਅਸਿਕੇਤੁ ਗੌਂਦ ਮੈਂ ਜਾਨ।
ਲੜ ਪਕੜਾਇ ਸ਼ਬਦ ਕਾ ਰੂਪ। ਜੋ ਮਾਨੈ ਸੋ ਸਿੰਘ ਅਨੂਪ। ੯੭।
ਦਰਸ਼ਨ ਗੁਰ ਕਾ ਹੈ ਸਵਧਾਨ। ਸ੍ਰੀ ਗ੍ਰੰਥ ਜੀ ਸਾਹਿਬ ਮਾਨ
ਲੇ ਆਵੋ ਤਾਂ ਕੋ ਯਾ ਥਾਨਾ। ਲੇ ਆਏ ਗੁਰ ਦਸਮ ਸੁਜਾਨਾ। ੯੮।
ਸੁਨ ਕੈ ਕਹਾ ਏਹ ਇਤਿਹਾਸ। 'ਚਲੋ ਆਦਿ ਸਤਿਗੁਰ ਕੇ ਪਾਸ
ਤਬ ਪੁਨ ਆਪ ਉਠੇ ਸਭ ਸੰਗਾ। ਪੈਸੇ ਪਾਂਚ ਨਲੀਏਰ ਸੁ ਅੰਗਾ। ੯੯।
ਲੈ ਕੇ ਤਾਂਹਿ ਅਰਪ ਕੀ ਬੰਦਨ। ਪ੍ਰਦਖਨ ਕਰਤੇ ਮਨ ਰੰਗਨ
ਕਹਾ, 'ਜੋਇ ਬਚ ਕੀਨਾ ਚਾਹੈ। ਪਾਠ ਕਰੈ ਗੁਰ ਕੋ ਸੁਖ ਪਾਹੈ। ੧੦੦।
ਯਾ ਸਮ ਔਰ ਕੋਈ ਗੁਰੂ ਨਾਹੀ। ਬਿਨਾਂ ਕਾਣ ਸਚ ਬਾਕ ਭਨਾਹੀ
ਯੱਦਪਿ ਰਾਜੈ ਕੈ ਹੋਇ ਪਾਸ। ਤਦਪਿ ਨ ਚਾਹਹਿ ਮਾਨਤ ਤਾਸ। ੧੦੧।
ਜੋ ਸਿਖ ਰਹਤ ਧਰੈ ਮੋ ਪਯਾਰਾ। ਅੰਗ ਸੰਗ ਤਾਂ ਕੇ ਹੋ ਸਾਰਾ।
ਤੁਰਕ ਸੰਗ ਤਜਿ ਪਰਧਨ ਨਾਰੀ। ਧਯਾਨ ਨਾਥ ਕੀਰਤਿ ਗੁਰ ਧਾਰੀ। ੧੩੫।
ਗ੍ਰੰਥ ਗੁਰੂ ਮੈਂ ਨਿਹਚਾ ਧਾਰੈ। ਤਾ ਬਿਨ ਚਾਹ ਨ ਧਰੈ ਪਿਯਾਰੈ।
ਤਾ ਕੀ ਵਾਂਛਾ ਸਭ ਗੁਰ ਪੂਰੇ। ਯਾ ਪਰ ਨਿਸਚਾ ਭ੍ਰਮ ਸਭ ਦੂਰੈ। ੧੩੬।
ਯੋ ਬਿਧਿ ਸ੍ਰੀ ਗ੍ਰੰਥ ਸਿਰ ਨਯਾਈ, ਕਰ ਅਰਦਾਸ ਪ੍ਰੇਮ ਜੁਤ ਭਾਈ।
ਦਾਨ ਅਨੰਤ ਦਏ ਜੋ ਰਬਾਬੀ ਮਾਨੈ ਚੜ੍ਹੀ ਗ੍ਰੰਥ ਬਚ ਆਬੀ। ੧੩੭।
ਖੁਸ਼ੀ ਕਰੋ ਸਭ ਕੋ ਕਹਿ ਐਸੇ। ਅੰਗ ਸੰਗ ਲਖ ਭੀਰ ਮੋ ਵੈਸੇ
ਗੁਰਬਿਲਾਸ, (ਅਧਿਆਇ ੨੧) ਪੰਨਾ ੨੮੩-੮੪, ੧੯੬੮,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

੨੫. ਭਾਈ ਕੇਸਰ ਸਿੰਘ ਛਿੱਬਰ ੧੭੬੯ ਈ.

ਸੰਮਤੁ ਸੋਲਾਂ ਸੈ ਛਿਤਾਲੀ ਹਾੜ ਦਿਨ ਗਏ ਬਾਈ
ਮਾਤਾ ਗੰਗਾ ਕਰਿ ਬਿਆਹੁ ਡੋਲੇ ਚੜ੍ਹਿ ਆਈ। ੨੧।
ਸਾਹਿਬ ਨੂੰ ਵਰ ਦਿੱਤਾ ਮਾਤਾ ਸਾਰਦਾ ਭਵਾਨੀ
ਸਾਹਿਬ ਉਚਰਨ ਲਗੇ ਰਸਨਾ ਤੇ ਬਾਣੀ
ਚਾਰ ਲਿਖਾਰੀ ਤੀਰ ਆਪਨੇ ਠਹਿਰਾਏ
ਲਿਖਦੇ ਜਾਣ ਜੋ ਸਾਹਿਬ ਰਸਨੀਂ ਅਲਾਏ। ੨੨।

....

ਭਾਈ ਸੰਤਦਾਸ ਤੇ ਹਰੀਆ, ਸੁਖ ਮਨਸਾ ਰਾਮੁ
ਲਿਖਦੇ ਜਾਣ ਸੋ ਜੋ ਸਾਹਿਬ ਕਰਨਿ ਬਖਾਨੁ
ਤਿਸੀ ਸਮੇਂ ਸਾਹਿਬ ਚੰਦ ਜੀ, ਕਰ ਗਏ ਸਵਾਰਾ
ਸੰਮਤੁ ਸੋਲਾ ਸੈ ਤ੍ਰਿਤਾਲੀ, ਹਾੜ ਦਿਨ ਬਾਕੀ ਚਾਰਾ। ੩੧।
ਗੁਰੂ ਅਰਜਨ ਜੀ ਤਹਾਂ ਚਲਿ ਗਏ ਮੁਕਾਣੀਂ
ਚਾਰੇ ਲਿਖਾਰੀ ਨਾਲਿ ਲਿਖਦੇ ਜਾਣ ਜੋ ਸਾਹਿਬ ਉਚਾਰੇ ਬਾਣੀ
ਦੇ ਅਰਦਾਸਿ ਭੇਟਾ ਉਥੋਂ ਉਠਿ ਆਏ
ਰਾਮਦਾਸਪੁਰੇ ਆਇ ਡੇਰੇ ਪਾਏ। ੩੨।
ਮਿਹਰਵਾਨ ਪੁਤ੍ਰ ਪ੍ਰਿਥੀਏ ਦਾ ਕਬੀਰਸਰੀ ਕਰੇ
ਪਾਰਸੀ, ਹਿੰਦਵੀ, ਸਹਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ
ਤਿਨ ਭੀ ਬਾਣੀ ਬਹੁਤ ਬਣਾਈ
ਭੋਗੁ ਗੁਰੂ ਨਾਨਕ ਜੀ ਦਾ ਹੀ ਪਾਈ। ੮੭।
ਡੂਮ ਲਗੇ ਸਬਦ ਮੀਣਿਆ ਦੇ ਗਾਵਨਿ
ਦੂਜਾ ਦਰਬਾਰ ਵੱਡਾ ਗੁਰਿਆਈ ਆ ਲਗੇ ਲਾਵਨਿ
ਮੀਣਿਆਂ ਭਿ ਪੁਸਤਕ ਇਕ ਗ੍ਰੰਥ ਬਣਾਇਆ
ਚਹੁੰ ਪਾਤਸਾਹੀਆ ਦੇ ਸ਼ਬਦ ਬਾਣੀ ਲਿਖ ਵਿਚਿ ਪਾਇਆ। ੮੮।

....

ਇਥੇ ਕਿਸੇ ਸਿਖ ਸ਼ਬਦ ਮਿਹਰਵਾਨ ਦਾ ਕੀਰਤਨ ਵਿਚ ਪੜ੍ਹਿਆ
ਸੋ ਸਰਵਣੀਂ ਗੁਰੂ ਅਰਜਨ ਜੀ ਦੀ ਪਰਿਆ। ੯੫।
ਬਚਨ ਕੀਤਾ ਭਾਈ ਗੁਰਦਾਸ 'ਗੁਰੂ ਕੀ ਬਾਣੀ ਜੁਦਾ ਕਰੀਏ
ਮੀਣੇ ਪਾਣ ਲਗੇ ਨੀ ਰਲਾ, ਸੋ ਨਿਆਰੀ ਕਰ ਧਰੀਏ,
ਸੋ ਸਾਹਿਬ ਬਾਣੀ ਉਚਾਰੁ ਅਗੇ ਹੀ ਕਰਤ ਸ ਭਏ।
ਸੋ ਭਾਈ ਗੁਰਦਾਸ ਸਭ ਇਕਤ੍ਰ ਕਰਿ ਲਏ। ੯੬। *(ਪੰਜਵਾਂ ਚਰਣ)*
'ਗ੍ਰੀਬ ਨਿਵਾਜ਼' ਸਿਖ ਸੰਗਤਿ ਹੈ ਤੇਰੀ, ਇਸਦਾ ਕੀ ਹਵਾਲ?
ਬਚਨ ਕੀਤਾ, 'ਗ੍ਰੰਥ ਹੈ ਗੁਰੂ' ਲੜ ਪਕੜਹੁ ਅਕਾਲ। ੯੫੦।

ਗੁਰੂ ਹੈ ਖਾਲਸਾ ਖਾਲਸਾ ਹੈ ਗੁਰੂ
ਗੋਦੀ ਸ੍ਰੀ ਸਾਹਿਬ ਦੇਵੀ ਮਾਤਾ ਦੀ ਪਾਏ, ਭਜਨ ਕਰਨਾ ਸ਼ੁਰੂ
ਆਪਸ ਵਿਚਿ ਕਰਨਾ ਪਿਆਰ, ਪੰਥ ਦੇ ਵਾਧੇ ਨੋ ਲੋਚਣਾ।
ਆਗਿਆ ਗ੍ਰੰਥ ਸਾਹਿਬ ਕੀ, ਕਰਨੀ ਸ਼ਬਦ ਦੀ ਖੋਜਣਾ। *(ਦਸਵਾਂ ਚਰਣ)*
ਸੋ ਅਸਾਡਾ ਗੁਰੂ ਗ੍ਰੰਥ ਸਾਹਿਬ ਜੀ ਅਹੇ
ਸਿਖ ਸੋਈ ਜੋ ਚਲੇ ਗ੍ਰੰਥ ਸਾਹਿਬ ਦੇ ਕਹੇ। ੯੬।
ਅਗੇ ਗੁਰਿਆਈ ਦਾ ਟਿੱਕਾ ਗ੍ਰੰਥ ਸਾਹਿਬ ਨੂੰ ਦੇ ਗਏ
ਪੂਜਾ ਅਸਥਾਨ ਸ੍ਰੀ ਅੰਮ੍ਰਿਤਸਰ ਜੀ ਭਏ। ੧੦੭।
ਰਹਤ ਬਿਬੇਕ ਪਿਆਰ ਮੁਹੱਬਤ ਖੁਲਕ ਸਿਖਾਂ ਨੂੰ ਸਿਖੀ ਦਾਨ ਦਿੱਤੀ
ਦਸਵੇਂ ਪਾਤਸ਼ਾਹ ਜਬ ਜਗ ਤੇ ਸਵਾਰੀ ਕਿਤੀ। ੧੦੮।

....

ਗ੍ਰੰਥ ਸਾਹਿਬ ਜੀ ਸੰਮਤ ਸੋਲਾਂ ਸੈ ਅਠਵੰਜਵੇਂ ਜਨਮ ਹੈ ਧਾਰਾ
ਗੁਰੂ ਅਰਜਨ ਜੀ ਕੇ ਧਾਮ ਖਿਡਾਵਾ ਭਾਈ ਗੁਰਦਾਸ ਭੱਲਾ ਲਿਖਾਰਾ। ੧੩੫।
ਗੁਰੂ ਕਾ ਸ਼ਿਖ ਨ ਆਪਣਾ ਧਰਮ ਤਿਆਗੇਗਾ
ਗੁਰੂ ਕਾ ਸਿਖ ਗ੍ਰੰਥ ਜੀ ਦੇ ਕਹੇ ਲਾਗੇਗਾ
ਗੁਰੂ ਕਾ ਸਿਖ ਪਾਪ ਅਧਰਮ ਤੇ ਭਾਗੇਗਾ
ਪਰ ਜਿਸ ਗੁਰੂ ਕੇ ਸਿਖ ਦੇ ਪੋਤੈ ਪੁੰਨ ਕੋਈ ਜਾਗੇਗਾ। ੧੭੩।

....

ਦਸਵਾਂ ਪਾਤਸਾਹ ਗੱਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਇਆ
ਅਜ ਪ੍ਰਤੱਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ, ਸੋਈ ਗਇਆ ਜੋ ਗ੍ਰੰਥੇਂ ਗਇਆ। ੨੬੪।
ਜਿਤਨਾ ਹੋਇ ਆਵੈ ਤਿਤਨਾ ਗ੍ਰੰਥ ਸਾਹਿਬ ਦੇ ਬਚਨ ਕਮਾਣੇ
ਬਿਨਾ ਗ੍ਰੰਥ ਕੋਈ ਹੋਰ ਨ ਜਾਣੇ।
ਗ੍ਰੰਥ ਸਾਹਿਬ ਹੈਨ ਦੁਇ ਸਕੇ ਭਾਈ
ਇਕ ਹੈ ਵੱਡਾ ਇਕ ਛੋਟਾ ਕਹਾਈ। ੨੬੫।
ਸੰਮਤ ਸੋਲਾਂ ਸੈ ਅਠਵੰਜਾ ਸੇ ਗਏ। ਤਬ ਆਦਿ ਗ੍ਰੰਥ ਜੀ ਜਨਮ ਥੇ ਲਏ।
ਗੁਰੂ ਅਰਜਨ ਜੀ ਕੇ ਧਾਮ ਗ੍ਰੰਥ ਸਾਹਿਬ ਜਨਮ ਹੈ ਧਾਰਾ
ਦਾਇਆ ਸੀ ਭਾਈ ਗੁਰਦਾਸ ਭੱਲਾ, ਲਿਖਾਰੀ ਖਿਡਾਵਣਹਾਰਾ। ੨੬੬।
ਛੋਟਾ ਗ੍ਰੰਥ ਜੀ ਜਨਮੇ ਦਸਵੇਂ ਪਾਤਸ਼ਾਹ ਕੇ ਧਾਮ
ਸੰਮਤ ਸਤਾਰਾਂ ਸੈ ਪਚਵੰਜਾ ਬਹੁਤ ਖਿਡਾਵੇ ਲਿਖਾਰੇ ਨਾਮ
ਸਾਹਿਬ ਨੂੰ ਸੀ ਪਿਆਰਾ ਆਪਣੀ ਹੱਥੀਂ ਲਿਖਿਆ ਖਿਡਾਇਆ
ਸਿਖਾਂ ਕੀਤੀ ਅਰਦਾਸਿ, 'ਜੀ ਅਗਲੇ ਨਾਲ ਚਾਹੀਏ ਰਲਾਇਆ'। ੨੬੭।
ਬਚਨ ਕੀਤਾ, 'ਗ੍ਰੰਥ ਸਾਹਿਬ ਹੈ ਓਹ, ਇਹ ਅਸਾਡੀ ਹੈ ਖੇਡ,
ਨਾਲ ਨ ਮਿਲਾਇਆ ਆਹਾ ਪਿਆਰਾ, ਕਉਨ ਜਾਨਹਿ ਭੇਦ
ਸੋ ਦੋਨੋ ਗ੍ਰੰਥ ਸਾਹਿਬ ਭਾਈ ਗੁਰ ਕਰਿ ਜਾਨੋ।

ਵੱਡਾ ਹੈ ਟਿਕਾ ਗੁਰੂ, ਗੁਟਕੇ ਪੋਥੀਆਂ ਪੁਤ੍ਰ ਪੋਤ੍ਰੇ ਕਰਿ ਪਛਾਨੋ। ੨੯੮।

ਜੋ ਬਿਨਾ ਗ੍ਰੰਥ ਬਚਨ ਮੈਂ ਕਛੁ ਹੋਰ ਕੀਆ ਹੈ ਬਖਾਨੋ
ਤਾ ਤੁਸੀਂ ਮੇਰਾ ਕਹਿਆ ਰਤੀ ਨਾ ਮਾਨੋ
ਗ੍ਰੰਥ ਬਚਨ ਅਤੇ ਦਸਵੇਂ ਪਾਤਸ਼ਾਹ ਦੇ ਵਾਕ ਸਤਿ ਕਰਿ ਮਾਨੋ। ੩੫੭।
ਗੁਰੂ ਕਾ ਸਿਖ ਪੱਕਾ ਜਾਣਹੁ ਸੋਈ। ਗ੍ਰੰਥ ਬਚਨ ਸਤਿ ਕਰਿ ਮਾਨੈ ਜੋਈ।
ਜੋ ਗ੍ਰੰਥ ਬਚਨ ਦੇ ਕਹੇ ਚਲੇਗਾ। ਸੋਈ ਗੁਰੂ ਕੇ ਘਰਿ ਰਲੇਗਾ। ੩੫੮।

(ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਚੌਧਵਾਂ ਚਰਣ, ਖਰੜਾ)

੨੯. ਬਾਵਾ ਸਰੂਪਚੰਦ ਭੱਲਾ

ਬਾਵਾ ਕ੍ਰਿਪਾਦਿਆਲ ਸਿੰਘ ੧੭੭੬ ਈ.

ਸਾਖੀ ੧੧

ਏਕ ਦਿਵਸ ਪ੍ਰਭ ਪ੍ਰਾਤਾ ਕਾਲ। ਦਇਆ ਭਰੇ ਪ੍ਰਭੁ ਦੀਨ ਦਯਾਲੁ।
ਯਹ ਮਨ ਉਪਜੀ ਪ੍ਰਗਟਾਓ ਜਗ ਪੰਥ। ਤਿਹ ਕਾਰਨ ਕੀਜੈ ਅਬ ਗ੍ਰੰਥ। ੨।
ਭਾਈ ਗੁਰਦਾਸ ਕੋ ਅਗਿਆ ਕਰੀ। ਸਭ ਕਰੋ ਇਕਤ੍ਰ ਬਾਨੀ ਇਹ ਘਰੀ
ਅਰੁ ਬਾਨੀ ਭਗਤਨ ਕੀ ਸਭ ਮੇਲੋ। ਸਾਚੀ ਰਾਖਹੁ ਝੂਠੀ ਪੇਲੋ। ੩।
ਤਬ ਗੁਰਦਾਸ ਕਰੀ ਅਰਦਾਸ। ਸਭ ਪੋਥੀ ਸੰਸਰਾਮ ਕੇ ਪਾਸ
ਮੋਹਨ ਮਸਤਾਨ ਸਾਹਿਬ ਕਾ ਪੁੱਤ੍ਰ। ਵੈ ਤਪ ਭਗਤਿ ਜੋਗ ਕਾ ਸੂਤ੍ਰ। ੪।
ਪ੍ਰਥਮੈ ਤਾ ਸੌ ਪੋਥੀ ਲੀਜੈ, ਪੁਨ ਬਾਨੀ ਅਵਰ ਇਕਤ੍ਰ ਕੀਜੈ
ਤਬ ਬੰਧੇਜ ਗ੍ਰੰਥ ਕਾ ਹੋਈ। ਜੋ ਭਾਵੈ ਸਤਿਗੁਰ ਸੋ ਹੋਇ। ੫। (ਪੰਨਾ ੩੫੮)
ਜਪੁ ਆਦਿ ਲਿਖਨ ਗ੍ਰੰਥ ਜਬ ਲਗੇ। ਲਿਖੇ ਗੁਰਦਾਸ ਪ੍ਰੇਮ ਰੰਗ ਪਗੇ
ਗੁਰਬਾਨੀ ਪੜ੍ਹਿ ਪੜ੍ਹਿ ਗੁਰਮੁਖਿ ਲਿਖੇ। ਕੇਤਕ ਨਿਕਾਲ ਬਾਹਰ ਧਰਿ ਰਖੇ। ੧੫।

ਦੋਹਰਾ

ਕਹਿਓ ਦਯਾਲ ਗੁਰਦਾਸ ਕੋ, ਤੁਮ ਬਾਨੀ ਲਿਖੋ ਪਛਾਨ
ਜੋ ਯਹ ਨਿਕਾਲ ਬਾਹਰ ਧਰੀ, ਕੈਸੇ ਪਾਇਓ ਗਿਆਨ। ੧੬।

ਚੌਪਈ

ਕਰ ਜੋੜਿ ਗੁਰਦਾਸ ਕਰੀ ਅਰਦਾਸਿ। ਸੋ ਸਤਿਗੁਰ ਗਿਆਨ ਐਸੇ ਮੋ ਪਾਸ
ਬਹੁਤ ਪਰਖ ਮਿਲਿ ਬਾਤ ਬਖਾਨੈ। ਨਿਜ ਭਰਤਾ ਬੋਲ ਤ੍ਰਿਯਾ ਪਹਿਚਾਨੈ। ੧੭।
ਅਵਰਿ ਕੋ ਵਾਕ ਤਿਸ ਮਨ ਨਹੀਂ ਆਵੈ। ਸੁਨਿ ਭਰਤਾ ਬੋਲ ਹੀਏ ਮੋ ਭਾਵੈ।
ਇਮ ਬੂਝ ਬਿਚਾਰ ਗੁਰਬਚਨ ਪਛਾਨੋ। ਅਵਰਿ ਵਾਕ ਮਨ ਮਹਿ ਨਹੀਂ ਆਨੋ। ੧੮।
ਯਹਿ ਸੁਨਿ ਬਿਚਾਰ ਗੁਰ ਭਏ ਦਯਾਲ। ਬਰ ਬਚਨ ਕੀਆ ਗੁਰਦਾਸ ਨਿਹਾਲ
ਹਮਰੇ ਚਿਤ੍ਰ ਗੁਪਤ ਦ੍ਰਿੜ੍ਹ ਗਿਆਨੇ। ਸਤਿਗੁਰ ਬਾਨੀ ਹਿਰਦੈ ਪਛਾਨੇ। ੧੯।
ਬਰ ਪਾਇ ਗੁਰਦਾਸ ਚਰਨ ਗੁਰ ਲਾਗੇ। ਜਾਗੇ ਮਾਥੇ ਭਾਗ ਸੁਭਾਗੇ
ਲਿਖ ਗ੍ਰਿੰਥ ਸਭ ਭਇਆ ਤਿਆਰ। ਭਗਤਿ ਖਜ਼ਾਨਾ ਗਿਆਨ ਭੰਡਾਰ। ੨੦।

ਖੁਲ੍ਹੇ ਦੁਆਰ ਚਾਰ ਪ੍ਰਮਾਨ। ਭਗਤਿ, ਵੈਰਾਗ, ਜੋਗੁ ਅਰੁ ਗਿਆਨ
ਜਾਚਕ ਜਿਸ ਦੁਆਰੇ ਕੋ ਜਾਚਹਿ। ਵਿਖਿਆ ਪਾਵੈ ਹਰਿ ਧਨ ਸਾਚਹਿ। ੨੧।

(ਪੰਨਾ ੩੬੨-੬੩)

ਤਬ ਸਿਖਾਂ ਨੇ ਪੂਛਾ ਜੋ ਅਬ ਦਰਸ਼ਨ ਕਹਾਂ ਕਰਹਿ। ਸਤਿਗੁਰ ਦੀਨ ਦਯਾਲ ਬਚਨ ਕੀਆ, ਜੋ ਦਸ ਸਰੂਪ ਹਮਾਰੇ ਪੂਰਨ ਭਏਂ ਹੈ। ਅਬ ਮੇਰੀ ਜਾਹਗਾ ਗੁਰ, ਗਿਰੰਥ ਸਾਹਿਬ ਕੋ ਜਾਨਨਾ। ਜਿਸਨੇ ਮੇਰੇ ਸੇ ਬਾਤ ਕਰਨੀ ਹੋਇ, ਤਾਂ ਆਦਿ ਗ੍ਰੰਥ ਸਾਹਿਬ ਕਾ ਪਾਠ ਕਰਨਾ, ਮੇਰੇ ਸੇ ਤਾਂ ਬਾਤਾਂ ਹੋਵੇਗੀ।"

ਮਹਿਮਾ ਪ੍ਰਕਾਸ਼, ਪੰਨਾ ੮੯੨, ਭਾਸ਼ਾ ਵਿਭਾਗ ਪਟਿਆਲਾ (੧੯੭੧),

੨੭. ਭਾਈ ਸੁੱਖਾ ਸਿੰਘ — ੧੭੯੭ ਈ.

ਇਹ ਬਿਧਿ ਹੋਇ ਤਯਾਰ ਜਬ, ਠਾਂਢਿ ਭਏ ਮਹਾਰਾਜ
ਹਾਥ ਜੋਰਿ ਤਬਿ ਖਾਲਸੇ, ਕਹਯੋ ਗਰੀਬ ਨਿਵਾਜ਼। ੨੧।
'ਨਵ ਪਾਤਸ਼ਾਹੀ ਆਦਿ ਲਗ, ਭਏ ਸ੍ਰੀ ਗੁਰ ਜੋਇ
ਅੰਤ ਸਮੈ ਸਭ ਸੰਗਤਨ, ਲਰ ਪਕਰਾਵਤ ਸੋਇ। ੨੨।
ਤਾਂਤੇ ਇਹੈ ਬਿਨੈ ਹਮ ਪਾਵੈ
ਕਹਾਂ ਖਾਲਸਾ ਸੀਸ ਟਿਕਾਵੈ?
ਤਾਂਤੇ ਅੰਚਰ ਹਮ ਪਕਰਾਵਹੁ
ਜਹਾਂ ਆਪ ਸੋ ਠਵਰ ਬਤਾਵਹੁ। ੨੩।
ਹੁਕਮ ਹੋਆ ਬਤੀਆਂ ਸੁਨ ਭਾਈ। ਆਗੇ ਰਖਯੋ ਗੰਢ ਮਮ ਪਾਈ।
ਸ੍ਰੀ ਅਸਿਧੁਜ ਕਾ ਲਰ ਪਕਰਾਯੋ। ਅਕਾਲ ਪੁਰਖ ਕੇ ਚਰਨੀਂ ਲਾਯੋ। ੨੪।
ਰੂਪ ਰੰਗ ਜਾ ਕਰ ਨਹੀਂ ਕੋਈ। ਘਟ ਮੈਂ ਤੁਮੈਂ ਲਖਾਵਹੁ ਸੋਈ।
ਤਾ ਕਹ ਨਿਰਖ ਜਪੋ ਮਨ ਮਾਹੀ। ਅਧਿਕ ਸੁਖ ਹੈ ਤੁਮੈ ਮਹਾਂ ਹੀ। ੨੫।
ਲੋਕ ਸੁਖੀ ਪਰ ਲੋਕ ਬਨਾਯੋ। ਸ੍ਰੀ ਹਰਿ ਜੂ ਕੇ ਚਰਨਨ ਧਯਾਯੋ
ਸ੍ਰੀ ਅਸਿ ਗੋਦ ਕਾਲੁਕਾ ਮਾਈ। ਤੁਮ ਕਹ ਮਮ ਡਾਰਯੋ ਸੁਨ ਭਾਈ। ੨੬।
ਦਸ ਮਹਲਨ ਕੀ ਪੜ੍ਹੀਐ ਬਾਨੀ
ਅਚੁਤ ਸੁਖ ਪਾਵਹੁ ਨਿਰਬਾਨੀ
ਹਮ ਕਉ ਲਖਹੁ ਨ ਨਿਜ ਤੇ ਦੂਰੀ
ਹਮ ਤੁਮਾਰੇ ਸਦ ਸੰਗਿ ਹਜ਼ੂਰੀ। ੨੭।
ਚੌਕੀ ਸ਼ਬਦ ਪੁਰਬੁ ਗੁਰ ਕਰੀਐ। ਰਹਿਤ ਖਾਲਸੇ ਕੀ ਉਰ ਧਰੀਐ
ਪਾਂਚ ਸੁਮੇਲ ਪਾਂਚ ਕੋ ਤਯਾਗੀ ਗੁਰਮੂਰਤਿ ਹੂ ਜੋ ਅਨੁਰਾਗੀ। ੨੮।

ਗੁਰ ਬਿਲਾਸ ਪਾਤਸ਼ਾਹੀ ੧੦, ਪੰਨਾ ੫੨੨-੨੩,
ਪੱਥਰ ਛਾਪਾ (ਸੰਮਤ ਨਾਨਕਸ਼ਾਹੀ ੪੨੦)

੨੮. ਸ੍ਰੀ ਰਾਮ ਸੁਖਰਾਇ

'ਸੰਬਤ ਸਤਾਰਾਂ ਸੈ ਪੋਹ ਦੇ ੧੭੬੫ ਕੱਤਕ ਸੁਦੀ ਪੰਚਮੀ ੫ ਬੀਰਬਾਰ ਦੋਪਹਰ ਰਾਤ

ਗਈ ਤੇ ਦੱਖਣ ਦੇਸ ਮੈਂ ਨਦੇੜ ਸਹਰ ਮੈਂ ਸਰੀਰ ਕੋ ਤਯਾਗ ਕੇ ਪਰਮਪਦ ਕੋ ਪ੍ਰਾਪਤ ਹੂਏ। ਕੋਈ ਕਾਲ ਮਾਤਾ ਸੁੰਦਰੀ ਜੀ ਅਸਵਾਰਾ ਪਿਛੋਂ ਕੀਆ, ਆਗੇ ਬਖਸ਼ ਖਾਲਸੇ ਜੀ ਕੋ ਹੂਈ। ਫੇਰ ਮਾਤਾ ਸੁੰਦਰੀ ਜੀ ਤੇ ਮਾਤਾ ਸਹਬਦੇਵਾਂ ਜੀ ਅਰ ਗੁਰੂ ਜੀ ਕਾ ਮਾਮਾ, ਹੋਰ ਸਰਬਤ੍ਰ ਸਿਖ ਸੰਗਤੀ ਖਾਲਸੇ ਜੀ ਜੋਗ, ਤਖਤ ਗੁਰਿਆਈ ਕਾ ਅਰੁ ਪਾਤਸ਼ਾਹੀ ਕਾ ਸ੍ਰੀ ਅੰਬ੍ਰਤਸਰ ਜੀ ਟਿਕਯਾ। ਇਨ੍ਹਾਂ ਪੀਛੇ ਇਨ ਕੀ ਜਗ੍ਹਾ ਦਰਸ਼ਨ ਗੁਰੂ ਗ੍ਰਿੰਥ ਸਾਹਿਬ ਜੀ ਕਾ ਪ੍ਰਮਾਨ ਹੂਆ।

ਸ੍ਰੀ ਜੱਸਾ ਸਿੰਘ ਬਿਨੋਦ (ਪੰਚਮ ਪ੍ਰਾਕ੍ਰਮ), ਪੱਤਰਾ ੨੯ (ਖਰੜਾ ਨੰ. ੭੭੨),
ਸਟੇਟ ਆਰਕਾਇਵਜ਼ ਲਾਇਬ੍ਰੇਰੀ, ਪਟਿਆਲਾ

੨੯. *ਕਰਤਾ 'ਸੌ ਸਾਖੀ'*

ਦਸ ਅਵਾਤਾਰ ਗੁਰ ਏਕ ਸਮ
ਜੋ ਜਾਨਹੁ ਸੋ ਮੇਰੁ
ਏਕਾਦਸ ਗੁਰੂ ਗ੍ਰੰਥ ਜੀ
ਬਾਣੀ ਸਤਿਗੁਰ ਹੋਰਿ। *ਸੌ ਸਾਖੀ, ਸਾਖੀ ੭੮ ਹੱਥਲਿਖਤ ਖਰੜਾ*

੩੦. *ਪੰਡਿਤ ਨਿਹਾਲ ਸਿੰਘ ਲਾਹੌਰੀ** ੧੮੦੦ ਈ.

ਦੇਖੋ ਦੀਨਬੰਧੁ ਗੁਰੂ ਗ੍ਰੰਥ ਜੋ ਬਨਾਤੇ ਨਾਹਿੰ,
ਗੋਬਿੰਦ ਕੋ ਨਾਮ ਕੋਈ ਭੂਲ ਕੇ ਨ ਲੇਵਤਾ।
ਜਾਨਤੇ ਨ ਸੰਤ ਕੋ ਪਛਾਨਤੇ ਨ ਕੈਸੋ ਪੁਨ,
ਕਾਹੇ ਕੋ ਮਨਾਤੇ ਲੋਕ ਹਾਥ ਜੋਰ ਨੇਵਤਾ।
ਛਾਇ ਜਾਤੀ ਕਾਲਿਮਾ ਕਰਾਲ ਕਲੂਕਾਲ ਹੀ ਕੀ,
ਜੇਤੋ ਹੈ ਜਹਾਨ ਪੰਜ ਕਾਮਨਾ ਕੋ ਸੇਵਤਾ
ਬੂਡ ਜਾਤੇ ਵੇਦ ਔ ਬਿਲਾਇ ਜਾਤੇ ਪੰਥ ਵਾਂਕੇ,
ਭਾਗ ਜਾਤੇ ਰਾਗ ਔ ਪਲਾਯ ਜਾਤੇ ਦੇਵਤਾ। ੧।
ਆਨੰਦ ਕੋ ਘਰ ਹੈ ਕਿ ਅੰਮ੍ਰਿਤ ਕੋ ਸਰ ਹੈ,
ਕਿ ਦੇਵਨ ਕੋ ਤਰੁ ਹੈ, ਕਿ ਗਯਾਨ ਕੋ ਸਮਾਜ ਹੈ
ਕਾਲ ਹੂੰ ਕੋ ਕਾਲ ਹੈ ਕਿ ਰੀਤਿ ਹੀ ਕੀ ਪਾਲ ਹੈ
ਕਿ ਭਾਰਤੀ ਕੋ ਮਾਲ ਹੈ ਕਿ ਭਵ ਕੋ ਜਹਾਜ਼ ਹੈ
ਵੇਦ ਕੋ ਸਿਧਾਂਤ ਹੈ ਕਿ ਧਾਰਯੋ ਰੂਪ ਸ਼ਾਂਤ ਹੈ
ਕਿ ਮੋਖ ਹੂੰ ਕੋ ਕਾਂਤ ਹੈ ਕਿ ਬ੍ਰਹਮ ਹੀ ਵਿਰਾਜ ਹੈ
ਗਗਨ ਕੋ ਬਾਗ ਹੈ ਕਿ ਜੀਵਨ ਕੋ ਭਾਗ ਹੈ
ਕਿ ਭੂਮਿ ਕੋ ਸੁਹਾਗ ਹੈ ਕਿ ਗ੍ਰੰਥ ਮਹਾਰਾਜ ਹੈ। ੨।
ਏਕ ਹੀ ਚੜ੍ਹਾਏ ਫਲ ਚਾਰੋ ਫਲ ਦੇਤ ਜੋਈ,
ਜਾ ਮੈਂ ਕੋਟਿ ਜੀਵਨ ਕੇ ਚੀਤ ਆਛੇ ਪਸਰੇ
ਪਾਤਕੀ ਮਲੀਨ ਅਕੁਲੀਨ ਛੀਨ ਦੀਨਨ ਕੇ,

---

* ਪੰ. ਨਿਹਾਲ ਸਿੰਘ ਬੋਹਾ ਖਾਲਸਾ ਦੇ ਸਨ, ਜਿਨ੍ਹਾਂ ੧੭੯੫ ਈ. ਵਿਚ ਸੰਮਕ੍ਰਿਤ ਵਿਚ ਜਪੁਜੀ ਦਾ ਟੀਕਾ ਲਿਖਿਆ ਸੀ।

ਜਾਂਕੇ ਨੈਕੁ ਦੇਖਤੇ ਘਨੇਰੇ ਪਾਪ ਨਸਗੇ
ਆਲਸੀ ਅਭਾਗੀ ਭੀਰੁ ਭੋਗਨ ਕੇ ਰਾਗੀ ਮੂਢ,
ਬਾਨੀ ਕੇ ਪ੍ਰਤਾਪ ਤੇ ਸੁਪ੍ਰੇਮ ਸੁਧਾ ਰਸਗੇ।
ਫਸਗੇ ਫਵੀਲੋ ਰੰਗ ਰੂਪ ਜੋਨਿਹਾਰੇ ਨੈਨ,
ਗ੍ਰੰਥ ਮਹਾਰਾਜ ਜੂ ਹਮਾਰੇ ਹੀਯੇ ਬਸਗੇ। ੩।
ਹੋਤੋ ਅਵਤਾਰ ਜੋ ਨ ਸਾਚੇ ਗੁਰੂ ਗ੍ਰੰਥ ਜੂ ਕੋ,
ਕਾਚੇ ਮਤ ਲੋਕ ਏ ਭਗਤ ਡੋਲ ਡੋਲ ਕੈ
ਭਗਤਿ ਗਿਆਨ ਮੇਲ ਕੌਨ ਗ੍ਰੀਖਮ ਕੁ ਮਾਰੂ ਦੇਸ
ਧਾਰਾ ਸੋ ਚਲਾਤੋ ਦੂਧ ਸਿਤਾ ਘੋਲ ਘੋਲ ਕੈ
ਈਸ੍ਵਰ ਕੋ ਨਾਮ ਊਚ ਨੀਚਤ ਤੇ ਕਲੂ ਬੀਚ
ਪ੍ਰੇਮ ਸੌਂ ਜਪਾਤੇ ਕੌਨ ਮੀਠੇ ਬੋਲ ਬੋਲ ਕੈ
ਜੇਤੀ ਸਰੁਤਿ ਵੇਦ ਕੀ ਯਥਾਰਥ ਜੋ ਭਾਵ ਤਾਂਕੋ,
ਆਛੋ ਬਤਲਾਤੋ ਕੌਨ ਨਯਾਰੋ ਖੋਲ ਖੋਲਿ ਕੈ। ੪।
ਹੋਤੋ ਜਬੈ ਭੋਰ ਤਬੈ ਹੋਤ ਹੈ ਘਨੇਰੋ ਦੁਖ,
ਚੋਰਨ ਕੇ ਝੁੰਡ ਕੋਰ ਕੋਰਨ ਕੀ ਪਾਲ ਕੋ
ਹੋਤੋ ਜਬੈ ਚੰਦ੍ਰਮਾ ਅਕਾਸ਼ ਮੈਂ ਪ੍ਰਕਾਸ਼ ਤਬੈ,
ਹੋਤ ਹੈ ਸੰਕੋਚ ਕੰਜ ਪੰਥ ਸਯਾਮਾ ਬਾਲ ਕੋ,
ਹੋਤੀ ਹੈ ਚਢਾਈ ਜਬੈ ਸੂਰਬੀਰ ਸਿੰਘਨ ਕੀ,
ਤਬੈ ਭੂਮੀ ਹੀਯੋ ਹਾਲੈ ਦੁੱਜਨ ਕਰਾਲ ਕੋ
ਹੋਤੇ ਹੈ ਸੁਪਾਠ ਜਬੈ ਗ੍ਰੰਥ ਮਹਾਰਾਜ ਜੂ ਕੋ,
ਤਬੈ ਕਾਲੋ ਹੋਤ ਮੁਖ ਕਾਲ ਕਲੀਕਾਲ ਕੋ। ੫।

ਲਲਿਤ ਲਲਾਮ ਦੰਡਿਕਾ

ਜੈਸੇ ਨੀਰ ਪੰਕ ਪਰ ਮੰਤ੍ਰ ਅਹਿ ਡੰਕ ਪਰ,
ਮਹਾਂ ਬੀਰ ਲੰਕ ਤਰ ਭਾਨੁ ਤਮ ਨਾਠ ਹੈ
ਸ਼ੰਕਰ ਮਨੋਜ ਪਰ ਮਿਸਰ ਸਰੋਜ ਪਰ,
ਬਾਜ ਚਿੜੇ ਓਜ ਪਰ ਸ੍ਵਾਨ ਪਰ ਲਾਠ ਹੈ
ਰਾਜ ਦਸ ਭਾਲ ਪਰ ਇੰਦ੍ਰ ਨਗਪਾਲ ਪਰ,
... ...ਕਾਲ ਯੋਗ ਆਠ ਹੈ
ਚੰਡੀ ਚੰਡ ਮੁੰਡ ਪਰ ਕੇਸਰੀ ਵਿਤੁੰਡ ਪਰ,
ਤੈਸੇ ਅਘ ਝੁੰਡ ਪਰ ਗ੍ਰੰਥ ਜੂ ਕੋ ਪਾਠ ਹੈ। ੬।
ਆਛੇ ਉਤਸ਼ਾਹ ਮੈਂ ਬਿਵਾਹ ਮੈਂ ਪ੍ਰਵਾਹ ਪ੍ਰੇਮ,
ਸਾਚੇ ਪਾਤਸ਼ਾਹ ਕੀ ਉਮਾਹ ਸਾਮ ਆਈਏ।
ਦੇਸ ਮੈਂ ਵਿਦੇਸ ਮੈਂ ਪ੍ਰਜੇਸ ਮੈਂ ਪ੍ਰਵੇਸ਼ ਹੂ ਮੈਂ,
ਛੋਰ ਕੈ ਅਸ਼ੇਸ਼ ਕੋ ਹਮੇਸ਼ ਏਹੀ ਗਾਈਏ

ਰਾਗ ਮੈਂ ਵਿਰਾਗ ਸੈਂ ਕੁਰੋਗ ਮੈਂ ਕੁਰੰਗ ਹੂੰ ਮੈਂ
ਯੋਗ ਮੈਂ ਵਿਯੋਗ ਮੈਂ ਪ੍ਰਯੋਗ ਕੋ ਕਰਾਈਏ
ਜੰਗ ਮੈਂ ਜਲੂਸ ਮੈਂ ਜਹਾਜ ਮੈਂ ਜ਼ਮਾਨੇ ਬੀਚ,
ਗ੍ਰੰਥ ਮਹਾਰਾਜਾ ਜੂ ਕੋ ਆਦਿ ਹੀ ਮਨਾਈਏ। ੭।
ਪ੍ਰੀਤਿ ਸੋਂ ਪ੍ਰਭਾਤ ਹੀ ਸੁਭੋਰ ਮੈਂ ਸੁਚੇਤ ਹ੍ਵੈ ਕੈ,
ਸਾਧ ਕ੍ਰਿਯਾ ਸੁਧ ਕੇ ਸਨਾਨ ਸੁਧਾਸਰ ਕੋ
ਬਾਂਧੇ ਪਦਮਾਸਨ ਕੋ ਬੈਸੇ ਰੋਕ ਆਸਨ ਕੋ,
ਸਾਸਨ ਕੋ ਬੰਦ ਕੈ ਚਿਤਾਰੈ ਵੇਦੀ ਵਰ ਕੋ
ਬਾਨੀ ਗ੍ਰੰਥ ਨਾਥ ਕੀ ਪ੍ਰਤੀਤਿ ਸੋ ਪ੍ਰਮੋਦ ਚੀਤ,
ਪ੍ਰੇਮ ਕੈ ਪ੍ਰਭਾਵ ਸੋ ਉਚਾਰੈ ਨੇਮ ਨਰ ਕੋ
ਭਾਵਨਾ ਅਕਾਲ ਸੰਤ ਸੇਵਾ ਔ ਗ੍ਰੀਬੀ ਚਾਲ,
ਕੇਸਰੀ ਨਿਹਾਲ ਸੋਂ ਪ੍ਰਤੱਛ ਰੂਪ ਹਰਿ ਕੋ। ੮।
ਪ੍ਰੇਮ ਕੋ ਪ੍ਰਭਾਵ ਕੈਸੋ ਮੀਠੋ ਹੈ ਰਸਾਲ ਜੈਸੋ,
ਕੈਸੋ ਹੈ ਰਸਾਲ ਜੈਸੋ ਮੇਵਾ ਮੋਦ ਦਾਨੀ ਹੈ
ਕੈਸੋ ਹੈ ਮੇਵਾ ਮਿਸਰੀ ਸੋਂ ਕੈਸੀ ਮਿਸਰੀ ਜਯੋਂ ਮਧੁ,
ਕੈਸੋ ਮਧੁ ਜੇਸੀ ਮੀਠੀ ਕਵਿਤਾ ਸੁਹਾਨੀ ਹੈ
ਕੈਸੀ ਕਵਿਤਾਈ ਮੀਠ ਜੈਸੋ ਹੈ ਪਯੂਖ਼ ਪਯਾਰੋ,
ਕੈਸੋ ਹੈ ਪਯੂਖ ਪਯਾਰੋ ਜੈਸੀ ਗੰਗ ਮਾਨੀ ਹੈ
ਕੈਸੀ ਗੰਗ ਮਾਨੀ ਜੈਸੋ ਬ੍ਰਹਮਾਨੰਦ ਗਯਾਨੀ ਗਾਯ,
ਕੈਸੋ ਬ੍ਰਹਮਾਨੰਦ ਜੈਸੀ ਗ੍ਰੰਥ ਜੂ ਕੀ ਬਾਨੀ ਹੈ। ੯।
ਚਲਤੀ ਪ੍ਰਭੁ ਕੀਰਤਿ ਕੀ ਸਲਿਤਾ,
ਛਲਤੀ ਕਲਿਤਾ ਢਲਤੀ ਵਰ ਦਾਨੀ
ਠਲਿਤੀ ਪ੍ਰਤਿਬੰਧ ਅਸੰਖਨ ਕੋ,
ਮਲਤੀ ਰਿਪੁ ਕੋ ਪਲਤੀ ਮਤਿ ਸਾਨੀ
ਜਲਤੀ ਚਿਤ ਚਾਪ ਲਤਾ ਪਲ ਮੈਂ,
ਗਲਤੀ ਖਲਤਾ ਟਲਤੀ ਜਗ ਹਾਨੀ
ਦਲਤੀ ਦੁਖ ਕੋ ਹਲ ਤੀਨ ਕਲਾ
ਰਲਤੀ ਰਿਚ ਸੋਂ ਫਲਤੀ ਗੁਰੁ ਬਾਨੀ। ੧੦।
ਐਸੀ ਗ੍ਰੰਥ ਨਾਥ ਜੂਕੀ ਮੋਖਦਾ ਸੁ ਬਾਨੀ ਮਾਤ,
ਕਾਂਸ਼ੀ ਗੰਗ ਭੂਮਿਕਾ ਸੀ ਮਣੀ ਕਣਿ ਕਾਂਸ਼ੀ ਹੈ
ਵੇਦ ਕਾਰਿਕਾ ਸੀ ਸ਼ੰਕ ਗੂਢਤਾ ਨਿਕਾਸੀ ਈਸ,
ਨਾਮ ਗੰਡਿਕਾ ਸੀ ਜਾਸ ਤਾਰੀ ਗਨਿਕਾ ਸੀ ਹੈ
ਦਾਸਨ੍ਹ ਕੋ ਅੰਬਿਕਾ ਸੀ ਨੀਚ ਕੇ ਵਿਸੂਚਕਾ ਸੀ,
ਨਿੰਦਕ ਕੈ ਪ੍ਰਚੰਡਕਾ ਸੀ ਕੂਰੈ ਕਾਲਕਾ ਸੀ ਹੈ

ਊਜਲੀ ਪਤਾਕਾ ਸੀ ਬਲਾਕਾ ਸੀ ਸੁ ਮੌਲਿਕਾ ਸੀ,
ਕਾਸ਼ਿਕਾ ਸੀ ਚੰਦ੍ਰਿਕਾ ਸੀ ਰਾਕਾ ਸੀ ਪ੍ਰਕਾਸ਼ੀ ਹੈ। ੧੧।
ਤੇਜ ਭਰੀ ਸ਼ਾਂਤਿ ਭਰੀ ਦੈਵੀ ਗੁਨ ਪਾਂਤਿ ਭਰੀ,
ਆਛੀ ਬਹੁ ਭਾਂਤਿ ਭਰੀ ਗਯਾਨ ਕੇ ਸਮਾਜ ਕੀ
ਈਸ ਗੁਣਾ ਵਾਦ ਭਰੀ ਵੇਦ ਕੀ ਮ੍ਰਯਾਦ ਭਰੀ,
ਅੰਮ੍ਰਿਤ ਸੋ ਸ੍ਵਾਦ ਭਰੀ ਰੱਛਕ ਹੈ ਲਾਜ ਕੀ
ਭਾਵ ਭਰੀ ਭਗਤਿ ਭਰੀ ਓਜ ਭਰੀ ਸ਼ਕਤਿ ਭਰੀ
ਭਾਰੀ ਅਨੁਰਕਤ ਭਰੀ ਧ੍ਵੰਸਿਨੀ ਕੁਪਾਜ ਕੀ
ਰਾਗ ਭਰੀ ਯੋਗ ਭਰੀ ਭਾਗ ਭਰੀ ਭੋਗ ਭਰੀ,
ਪੁੰਨ ਮੈ ਪ੍ਰਯੋਗ ਬਾਨੀ ਗ੍ਰੰਥ ਮਹਾਰਾਜ ਕੀ। ੧੨।
ਕੇਸਰੀ ਨਿਹਾਲ ਮਹਾਰਾਜਨ ਕੇ ਰਾਜਾ
ਗੁਰੁਦ੍ਵਾਰਨ ਪੈ ਸੁ ਮੇਘਨ ਸੀ ਨੌਬਤੈਂ ਜੁਰਾ ਕਰੈਂ
ਬਿਛੇ ਹੈ ਗਲੀਚੇ ਮਖਮਲੀ ਭਾਂਤਿ ਭਾਂਤਿਨ ਕੇ
ਝਾਰ ਜੋ ਬਿਲੌਰੀ ਰੰਗ ਰੰਗ ਕੇ ਬਰਾ ਕਰੈਂ
ਘੰਟੇ ਘਨਨਾਤ ਹੈਂ ਘਨੇਰੇ ਭੂਰੰ ਭਾਰੀ ਸਿਖ,
ਧੌਂਸੇ ਕੀ ਧੁੰਕਾਰ ਤੌ ਮਹੋਦਧੀ ਧਰਾ ਕਰੈਂ
ਮਾਨਸ ਕੋ ਭੇਸ ਧਾਰ ਧਾਰ ਕੈ ਸਜੀਲੇ ਦੇਵ,
ਆਰਤ ਸੌਂ ਆਰਤ ਹ੍ਵੈ ਆਰਤੀ ਕਰਾ ਕਰੈਂ। ੧੩।
ਢਾਰੈਂ ਚੌਰ ਚੰਦ੍ਰਮਾ ਜੁਹਾਰੇ ਛਰੀਦਾਰ ਭਾਨੁ
ਝਾਰੈਂ ਝੂਮ ਝਰੀ ਫੂਲ ਇੰਦ ਸੇ ਸਵਾਰ ਕੇ
ਪਾਵਕ ਪ੍ਰਸਾਦ ਕਰੈ ਪਾਨੀ ਕੋ ਜਲੇਸ ਭਰੈ,
ਰਿਧਿ ਸਿਧਿ ਰੂਪ ਧਰੈ ਬੀਚ ਹੈ ਭੰਡਾਰ ਕੇ
ਕੇਸਰੀ ਨਿਹਾਲ ਬਾਨੀ ਗਾਵਤੇ ਵਿਰੰਚ ਵੇਦ,
ਚੌਕੀ ਕਮਲੇਸ ਦੈ ਹਮੇਸ਼ ਚਕ੍ਰ ਧਾਰ ਕੇ
ਪ੍ਰੇਮ ਰਸ ਰਾਚੇ ਪਦ ਪੰਕਜ ਕੋ ਜਾਚੇ,
ਸ਼ਿਵ ਦ੍ਵਾਰ ਪੈ ਸੁ ਨਾਚੇ ਗੁਰ ਸਾਚੇ ਦਰਬਾਰ ਕੇ। ੧੪।
ਐਸੇ ਦਰਬਾਰ ਮਹਾਰਾਜ ਕੋ ਨਿਹਾਲ ਸਿੰਘ,
ਜਾ ਮੈਂ ਸੰਤ ਕੇਤੇ ਹੈਂ ਭਰਥ ਅਵਧੂਤ ਸੇ
ਕਵੀ, ਸੇ ਕਵੀਸ੍ਵਰ ਮੁਨੀਸ੍ਵਰ ਸੁ ਮਾਂਡਵ ਸੇ,
ਰਾਗੀ ਜਗ਼ਦੀਸ੍ਵਰ ਕੇ ਈਸ੍ਵਰ ਅਛੂਤ ਸੇ
ਕਾਮ ਸੇ ਸ੍ਵਰੂਪ ਜੋਹੈ ਨੈਕੁ ਜੋ ਝਟਾਕ ਮੋਹੈ,
ਰਾਜਨ ਕੇ ਝੁੰਡ ਸੋਹੈਂ ਲਾਖੋਂ ਪੁਰਹੂਤ ਸੇ
ਗੋਰਖ ਸੇ ਜਤੀ ਹੈਂ ਸੁਮਤੀ ਹੈਂ ਵਿਨਾਯਕ ਸੇ,
ਸਤੀ ਹਰੀਚੰਦ ਸੇ ਵਿਰਤੀ ਬਯਾਸ ਪੂਤ ਸੇ। ੧੫।

ਨੀਰ ਸੋਹੈ ਕੰਜਨ ਸੋਂ ਕੰਜ ਸੋਹੈ ਨੀਰਹੂੰ ਸੋਂ,
ਨੀਰ ਕੰਜ ਦੋਨੋ ਹੀ ਤੜਾਗੈਂ ਚੀਤ ਮੋਹਤੇ
ਹੀਰੋ ਸੋਹੈਂ ਕੰਕਨ ਸੋ ਕੰਕਨ ਜੋ ਹੀਰੇ ਸੰਗ,
ਹੀਰੋ ਬੇਸ਼ ਕੰਕਨ ਸੋ ਹਾਥ ਹੀਏ ਪੋਹਤੇ
ਤੇਗ ਸੋਹੈ ਬੀਰਨ ਸੋਂ ਬੀਰ ਸੋਹੈਂ ਤੇਗਨ ਸੋਂ,
ਤੇਗ ਬੀਰ ਜੰਗ ਮੇਂ ਗਨੀਮ ਜਹਾਂ ਰੋਹਤੇ
ਗੁਰੂ ਗ੍ਰੰਥ ਸੰਤਨ ਸੋਂ ਸੰਤ ਸੋਹੈਂ ਗ੍ਰੰਥ ਜੂ ਸੋਂ,
ਗ੍ਰੰਥ ਸੰਤ ਸੰਗਤਿ ਮੈਂ ਸਭਾ ਬੀਚ ਸੋਹਤੇ। ੧੯।

(ਗੁਰੂ ਪੰਥ ਪ੍ਰਬੋਧ ਨਾਟਕ, ਪੱਥਰ ਛਾਪਾ, ਸੰਮਤ ਹੈ ਨਹੀਂ)

ਸ੍ਰੋਨ ਕੰਨ ਕੀਏ ਖੁਸ਼ੀ ਮੌਜ ਬੇਸ਼ੁਮਾਰ ਬੇਸ਼,
ਗੰਠ ਜੋ ਅਨਾਦਿ ਕੀ ਝਟਾਕ ਹੀਏ ਖੋਲ੍ਹ ਹੈ
ਕੇਸਰੀ ਨਿਹਾਲ ਭਾਗ ਭਾਲ ਕੇ ਭਲਾਈ ਭੂਰਿ,
ਧ੍ਰੰਸ ਕੈ ਅਮੋਘ ਭਾਰੀ ਮੋਦ ਮੈਂ ਝਕੋਲ ਹੈ
ਭੂਲਤੇ ਪ੍ਰਪੰਚ ਭੂਪ ਭੀਤਿ ਕੋ ਜੁ ਭੌਨ ਭੀਮ,
ਪ੍ਰੇਮ ਸੁਧਾ ਸਿੰਧੁ ਮੈਂ ਧਕੇਲ ਜੀਵ ਘੋਲ ਹੈ
ਹ੍ਵੈ ਰਹਯੋ ਅਲੋਲ ਚੀਤ ਫੋਰ ਕੈ ਕਲੋਲ ਝੋਲ,
ਏਕ ਏਕ ਬੋਲ ਗ੍ਰੰਥ ਕੋ ਨਾਥ ਕੋ ਅਮੋਲ ਹੈ। ੧।
ਕਾਹੂੰ ਕੋ ਭਰੋਸੋ ਹੈ ਜ਼ਮੀਨ ਕੋ ਜ਼ਮਾਨੇ ਬੀਚ
ਕਾਹੂੰ ਕੋ ਭਰੋਸੋ ਜ਼ੋਰ ਚਾਕਰੀ ਜਹਾਜ਼ ਪੈ
ਕਾਹੂੰ ਕੋ ਭਰੋਸੋ ਭਾਰੀ ਸ਼ਾਹ ਪਾਤਸ਼ਾਹ ਮੀਤ,
ਕਾਹੂੰ ਕੋ ਭਰੋਸੋ ਹੈ ਕੁਟੰਬੀ ਕਰੈ ਕਾਜ ਪੈ
ਕਾਹੂੰ ਕੋ ਭਰੋਸੋ ਦੇਵਬਾਨੀ ਅਰੁ ਪਾਰਸੀ ਕੋ,
ਕਾਹੂੰ ਕੋ ਭਰੋਸੋ ਸੰਤਗੀਰੀ ਕੀ ਮਿਜਾਜ਼ ਪੈ
ਕਾਹੂੰ ਕੋ ਭਰੋਸੋ ਚਾਰੁ ਚਾਤੁਰੀ ਚਲਾਕੀ ਚੋਖ,
ਮੋਕੋ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ ।੨।
ਦਰਸ ਪਰਸ ਕੀਨੇ ਗ੍ਰੰਥ ਮਹਾਰਾਜ ਜੂ ਕੇ,
ਪਾਪ ਜਨਮਾਂਤਰ ਕੇ ਪੁੰਨ ਰੂਪ ਧਾਰਤੇ
ਦਾਰਿਦ ਘਨੇਰੇ ਸੇ ਅਨੇਕ ਧਾ ਵਿਭੂਤਿ ਹੋਤ,
ਹਤ ਹੈ ਪ੍ਰਕਾਸ਼ ਆਛੋ ਭਾਰੀ ਅੰਧਕਾਰ ਤੇ
ਮੰਦ ਧੀ ਸੁਬੁਧਿ ਦ੍ਵੈ ਛਿਨੇਕ ਮੈਂ ਅਨੇਕ ਭਾਂਤ;
ਰੋਗ ਤੇ ਪ੍ਰਮੋਦ ਭਲੀ ਰੀਤੀ ਦੁਰਾਚਾਰ ਤੇ
ਜੇਤੇ ਰਿਪੁ ਝੁੰਡਨ ਕੇ ਝੁੰਡ ਅਪਕਾਰੀ ਨੀਚ,
ਤੇਤੇ ਮੀਤ ਹ੍ਵੈ ਕੈ ਨੀਤ ਕਾਜ ਕੋ ਸਵਾਰਤੇ। ੩।
ਜੇਤੇ ਦੇਵ ਰਾਛਸ ਅਧੀਨ ਹ੍ਵੈ ਅਧੇਨ ਹੂੰ ਤੇ,

ਜਾਂਹਿ ਕੀ ਤ੍ਰਿਲੋਕੀ ਬੀਚ ਜਾਗਤੀ ਸੁ ਜੋਤਿ ਹੈ
ਕੇਸਰੀ ਨਿਹਾਲ ਜਾਂਕੈ ਨੈਕੁ ਹੂੰ ਧ੍ਯਾਨ ਧਾਰੇ,
ਪਾਪ ਜੋ ਬਿਦਾਰੇ ਜਾਤ ਪੁੰਨ ਤੌ ਉਦੋਤ ਹੈ
ਭਾਨੁ ਸੁ ਪਧਾਰੇ ਜਹਾਂ ਟਾਰੇ ਅੰਧਕਾਰ ਕਲੂ,
ਭੂਲੇ ਹੂੰ ਨਿਹਾਰੇ ਤੇ ਕ੍ਰਿਤਾਂਤ ਦੁਖੀ ਹੋਤ ਹੈ
ਝਾਕੀ ਗੁਰੂ ਗ੍ਰੰਥ ਮਹਾਰਾਜ ਕੀ ਬਿਲੋਕੀ ਜਬੈ,
ਬਾਕੀ ਈਸ ਦੂਸਰੇ ਕੀ ਲਾਲਸਾ ਨ ਹੋਤ ਹੈ। ੫।
ਵੈਸੀ ਸਭਾ ਲਾਗਤੀ ਹੈ ਵੈਸੇ ਹੀ ਮ੍ਰਿਯਾਦ ਹੋਤ,
ਵੈਸੇ ਗੁਰੂ ਪਯਾਰੇ ਰੋਜ਼ ਅਨੰਦ ਕਲੋਲ ਤੇ
ਵੈਸੇ ਰਾਗ ਰੰਗ ਔ ਨਾਮ ਕੋ ਪ੍ਰਕਾਸ਼ ਆਛੇ
ਵੈਸੇ ਹੀ ਉਚਾਰੈਂ ਵਾਕ ਹੀਏ ਗਾਂਠ ਖੋਲ੍ਹ ਤੇ
ਵੈਸੇ ਹੀ ਨਿਸ਼ਾਨ ਰਾਜੈ ਵੈਸੇ ਹੀ ਨਗਾਰੇ ਬਾਜੈਂ,
ਵੈਸੇ ਸਿੰਘ ਗਾਜੈਂ ਬਰਿ ਧੀਰ ਨਹੀਂ ਡੋਲਤੇ
ਗ੍ਰੰਥ ਮਹਾਰਾਜ ਜੂ ਕੋ ਗੁਰੂ ਕੋ ਸਰੂਪ ਜਾਨੋ,
ਬਾਤ ਨ ਵਿਹਾਰ ਕੀ ਕਦਾਂਚ ਕਬਹੂੰ ਬੋਲਤੇ। ੬੧।

(ਨਿਰਮਲ ਪ੍ਰਭਾਕਰ, ੧੯੦੨ ਈ.)

੩੧. ਭਾਈ ਦਰਬਾਰੀ ਦਾਸ ੧੮੦੩ ਈ.

ਗੁਰੂ ਅਰਜਨ ਭਗਤਿ ਕਮਾਵਨ ਲਾਗਾ, ਸਤਿਗੁਰ ਸਚੁ ਪੈਨ੍ਹਾਯਾ ਬਾਗਾ।
ਸਿਵ ਸੰਤੋਖ ਖਿਮਾ ਸਚੁ ਧੀਰਜੁ, ਏਹੁ ਸਿਰਕਾਰ ਬਣਾਈ ਜੇ। ੧।
ਸੁਧ ਕਰਿ ਸੋਧ ਬਣਾਈ ਬਾਣੀ, ਪੜ੍ਹੈ ਸੁਣੈ ਮਿਟੈ ਆਵਣ ਜਾਣੀ।
ਭਗਤਾਂ ਮਹਲਾਂ ਕੀ ਕਰ ਏਕਠਿ, ਬਾਣੀ ਗ੍ਰਿੰਥ ਸੁਹਾਈ ਜੀ। ੨।
ਸਗਲੀ ਸੰਗਤਿ ਮਾਰਗਿ ਪਾਈ, ਸਚੁ ਦ੍ਰਿੜਾਇਆ ਸਿਮਰਨ ਲਾਈ
ਕਥਾ ਕੀਰਤਨ ਸੋਹਲਾ ਸੋਦਰੁ, ਭਲੇ ਬੰਧੇਜ ਬਹਾਈ ਜੀ। ੩।

ਹਰਿ ਜਸਗ੍ਰੰਥ, ਪੱਤਰਾ ੨੨੯ (ਹੱਥ ਲਿਖਤ) ਪਿੰਡ ਵੈਰੋਕੇ, ਜ਼ਿਲਾ ਫਰੀਦਕੋਟ

੩੨. ਭਾਈ ਕੁਸਲਦਾਸ

ਪੰਡੁ ਰਾਜ ਬਡ ਭਗਤ ਹੈ, ਜਗ ਮੈਂ ਪ੍ਰਗਟਾਇਆ
ਰਾਮਦਾਸ ਕੋ ਰੂਪ ਧਾਰਿ, ਜਗ ਭੀਤਰਿ ਆਇਆ
ਅਰਜਨ ਤੇ ਅਰਜਨੁ ਭੈਆ, ਹਿਰ ਸਖਾ ਸੁਹਾਇਆ
ਜੋੜ ਕੀਆ ਗੁਰਸ਼ਬਦ ਕਾ, ਬਡ ਗ੍ਰਿੰਥ ਬਨਾਇਆ
ਭੈ ਜਲ ਸਗਲਾ ਤਾਰਿਆ, ਜਿਨਿ ਸਬਦੁ ਕਮਾਇਆ
ਭੈ ਨਿਧਿ ਸ਼ਬਦੁ ਜਹਾਜ਼ ਹੈ, ਚੜ੍ਹਿ ਪਾਰਿ ਪਰਾਇਆ। ੨੩।

ਵਾਰ ਪਾਤਸ਼ਾਹੀਆਂ ਕੀ, (ਹੱਥ ਲਿਖਤ)

੩੩. ਭਾਈ ਸੋਂਧਾ ਸਿੰਘ ੧੮੧੯ ਈ.

ਧੰਨ ਧੰਨ ਅਰਜਨ ਗੁਰੂ ਜਿਨਿ ਕੀਨਾ ਉਪਕਾਰ

ਅਧਮਨ ਕੇ ਤਾਰਨ ਨਿਮਿਤ, ਕੀਨਾ ਤਲਾ ਤਯਾਰ। ੨੩।

ਸ੍ਵੈਯਾ

ਧੰਨ ਉਦਾਰ ਕਹੋ ਗੁਰ ਕਉ, ਜਿਨ ਨਾਮ ਕਾ ਖੋਲ੍ਹ ਦਿਖਾਇ ਖਜ਼ਾਨਾ
ਰਾਗ ਹੀ ਰਾਗ ਮੈਂ ਸਬਦ ਮਿਲਾਇ, ਗ੍ਰੰਥ ਬਨਾਇ ਸੁਮੇਰ ਸਮਾਨਾ
ਦੇਖ ਸੁਮੇਰ ਤੇ ਹੇਮ ਨ ਲੇਵਤ, ਧਾਵਤ ਪਾਥਰ ਕੋ ਅਗਿਆਨਾ
ਰੇ ਮਨ ! ਮੂੜ੍ਹ ਨਾ ਸੂਝਤ ਤੋਹਿ ਕੋ, ਖਾਇਕੈ ਭੰਗ ਭਇਆ ਦੀਵਾਨਾ। ੨੪।

ਗੁਰ ਉਸਤਤਿ, (ਹੱਥ ਲਿਖਤ ਖਰੜਾ)

੩੪. ਭਾਈ ਸੋਹਣ

ਮਮ ਆਗਯਾ ਸਬਹੀ ਸੁਨਹੁ, ਸਤਯ ਬਾਤ ਨਿਰਧਾਰ
ਗ੍ਰੰਥ ਗੁਰੂ ਸਮ ਮਾਨੀਓ, ਭੇਦ ਨ ਕੋਊ ਬਿਚਾਰ।
'ਗੁਰੂ ਗ੍ਰੰਥ ਕਲਿਜੁਗ ਭਯੋ, ਸ੍ਰੀ ਗੁਰੂ ਰੂਪ ਮਹਾਨ
ਦਸ ਪਾਤਸਾਹੀਆਂ ਰੂਪ ਯਹ, ਗੁਰੂ ਗ੍ਰੰਥ ਜੀ ਜਾਨ। ੪੧੨।
ਗੁਰੂ ਦਰਸ ਜਿਹ ਦੇਖਨਾ, ਸ੍ਰੀ ਗ੍ਰੰਥ ਦਰਸਾਇ
ਬਾਤ ਕਰਨ ਗੁਰ ਸਿਉਂ ਚਹੈ, ਪਢਹਿ ਗ੍ਰੰਥ ਮਨ ਲਾਇ। ੪੧੩।

ਅਧਿਆਇ ਚਉਥਾ, ਗੁਰਬਿਲਾਸ ਪਾਤਸ਼ਾਹੀ ਛੇਵੀਂ

੩੫. ਭਾਈ ਸ਼ੋਭਾਰਾਮ ਅੱਡਣਸ਼ਾਹੀ

ਸਰੁਤੀ ਪੁਰਾਣ ਇਤਿਹਾਸ ਕੋ
ਸਾਰ ਨਿਕਾਸਯੋ ਮੰਥਿ
ਸਭ ਗੁਰ ਸਿਖਨ ਕੇ ਲੀਏ
ਗੁਰੂ ਰਚਯੋ ਗੁਰ ਗ੍ਰੰਥ। ੧੧।

ਗੁਰਬਿਲਾਸ ਬਾਬਾ ਸਾਹਿਬ ਸਿੰਘ ਜੀ ਕਾ ਹੱਥ-ਲਿਖਤ ਖਰੜਾ,
ਪੱਤਰਾ ੨, ਪੰਜਾਬੀ ਯੂਨੀਵਰਸਿਟੀ ਪਟਿਆਲਾ

੩੬. ਸੰਤ ਨਿਹਾਲ ਸਿੰਘ ਸੋਹਲਾਂਵਾਲਾ — ਉਨ੍ਹੀਵੀਂ ਸਦੀ

ਸ਼ਾਂਤਿ ਸੁਖ ਦੈਨੀ ਬੇਦ ਬਾਨੀ ਯੌਂ ਬਖਾਨਤ ਹੈ
ਸ੍ਰੀ ਗੁਰੂ ਸਰਨ ਬਿਨਾ ਕਹੂੰ ਹੈ ਅਨੰਦ ਨਾ
ਕਾਮ ਕ੍ਰੋਧ ਲੋਭ ਮੋਹ ਹੰਕ੍ਰਿਤ ਕੈ ਜੀਵ ਜਰਯੋ
ਕਰੈਂ ਗੁਰੂ ਸੀਤਲ ਯਾ ਸੀਤਲ ਤੇ ਚੰਦਨਾ
ਸੰਤਨ ਕੀ ਸੋਭਾ ਬਿਯੰਤ ਹੈ ਨਿਹਾਲ ਸਿੰਘ
ਯਾਂਕੀ ਕ੍ਰਿਪਾ ਕਰਿ ਹ੍ਵੈ ਪੁੰਜ ਪਾਪ ਨਿਕੰਦਨਾ
ਪਾਛੈ ਕਛੂ ਪਢਨੋ ਕਥਿੱਤ ਕੋ ਪ੍ਰਬੰਧ ਛੰਦ
ਆਦਿ ਮੈਂ ਕਰੀਜੈ ਗੁਰੂ ਗ੍ਰੰਥ ਜੂ ਕੋ ਬੰਦਨਾ। ੧।
ਪਾਪਨ ਕਟੈਯਾ ਮਨ ਸੁਧਤਾ ਕਰੈਯਾ
ਬਰ ਬੁਧਿ ਪ੍ਰਗਟੈਯਾ, ਸਤਿਸੰਗ ਕੋ ਬਤੈਯਾ ਹੈ

ਗੂਢ ਗੁਨ ਗੈਯਾ ਪ੍ਰਭੂ ਪ੍ਰੇਮ ਉਪਜੈਯਾ ਭਯਾ
ਸ੍ਰੀ ਸੰਪਦਾ ਸਹੈਯਾ ਅਨੀ ਆਸੁਰੀ ਦਰੈਯਾ ਹੈ
ਸੰਤ ਖੁਸ਼ੀ ਮ੍ਰਿਗਰਾਜ ਜਾਨਤ ਚਤੁਰ ਭੈਯਾ
ਊਚਨ ਤੇ ਊਚੀ ਗਯਾਨ ਗਿਰਾ ਕੋ ਧਰੈਯਾ ਹੈ
ਬ੍ਰਹਮ ਬੋਧ ਕੈਯਾ ਭਵ ਮੀਚ ਕੇ ਹਰੈਯਾ
ਐਸੇ ਬਾਂਛਤ ਫਲੋਂ ਕੇ ਗੁਰੂ ਗ੍ਰੰਥ ਹੀ ਦਿਵੈਯਾ ਹੈ। ੨।
ਸੁਨੋ ਜੀ ਸਕਲ ਕਾਨ ਦੈ ਕੈ ਏਕ ਚਿਤ ਹ੍ਵੈ ਕੈ
ਮਾਨਸ ਜਨਮ ਕੋ ਅਨੂਪ ਸਮੋ ਆਜੁ ਹੈ
ਯਾਂਤੇ ਸਤਿਸੰਗ ਕਰਿ ਆਤਮਾ ਕੋ ਜਾਨ ਲੀਜੈ
ਜਾਗ੍ਰਤ ਮੈਂ ਸਖੋਪਤਿ ਅਚਲ ਯੇ ਰਾਜ ਹੈ
'ਸੰਤ ਖੁਸ਼ੀ ਮ੍ਰਿਗਰਾਜ' ਸੰਤ ਜੋੜਮੇਲਾ ਜਹਾਂ
ਤਹਾਂ ਚਲ ਆਈਏ ਯਾਂਤੇ ਭਲੋ ਨਾਹਿ ਕਾਜ ਹੈ
ਤਾਂ ਕੇ ਧੰਨ ਭਾਗ ਜਿਨ ਆਇਕੈ ਦੀਦਾਰ ਕੀਨੋ
ਗੁਰੂ ਗ੍ਰੰਥ ਜੂ ਕੇ ਪਾਠ ਭੋਗ ਕੋ ਸਮਾਜ ਹੈ। ੩।
ਪੰਥ ਕੋ ਜਹਾਜ਼ ਗੁਰੂ ਗ੍ਰੰਥ ਮਹਾਰਾਜ ਜੀ ਕੋ।
ਰਚਯੋ ਗੁਰੂ ਸ੍ਵਾਮੀ ਨੇ ਪੁਰਾਨ ਬੇਦ ਮੰਥ ਕੇ।
ਯਾਂ ਤੇ ਜੇ ਪ੍ਰਬੀਨ ਰਾਖੇ ਪਰਮ ਪ੍ਰਤੀਤਿ ਯਾਂ ਮੈਂ
ਬ੍ਰਹਮਿ ਮੈਂ ਮਗਨ ਜੇ ਬਤੈਯਾ ਪ੍ਰਭੂ ਪੰਥ ਕੇ।
ਸੰਤ ਖੁਸ਼ੀ ਮ੍ਰਿਗਰਾਜ ਔਰ ਫਲ ਕੌਨ ਗਿਨੈ
ਸ਼ਾਂਤਿ ਜੋ ਮਤਾਂਤ ਮਿਲੈ ਪਢੇ ਧਾਰੇ ਸੰਥ ਕੋ।
ਕੰਥ ਕੇ ਉਢੈਯਾ ਚਾਰੋਂ ਬੇਦ ਕੇ ਪਢੈਯਾ ਭੈਯਾ
ਬਾਰੰ ਬਾਰ ਜਾਤ ਬਲਿਹਾਰ ਗੁਰੂ ਗ੍ਰੰਥ ਕੇ। ੪।
ਪਾਯੋ ਹੈ ਪਰਮਪੁੰਨ ਪੰਥ ਜਯੋਂ ਪ੍ਰਯਾਗ ਕੇ ਕੋ
ਪੂਰਨ ਪਰਾਨ ਪਾਠ ਫਲ ਰਿਦੈ ਆਯੋ ਹੈ
ਗਾਯੋ ਹੈ ਸੁ ਤਿਨੈ ਰਾਗ ਰਾਗਣੀ ਕੋ ਲਾਭ ਲੀਨੇ
ਸਗਲੀ ਜੇ ਸਿੰਮ੍ਰਤੈਂ ਸੁ ਨੀਕੋ ਸਾਰ ਭਾਯੋ ਹੈ
ਛਾਯੋ ਹੈ ਸੁ ਬ੍ਰਹਮ ਗਯਾਨ ਰਿਦੇ ਤਾਂ ਨਿਹਾਲ ਸਿੰਘ
ਸੁਨ ਕੇ ਅਵਾਜ਼ ਨਾਦ ਉਰਿ ਜਾਂ ਬਸਾਯੋ ਹੈ
ਜਾਯੋ ਹੈ ਸਫਲ ਜਗ ਜਨਨੀ ਫੇਰ ਨ ਆਯੋ
ਹਾਥ ਜੋਰ ਗ੍ਰੰਥ ਜੂ ਕੋ ਸੀਸ ਜਾਂ ਝੁਕਾਯੋ ਹੈ। ੫।
ਯਦਪਿ ਜੇ ਬੇਦ ਅਕਲੇਦ ਕੋ ਪ੍ਰਭਾਖੈ ਭੇਦ
ਵਯਾਕਰਣ ਬੁਧਿ ਬਿਨਾਂ ਕਹੋ ਕੋ ਬਿਚਾਰੇਗੋ
ਹੋਹਿੰਗੇ ਪੁਰਾਨੇ ਜੇ ਪੁਰਾਨ ਬਰ ਬੁਧੀ ਬਿਨਾਂ
ਸਿੰਮ੍ਰਤੈਂ ਕੀ ਸਿੰਮ੍ਰਤੀ ਮਨੀਖਾ ਕੌਨ ਧਾਰੈਗੋ

ਸੰਤ ਖ਼ੁਸ਼ੀ ਮ੍ਰਿਗਰਾਜ ਹੋਹਿਗੇ ਅਨੰਤ ਜੀਵ
ਮੋਟੀ ਮਤਿਵਾਰੇ ਪਰਮ ਪਦ ਕੋ ਨਿਹਾਰੈਂਗੋ
ਯਾਂ ਹੀ ਤ ਪ੍ਰਬੀਨ ਗੁਰੂ ਗ੍ਰੰਥ ਜੂ ਸੁਗਮ ਕੀਨੋ
ਅਬ ਕਲੂ ਆਯੋ ਗੁਰੂ ਗ੍ਰੰਥ ਹੀ ਉਧਾਰੈਗੋ। ੬।

[ਅਮੋਲ ਹੋਲਾ, ਪੰਨਾ ੧-੧੧, ੧੯੦੬ ਈ.]

ਗਿਰਾ ਵੇਦ ਸਤਿਗੁਰੂ ਬਿਨਾ, ਹੋਰ ਜੁ ਕੱਚੀ ਜਾਣ
ਭਗਤਿ ਗਯਾਨ ਯੁਤ ਹੋਇ ਜੋ, ਸੁਧੀ ਸੁ ਕਰਤ ਪ੍ਰਮਾਨ। ੩੪।
ਭਗਤਨ ਕੀ ਬਾਣੀ ਵਿਖੇ, ਅਰਥ ਅਭੇਦ ਪਛਾਨ
ਸ੍ਰੀ ਗੁਰੂ ਅਰਜਨ ਦੇਵ ਜੂ, ਯਾਂਤੇ ਕਰੀ ਪ੍ਰਮਾਨ। ੩੫।
ਅਰਥ ਮਿਲੈ ਜਿਹ ਗਿਰਾ ਕੋ, ਤਯਾਗ ਯੋਗ ਨਹਿਂ ਸੋਇ
ਜੋ ਨ ਮਿਲੇ ਗੁਰੂ ਗ੍ਰੰਥ ਸੋ, ਤਯਾਗ ਯੋਗ ਸੋ ਹੋਇ। ੩੬।

[ਭਵਸਾਗਰ ਸੇਤੁ, ਪੰਨਾ ੧੦ ਰਚਨਾ ਕਾਲ ੧੮੪੮ ਈ.]

ਪਾਰਥ ਗੁਰੂ ਜੀ ਪਰ ਸੂਰਾਥ ਪਰਮਾਰਥੀ ਜੋ
ਸਮੇ ਪਾਇ ਗਾਦੀ ਪੈ ਬਿਰਾਜਬੋ ਜੁ ਬਰ ਕੀ
ਸਾਜਯੋ ਗੁਰੂ ਗ੍ਰੰਥ ਜੋ ਕਟੈਯਾ ਚਿਦ ਜੜ ਗ੍ਰੰਥਿ
ਭਵ ਸਿੰਧੁ ਮਾਨੋ ਯੇ ਜਹਾਜ਼ ਹੈ ਅਪਰ ਕੀ
ਸਕਲ ਸਮਾਜ ਸੁਧਾਸਰ ਮੈਂ ਸਰਸ ਕੀਨੋ
ਨਿਰਖ ਨਿਹਾਲ ਸਿੰਘ ਮੋਹੈ ਮਤਿ ਹਰ ਕੀ
ਏਕ ਜੀਹ ਮੋਰੀ ਕਹੋ ਕੈਸੇ ਪ੍ਰਭਾ ਗਾਇ ਸਕੋਂ
ਪਾਰਥ ਗੁਰੂ ਜਯੋਂ ਸੇਵਾ ਕੀਨੀ ਸੁਧਾਸਰ ਕੀ। ੨੨। [ਪੰਨਾ ੧੧]
ਕੀ ਬੋ ਕਛੁ ਚਾਹੈਂ ਕਰ ਸੇਵਾ ਸਾਧਸੰਗਤਿ ਕੀ
ਪਰਯੋ ਚਾਹੈ ਚਲ ਸਾਧ ਸਰਨਿ ਪਰੁ ਰੇ
ਲਰਬੋ ਚਹੈ ਤੌ ਲਰੁ ਕਾਮ ਕ੍ਰੋਧ ਸ਼ਤ੍ਰਨ ਸੋ
ਹਰਬੋ ਚਹੈ ਤੌ ਨਾਮ ਧਨੁ ਹਰ ਰੇ
ਬੈਠਬੋ ਚਹੈ ਤੌ ਬੈਠ ਸੁਜਨ ਸਭਾ ਕੇ ਬੀਚ
ਪਢਬੋ ਚਹੈ ਤੋ ਗੁਰੂ ਗ੍ਰੰਥ ਜੂ ਕੋ ਪਰੁ ਰੇ
ਚਾਖਬੋ ਚਹੈ ਤੌਂ ਚਾਖ ਬੈਨ ਗੁਰੁ ਮੀਠੇ ਫਲ
ਨ੍ਹਾਨ ਕੀਓ ਚਾਹੈ ਚਲ ਨ੍ਹਾਵ ਸੁਧਾਸਰ ਰੇ। ੬੭। [ਪੰਨਾ ੨੯]

ਛਪਯ—ਅੰਮ੍ਰਿਤਸਰ ਗੁਰਧਾਮ ਨਾਮ ਚਾਹੂੰ ਕੁੰਟ ਉਜਾਗਰ
ਨਾਮਦਾਨ ਇਸਨਾਨ, ਪਾਪ ਖੰਡਨ ਪੁਰੁ ਨਾਗਰ
ਸ੍ਰੀ ਗੁਰੂ ਗ੍ਰੰਥ ਅਪਾਰ, ਸਾਰ ਸੁਖ ਜਨ ਪ੍ਰਤਿ ਦਾਯਕ
ਜੇਤੇ ਮਤ ਜਗ ਮਾਹਿਂ, ਤਾਂਹਿ ਕੇ ਸ੍ਰੀ ਯਹਿ ਨਾਯਕ
ਨਿਸਬਾਸਰ ਹੋਵਤ ਹਰਿ ਭਜਨ, ਭੱਜਤ ਲੱਜਤ ਹਿਯ ਪਟਲ
ਗੁਰੂ ਰਾਮਦਾਸ ਪੁਰੁ ਸੁਖਦ ਅਤਿ, ਜੁਗੋ ਜੁਗੋ ਜੁਗ ਜੁਗ ਅਟਲ। ੮੯।

[ਸੁਧਾਸਰ ਸ਼ਤਕ ਪਚੀਸਾ, ਪੰਨਾ ੩੭, ਪੱਥਰ ਛਾਪਾ, ੧੮੯੦ ਈ.]

੩੭. *ਭਾਈ ਸੰਤੋਖ ਸਿੰਘ* ੧੮੨੩ ਈ.

(ੳ) *ਸੁਧਾ ਕੀ ਤਰੰਗਨੀ ਸੀ ਰੋਗ ਭ੍ਰਮ ਭੰਗਿਨੀ ਸੀ*
ਮਹਾਂ ਸ੍ਵੇਤ ਰੰਗਿਨੀ ਮਹਾਨ ਮਨ ਮਾਨੀ ਹੈ
ਕਿਧੌਂ ਯਹ ਹੰਸਨੀ ਸੀ ਮਾਨਸਾਵਤੰਸਨੀ ਸੀ
ਗੁਨਿਅਨ ਪ੍ਰਸੰਸ਼ਿਨੀ ਸੀ ਸਰਬ ਜਗ ਜਾਨੀ ਹੈ
ਕਿਧੌਂ ਚੰਦ ਚਾਂਦਨੀ ਸੀ ਮੋਹਘਾਮ ਮੰਦਿਨੀ ਹੈ
ਰਿਦੈ ਕੀ ਅਨੰਦਿਨੀ ਸਦੀਵ ਸੁਖ ਦਾਨੀ ਹੈ
ਪ੍ਰੇਮ ਪਟਰਾਨੀ ਸਯਾਨੀ ਗਯਾਨ ਕੀ ਜਨਨਿ ਜਾਨੀ
ਗੁਨੀ ਭਨੀ ਬਾਨੀ ਤਾਂ ਕੀ ਗੁਰੂ ਗੁਰਬਾਨੀ ਹੈ।

[ਸ੍ਰੀ ਨਾਨਕ ਪ੍ਰਕਾਸ਼, ਅਧਿਆਇ ੨੪]

ਗੁਰ ਪ੍ਰਤਾਪ ਸੂਰਯ ਵਿਚੋਂ ੧੮੪੩ ਈ.

(ਅ) *ਇਕ ਸਿਖ ਬੋਲਯੋ ਜੋਰਿ ਕਰ, ਗੁਰ ਜੀ! ਸੁਨਿ ਲੀਜੈ*
ਪ੍ਰਿਥੀਆ ਆਦਿਕ ਅਪਰ ਬਹੁ, ਤਿਨ ਕਰਮ ਲਖੀਜੈ
ਆਪ ਬਨਾਵਤ ਸ਼ਬਦ ਕੋ, ਨਿਜ ਬੁਧਿ ਅਨੁਸਾਰੀ
ਸ੍ਰੀ ਨਾਨਕ ਕੋ ਨਾਮ ਸੁਭ, ਧਰਿ ਦੇਤ ਮਝਾਰੀ। ੭।
ਕੋਈ ਸਕੈ ਪਛਾਨ ਕਰਿ, ਕੋ ਸਕਹਿ ਨ ਜਾਨੀ
ਅਲਪ ਮਤੀ ਆਸ਼ੈ ਗੁਰੂ, ਕਿਮ ਸਕਹਿ ਬਖਾਨੀ
ਰਲ ਜੈਹੈਂ ਇਮ ਸਕਲ ਹੀ, ਗੁਰਮਤਿ ਬਿਗਰੈਹੈ।
ਕੋ ਕਿਸ ਬਿਧਿ ਕੋ ਕਿਸੁ ਬਿਧਿ ਬਾਣੀ ਉਚਰੈਹੈ। ੮।
ਕਰਹੁ ਜਤਨ ਅਸ ਮਿਲੈ ਨਹਿੰ, ਸੁੰਦਰ ਗੁਰਬਾਨੀ
ਸੁਨਿ ਇਕ ਸਿਖ ਬੋਲਯੋ ਬਹੁਰ, ਦਿਹੁ ਸੰਸੈ ਹਾਨੀ—
'ਬਾਣੀ ਕੱਚੀ ਗੁਰ ਬਿਨਾ', ਗੁਰ ਅਮਰ ਬਖਾਨੀ
ਕਿਮ ਸਮਝਹਿ ਸਿਖ ਤਿਸੀ ਕੋ, ਸੁਨਿ ਪਠਹਿ ਸੁਜਾਨੀ। ੯।
ਸਿਖ ਗੁਰਦਾਸ ਜਿ ਆਦਿ ਹੈਂ, ਜਿਨ ਗਿਰਾ ਬਨਾਈ
ਸਤਿਗੁਰ ਕੋ ਜਸੁ ਜਿਸ ਬਿਖੈ, ਗੁਰਮਤੀ ਦ੍ਰਿੜ੍ਹਾਈ
ਪਰਮੇਸਰ ਸੰਬੰਧਨੀ ਅਰੁ ਜੇ ਅਵਤਾਰਾ
ਕਰੀ ਇਨਹੁ ਕੀ ਜਿਨ ਕਥਾ, ਸੰਗ੍ਰਾਮ ਅਖਾਰਾ। ੧੦।
ਪੜ੍ਹਹਿ ਸੁਨਹਿ ਸਿਖ ਕੈ ਨਹੀਂ, ਦੀਜਹਿ ਉਪੇਦਸ਼ਾ
ਬੋਲੇ ਕ੍ਰਿਪਾ ਨਿਧਾਨ ਗੁਰ ਪਿਖਿ ਕਟਤ ਕਲੇਸਾ
'ਗੁਰਬਾਣੀ ਸਰਬੋਤਮਾ ਨਿਤਪ੍ਰਤਿ ਅਭਯਾਸੈ
ਅਰਥ ਬਿਚਾਰੈ ਦ੍ਰਿੜ੍ਹੈ ਮਨ, ਅਗਯਾਨਹਿ ਗ੍ਰਾਸੈ। ੧੧।
ਅੰਮ੍ਰਿਤ ਵੇਲਾ ਉਠਿ ਪਠਹਿ, ਕਰਿ ਕੰਠ ਘਨੇਰੇ

ਮਹਾਂ ਮਹਾਤਮ ਪ੍ਰਾਪਤੀ ਮਨ ਪ੍ਰੇਮ ਬਡੇਰੇ
ਬਾਣੀ ਅਪਰ ਕਵੀਨ ਕੀ ਮੱਧਯਮ ਸੋ ਜਾਨੋ
ਅਵਤਾਰਨ ਪ੍ਰਭ ਕੋ ਕਥਨ, ਗੁਣ ਆਦਿਕ ਗਯਾਨੋ। ੧੨।
ਗੁਰਬਾਣੀ ਸੋਂ ਮਤ ਮਿਲਹਿ, ਕੈ ਜਸੁ ਗੁਰ ਕੇਰਾ
ਪਠਹਿ ਸੁਨਹਿ ਸੋ ਭੀ ਸੁਖਦ, ਸਿਮਰਹਿ ਸਭ ਬੇਰਾ
ਬਾਣੀ ਅਪਰ ਅਨੇਕ ਹੈ, ਖਹੁ ਭਾਂਤਿ ਕਹਾਣੀ
ਸਤਿਗੁਰ ਮਤ ਤੇ ਬਾਹਰੀ, ਗੁਣ ਅਵਗੁਣ ਸਾਣੀ। ੧੩।
ਸੁਨਹੁ ਨ ਪਠਹੁ ਨ ਪ੍ਰੇਮ ਕਰਿ, ਅਵਗਤੀ ਪੁਚਾਵੈ
ਪਰਚਾ ਕਰਹੁ ਸੁ ਛੇਮ ਕੋ, ਜੋ ਦੁਖ ਬਿਨਸਾਵੈ
ਜੋ ਬਾਣੀ ਗੁਰਦਾਸ ਕੀ, ਗੁਰ ਮਹਿਮਾ ਭਾਰੀ
ਸਿਖੀ ਪ੍ਰਾਪਤ ਪਠੈ ਤੇ, ਇਮ ਲੇਹੁ ਬਿਚਾਰੀ। ੧੪।
ਇਮ ਕਹਿ ਲਗੇ ਬਿਚਾਰਨੇ, ਜਗ ਕੀ ਕਲਯਾਨਾ
ਪਿਖੀ ਭਵਿਖਤ ਵਾਰਤਾ, ਹਮ ਹੁਇ ਦਸ ਥਾਨਾ
ਪਾਛੇ ਸਿਖੀ ਕਿਮ ਰਹੈ, ਕਿਹ ਟੇਕੈਂ ਮਾਥਾ
ਸਬਦ ਨਿਰਾਲੇ ਕਿਮ ਰਹੈਂ, ਮਿਲਹਿ ਨ ਕਿਹ ਸਾਥਾ। ੧੫।
ਇਮ ਬਿਚਾਰ ਬੋਲੇ ਗੁਰੂ, ਤਨ ਨਦੀ ਬਿਪਾਸਾ
ਨਗਰੀ ਗੋਇੰਦਵਾਲ ਹੈ, ਸ੍ਰੀ ਸਤਿਗੁਰ ਬਾਸਾ
ਤਿਸ ਮਹਿ ਮੋਹਨ ਅਬ ਬਸਹਿ, ਬਡ ਮਸਤ ਸੁਭਾਊ
ਬਾਣੀ ਚਹੁੰ ਪਾਤਸ਼ਾਹ ਕੀ, ਕੀਨਸਿ ਇਕ ਥਾਊਂ। ੧੬।
ਬਡੋ ਪੁਤ੍ਰ ਗੁਰ ਅਮਰ ਕੋ, ਕਿਸ ਕਾਨ ਨ ਠਾਨੈ
ਸਕਲ ਸ਼ਬਦ ਤਿਸ ਪਾਸਿ ਤੇ, ਕੋ ਕਿਸ ਬਿਧਿ ਆਨੈ
ਕੋ ਉਪਾਇ ਕਰ ਪਾਇ ਹਮ, ਸਗਰੀ ਗੁਰਬਾਣੀ
ਬੀੜ ਕਰਹਿ ਪੁਨ ਏਕ ਥਲ, ਹਿਤ ਜਗ ਕਲਯਾਣੀ। ੧੭।

ਗੁਰ ਪ੍ਰਤਾਪ ਸੂਰਜ, ਰਾਸਿ ੩, ਅੰਸੂ ੩੩ ਪੰਨਾ ੨੦੪੫-੪੬

ਸ੍ਰੀ ਗੁਰੂ ਹਰਗੋਬਿੰਦ ਜੀ ਦਾ ਉਪਦੇਸ਼ :

ਬੰਨੋ ਆਦਿਕ ਹੈ ਸਿਖ ਸੰਗਤਿ, ਸ੍ਰੀ ਗੁਰ ਬੈਠਿ ਦਿਵਾਨ ਲਗਾਯੋ
ਸ੍ਰੀ ਹਰਿ ਗੋਬਿੰਦ ਪਾਸ ਬਿਰਾਜਤ, ਚੰਦ ਮਨੋ ਪਰਵਾਰਿ ਸੁਹਾਯੋ
ਸੀਖ ਲਗੇ ਸਭ ਕੋ ਤਬ ਦੇਵਨਿ, ਸ਼੍ਰੇਯ ਭਰਯੋ ਬਚ ਯੋਂ ਫੁਰਮਾਯੋ
'ਗ੍ਰੰਥ ਜਹਾਜ਼ ਸੁ ਭੋਜਲ ਕੋ ਤਰ ਜਾਤਿ ਸੁਖੈਨ ਜਿਨੀਂ ਚਿਤ ਲਾਯੋ। ੪।
ਸ੍ਰੀ ਗੁਰ ਕੇਰ ਸਰੀਰ ਜੁਊ, ਸਭਿ ਥਾਨ ਸਮੈਂ ਸਭਿ ਨ ਦਰਸੈਹੈਂ
ਗ੍ਰੰਥ ਰਿਦਾ ਗਰ ਕੋ ਇਹ ਜਾਨਹੁ, ਉਤਮ ਹੈ ਸਭ ਕਾਲ ਰਹੈ ਹੈਂ
ਮੇਰੇ ਸਰੂਪ ਤੇ ਯਾਂ ਤੇ ਹੈ ਦੀਰਘ, ਸਾਹਿਬ ਜਾਨਿ ਅਦਾਇਬ ਕੈ ਹੈ
ਪੂਜਹੁ ਚੰਦਨ ਕੇਸਰ ਕੋ ਘਸਿ, ਧੂਮ ਧੁਖਾਇਕੈ ਫੂਲ ਚਢੈ ਹੈ। ੫।

ਜੋ ਲਿਖਿ ਲੇਹਿ ਭਲੇ ਤਬਿ ਸੋਧਹਿ, ਅਖਰ ਸੌਂ ਲਗ ਕੀ ਚੁਕਸਾਈ
ਪਾਠ ਸਮਸਤ ਕਰੈਂ ਬੁਧਿ ਸੋ, ਪਿਖਿ ਪੂਰਬ ਕੇ ਸਮ ਲੇਹਿ ਬਨਾਈ
ਆਪ ਤੇ ਘਾਟ ਨ ਬਾਧ ਕਰੈ, ਜਿ ਕਰੈ ਹੁਇ ਮੂਰਖ ਸੋ ਪਛੁਤਾਈ
ਔਰ ਬਨਾਇ ਨਵੇਂ ਨ ਲਿਖੈ, ਬਿਚ ਕਾਵਯ ਰਚੈ, ਸੁ ਰਚੋ ਪ੍ਰਿਥਕਾਈ। ੬।

....

ਬੇਦ ਪੁਰਾਨ ਮਹਾਨ ਮਹਾਤਮ, ਜਾਂਹਿ ਬਖਾਨ ਕਰੈ ਸਮੁਦਾਏ
ਅੰਤ ਨ ਪਾਵਤ ਸ਼ੇਸ਼ ਨ ਸ਼ਾਰਦ ਨੇਤਿ ਹੀ ਨੇਤਿ ਅਸੇਸ਼ ਬਤਾਏ
ਜੋ ਸਰਬੋਤਮ ਜੋ ਸਰਬਾਸ੍ਰਯ, ਤਾਂਹੀਕੇ ਨਾਮ ਇਸੀ ਮਹਿ ਗਾਏ
ਨਾਮ ਸੁ ਨਾਮੀ ਕੋ ਭੇਦ ਨਹੀਂ, ਇਹ ਮੂਰਤਿ ਸ੍ਰੀ ਕਰਤਾਰ ਸੁਹਾਏ। ੮।
ਜੇਤਿਕ ਗ੍ਰਿੰਥ ਅਦਾਇਬ ਰਾਖਹਿ, ਤੇਤਿਕ ਹੀ ਫਲ ਪਾਵਹਿਗੋ।
ਧੂਪ ਧੁਖਾਇ ਘਸਾਇਕੈ ਚੰਦਨ, ਕੇਸਰ ਕੋ ਅਰਚਾਵਹਿਗੋ।
ਭਾਵਨੀ ਧਾਰ ਕੈ ਚਾਹ ਉਮਾਹਤ, ਦਯੋਸ ਪ੍ਰਤੀ ਦਰਸਾਵਹਿਗੋ
ਪਾਠ ਕਰੈ ਕਿ ਸੁਨੈ ਮਮ ਏਕ ਹ੍ਵੈ ਹੀਯ ਉਪਦੇਸ ਬਨਾਵਹਿਗੋ। ੯।
ਦੇਖਤ ਹੀ ਕਰ ਜੋਰਿ ਦੋਊ, ਮਨ ਨੰਮ੍ਰ ਹ੍ਵੈ ਸੀਸ ਨਿਵਾਵਹਿਗੋ
ਔਰਨ ਕੋ ਉਪਦੇਸ਼ ਕਰੈ ਲਿਖਿ, ਆਪਿ ਇਸੇ ਕੌ ਲਿਖਾਵਹਿਗੋ
ਪ੍ਰੇਮ ਕਰੈ ਘਰ ਮੈਂ ਅਸਥਾਪਹਿ, ਪਾਠ ਸੁਨੈ ਹਰਖਾਵਹਿਗੋ।
ਸੋ ਜਗ ਬੰਧਨ ਛੇਦਨ ਕੈ, ਨਰ ਅੰਤ ਗਤੀ ਸ਼ੁਭ ਪਾਵਹਿਗੋ। ੧੦।

[ਗੁਰ ਪ੍ਰਤਾਪ ਸੂਰਯ ਰਾਸਿ ੩, ਅੰਸੂ ੫੦ ਪੰਨਾ ੨੧੪੦-੪੧]

ਸੁਨ ਕਰਿ ਸ੍ਰੀ ਹਰਗੋਬਿੰਦ ਕਹੈਂ, 'ਸਭ ਕਾਸਟ ਮਹਿ ਅਗਨੀ ਰਹੈ
ਬਿਨਾ ਮਥੇ ਨਹਿ ਨਿਕਸ ਪ੍ਰਕਾਸ਼ੈ। ਕਾਰਯ ਕਰਹਿ ਨ ਸੀਤ ਬਿਨਾਸੈ
ਯਥਾ ਦੁਗਧ ਮਹਿ ਘ੍ਰਿਤ ਮਿਲਿ ਰਹਯੋ। ਮਥਨ ਕਰੇ ਬਿਨ ਕਿਨਹੂ ਨ ਲਹਯੋ
ਤਿਸ ਸਤਿਗੁਰ ਕੇ ਸ਼ਬਦ ਮੰਝਾਰਾ। ਆਤਮ ਗਯਾਨ ਬਸਹਿ ਸੁਖ ਸਾਰਾ
ਪਾਠ ਕਰੇ ਹੁਇ ਪੁੰਨ ਮਹਾਨਾ। ਨਾਹਿਨ ਪ੍ਰਾਪਤ ਆਤਮ ਗਯਾਨਾ
ਜਬ ਬਿਚਾਰ ਕਰਿ ਹ੍ਰਿਦੈ ਵਸਾਵੈ। ਸਬ ਬਿਵਹਾਰਨ ਬਿਖੈ ਕਮਾਵੈ
ਗਯਾਨ ਪ੍ਰਕਾਸ਼ੈ ਆਨੰਦ ਪਾਵੈ। ਜਨਮ ਮਰਨ ਕੇ ਕਸ਼ਟ ਮਿਟਾਵੈ।

[ਗੁ. ਪ੍ਰਤਾਪ ਸੂਰਯ ਰਾਸਿ ੫, ਅੰਸੂ ੪੧]

ਸ੍ਰੀ ਗੁਰੂ ਹਰਿ ਰਾਇ ਜੀ ਦਾ ਉਪਦੇਸ਼ :

ਸੁਨ ਕਰਿ ਸ੍ਰੀ ਹਰਿ ਰਾਇ ਉਚਾਰੇ। 'ਸੁਨਹੁ ਸਿਖ! ਤੁਮ ਹੋ ਮਮ ਪਯਾਰੇ
ਗੁਰੂ ਅਨੁਭਵ ਬਿਚ ਬਾਨੀ ਰੂਪ। ਯਾਂਕੀ ਮਹਿਮਾ ਅਮਿਤ ਅਨੂਪ
ਭਵ ਅਗਨੀ ਸਾਗਕ ਕੋ ਤਰਨੀ। ਸਤਿਗੁਰੁ ਸਿਖਨ ਕੋ ਸੁਖ ਕਰਨੀ
ਪਾਠਕ ਰਿਦੈ ਬਿਕਾਰਨ ਹਰਨੀ। ਹਰਨੀ ਤ੍ਰਿਸ਼ਨਾ ਸਿੰਘਨ ਬਰਨੀ
ਬਰਨੀ ਗੁਰ ਦੁਖ ਤਰੁ ਕੋ ਕਰਿਨੀ। ਕਰਨੀ ਗਯਾਨ ਅਗਨਿ ਕੋ ਅਰਨੀ
ਜੋ ਸਿਖ ਗੁਰਬਾਨੀ ਭਯ ਕਰੈ। ਬਿਨਾਂ ਪ੍ਰਯਾਸ ਭਵ ਸਾਗਰ ਤਰੈ
ਗੁਰਬਾਨੀ ਮਹਿਮਾ ਮਹਯਾਨੇ। ਜੌ ਮਰਯਾਦਾ ਹਮ ਨਹਿ ਠਾਨੇ।

ਤੌ ਸਿਖ ਭਯ ਨ ਕਰੈਗੋ ਕੋਈ। ਬਿਨ ਭਯ ਕਰੇ ਸ਼੍ਰੇਯ ਨਹਿ ਹੋਈ
ਗੁਰਬਾਨੀ ਕੇ ਹਮ ਭਯ ਧਰ ਕੈ। ਤਜਯੋਂ ਪ੍ਰਯੋਕ ਸ਼ੀਘ੍ਰਤਾ ਕਰਕੈ
ਜੋ ਸਿਖ ਹੈ ਗੁਰਸ਼ਬਦ ਕਮਾਵੈ। ਸ਼ਬਦ ਕਮਾਇ ਪਰਮਪਦ ਪਾਵੈ
ਭਗਤਿ ਪ੍ਰਤੀਤਿ ਨਹੀਂ ਜਿਸ ਤਨ ਮੈਂ।। ਤਿਹੁ ਗੁਰਬਾਨੀ ਭਯ ਨਹਿ ਮਨ ਮੈ।
ਜੋ ਸਿਖ ਹੈ ਗੁਰਸ਼ਬਦ ਕਮਾਵੈ। ਸ਼ਬਦ ਕਮਾਇ ਪਰਮਪਦ ਪਾਵੈ
ਜਿਨ ਭੈ ਅਦਬ ਨ ਬਾਨੀ ਧਾਰਾ। ਜਾਨਹੁ ਸੋ ਸਿਖ ਨਹੀਂ ਹਮਾਰਾ
ਗੁਰ ਉਪਦੇਸ਼ ਜਾਹਿ ਮਨ ਲਾਗਾ। ਕੋਟਿ ਜਨਮ ਕੋ ਸੋਵਤ ਜਾਗਾ
ਮਨ ਜਾਗੇ ਕੀ ਇਹੈ ਨਿਸ਼ਾਨੀ। ਪ੍ਰਿਯ ਲਾਗਹਿ ਸਤਿਗੁਰ ਕੀ ਬਾਨੀ।'

ਗੁ. ਪ੍ਰ. ਸੂ. ਪੰਨਾ ੩੮੪੫-੪੬

ਗੁਰੂ ਗੋਬਿੰਦ ਸਿੰਘ ਜੀ ਦਾ ਅੰਤਮ ਉਪਦੇਸ਼ :

ਤਬਿ ਸਾਦਰ ਸਭ ਨਿਕਟ ਬਿਠਾਰੇ। ਕਹਯੋ ਸ਼ੋਕ ਨਹਿ ਕਰੀਯਹਿ ਪਯਾਰੇ
ਭੂਲ ਸਰੀਰ ਸੰਜੋਗ ਵਿਜੋਗ। ਈਸ਼ਰ ਨੇਤਿ ਚੌਦਹੂੰ ਲੋਗ। ੪।
ਤਨ ਸਨੇਹ ਨਹਿ ਨਿਭਹੈ ਕਯੋਂ ਹੂੰ। ਸਿਕਤਾ ਸਦਨ ਨਦੀ ਤਟ ਜਯੋਂ ਹੂੰ
ਨਿਸਚੈ ਸ਼ਬਦ ਰਿਦਾ ਹੈ ਮੇਰੋ। ਤਿਹ ਸੋ ਮਿਲੀਯਹਿ ਸੰਝ ਸਵੇਰੋ। ੫।
ਹਰਿ ਗੁਰ ਗੁਨ ਮਹਿ ਮਨਹਿ ਪਰੋਵਹੁ। ਤਿਹ ਸੋ ਮਿਲੀ ਨਯਾਰੇ ਨਹਿ ਹੋਵਹੁ
ਹਲਤ ਰੁ ਪਲਤ ਸਹਾਇਕ ਜੋਵਹੁ। ਜਮ ਆਦਿਕ ਕੋ ਡਰ ਉਰ ਖੋਵਹੁ। ੬।
ਸੁਨਤਿ ਖਾਲਸੇ ਕੀਨਸਿ ਬਿਨਤੀ। ਸ੍ਰੀ ਪ੍ਰਭੂ! ਹਮ ਸਭ ਕੇ ਮਨ ਗਿਨਤੀ
ਨੌਂ ਪਾਤਸ਼ਾਹ ਅੰਤ ਕੋ ਸਾਰੇ। ਸੰਗਤ ਲਰ ਪਕਰਾਇ ਉਦਾਰੇ। ੭।
ਪੁਨ ਬੈਕੁੰਠ ਗਮਨ ਕੋ ਕਰੈਂ। ਹਮ ਕਿਸ ਕੇ ਪਗ ਪਰ ਸਿਰ ਧਰੈਂ
ਕਿਹ ਕੇ ਕਰਿ ਅਲੰਬ ਕੋ ਚਲੇ। ਪੰਥ ਖਾਲਸਾ ਤੁਮਰੋ ਭਲੇ। ੮।
ਸ੍ਰੀ ਮੁਖ ਤੇ ਤਬ ਧੀਰਜ ਦੀਨ। ਹਮ ਸਭ ਬਾਤ ਪ੍ਰਥਮ ਕਰਿ ਲੀਨਿ।
ਗੰਢ ਅਕਾਲ ਪੁਰਖ ਸੌ ਪਾਯੋ। ਸੌਂਪਨ ਕਰ ਅੰਚਰ ਪਕਰਾਯੋ। ੯।
ਸਦਾ ਰਹਹੁ ਪ੍ਰਭੁ ਚਰਨਨ ਸਰਨੀ। ਅਪਰਨ ਕੀ ਆਸਾ ਨਹਿ ਕਰਨੀ
ਲੋਕ ਸੁਖੀ ਪਰਲੋਕ ਸੰਤੋਸ਼ਾ। ਨਿਤੁ ਪ੍ਰਤਿ ਰਾਖਹੁ ਗੁਰੂ ਭਰੋਸਾ। ੧੦।
ਪਢੀਯਹਿ ਸਰਬ ਗੁਰਨ ਕੀ ਬਾਨੀ। ਰਖੀਯਹਿ ਰਹਤ ਜੁ ਹਮਹੂੰ ਬਖਾਨੀ
ਪਾਯਹੁ ਮਾਤ ਕਾਲਕਾ ਗੋਦ। ਪੰਥ ਖਾਲਸਾ ਲਹੈ ਪ੍ਰਮੋਦ। ੧੧।
ਸਿੰਘ ਸੁ ਰਹਤ ਪੰਚ ਜਹਿ ਮਿਲੈ। ਮਮ ਸਰੂਪ ਸੋ ਦੇਖਹੁ ਭਲੇ
ਭੋਜਨ ਛਾਦਨ ਜੋ ਤਿਨ ਦੇਇ। ਮੋਕਹੁ ਪਹੁੰਚਾਵਤ ਸਿਖ ਸੇਇ। ੧੨।
ਮਨਹੁ ਕਾਮਨਾ ਤਿਨ ਤੇ ਪ੍ਰਾਪਤ। ਸ਼ਰਧਾ ਧਰੇ ਚਿੰਤ ਦੁਖ ਖਾਪਤ
ਸਿਖ ਪੰਚਨ ਮਹਿ ਮੇਰੋ ਬਾਸਾ। ਪੂਰਨ ਕਰੌ ਧਰਹਿ ਜੋ ਆਸਾ। ੧੩।
ਅੰਗ ਸੰਗ ਮੁਝ ਕੋ ਨਿਤ ਜਾਨਹੁ। ਸਦਾ ਸਹਾਇਕ ਅਪਨੋ ਮਾਨਹੁ।
ਨਿਤ ਪ੍ਰਤਿ ਗੁਰਬਾਣੀ ਅਭਯਾਸਹੁ। ਕੈ ਸ਼ਸਤ੍ਰਨ ਸਨ ਸ਼ਤ੍ਰ ਬਿਨਾਸਹੁ। ੧੮।
ਦਸਹੂੰ ਗੁਰਨ ਜਿਮ ਕਰੇ ਬਿਲਾਸਾ। ਸੁਨਹੁ ਪ੍ਰੇਮ ਧਰਿ ਸਭ ਇਤਿਹਾਸਾ
ਅਭਿਮਤਿ ਦੇਤ ਸਹਤ ਕਲਯਾਨ। ਸੁਖ ਪ੍ਰਾਪਤ ਪਾਠਕ ਸ੍ਰੋਤਾਨ। ੧੯।

ਗੁਰੂ ਖਾਲਸਾ ਖਾਲਸਾ ਗੁਰੂ। ਅਬ ਤੇ ਹੁਇ ਐਸੀ ਬਿਧਿ ਸ਼ੁਰੂ
ਅਪਨੀ ਜੋਤਿ ਖਾਲਸੇ ਬਿਖੈ। ਹਮ ਨੇ ਧਰੀ ਸਕਲ ਜਗ ਪਿਖੈ। ੨੦।

[ਗੁਰਪ੍ਰਤਾਪ ਸੂਰਯ, ਐਨ ੨ ਅੰਸੂ ੨੩]

੩੮. *ਭਾਈ ਰਤਨ ਸਿੰਘ ਭੰਗੂ* ੧੮੪੧ ਈ.

ਪੁਨ ਸਤਿਗੁਰ ਉਨ ਸਿਛਯਾ ਦਈ—
'ਮੀਣੇ ਮਸੰਦਨ ਬਰਤਯੋ ਨਹੀਂ।
ਕੁੜੀਮਾਰ ਰਾਮਰਈ ਨੜੀਮਾਰ
ਜੋ ਇਨ ਮਿਲੈ ਸੁ ਹੁਇ ਹੈ ਖ੍ਵਾਰ। ੧੩।
ਜਥਾ ਸ਼ਕਤਿ ਗੁਰ ਗੋਲਕ ਪਾਯੋ
ਕੜਾਹ ਕਰਾਇ ਖਾਲਸੇ ਛਕਾਯੋ
ਪਹਿਰ ਕਛਿਹਰੇ ਸਿਰ ਬੰਧਯੋ ਪਾਗ
ਗੁਰੂ ਗ੍ਰੰਥ ਬਚਨ ਪਰ ਰਹੋ ਲਾਗ। ੧੪। *[ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੦]*

੩੯. *ਭਾਈ ਪ੍ਰੇਮ ਦਾਸ ਲਿਖਾਰੀ* ੧੮੪੫ ਈ.

'ਦੇਹਿ ਤਿਆਗਕੈ ਦਸਵਾਂ ਪਾਤਸ਼ਾਹ, ਰਾਇ ਹਰਿ ਕੇ ਦੁਆਰ
ਅਪਨਾ ਰੂਪ ਧਰਿਓ ਗ੍ਰੰਥ ਮੋ, ਸਭ ਖਾਲਸਾ ਕਰੇ ਨਮਸ਼ਕਾਰ।
ਗੁਰ ਗੁਬਿੰਦ ਸਿੰਘ ਪਲਟੀਆਂ, ਅਪਨੀ ਜੋਤਿ ਅਪਾਰ
ਬੇਦ ਗੁਰੂ ਹੈ ਨਾਮ ਗ੍ਰਿੰਥ, ਪੂਜੋ ਸ਼ਰਧਾ ਧਾਰ।
ਜੋ ਪੂਜੈ ਸ਼ਰਧਾ ਧਾਰ ਕੈ, ਸਭ ਪੂਰਨ ਮਨਸਾ ਹੋਇ
ਆਦਿ ਅੰਤ ਗੁਰ ਏਕ ਹੈ, ਨਾਨਕ ਅਵਰ ਨ ਕੋਇ।
ਦਸਾਂ ਜੋਤਿ ਕੀ ਕਰ ਏਕ ਜੋਤਿ, ਧਰੀ ਗ੍ਰਿੰਥ ਕੇ ਮਾਹਿ
ਗੁਰਨਾਨਕ ਜੀਕੇ ਬਚਨ ਹੈ, ਜਹ ਤਹ ਭਏ ਸਹਾਇ।
ਪੋਥੀ ਲਿਖਿ ਸੰਪੂਰਨ ਕੀਤੀ। ਸਤਿਗੁਰ ਸੰਤਾਂ ਬਾਜ਼ੀ ਜੀਤੀ
ਸ਼ਬਦ ਸਾਖੀ ਕਾ ਕੀਆ ਗ੍ਰੰਥ। ਕਥਨੇ ਵਾਲੇ ਹੈਨਿ ਅਨੰਤ
ਪ੍ਰੇਮਦਾਸ ਹੈ ਜੰਤੁ ਤੁਮਾਰਾ। ਤੰ ਠਾਕੁਰ ਹੈਂ ਅਪਰ ਅਪਾਰਾ।

ਜਨਮ ਸਾਖੀ (ਖਰੜਾ ਨੰ : ੨੮੯੪) ਪੱਤਰਾ ੪੩੨
ਸੈਂਟ੍ਰਲ ਪਬਲਿਕ ਲਾਇਬਰੇਰੀ ਪਟਿਆਲਾ, ਲਿਖਣ ਸੰਮਤ (੧੮੦੨ ਬਿ.)

੪੦. *ਭਾਈ ਸ੍ਵਰੂਪ ਸਿੰਘ ਕੌਸ਼ਿਸ਼*

ਸਿਖ ਸਾਰੇ ਬੇਬਸ ਹੋਇਕੇ ਕਹਿ ਰਹੇ ਥੇ, ਮਹਾਰਾਜਾ! ਅਸਾਂ ਕੋ ਕਿਸ ਕੇ ਸਹਾਰੈ ਛੋਰ ਕੇ ਆਗੇ ਜਾ ਰਹੇ ਹੋ, ਹਮੇਂ ਬਤਾਈਏ। ਸਤਿਗੁਰਾਂ ਧੀਰੇ ਸੇ ਕਹਾ, 'ਸਿਖੋ ! ਇਹ ਪੰਥ ਅਸਾਂ ਅਕਾਲ ਪੁਰਖ ਕੀ ਅਗਿਆ ਸੇ ਸਾਜਾ ਹੈ, ਉਹ ਇਸ ਕਾ ਹਰ ਥਾਂਹਿ ਹਰ ਮੁਸ਼ਕਲ ਮੇਂ ਸਹਾਈ ਹੋਇਗਾ। ਮੈਂ ਸੀਧਾ ਤੁਸਾਂ ਕੋ ਉਸੀ ਕੇ ਲੜ ਲਾਇਆ ਹੈ, ਉਹ ਆਪ ਲੜ ਲਗਿਆਂ ਕੀ ਲਾਜ ਪਾਲੈਗਾ।"

ਫਿਰ ਗੁਰੂ ਜੀ ਨੇ ਭਾਈ ਦਯਾ ਸਿੰਘ ਸੇ ਕਹਾ, 'ਭਾਈ ਸਿਖਾ ! ਸ੍ਰੀ ਗ੍ਰੰਥ ਸਾਹਿਬ ਲੈ ਆਈਏ, ਅਸਾਂ ਇਸੇ ਗੁਰਤਾ ਦੇਨਾ ਹੈ।' ਬਚਨ ਪਾਇ ਭਾਈ ਦਯਾ ਸਿੰਘ ਨੇ ਸ੍ਰੀ ਗ੍ਰੰਥ ਜੀ

ਲਿਆਇ ਕੈ ਪ੍ਰਕਾਸ਼ ਕੀਆ। ਪੰਚਾਂਮ੍ਰਿਤ ਤਿਆਰ ਕਰਕੇ ਏਕ ਸਿਖ ਨੇ ਚੌਂਕੀ ਤੇ ਲਿਆਇ ਰਾਖਾ। ਅਰਦਾਸ ਉਪਰੰਤ ਸਤਿਗੁਰ ਜੀ ਗੁਰਤਾ ਦੇਨੇ ਲਾਗੇ। ਗੁਰੂ ਸਾਹਿਬ ਨੇ ਪਾਂਚ ਪੈਸੇ, ਏਕ ਨਲੀਏਰ ਹਾਥ ਮੇ ਲੇ ਕੇ ਚਾਰਪਾਈ ਤੇ ਬਿਰਾਜਮਾਨ ਹੋਇਆਂ ਦਯਾ ਸਿੰਘ ਸੇ ਕਹਾ, 'ਇਨ੍ਹੇ ਸ੍ਰੀ ਗ੍ਰੰਥ ਜੀ ਆਗੇ ਟਿਕਾਇ ਦਿਓ', ਸ੍ਰੀ ਮੁਖ ਥੀਂ ਬਚਨ ਹੋਆ :

ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓਹੁ ਗ੍ਰੰਥ। ੧।
ਗੁਰੂ ਖਾਲਸਾ ਮਾਨੀਓ, ਪ੍ਰਗਟ ਗੁਰਾਂ ਕੀ ਦੇਹਿ
ਜਾਂਕਾ ਹਿਰਦਾ ਸੁੱਧ ਹੈ, ਖੋਜ ਸ਼ਬਦ ਮੈਂ ਲੇਹਿ। ੨।

[ਗੁਰੂ ਕੀਆਂ ਸਾਖੀਆਂ, ਸਾਖੀ ਨੰ : ੯੫, ਹੱਥ ਲਿਖਤ]

੪੧. *ਸੁਆਮੀ ਸ਼ਿਵ ਦਯਾਲ ਸਿਹੁੰ* ੧੮੭੦ ਈ.

ਸਭ ਕੀ ਆਦਿ ਸ਼ਬਦ ਕੋ ਜਾਨਿ
ਅੰਤ ਸਭੀ ਕਾ ਸ਼ਬਦ ਪਛਾਨ

× ×

ਸ਼ਬਦ ਹੀ ਸੇਵਕ ਸ਼ਬਦ ਹੀ ਸੁਆਮੀ
ਸ਼ਬਦ ਹੀ ਘਟਿ ਘਟਿ ਅੰਤਰਾਮੀ।
ਸ਼ਬਦ ਨ ਮਰੈ ਅਮਰ ਭੀ ਸ਼ਬਦ
ਸ਼ਬਦ ਨ ਜਰੈ ਅਜਰ ਭੀ ਸ਼ਬਦ
ਸ਼ਬਦ ਗੁਰੂ ਔਰ ਸ਼ਬਦ ਹੀ ਦਾਸ
ਸ਼ਬਦ ਬਿਨਾ ਝੂਠੀ ਸਭ ਆਸ
ਸ਼ਬਦ ਨ ਬਿਨਸੇ ਬਿਨਸੇ ਕਾਇਆ
ਸ਼ਬਦ ਬਿਨਾ ਕਿਛੁ ਹਾਥ ਨ ਆਇਆ।

[ਸਾਰ ਬਚਨ ਵੱਡੀ ਗੁਰਮੁਖੀ, ਪੰਨਾ ੨੦੪-੨੦੬]

੪੨. *ਪੰਡਿਤ ਤਾਰਾ ਸਿੰਘ ਨਰੋਤਮ* ੧੮੭੭ ਈ.

(ੳ) ਗੁਰੂ ਕਹਾਵੈ ਜਗ ਵਹੀ, ਜਯੋਂ ਤਯੋਂ ਦੇਹਿ ਤ ਗਿਆਨ
ਸ੍ਰੋਤ੍ਰਾ ਬੋਧਨ ਹੋਇ ਜਹਿ, ਜੜਤਾ ਵਕਤਾ ਜਾਨ। ੪੯।
ਸਗੁਨ ਬੋਧ ਹਿਤ ਤਾਂਹਿ ਕੇ, ਭਾਖਾ ਬਾਣੀ ਕੀਨ
ਸੂਤ੍ਰ ਭਾਖਯ ਸਮ ਸਰੁਤਿ ਕੇ, ਅਰਥ ਪ੍ਰਕਾਸ਼ਨ ਝੀਨ। ੫੦।
ਕਿੰਚਵੇਤਾ ਬ੍ਰਹਿਮ ਕਾ, ਬ੍ਰਹਿਮ ਰੂਪ ਹੀ ਹੋਤ
ਤਾਂਕੀ ਬਾਣੀ ਬੇਦ ਸੀ, ਨਾਸਕ ਸੰਸ਼ਯ ਗੋਤ। ੫੧।
ਯਾ ਜੁਗਤੀ ਸੋ ਸਰਬ ਕੀ, ਜੋ ਦੀਸਤ ਸਮ ਬੇਦ
ਤੌ ਈਸਰ ਵਪੁ ਗੁਰੂ ਕੀ, ਕਹਿਨ ਮਾਹਿ ਕਾ ਖੇਦ। ੫੨।
ਤਾਂ ਤੇ ਭਾਖਾ ਗੁਰੂ ਬਚ, ਜੇ ਕਹ ਕੱਚੀ ਏਹ
ਤੇ ਭੀ ਕੱਚੇ ਜਾਨੀਏ, ਸ਼ਾਸਤ੍ਰ ਕੋ ਮਤ ਲੇਹ। ੫੩।

[ਗੁਰਮਤਿ ਨਿਰਣਯ ਸਾਗਰ, ਦੁਤੀਆ ਉਰਮੀ ੧੮੭੭ ਪੱਥਰ ਛਾਪਾ]

(ਅ) ਵਹੀ ਉਪਦੇਸ ਕੁਲ ਕਾਟਕ ਕਲੇਸ਼ ਜਾਨ
ਜਗ ਮੇਂ ਤਰਾਨ ਹੇਤੁ ਅਨਯ ਮਤ ਰੀਤਿ ਸੋ
ਨਾਮ ਸੇ ਮਹਾਨ ਪੋਤ ਬਾਂਧਯੋ ਗੁਰ ਗ੍ਰੰਥ ਜਾਹ
ਦੇਖਤ ਹੀ ਪਾਪ ਪੁੰਜ ਭਾਗੇ ਜਨ ਚੀਤ ਸੋ
ਬਾਂਧੀ ਮਰਯਾਦਾਂ ਰਾਗ ਬਾਨੀ ਮੈਂ ਗਵਈਯੋ ਹਿਤ
ਜਾਂ ਕੋ ਸੁਨ ਸਭੀ ਜਨ ਆਵੇਂ ਪਾਸ ਮੀਤ ਸੋ
ਪ੍ਰਾਤ ਜਪੁ, ਸਾਯੰ ਜਪ, ਸੈਨ ਜਪ ਤੀਨੋ ਕਹੇ
ਔਰ ਸਭ ਰੀਤਿ ਥਿਰ ਕਹੀ ਲੋਹ ਪੀਤਿ ਸੋ। ੬। *[ਪੰਨਾ ੩]*

× ×

ਤਾਂਹੀ ਉਪਦੇਸ਼ ਕੋ ਪ੍ਰਕਾਸ਼ ਪੁੰਜ ਗ੍ਰੰਥ ਗੁਰੂ
ਬੋਧਕ ਤ੍ਰਿਕਾਂਡਨ ਮੈਂ ਭਗਤਿ ਗਯਾਨ ਅਤਿ ਹੀ
ਸਾਧਨ ਸਮੂਹ ਔਰ ਮਹਿਮਾ ਸਤਿ ਸੰਗਤ ਕੀ
ਈਸ ਭਕਤਿ ਗੁਰੂ ਭਕਤਿ ਸ਼ਾਸਤ੍ਰ ਮਤ ਸਤ ਹੀ
ਮਾਨੁਖ ਜਨਮ ਦੁਰਲੰਭ ਸਭ ਜੋਨਨਿ ਮੈਂ
ਪਾਇ ਮਤ ਖੋਵੋ ਮਨ ਲਾਇ ਜਤ ਕਤ ਹੀ
ਏਕ ਈਸ ਦਸੋ ਗੁਰੂ ਬਾਰ੍ਹਵੋਂ ਗ੍ਰੰਥ ਪੰਥ
ਤੇਰ੍ਹਵੇਂ ਬਿਸ਼ੇਖ ਬੰਦੋਂ ਸਭੀ ਦਾਯ ਗਤਿ ਹੀ। ੧੨।

[ਟੀਕਾ ਗੁਰ ਭਾਵ ਦੀਪਕਾ, ਪੰਨਾ ੫, ੧੮੮੧ ਈ. ਲਾਹੌਰ]
ਯੰਤ੍ਰ ਅਫਤਾਬ ਪੰਜਾਬ ਮੈਂ ਛਾਪਾ ਗਿਆ

੪੩. *ਪੰਡਿਤ ਸੰਤੋਖ ਸਿੰਘ* ੧੮੭੮ ਈ.

ਜਾਂਕੀ ਪ੍ਰੇਮ ਸਾਨੀ ਸੁਧਾ ਬਾਨੀ ਕੇ ਕਰਤ ਪਾਨ
ਪ੍ਰਾਨੀ ਕੋ ਪਸਿਧ ਸੁਧਾ ਫੀਕੀ ਸੀ ਲਗਤ ਹੈ
ਜਾਂ ਕੇ ਵਾਕ ਅਰਥ ਬਿਚਾਰ ਪ੍ਰੀਤਿ ਧਾਰਾ ਯੁਤ
ਸੁਰਗ ਹੂੰ ਤੋ ਵਾਹਿ ਕਾਰਾਗ੍ਰਹ ਸੋ ਖਗਤ ਹੈ
ਐਸੇ ਯੇਹ ਪ੍ਰਮਾਨਕ ਪਰਮ ਗੁਰੂ ਨਾਨਕ ਹੈਂ
ਜਾਹਿ ਮਤ ਮਾਨਕ ਤੇ ਕਾਂਚ ਸੇ ਜਗਤ ਹੈ
ਤਾਂ ਹੀ ਕੇ ਪਰਾਯਨ ਉਪਾਯਨ ਕੋ ਛਾਡੇ ਜਨ
ਤੋਖ ਹਰਿ ਚਾਯਨ ਸੋਂ ਪਾਯਨ ਪਗਤ ਹੈ। ੩। ੧੫।
ਆਤਮ ਸੁਵਿਦਯਾ ਕੋ ਬਿਦਤ ਸੋ ਹੈ ਬਾਰਿ ਬਾਹ
ਦਾਸਨ ਕੋ ਦੇਤ ਹੈ ਬਤਾਇ ਮੁਕਤਿ ਰਾਹ ਕੋ
ਬੇਦ ਔ ਪੁਰਾਨ ਪੁਰਾ ਬ੍ਰਿਤਨ ਕੋ ਅਵਗਾਹ ਕੀਨੋ
ਨ ਯੋ ਗੁਰੂ ਗ੍ਰੰਥ ਰਚੋ ਬਿਦਯਾ ਕੇ ਪ੍ਰਵਾਹ ਕੋ
ਕਹੈ ਤੋਖ ਹਰਿ ਮੈਂ ਸਰਾਹ ਕਹੌਂ ਕੌਨ ਕੌਨ
ਪੌਰਖ ਪਵਿਤ ਚਿਤ੍ਰ ਦਾਤਾ ਉਤਸਾਹ ਕੋ

ਧਯਾਈਏ ਉਮਾਹ ਸਿੰਧੁ ਸੋਭਾ ਕੇ ਅਥਾਹ ਹਿੰਦ
ਹੱਦ ਕੇ ਪਨਾਹ ਸਾਚੇ ਸੋਢੀ ਪਾਤਸ਼ਾਹ ਕੋ। ੧੩।
ਬ੍ਰਹਮ ਅਵਤਾਰੀ ਉਪਕਾਰੀ ਗੁਰ ਅਰਜਨ ਜੂ
ਬਾਨੀ ਯੋਂ ਉਚਾਰੀ ਭ੍ਰਮ ਭਾਰੀ ਜਾਤ ਭਾਜ ਹੈ
ਛੇਤ੍ਰ ਤਰੰ ਤਾਰਨ ਉਧਾਰਨ ਜਗਤ ਸਾਜਯੋ
ਸੰਕਟ ਹਜ਼ਾਰਨ ਬਿਦਾਰਨ ਕੋ ਬਾਜ਼ ਹੈ
ਭਵ ਸਿੰਧੁ ਡੂਬਤ ਕੇ ਕਾਜ ਕਹੈ ਤੋਖ ਹਰਿ
ਦੀਨੋ ਸਾਜ ਗੁਰੂ ਗ੍ਰੰਥਿ ਪਾਵਨ ਜਹਾਜ਼ ਹੈ
ਸੋਭਾ ਕੋ ਸਮਾਜ ਭਗਤ ਲਾਜ ਕੋ ਰਖੈਯਾ ਆਜ
ਮੇਰੋ ਸੀਸ ਤਾਜ ਸੋਢੀ ਨੰਦ ਮਹਾਰਾਜ ਹੈ।

(*ਸ੍ਰੀ ਗੁਰ ਕਬਿੱਤ ਮਾਣਿਕ ਮੰਜੂਖਾ*, ਪੰਨਾ ੩੨
ਚਸ਼ਮੈ ਨੂਰ ਪ੍ਰੈਸ ਸ੍ਰੀ ਨਾਨਕੀਜ ੪੦੯ ਤਥਾ ੧੯੩੫)

੪੪. ***ਬਾਵਾ ਸੁਮੇਰ ਸਿੰਘ ਪਟਨਾ*** ੧੮੮੨ ਈ.

ਸ੍ਰੀ ਮੁਖ ਕਹੀ ਕਿ ਮਾਤ ਕਾਲਿਕਾ ਪਿਤਾ ਅਕਾਲ ਰਸਾਲਾ
ਤਾਂ ਕੀ ਗੋਦ ਪਰਯੋ ਖ਼ਾਲਸਾ, ਅਬ ਕਸ ਚਿੰਤ ਬਿਸਾਲਾ। ੮।
ਮੈਂ ਹਰ ਹਾਲਤ ਹਾਜ਼ਰ ਨਾਜ਼ਰ, ਸਿਮਰਹੁ ਦਰਸ਼ਨ ਦੈਹੋਂ
ਪੰਚ ਖਾਲਸਾ ਪੂਜਨ ਸੇਵਨ, ਬਚਨ ਮੋਰ ਸਮ ਨੈਹੋ। ੯।
ਰੂਪ ਇਕਾਦਸ ਗ੍ਰੰਥ ਗੁਰੂ ਬਰ, ਤਾਂ ਛਿਨ ਸ੍ਰੀ ਪ੍ਰਭੁ ਆਏ
ਪੈਸੇ ਪਾਂਚ ਨਰੇਲ ਰਾਖ ਕਰਿ ਗੁਰਿਆਈ ਸੁ ਧਰਾਏ। ੧੦।
ਮਮ ਪੂਜਨ ਸੇਵਨ ਗੁਰੂ ਗ੍ਰੰਥਹਿ, ਬੋਲਨ ਬਾਨੀ ਬਚਨਾ
ਦਰਸ਼ਨ ਕਰਨ ਮੋਰ ਯਹ ਮੰਜੀ, ਰੂਪ ਇਕਾਦਸ ਜਚਨਾ। ੧੧।
ਦ੍ਵਾਦਸ ਰੂਪ ਸੁ ਮੋਰ ਖਾਲਸਾ, ਪੰਜ ਸਿੰਘ ਜਹਿੰ ਹੋਹੀ
ਇਮ ਸ਼ੰਕਾ ਸਭ ਦੂਰ ਕਰਾਈ, ਧੀਰ ਧਰਾਈ ਤਯੋਹੀ। ੧੨।
ਸ਼ਸਤ੍ਰ, ਸ਼ਬਦ ਮਹਿੰ ਪਰਚਾ ਕਰਕੈ ਭੁਗਤਿ ਮੁਕਤਿ ਦੋਊ ਪਾਵੇ
ਦੁਊਅ ਯਾ ਮਹਿੰ ਦੋਊ ਬਿਧਿ, ਦੋਊ ਫਲ ਭਲ ਭਾਵੈ। ੧੫।

[*ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼, ਪੱਥਰ ਛਾਪਾ*]

੪੫. ***ਬਾਬਾ ਰਾਮ ਸਿੰਘ ਨਾਮਧਾਰੀ***

'ਗੁਰੂਆਂ ਗੁਰੂ ਗ੍ਰੰਥ ਸਾਹਿਬ ਗੁਰੂ ਹੈ, ਸੋ ਸ਼ਬਦ ਗੁਰੂ ਜਿਥੇ ਮੰਨੂ, ਉਧ੍ਯਾ ਉਥੇ ਹੀ ਭਲਾ ਹੋ ਜਾਊਗਾ, ਸਤਿ ਮੰਨਣੀ।' (ਪੰਨਾ ੧੭-੧੮)

'ਤੁਸੀਂ ਗੁਰੂ ਜੀ ਦੇ ਬਚਨਾਂ ਵਲ ਧਿਆਨ ਕਰਨਾ, *ਗ੍ਰੰਥ ਸਾਹਿਬ* ਗੁਰੂ ਜੀ ਦੀ ਦੇਹ ਹੈ ਪ੍ਰਤਖ।' (ਪੰਨਾ ੫੨)

'ਹੋਰ ਭਾਈ ਦਸਾਂ ਪਾਤਸ਼ਾਹੀਆਂ ਤੇ ਪਿਛੇ ਗੁਰੂ ਤਾਂ ਮਹਾਰਾਜ ਜੀ *ਸ੍ਰੀ ਗੁਰੂ ਗ੍ਰੰਥ ਸਾਹਿਬ* ਨੂੰ ਇਸਥਾਪਨ ਕਰ ਗਏ ਹਨ, ਸੋ ਸਦਾ ਹੀ ਇਸਥਿਤ ਹੈ, ਹੋਰ ਗੁਰੂ ਕੋਈ ਨਹੀਂ। ੫੫।

[*ਹੁਕਮਨਾਮੇ*, ਸੰਪਾਦਿਤ ਭਾਈ ਟਹਿਲ ਸਿੰਘ, ਪੰਨਾ ੫੪]

੪੬. *ਗਿਆਨੀ ਗਿਆਨ ਸਿੰਘ* ੧੮੯੦ ਈ.

(ੳ) ਸ੍ਰੀ ਗੁਰੂ ਗ੍ਰੰਥ ਰਚਯੋ ਪੰਥ ਕੀ ਬੁਨਯਾਦ ਹਿਤ
ਸੋਲਾਂ ਸੈ ਇਕਾਹਟੇ ਮੇਂ ਭੋਗ ਮੋਖ ਦਾਇ ਕੈ
ਕਾਵ੍ਯ ਕੋਸ਼ ਇਤਿਹਾਸ ਕੋਊ ਨ ਪ੍ਰਕਾਸ਼ ਕੀਨੇ
ਭਾਖੀ ਹਰਿ ਭਗਤਿ ਜਗਤ ਸੁਖ ਦਾਇ ਕੇ
ਸ੍ਰੀ ਹਰਿਮੰਦ੍ਰ ਦੇ ਅੰਦਰ ਸੋ ਥਾਪ ਦੀਨੋ
ਗੁਰੂ ਗਾਦੀ ਪਰ ਸੋ ਸੋਭਾਵਤ ਲਖਾਇਕੈ
ਫੇਰ ਗੁਰ ਦਸਮ ਰਸਮ ਕਰ ਗਏ ਏਹੀ
'ਗੁਰੂ ਗ੍ਰੰਥ ਮਾਨੋ' ਕਹਯੋ ਸਿਖਨ ਸੁਨਾਇਕੈ। ੩੮।

ਦੋਹਰਾ

ਜਾਂਹੀ ਤੈ ਗੁਰੂ ਗ੍ਰੰਥ ਕੇ, ਸਤਿਗੁਰ ਰੂਪ ਪਛਾਨ
ਮਾਨਤ ਹੈ ਗੁਰਸਿਖ ਸਭ, ਭੋਗ ਮੋਖਦਾ ਜਾਨ। ੩੯।
ਪੜ੍ਹਹਿ ਸੁਨਹਿ ਦਰਸ਼ਨ ਕਰਹਿ, ਗੁਰੂ ਗ੍ਰੰਥ ਕੋ ਜੋਇ
ਪਾਵਤ ਹੈ ਸੋ ਚਾਰ ਫ਼ਲ, ਜਨਮ ਮਰਨ ਦੁਖ ਖੋਇ। ੪੦।

(੧੩ਵਾਂ ਨਿਵਾਸ, ਪੰਨਾ ੧੧੩)

ਹੇ ਸਤਿਗੁਰ ! ਤੁਮਰੀ ਜੋ ਬਾਨੀ। ਚਹੀਏ ਇਕਠਾਂ ਬੀੜ ਬਨਾਨੀ
ਆਦਿ ਗ੍ਰੰਥ ਸਾਹਿਬ ਸਮ ਗ੍ਰੰਥ। ਇਹ ਭੀ ਬਨ ਹੈ ਮਾਨੈ ਪੰਥ
ਇਕ ਸੁਨਿ ਦਸਮੇ ਗੁਰੂ ਉਚਾਰੀ। ਗੁਰੂ ਅਰਜਨ ਬਡ ਭਏ ਉਪਕਾਰੀ
ਉਨਕੀ ਨਹਿ ਬਰਾਬਰੀ ਚਹੀਏ।ਨ ਹਮ ਕਰੈਂ ਨ ਤੁਮ ਫਿਰ ਕਹੀਏ
ਪੂਜਨ ਜੋਗ ਗ੍ਰੰਥ ਰੂਪ। ਰਹਿ ਹੈ ਸੋਊ ਸਦਾ ਅਨੂਪ
ਭਗਤੀ ਗਯਾਨ ਭਰਯੋ ਤਿਸ ਮਾਹਿ। ਅਨੁਭਵ ਤੈ ਉਚਰਯੋ ਗੁਰੂ ਵਾਹਿ। ੧੯।

(੩੯ਵਾਂ ਨਿਵਾਸ) ਪੰਨਾ ੩੨੦

'ਸੰਗਤ ਕੇ ਲੜ ਕੌਣ ਕੇ, ਲਾ ਚਲੇ ਗੁਸਾਈਂ
ਬਿਨੈ ਦੀਨਤਾ ਸੁਨ ਗੁਰੂ, ਇਮ ਗਿਰਾ ਅਲਾਈ—
'ਅਬ ਹਮ ਸੋ ਗੁਰ ਥਾਪ ਹੈਂ, ਸੋ ਸ਼ੁਧ ਉਦਾਰੀ
ਅਜਰ ਅਮਰ ਅਖੰਡ ਰਹਿ, ਸਦ ਪਰਉਪਕਾਰੀ
ਭੇਦ ਪੱਖ ਬਿਨ ਸਰਬ ਕੋ, ਬਾਂਛਤ ਫਲ ਦੈ ਹੈ
ਇਮ ਕਹਿ ਗੁਰੂ ਗ੍ਰੰਥ ਕਾ, ਪ੍ਰਕਾਸ਼ ਕਰੈ ਹੈ
ਪੈਸੇ ਪਾਂਚ ਨਲੇਰ ਲੈ, ਤਿਸ ਅੱਗ੍ਰ ਟਿਕਾਯੋ
ਕਰ ਪ੍ਰਕਰਮਾਂ ਗੁਰੂ ਜੀ, ਨਿਜ ਮਾਥ ਝੁਕਾਯੋ
ਗੁਰੂ ਗ੍ਰੰਥ ਕੋ ਗੁਰ ਥਪਯੋ, ਕੁਣਕਾ ਬੰਟਵਾਯੋ
ਸ੍ਰੀ ਮੁਖ ਅਤੇ ਸਭ ਸਿਖਨ ਕੋ, ਇਮ ਹੁਕਮ ਸੁਨਾਯੋ
ਤਥਾਹੀ ਸਮੀ ਮੁਖਵਾਕ—ਦੋਹਰਾ

ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਕੋ ਮਾਨੀਓਹੁ, ਪ੍ਰਗਟ ਗੁਰਾਂ ਕੀ ਦੇਹ
ਜੋ ਪ੍ਰਭੁ ਕੋ ਮਿਲਬੋ ਚਹੈ, ਖੋਜ ਸ਼ਬਦ ਮੈਂ ਲੇਹੁ।
ਸਭ ਗੁਰੂ ਪ੍ਰਗਟ ਭਏ, ਪੂਰਨ ਹਰਿ ਅਵਤਾਰ
ਜਗਮਗ ਜੋਤਿ ਬਿਰਾਜਹੀ, ਸ੍ਰੀ ਗੁਰੂ ਗ੍ਰੰਥ ਮਝਾਰ
ਜੋ ਦਰਸਯੋ ਚਹਿ ਗੁਰੂ ਕੋ। ਸੋ ਦਰਸੈ ਗੁਰੂ ਗ੍ਰੰਥ
ਪਢਹਿ ਸੁਨਹਿ ਸ੍ਵਾਰਥ ਲਹਹਿ, ਪਰਮਾਰਥ ਕੋ ਪੰਥ।
ਵਾਹਿ ਗੁਰੂ ਗੁਰੂ ਗ੍ਰੰਥ ਜੀ, ਉਭੈ ਜਹਾਜ ਉਦਾਰ।
ਜੋ ਸਰਧਾ ਕਰ ਸੇਵ ਹੈ, ਸੋ ਉਤਰੈ ਭਵ ਪਾਰ। ੧੧।

(ਚਾਲੀਸਮੋ ਨਿਵਾਸ, ਪੰਨਾ ੩੫੨-੫੩)

ਖ਼ਾਨ ਬਹਾਦਰ ਜ਼ਕਰੀਆ ਖਾਂ ਨਾਦਰ ਸ਼ਾਹ ਨੂੰ ਸਿਖਾਂ ਬਾਰੇ ਦੱਸਦਾ ਹੈ :-

ਜੋ ਗੁਰਨਾਨਕ ਰਟੀ ਕਲਾਮ। ਐਨ ਪਾਕ ਸੋ ਆਹਿ ਲਲਾਮ
ਉਸਕੀ ਜਿਲਦ ਰਖੀ ਬੰਧਵਾ ਹੈ। 'ਗੁਰੂ ਗ੍ਰੰਥ ਸਾਹਿਬ' ਕਹਿ ਤਾਂ ਹੈ
ਤਿਸਹੀ ਕੋ ਇਹੁ ਸਿਜਦਾ ਠਾਨੈ। ਔਰ ਕਿਸੀ ਕੋ ਕਿਛੂ ਨ ਮਾਨੈ। ੧੩।

(੭੪ਵਾਂ ਨਿਵਾਸ) ਪੰਨਾ ੭੩੦

[ਸ੍ਰੀ ਗੁਰੂ ਪੰਥ ਪ੍ਰਕਾਸ਼ (੧੯੭੦), ਭਾਸ਼ਾ ਵਿਭਾਗ, ਪਟਿਆਲਾ*]*

(ਅ) 'ਭਾਈ ਸਿਖੋ! ਅਸੀਂ ਤੁਹਾਨੂੰ ਐਸੇ ਗੁਰੂ ਦੇ ਲੜ ਲਾਉਂਦੇ ਹਾਂ ਜੋ ਕਦੀ ਭੀ ਕਾਇਆ ਨ ਬਦਲੇ, ਸਦਾ ਇਕ ਰਸ, ਅਜਰ ਅਮਰ ਬਣਿਆ ਰਹੇ ਅਤੇ ਪੱਖਪਾਤ ਬਿਨਾ ਸੱਚਾ ਅਥਕ ਉਪਦੇਸ਼ ਹਮੇਸ਼ ਕਲੇਸ਼ ਕਾਟਕ ਕਰਦਾ ਰਹੇ। ਐਸਾ ਸਮਦਰਸੀ ਨਿਰਬਿਰਾਕ ਅਚਾਹ ਸਤਿਗੁਰ ਥਾਪਾਂਗੇ ਜੋ ਤੁਹਾਡੀਆਂ ਸਰਬ ਕਾਮ-ਨਾਵਾਂ ਪੂਰੀਆਂ ਕਰਦਾ ਰਹੇ ਅਤੇ ਕਾਰ ਭੇਟ ਭੀ ਕਦੇ ਕੁਛ ਨ ਮੰਗੇ।'

ਇਤਨੇ ਬਚਨ ਕਰਕੇ ਕਲਗੀਧਰ ਜੀ ਨੇ ਆਦਿ *ਸ੍ਰੀ ਗੁਰੂ* ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕਰ ਪੰਜ ਪੈਸੇ ਤੇ ਇਕ ਨਾਰੀਅਲ ਅੱਗੇ ਧਰ ਕੇ ਚਾਰ ਪ੍ਰਕਰਮਾ ਕਰ ਮੱਥਾ ਟੇਕ ਦਿੱਤਾ ਤੇ ਸਰਬ ਖਾਲਸੇ ਨੂੰ ਆਖਿਆ, 'ਅਜ ਤੋਂ ਇਹ ਧਰਮ, ਅਰਥ, ਕਾਮ, ਮੋਖ, ਦੇਣ ਵਾਲਾ ਸਰਬ ਸ਼ਕਤੀਮਾਨ ਗ੍ਰੰਥ ਸਾਹਿਬ ਤੁਹਾਡਾ ਸਤਿਗੁਰੂ ਹੋਇਆ।

[*ਤ੍ਵਾਰੀਖ਼ ਗੁਰੂ ਖਾਲਸਾ*, ਪੰਨਾ ੧੧੨੦, ਭਾਸ਼ਾ ਵਿਭਾਗ, ਪਟਿਆਲਾ]

੪੭. *ਸੰਤ ਭੂਪ ਸਿੰਘ ਨਿਰਮਲੇ*

ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਯੋ ਪੰਥ ਮਹਾਨ
ਗ੍ਰੰਥ ਪੰਥ ਗੁਰ ਮਾਨੀਐ, ਤਾਰੈ ਸਕਲ ਕੁਲਾਨ।
ਗ੍ਰੰਥ ਗੁਰੂ ਏਕਾਦਸੋ, ਸਚਨ ਤਾਂਹਿ ਰਿਧ ਧਾਰਿ
ਪਾਵਤਿ ਮੁਕਤਿ ਦੁਆਰ ਕਉ, ਕਰਯੋ ਸਤਿ ਯਹ ਸਾਰ।

(ਚੌਥਾ ਅਧਿਆਇ, ਸੁਧਰਮ ਮਾਰਗ ਗ੍ਰੰਥ)

੪੮. ਭਾਈ ਗਣੇਸ਼ਾ ਸਿੰਘ ਬੇਦੀ

ਛਪੈ—ਪ੍ਰਗਟਯੋ ਗਯਾਨ ਪਤੰਗ ਮੋਹ ਤਮ ਤੋਮ ਬਿਨਾਸਨ
ਭਗਤ ਭੇਖ ਭਗਵੰਤ ਭਗਤਿ ਭਵ ਕੀਨ ਪ੍ਰਕਾਸ਼ਨ
ਜਗ ਤਾਰਨ ਹਿਤ ਰਚਯੋ ਤਰਨ ਤਾਰਨ ਤਲਾਉ ਬਰ
ਮੁਕਤਿ ਪੰਥ ਦਰਸਾਇ ਗ੍ਰੰਥ ਸਾਹਿਬ ਉਚਾਰ ਕਰਿ
ਪੁਨ ਨਿਗਮਾਗਮ ਦਧਿ ਮਥਨ ਕੈ ਨੌਨੀ ਨਾਮ ਨਿਕਾਰਯੋ
ਸੰਭੁਜ ਮ੍ਰਿਗਿੰਦ ਅਰਜਨ ਗੁਰੂ , ਅਰਜਨ ਜਸ ਵਿਸਤਾਰਯੋ। ੧੦। ਪੰਨਾ ੫

[ਸ੍ਰੀ ਗਰਬੰਸ ਬਿਨੋਦ, (ਪੱਥਰ ਛਾਪਾ), ਯੰਤ੍ਰ ਚਸ਼ਮਾਨੂਰ ਮੋ ਛਪਾ)
(ਬੇ ਸੰਮਤ)

੪੯. ਭਾਈ ਬੁਧ ਸਿੰਘ ੧੮੭੬ ਈ.

ਪ੍ਰਿਥਮੈ ਗੁਰ ਅਰਦਾਸ ਕਰਿ, ਪੀਛੈ ਸਭ ਕਰ ਕਾਜ
ਦੇ ਸਦਸਵੰਧ ਖਟੈ ਜੁ ਧਨ, ਸੋ ਖਾਲਸਾ ਬਿਰਾਜ। ੪੬।
ਸੀਸ ਨਿਵਾਵੈ ਗ੍ਰਿੰਥ ਗੁਰ, ਵਾਹਿਗੁਰੂ ਜਪ ਖਾਇ
ਰਖਹਿ ਭਰੋਸਾ ਗੁਰੂ ਕਾ, ਸੋ ਖਾਲਸਾ ਸੁਹਾਇ। ੪੭।
ਹਰਿਮੰਦਰ ਗੁਰ ਗ੍ਰੰਥ ਕੀ, ਕਰੈ ਪ੍ਰਕਰਮਾ ਚਾਰਿ
ਉਸਤਤਿ ਪੜ੍ਹੈ ਅਕਾਲ ਕੀ, ਸੋ ਖਾਲਸਾ ਨਿਹਾਰਿ। ੫੧।
ਆਦਿ ਗ੍ਰੰਥ ਗੁਰ ਮੁਕਤਿਦਾ, ਦਸਮ ਗ੍ਰੰਥ ਗੁਰ ਬੈਨ
ਭਾਰਤ ਧਰਮਾਗਮ ਸਮਾ, ਪੜ੍ਹਹਿ ਖਾਲਸਾ ਚੈਨ। ੫੪।
ਕਾਚੀ ਬਾਨੀ ਸਭ ਤਜਹਿ, ਬਿਨ ਬਿਬੇਕ ਜੋ ਜਾਨ
ਗੁਰੂ ਗ੍ਰਿੰਥ ਕੇ ਗੁਰ ਲਖੈ, ਸੋ ਖਾਲਸਾ ਪ੍ਰਮਾਨ । ੫੭।
ਏਕ ਬ੍ਰਹਮ ਸਭ ਮੈਂ ਲਖੈ, ਵਰਤੈ ਯਥਾਧਿਕਾਰ
ਜੈਸੇ ਤਨ ਕੇ ਅੰਗ ਹੈ, ਸੁਈ ਖਾਲਸਾ ਨਿਹਾਰ। ੫੮।
ਪੁਤ੍ਰ ਪਢਾਵੈ ਗੁਰਮੁਖੀ, ਗ੍ਰਿੰਥ ਪਾਠ ਪੁਬ ਧਾਰਿ।
ਪੀਛੇ ਵਿਦਯਾ ਔਰ ਪਢਿ, ਸੋ ਖਾਲਸਾ ਨਿਹਾਰਿ। ੫੯।
ਗੁਰੂ ਗ੍ਰੰਥ ਢਿਗ ਊਚ ਹੋ, ਬਹਹਿ ਨ ਕੀਜਹਿ ਪਾਂਵ
ਮਾਤ ਤਾਤ ਗੁਰ ਨਿੰਦ ਤਜਿ, ਸੋ ਖਾਲਸਾ ਸੁਹਾਵ। ੬੩।
ਸੇਵ ਕਰੀ ਗੁਰ ਗ੍ਰਿੰਥ ਕੀ, ਧੂਪ ਦੀਪ ਕਰ ਚਉਰ
ਧਰੈ ਕੜਾਹ ਰੁਮਾਲ ਫੂਲ, ਸੁਈ ਸਿਖ ਸਿਰਮਉਰ। ੭੦।
ਸੁਤਿ ਸਿੰਮ੍ਰਿਤਿ ਕੇ ਭਰਮ ਤਜਿ, ਹਿਕ ਅਕਾਲ ਕੀ ਆਸ
ਗੁਰੂ ਗ੍ਰਿੰਥ ਬਚ ਪਰ ਚਲੈ, ਸੁਈ ਖਾਲਸਾ ਖਾਸ। ੭੬।

ਖਾਲਸਾ ਸ਼ਤਕ (੧੯੩੩ ਬਿ., ਹੱਥ ਲਿਖਤ)

੫੦. ਭਾਈ ਮੋਤਾ ਸਿੰਘ ਬੰਨੋਆਣੀਆ ੧੮੯੬ ਈ.

ਸ੍ਰੀ ਗੁਰ ਕਹਯੋ ਸੁਨਹੁ ਗੁਰਦਾਸ। ਆਵਤ ਭਗਤ ਹਮਾਰੇ ਪਾਸ

ਇਨ ਕੋ ਹੁਕਮੁ ਦਯੋ ਮੈਂ ਖਾਸ। ਬਾਨੀ ਉਚਰੋਂ ਤੁਮ ਕਰ ਭਾਸ। ੨੬੫।
ਹਮਰੀ ਆਗਯਾ ਜਬ ਇਨ ਪਾਈ। ਬਾਨੀ ਭਾਸ਼ਾ ਬੀਚ ਬਨਾਈ
ਗੁਰਬਾਨੀ ਅਨੁਸਾਰ ਉਚਾਰੀ। ਸੋ ਸਭ ਹਮ ਕੋ ਲਗੀ ਪਿਆਰੀ। ੨੬੬।
ਇਹ ਤੇ ਹਮ ਤੁਮ ਪਾਸ ਲਿਖਾਈ। ਗੁਰਬਾਨੀ ਕੇ ਅੰਤ ਰਖਾਈ
ਸ੍ਰੀ ਗੁਰੂ ਗ੍ਰੰਥ ਰਚਯੋ ਅਧਿਕਾਈ। ਇਸ ਕਰ ਭਗਤਨ ਕੀ ਸਾਖ ਰਖਾਈ। ੨੬੭।
ਬਿਨਾ ਸਾਖ ਜੋ ਗ੍ਰੰਥ ਬਨੈਯੈ। ਤਬ ਨਹਿ ਜਗ ਮੈਂ ਸੋਭਾ ਪੈਯੈ
ਪਖ ਬਾਦ ਸਮਝਤ ਜਗ ਸਾਰਾ। ਨਿਜ ਪਖ ਪਰ ਗੁਰ ਗ੍ਰੰਥ ਸੁਧਾਰਾ। ੨੬੮।
ਇਹ ਤੇ ਜਾਤਿ ਸਨਾਤਿ ਨ ਪੇਖੀ। ਸਭ ਕੀ ਬਾਨੀ ਲਿਖੀ ਪਰੇਖੀ
ਗੁਰਬਾਨੀ ਅਨੁਸਾਰ ਜੁ ਹੋਈ। ਤਾਂਹਿ ਲਿਖਨ ਤੇ ਦੋਸ਼ ਨ ਕੋਈ। ੨੬੯।
ਗੁਰਬਾਨੀ ਅਨੁਸਾਰ ਨ ਬਾਨੀ। ਤਾਂ ਕੋ ਕਬ ਨ ਲਿਖਹਿ ਗੁਰ ਗਯਾਨੀ।
ਬ੍ਰਹਮਾ ਕੀ ਉਚਰੀ ਜੇ ਹੋਈ। ਗੁਰੂ ਗ੍ਰੰਥ ਮਹਿ ਮਿਲੈ ਨ ਢੋਈ। ੨੭੦।
ਨੀਚ ਜਾਤਿ ਭਗਤਨ ਕੀ ਬਾਨੀ। ਸੋ ਹਮ ਜੇ ਅਨੁਸਾਰੀ ਜਾਨੀ
ਇਹ ਕਾਰਨ ਤੁਮਤੇ ਲਿਖਵਾਈ। ਸੰਸਾ ਨਹਿ ਕੀਜੈ ਕਛੁ ਭਾਈ। ੨੭੧।
ਅਬ ਸਭ ਜਗ ਕੇ ਲੋਗ ਮਹਾਨੈ। ਸਮਦ੍ਰਿਸ਼ਟੀ ਸਤਿਗੁਰ ਕੋ ਜਾਨੈ
ਨੀਚ ਜਾਤਿ ਕੀ ਬਾਨੀ ਜੇਤੀ। ਅਪਨੈ ਸਾਥ ਮਿਲਾਈ ਤੇਤੀ। ੨੭੨।
ਇਕ ਸਿਹਜਾ ਪਰ ਜਿਮ ਨਰ ਨਾਹਾ। ਨੀਚ ਦਾਸ ਰਾਖੇ ਨਿਜ ਪਾਹਾ
ਸ੍ਰੀ ਸਤਿਗੁਰ ਤੈਸੀਂ ਬਿਧਿ ਕੀਨੀ। ਨੀਚ ਜਾਤਿ ਬਡਿਆਈ ਦੀਨੀ। ੨੭੩।
ਬੇਦਨ ਸਾਰ ਕਾਢ ਗੁਰ ਲਯੋ। ਭਾਸ਼ਾ ਬਾਨੀ ਮੈਂ ਧਰ ਦਯੋ
ਕਲਿ ਮੈਂ ਨਾਮ ਮੁਖ ਗੁਰ ਗਾਯੋ। ਔਰ ਕਰਮ ਸਭ ਦੂਰ ਹਟਾਯੋ। ੨੭੪।

[*ਸ੍ਰੀ ਗੁਰ ਮਹਿਮਾ ਪ੍ਰਕਾਸ਼*, ਪੰਨਾ ੪੧-੪੨, ੧੯੫੩ ਮਾਘ
ਗੁਰਮਤ ਗ੍ਰੰਥ ਪ੍ਰਚਾਰਕ ਸਭਾ, ਅੰਮ੍ਰਿਤਸਰ]

੫੧. ***ਪ੍ਰੋ. ਗੁਰਮੁਖ ਸਿੰਘ :*** ੧੮੮੮ ਈ.

ਆਪ ਨੂੰ ਮਾਲੂਮ ਹੋ ਗਯਾ ਕਿ ਚਾਹੇ ਸਾਡੇ ਪਾਸ ਵੇਦ ਧਰਮ ਪੁਸਤਕ ਸੀ ਪਰ ਕਈ ਕੁ ਸਬੱਬਾਂ ਕਰਕੇ ਉਹ ਇਸ ਸਮੇਂ ਕਾਰਆਮਦ ਨਹੀ ਹੋ ਸਕਦਾ ਅਤੇ ਸਾਡੇ ਲਈ ਇਸ ਸਮੇਂ ਇਕ ਨਵਾਂ ਵੇਦ ਜੈਸਾ ਧਰਮ-ਪੁਸਤਕ ਹੋਨਾ ਚਾਹੀਏ ਜਿਸ ਤੋਂ ਸਭ ਲਗ ਲਾਭ ਨੂੰ ਪ੍ਰਾਪਤ ਹੋਣ—ਐਸਾ ਧਰਮ-ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ—ਵੇਦ ਜੈਸਾ ਪਰ ਵੇਦ ਤੋਂ ਬਢ ਕੇ, ਪੜ੍ਹਨੇ ਲਈ ਬੜਾ ਸੁਖਾਲਾ ਦੇਸ ਭਾਖਾ ਵਿਚ।

(1) ਵੇਦ ਜਿਹਾ ਇਸ ਵਾਸਤੇ ਕਿ ਜੋ ਉਤਮ ਨਾਮ ਵਿਚਿ ਹੈ ਉਸੀ ਦੀ ਮਹਿਮਾ ਇਸ ਵਿਚਿ ਹੈ।

(2) ਵੇਦ ਰਾਗਾਂ ਵਿਚ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਭੀ ਰਾਗ ਵਿਚ।

(3) ਜਦ ਵੇਦ ਉਚਾਰਨ ਹੋਇਆ ਤਦ ਇਸ ਦੇਸ ਵਿਚ ਇਕਿ ਭਾਖਾ ਸੀ ਜਿਸ ਵਿਚਿ ਉਹੁ ਹੈ। ਹੁਨ ਕਈ ਭਾਸ਼ਾ—ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਿ ਕਈ ਭਾਖਾ ਹੈ ਜੋ ਇਸ ਦੇਸ ਦੀਆਂ ਹਨ।

(4) ਵੇਦ ਜਦ ਸੀ ਤਦ ਇਕ ਮਤ—ਰੰਗ ਰੂਪ ਦੇ ਮਨੁੱਖ ਸੇ, ਹੁਨ ਬਹੁਤ ਪ੍ਰਕਾਰ ਦੇ ਹਨ—ਏਸੇ ਕਰਿਕੇ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਵਿਚ ਫਰੀਦ ਤੋਂ ਲੈਕਰ ਰਾਮਾਨੰਦ ਆਦਿ ਜਾਤੀਆਂ ਦੇ ਸ਼ਬਦ ਹਨ—ਵੇਦ ਵਿਚਿ ਕਈ ਰਿਖੀਆਂ ਦੀਯਾ ਉਚਾਰੀਯਾਂ ਹੋਈਆਂ ਸੁਰਤੀਆਂ ਹਨ, *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚਿ ਭੀ ਕਈ ਭਗਤਾਂ ਦੇ ਸ਼ਬਦ ਹਨ।

(5) ਇਕ ਮਤ ਦੇ ਮੁਜਿਬ ਵੇਦ ਨੂੰ ਬ੍ਰਹਮਾ ਨੇ ਬਨਾਇਆ ਜਿਸਦੇ ਚਾਰ ਮੁਖ ਸੇ ਅਤੇ ਬਿਆਸ ਜੀ ਨੇ ਕੱਠਾ ਕੀਤਾ—ਦੂਸਰੇ ਮੁਜਬ ਜੋ ਅਜ ਕੱਲ ਮਤ ਨਿਕਾ ਲਿਯਾ ਹੈ 'ਚੌਂ ਰਿਖੀਆਂ ਚਾਰ ਵੇਦ ਉਚਾਰੇ—ਸੋ ਏਥੇ ਦੇਖ ਲਵੋ, ਚੌਂ ਗੁਰਾਂ ਦੀ ਬਾਣੀ ਜੁਦੀ ਉਚਾਰਨ ਹੋਈ ਜਿਸਨੂੰ ਪੰਜਵੇਂ ਗੁਰੂ ਜੀ ਨੇ ਆਪਣੀ ਬਾਣੀ ਨਾਲ ਰਲਾ ਕੇ ਇਕ ਬੀੜ ਕਰ ਦਿੱਤੀ।

(6) ਅਜ ਕੱਲ ਦੇ ਭਾਸ਼ਕ ਵੇਦ ਵਿਚ ਕਈ ਮੰਤ੍ਰਾਂ ਦੇ ਅਰਥ ਜੜ ਪਦਾਰਥ ਵਿਦਿਯਾ ਦੇ ਨੇਮ ਤੇ ਘਟਾਉਂਦੇ ਹਨ—*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਵਿਚਿ ਕਈ ਐਸੇ ਸ਼ਬਦ ਮੌਜੂਦ ਹਨ, ਜੈਸੇ—ਧੌਲੁ ਧਰਮੁ ਦਇਆ ਕਾ ਪੂਤੁ, ਲਖ ਅਕਾਸਾ ਅਕਾਸ ਲਖ ਪਾਤਾਲਾ ਪਾਤਾਲ ਇਤਿਆਦੀ........

ਹੁਨ ਮੈਂ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੀ ਵਿਸ਼ੇਸ਼ਤਾ ਦੱਸਦਾ ਹਾਂ.......

(1) ਇਹ ਇਕ ਜਿਲਦ ਅਤੇ ਇਕ ਪੁਸਤਕ ਹੈ, ਇਕ ਸੰਮਤੀ ਅਤੇ ਇਕ ਉਪਦੇਸ ਇਕ ਮਨਸਾ ਅਤੇ ਇਕ ਤ੍ਰੀਕਾ। ਜਿਸ ਧਰਮ ਦੇ ਮੁਖ ਗ੍ਰੰਥ ਬਹੁਤ ਹੋਨ ਉਸ ਜਗਾ ਭੀ ਗਡਮਡ ਹੋ ਜਾਂਦੀ ਹੈ, ਕੋਈ ਕਿਸੇ ਨੂੰ ਪਕੜ ਖੜੋਂਦਾ ਹੈ। ਵੇਦਾਂ ਵਲ ਹੀ ਦੇਖ ਲਓ—ਰਿਗ ਵੇਦ ਦੀ ਕੋਈ ਦਿਸ਼ਾ, ਕੋਈ ਦੇਸ, ਸਾਮਵੇਦ ਦੀ ਕੋਈ ਦਿਸ਼ਾ ਕੋਈ ਹੋਰ ਦੇਸ—ਦੱਖਣ ਵਿਚਿ ਕੋਈ ਪੜ੍ਹਦੇ ਹਨ, ਪੰਜਾਬ ਵਿਚਿ ਕੋਈ—ਪੁਰਾਣਾਂ ਵਲ ਦੇਖੋ, ਕੋਈ ਸਈਵ ਹੈ, ਕੋਈ ਵਿਸਨੂੰ ਨੂੰ ਮੰਨਦਾ ਹੈ ਕੋਈ ਦੇਵੀ ਨੂੰ, ਆਪੋ ਆਪਣੀ ਉਪਾਸਨਾ ਮੁਜਬ ਪੌਰਾਣ ਮੰਨਦੇ ਹਨ। ਬਾਤ ਇਹੀ ਹੈ ਕਿ ਧਰਮ ਦੀ ਏਕਤਾ ਨਹੀਂ ਰਹਿੰਦੀ ਅਤੇ ਜਿਥੇ ਏਕਤਾ ਨ ਰਹੇ ਓਸ ਜਗ੍ਹਾ ਧਰਮ ਨੂੰ ਹਾਨੀ ਜ਼ਰੂਰ ਪਹੁੰਚਦੀ ਹੈ। ਐਸਾ ਹੀ ਅੰਜੀਲ ਦਾ ਹਾਲ ਹੈ। ਕਿਉਂਕਿ ਉਸ ਜਗ੍ਹਾ ਚੌਂ ਮਨੁੱਖਾਂ ਨੇ ਇਕ ਅੰਜੀਲ ਨੂੰ ਜੁਦਾ ਜੁਦਾ ਲਿਖਿਆ।

(2) ਹਰ ਇਕ ਜਾਤੀ ਹਰ ਇਕ ਫਿਰਕੇ ਨੂੰ ਅਧਿਕਾਰ ਹੈ ਕਿ ਪੜ੍ਹੇ ਸੁਣੇ

(3) ਥੋੜੇ ਕਾਲ ਵਿਚਿ ਗੁਰਮੁਖੀ ਸਿਖ ਕੇ ਪੜ੍ਹਨਾ ਹੋ ਸਕਦਾ ਹੈ

(4) ਭਾਖਾ ਐਸੀ ਹੈ, ਅਸੀਂ ਸਮਝ ਸਕਦੇ ਹਾਂ

(5) ਇਕ ਅਕਾਲ ਪੁਰਖ ਦੇ ਬਿਨਾਂ ਹੋਰ ਕਿਸੀ ਚੀਜ਼ ਦਾ ਬ੍ਰਿਤਾਤ ਦਰਜ ਨਹੀਂ, ਜੇ ਕਿਤੇ ਕਿਸੇ ਨਾਲ ਸੰਬਾਦ ਦੇ ਸ਼ਬਦ ਹਨ—ਯਾ ਕਿਸੇ ਨੂੰ ਉਪਦੇਸ਼ ਦੇ ਹਨ ਤਦ ਭੀ ਉਨਹਾਂ ਦੇ ਅੱਖਰਾਂ ਵਿਚ ਅਕਾਲ ਪੁਰਖ ਦਾ ਹੀ ਆਸ਼ਾ ਹੈ—ਗੁਰਪ੍ਰਮੇਸ਼ਰ ਇਕ ਹੋਨੇ ਕਰਕੇ ਗੁਰਾਂ ਦੀ ਜੋ ਉਸਤਤੀ ਹੈ, ਸੋ ਪਰਮੇਸ਼ਰ ਦੀ ਹੈ।

(6) ਓਅੰ ਦੇ ਅੱਗੇ ਏਕਾ ਲਗਾਨੇ ਸੇ ਉਸਦੇ ਅਰਥ ਵਿਚਿ ਜੋ ਸਰਬ ਬਿਯਾਪੀ ਪ੍ਰਮੇਸ੍ਰਰ ਸੀ, ਓਸਦੀ ਏਕਤਾ ਕਾਇਮ ਹੋ ਗਈ ਜੋ ਹੁਨ ਕਦੇ ਨ ਨਸ਼ਟ ਹੋਵੇਗੀ।

(7) ਅਗੇ ਰਾਮ ਕ੍ਰਿਸ਼ਨ ਆਦੀ ਸ਼ਬਦਾਂ ਕਰਕੇ ਲੋਕਾਂ ਨੂੰ ਪ੍ਰਮੇਸ਼ਰ ਨਿਰੰਕਾਰ ਦਾ ਗਿਆਨ ਨਹੀਂ ਹੁੰਦਾ ਸੀ, ਕੇਵਲ ਉਨਹਾਂ ਦਾ ਖਿਯਾਲ ਬਿੰਦਰਾਬਨ, ਮਥਰਾ ਤਕ ਪਹੁੰਚਦਾ ਸੀ, ਜੇਕਰ ਬੜੀ ਦੌੜ ਕਰਦਾ ਸੀ ਤਾਂ ਅਯੁੱਧਿਯਾ ਤਕ ਜਾਂਦਾ ਸੀ—ਪਰ ਦੇਖੋ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਤੋਂ ਸਾਨੂੰ ਐਸੇ ਸ਼ਬਦਾਂ ਦਾ ਬੋਧ ਹੁੰਦਾ ਹੈ—'੧ਓ ਸਤਿਨਾਮੁ ਕਰਤਾਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ, ਸੈਭੰਗ, ਆਦਿ ਸਚੁ' ਜੁਗਾਦਿ ਸਚੁ ਨਾਨਕ ਹੋਸੀ ਭੀ ਸਚ....' ਸੋ ਇਹ ਸਬਦ ਐਸੇ ਹਨ ਕਿ ਇਨਹਾਂ ਦੇ ਸੁਨਣੇ ਕਰਕੇ ਹੀ ਪਰਮੇਸਰ ਦੀ ਅਸਲੀਅਤ ਦਾ ਬੋਧ ਹੋ ਜਾਂਦਾ ਹੈ, ਇਹ ਨਹੀਂ ਕਿ ਨਾਲੇ ਰਾਮ ਦੇ ਅਰਥ ਸਭ ਜਗ੍ਹਾ ਰਮਿਆ ਨਾਲੇਂ ਦਸਰਥ ਦਾ ਬੇਟਾ—ਸੋ ਐਸੇ ਸ਼ਪਸਟ ਸ਼ਬਦ ਸਾਨੂੰ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਵਿਚਿ ਮਿਲਦੇ ਹਨ ਅਤੇ ਫਿਰ ਐਸੇ ਨਹੀਂ ਕਿ ਕਦੇ ਬਿਗੜਨ, ਉਮੈਦ ਨਹੀਂ ਕਿ ਕੋਈ ਆਪਣੇ ਪੁਤ੍ਰ ਦਾ ਨਾਉਂ ੧ਓ ਯਾ ਅਕਾਲ ਪੁਰਖ ਯਾ ਨਿਰੰਕਾਰ ਯਾ ਕਰਤਾ ਯਾ ਵਾਹਿਗੁਰੂ ਚੱਕ ਰੱਖੂ—ਇਹ ਐਸੇ ਸ਼ਬਦ ਹਨ ਕਿ ਕੋਈ ਦੇਹਿਧਾਰੀ ਕਿਸੇ ਦੂਸਰੇ ਵਾਸਤੇ ਨਾਉਂ ਰੱਖ ਹੀ ਨਹੀਂ ਸਕਦਾ। ਜੋ ਸਬਦ ਪ੍ਰਮੇਸਰ ਦੇ ਬੋਧ ਜਤਾਉਨੇ ਵਾਲੇ ਵੇਦਾਂ ਵਿਚਿ ਆਏ ਉਹ ਦੋ ਯਾ ਬਹੁਤ ਅਰਥ ਰਖਦੇ ਹਨ ਜਿਹਨਾਂ ਨੂੰ ਚਾਹੇ ਕਿਸੇ ਦੇਵਤਾ ਪਰ ਘਟਾਓ ਜੇਕਰ ਚਾਹੋ ਤਾਂ ਪ੍ਰਮੇਸਰ ਵੱਲ ਲੈ ਜਾਓ।

(8) ਸਬ ਤੇ ਬਢ ਕੇ ਇਹਿ ਬਾਤ ਹੈ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ* ਕਰਕੇ ਨ ਸਿਰਫ ਧਰਮ ਦੀ ਦਰੁਸਤੀ ਹੁੰਦੀ ਹੈ ਬਲਕਿ ਮੁਲਕੀ ਫੈਦਾ ਬੜਾ ਹੁੰਦਾ ਹੈ। ਅਜ ਕੱਲ ਦੇ ਵਿਦਵਾਨਾ ਦਾ ਕਥਨ ਹੈ ਕਿ ਜਿਸ ਦੇਸ਼ ਨੂੰ ਸੁਆਰਨਾ ਹੋਵੇ। ਉਸ ਦੇਸ ਦੀਯਾ ਤ੍ਰੀਮਤਾਂ ਨੂੰ ਸੁੱਧਾਚਰਨ ਰਖਣ ਵਾਲੀ ਵਿਦਯਾ ਕਰਕੇ ਪੂਰਣ ਕਰ ਦਿਓ। ਦਸੋ ਕੇਹੜਾ ਐਸਾ ਧਰਮ-ਪੁਸਤਕ ਹੈ ਕਿ ਤ੍ਰੀਮਤਾਂ ਬਿਨਾਂ ਡਰ ਭੈ ਸ਼ਰਮ ਦੇ ਪੜ੍ਹਨੇ ਤੇ ਲਾਭ ਉਠਾਉਨ, ਇਸ ਜਗਾ ਸਭ ਧਰਮ-ਪੁਸਤਕ ਪਿਛੇ ਰਹਿ ਗਏ, ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਹੋ ਕਰ ਨਿਤ੍ਰਦਾ ਹੈ। ਦੇਖੋ, ਜੋ ਇਸ ਵਿਚਿ ਬਾਣੀ ਹੈ ਸੋ ਐਸੀ ਹੈ ਕਿ ਜਿਸਨੂੰ ਤ੍ਰੀਮਤਾਂ ਪਈਆਂ ਪੜ੍ਹਨ। ਸ੍ਰੀ ਗੁਰੂ ਜੀ ਨੇ ਆਪਨੇ ਆਪ ਨੂੰ ਇਸਤ੍ਰੀ ਭਾਵ ਵਿਚਿ ਰਖ ਕੇ ਪ੍ਰਮੇਸਰ ਨੂੰ ਖ਼ਾਵੰਦ ਭਾਵ ਵਿਚਿ ਲੈ ਕੇ ਉਸਤਤੀ ਕੀਤੀ ਹੈ—ਸੋ ਐਸੇ ਸਬਦ ਬੇਗਿਨਤ ਹੀ ਹਨ।......

(9) ਭਾਖਾ ਇਸ ਵਿਚਿ ਇਤਨੀਆਂ ਹਨ ਕਿ ਜਿਤਨੀਆ ਬੋਲੀਆਂ ਹਿੰਦੁਸਤਾਨ ਵਿਚਿ ਸਮਝੀਆਂ ਜਾਂਦੀਆਂ ਹਨ, ਸਬ ਹਨ। ਬਲਕਿ ਜੋ ਬੋਲੀਆਂ ਕਦੇ ਪਿਛੇ ਬੋਲੀਆਂ ਜਾਂਦੀਆਂ ਸਨ, ਉਨ੍ਹਾਂ ਦੇ ਭੀ ਸਬਦ ਹਨ—ਹਿੰਦੀ, ਪੰਜਾਬੀ, ਸਿੰਧੀ, ਗੁਜਰਾਤੀ ਵਗੈਰਾ, ਫਾਰਸੀ, ਅਰਬੀ ਸੰਸਕ੍ਰਿਤੀ, ਪ੍ਰਾਕ੍ਰਿਤਿ ਦੇ ਸ਼ਬਦ ਬਹੁਤ ਹਨ। ਸਾਨੂੰ ਇਹ ਧਰਮ-ਪੁਸਤਕ ਨਾ ਕੇਵਲ ਧਰਮ ਅਤੇ ਦੇਸ ਲਈ ਲਾਭਦਾਯਕ ਹੈ ਬਲਕਿ ਵਿਦਯਾ ਲਈ ਬਡਾ ਲਾਭਦਾਇਕ ਹੈ।.....

(10) ਫੇਰ ਇਸ ਵਿਚ ਸਭਨਾਂ ਮਤਾਂ ਦੇ ਖਿਯਾਲ ਮੌਜੂਦ ਹਨ ਕਿ ਉਹਨਾਂ ਦੇ ਕੀ ਅਸੂਲ ਹਨ—ਅਤੇ ਜੋਗ, ਭਗਤੀ, ਗਿਆਨ, ਉਪਾਸਨਾ—ਸਭ ਮੋਜੂਦ ਹਨ।

(11) ਫੇਰ ਇਸ ਵਿਚ ਸਰਬ-ਬਿਆਪੀ ਪ੍ਰਮੇਸਰ ਦਾ ਸਰੂਪ ਭੀ ਹੈ ਜੈਸੇ (ਜਲ ਥਲ

ਮਹੀਅਲ ਪੂਰਿਆ ਰਵਿਆ ਵਿਚਿ ਵਣਾਂ) ਅਤੇ ਇਕ ਵਿਅਕਤੀ ਸਰੂਪ ਭੀ ਹੈ ਜੈਸੇ ਕਰਤਾਪੁਰਖ।

(12) ਜੜ ਵਿਦਯਾ ਦੇ ਕਈ ਸਪਸ਼ਟ ਅਸੂਲ ਹਨ ਜੈਸੇ ਜ਼ਮੀਨ ਦੇ ਹੇਠ ਜੋ ਬਲਦ ਹੈ ਉਹ ਕੀ ਚੀਜ਼ ਹੈ, ਅਕਾਸ ਪਾਤਾਲ ਕਿਤਨੇ ਹਨ।

(13) ਫੇਰ ਇਹਿ ਬਾਣੀ ਗੁਰਾਂ ਦੀ ਮੁਖਾਰਬਿੰਦ ਥੀਂ ਉਚਾਰਨ ਹੋਈ ਸੋ ਅਕਾਲਪੁਰਖ ਦੀ ਆਗਿਆ ਨਾਲ ਹੋਈ—
ਜੈਸੀ ਮੈ ਆਵੈ ਖਸਮ ਕੀ ਬਾਣੀ......

......ਮੈਂ ਕੁਰਾਨ ਅਤੇ ਅੰਜੀਲ ਨਾਲ ਮੁਕਾਬਿਲਾ ਨਹੀਂ ਕਰਦਾ ਕਿਉਂਕਿ ਉਹ ਪੁਸਤਕ ਭੀ ਮੁਕਾਬਲਾ ਨਹੀਂ ਖਾਂਦੇ। ਇਕ ਵਿਚ ਸ਼ਰ੍ਹਾ ਅਤੇ ਲੜਾਈ ਜੰਗ ਝਗੜੇ ਫੈਸਲੇ ਬਹੁਤ ਹਨ ਅਤੇ ਦੂਸਰੀ ਤਾਂ ਨਿਰੀ ਈਸਾ ਜਨਮਸਾਖੀ ਹੈ।

ਸੋ ਮੈਂ ਹੁਣ ਉਸ ਸਵਾਲ ਨੂੰ ਉਠਾਉਂਦਾ ਹਾਂ ਜਿਸ ਪਰ ਅਜ ਕੱਲ ਦੇ ਵਿਦਯਾ ਜਨ ਕੁਛ ਇਹਿਤਰਾਜ਼ ਕਰਦੇ ਹਨ। ਉਹੁ ਇਹਿ ਹੈ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ* ਨੂੰ ਸਿਖ ਇਉਂ ਮੰਨਦੇ ਹਨ ਕਿ ਮਾਨੋ ਉਹ ਬੁਤ ਪ੍ਰਸਤੀ ਕਰਦੇ ਹਨ ਅਤੇ ਇਸਦੇ ਅੱਗੇ ਮੱਥਾ ਟੇਕਨਾ ਦੋਸ਼ ਹੈ ਕਿਉਂਕਿ ਆਖਦੇ ਹਨ ਕਿ ਇਹਿ ਜੜ ਪਦਾਰਥ ਹੈ।

ਇਸਦੇ ਉਤਰ ਵਿਚ ਮੈਂ ਇਸ ਤਰਾਂ ਕਥਨ ਕਰਦਾ ਹਾਂ—ਬੁਤਪ੍ਰਸਤੀ ਦਾ ਅਰਥੁ ਇਹਿ ਹੈ ਕਿ ਕਿਸੇ ਜੜ੍ਹ ਚੀਜ਼ ਵਿਚ ਅਕਾਲਪੁਰਖ ਦੀ ਭਾਵਨਾ ਕਰਨੀ ਅਤੇ ਉਸ ਜੜ੍ਹ ਵਸਤੂ ਨੂੰ ਅਕਾਲਪੁਰਖ ਸਮਝਨਾ ਅਤੇ ਅਕਾਲਪੁਰਖ ਸਮਝ ਕਰਕੇ ਉਸਦੀ ਉਪਾਸਨਾ ਕਰਨੀ ਪਰ ਐਸੀ ਪੂਜਾ ਉਪਾਸਨਾ ਦਾ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਵਿਚਿ ਖੰਡਨ.....ਤਾਂ ਤੇ ਕਿਉਂ ਕਰਿ ਹੋ ਸਕਦਾ ਹੈ ਕਿ ਅਸੀਂ ਬੁਤ ਪ੍ਰਸਤੀ ਨਹੀਂ ਕਰਦੇ।.....ਪਰ ਜੋ ਚੀਜ਼ ਗੁਰੂ ਰੂਪ ਹੋਵੇ ਉਸਦਾ ਆਦਰ ਕਰਨਾ ਉਚਿਤ ਹੈ ਅਤੇ *ਗੁਰੂ ਗ੍ਰੰਥ ਸਾਹਿਬ* ਆਤਮਾ ਰੂਪ ਗੁਰੂ ਹੈ.....

ਆਪ ਅਸਲੀ ਮਤਲਬ ਨੂੰ ਵਿਚਾਰੋ—*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਗੁਰਾਂ ਦਾ ਆਤਮਾ ਰੂਪ ਹੈ—ਜੇ ਅਸਾਂ ਗੁਰਾਂ ਦੇ ਅੰਮ੍ਰਿਤ ਰੂਪੀ ਬਚਨ ਸੁਨਨੇ ਹੋਨ ਅਥਵਾ ਧਰਮ ਦੀ ਸਿਖਯਾ ਲੈਣੀ ਹੋਵੇ ਅਥਵਾ ਕਿਸੀ ਮਜ਼ਬੀ ਬਾਤ ਬਾਬਤ ਗੁਰਾਂ ਦੀ ਸੰਮਤੀ ਲੈਨੀ ਹੋਵੇ ਤਾਂ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਤੋਂ ਹਾਸਲ ਕਰਾਂਗੇ ਅਤੇ ਉਨਹਾਂ ਦਾ ਆਤਮਾ ਰੂਪ ਜਾਨਕੇ ਆਦਰ ਕਰਨਾ ਬਨਦਾ ਹੈ ਅਤੇ ਉਨਹਾਂ ਦੀ ਜਗ੍ਹਾ ਜਾਨ ਕਰਿ ਸੀਸ ਨਿਵਾਉਣਾ ਪੈਂਦਾ ਹੈ। ਦਸਮ ਗੁਰੂ ਜੀ ਦਾ ਵਾਕ ਹੈ।

'ਬਾਪ ਚਲਿਓ ਜੁ ਜਗਤ ਮੈਂ, ਤਿਨੈ ਨਿਵਾਵੋ ਸੀਸ।'

ਫੇਰ ਦੇਖੋ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਜਿਥੇ ਖੁਲੇ, ਖਾਲੀ ਨਹੀਂ ਰਖੀਦਾ। ਤਾਬਿਆ ਜ਼ਰੂਰ ਕੋਈ ਸਿੰਘ ਹੋਵੇ ਅਤੇ ਜੇ ਕਮ ਸੇ ਕਮ ਪੰਜ ਸਿੰਘ ਹੋਨ ਤਾਂ ਗੁਰੂ ਰੂਪ ਹੁੰਦਾ ਹੈ—

ਖਾਲਸਾ ਦੇਹਿ ਰੂਪ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਆਤਮਾ ਰੂਪ।

ਹੁਣ ਇਹ ਸਵਾਲ ਉਠਦਾ ਹੈ ਕਿ ਪ੍ਰਮੇਸ੍ਰ ਦਾ ਨਾਂਉਂ ਜੋ *ਗ੍ਰੰਥ ਸਾਹਿਬ* ਵਿਚਿ ਹੈ ਜੋ ਕਾਗਤਾਂ ਉੱਤੇ ਹੈ—ਕਾਗਜ਼ ਜੜ ਹਨ। ਹਾਂ, ਠੀਕ ਕਾਗਜ਼ ਜੜ ਹਨ। ਕਾਗਜ਼ ਏਥੇ ਇਕ ਆਸਰਾ ਹਨ—ਅਸਾਂ ਪ੍ਰਮੇਸ੍ਰ ਦੇ ਨਾਉਂ ਨੂੰ ਜ਼ਰੂਰ ਨਿਮਸਕਾਰ ਕਰਨੀ ਹੋਈ ਕਿਉਂਕਿ ਉਸਦੇ ਨਾਉਂ ਨੂੰ ਝੁਕਨਾ ਦੋਸ਼ ਹੈ ਹੀ ਨਹੀਂ।

ਨੋਟ—ਪਿਛੋਂ ਇਹ ਵਖਿਆਨ 1899 ਈ. ਵਿਚ ਕਿਤਾਬੀ ਰੂਪ ਵਿਚ ਵੀ ਛਾਪਿਆ ਸੀ।

[*ਸੁਧਾਰਾਰਕ (ਰਸਾਲਾ)* ਪੰਨਾ 1-25, ਮਤਬੈ ਗੁਲਜ਼ਾਰ ਮੁਹੰਮਦੀ, ਲਾਹੌਰ, 1888 ਈ.]

੫੨. *ਗਿਆਨੀ ਦਿੱਤ ਸਿੰਘ*

(ੳ)

ਛੰਦ—ਰਾਗ ਤਿਲੰਗ ਮਾਹਿ ਗੁਰ ਨਾਨਕ, ਯਾ ਬਿਧਿ ਵਾਕ ਨਿਕਾਲੋ।
'ਜੈਸੀ ਮੈਂ ਆਵੈ ਖਸਮ ਕੀ ਬਾਣੀ, ਤੈਸਾ ਕਰੀ ਗਿਆਨ ਵੇ ਲਾਲੋ।'
ਯਾਂਤੇ ਪ੍ਰਗਟ ਭਾਵ ਯਹ ਨਿਕਸੇ, ਜੋ ਕਛੁ ਸਤਿਗੁਰੂ ਆਖਾ
ਸੋ ਸੰਪੂਰਨ ਵਹੀ ਗਯਾਨ ਹੈ, ਜੋ ਅਕਾਲ ਨੇ ਭਾਖਾ
ਸਕਲ ਜਗਤ ਕੇ ਤਾਰਨ ਕਾਰਨ, ਗੁਰੂ ਨਾਨਕ ਕੀ ਬਾਨੀ
ਚਾਰ ਬਰਨ ਅਰੁ ਅੰਤ ਜੁ ਆਦੂ, ਸੁਨਤ ਮੋਖ ਲੇ ਪ੍ਰਾਨੀ।
ਜੈਸੇ ਸੂਰਜ ਕੋ ਪ੍ਰਕਾਸ਼ਾ, ਸਕਲ ਹੇਤ ਇਕ ਜੈਸਾ
ਪਰ ਨਿਜ ਚੱਛੂ ਕੇ ਅਨੁਸਾਰੇ, ਕਰਤ ਗਯਾਨ ਹਰ ਵੈਸਾ।

ਚੌਪਈ

ਏਕ ਦੇਸ ਪੁਨ ਕਾਲ ਨ ਜਾ ਮੈ। ਬਰਨ ਅਬਰਨ ਭੇਦ ਨਹਿ ਤਾਂ ਮੈਂ
ਸਦਾ ਏਕ ਰਸ ਅੰਮ੍ਰਿਤ ਬਾਣੀ। ਹਉਮੈ ਰੋਗ ਹਨਤ ਸੁਨਿ ਪ੍ਰਾਣੀ
ਰਾਗ ਦ੍ਵੈਖ ਤੇ ਸਦਾ ਨਿਆਰੇ। ਸੁਖਦਾਈ ਅਸ ਬੈਨ ਉਚਾਰੇ
ਤਾਂ ਤੇ ਸੁਨਹਿ ਸੰਤ ਮਨ ਲਾਈ। ਪਰਮ ਪੁਨੀਤ ਗਿਰਾ ਜੋ ਗਾਈ

[ਸ੍ਰੀ ਗੁਰੂ ਨਾਨਕ ਪ੍ਰਬੋਧ ਗ੍ਰੰਥ ਵਿਦਯਾ ਪ੍ਰਕਾਸ਼ਕ ਪ੍ਰੈਸ ਲਾਹੌਰ]

(ਅ)

ਸੋ ਭਾਈ ਮੈ ਭੀ ਤੈਨੂੰ ਏਸੇ ਤਰ੍ਹਾਂ ਆਖਦਾ ਹਾਂ ਕਿ ਤੂੰ ਵੇਦਾਂ ਨੂੰ ਬੇਸ਼ਕ ਪੁਰਾਨਾ ਅਹਿਦਨਾਮਾ ਤੌਰੇਤ ਜੰਬੂਰ ਵਾਂਗਰ ਮੰਨ ਅਰ ਪੁਰਾਨ ਅਵਤਾਰਾਂ ਨੂੰ ਭੀ ਮੂਸਾ ਸੁਲੇਮਾਨ ਵਾਂਗ ਆਪਨੇ ਬਜ਼ੁਰਗ ਜਾਨ ਅਰ ਅਪਨੇ ਆਪ ਨੂੰ ਹਿੰਦੂ ਕੌਮ ਵਿਚੋਂ ਹੀ ਬਨਯਾ ਹੋਇਆ ਸਮਝ ਪਰੰਤੂ ਤੂ ਅਪਨਾ ਸੱਚਾ ਅਵਤਾਰ ਯਾ ਸੱਚਾ ਗੁਰੂ ਸ੍ਰੀ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਮੰਨ ਅਤੇ ਅਪਨਾ ਧਰਮ-ਪੁਸਤਕ ਗੁਰੂ ਗ੍ਰੰਥ ਸਾਹਿਬ ਨੂੰ ਜਾਨ। ਇਸੀ ਪ੍ਰਕਾਰ ਅਪਨੀ ਖਾਲਸਾ ਕੌਮ ਭੀ ਇਨ੍ਹਾਂ ਕੌਮਾਂ ਵਾਂਗ ਇਕ ਵਖਰੀ ਕੌਮ ਜਾਨ ਜਿਸ ਤੇ ਇਹ ਲਾਭ ਹੋਵੇਗਾ ਜੋ ਖਾਲਸਾ ਕੌਮ ਇਕ ਕੌਮ ਹੋ ਕੇ ਸੰਸਾਰ ਪਰ ਰਹੇਗੀ।

ਨਕਲੀ ਸਿਖ ਪ੍ਰਬੋਧ, (ਦੂਜੀ ਵਾਰ) ਪੰਨਾ ੧੭੭
(ਪੋਹ ਸੰ. ਨਾਨਕ ਸ਼ਾਹੀ ੪੨੭)

੫੩. *ਲਾਲਾ ਦੌਲਤ ਰਾਇ ਡੇਰਾ ਗ਼ਾਜ਼ੀ ਖ਼ਾਂ* ੧੯੦੪ ਈ.

ਜਿਹੜੇ ਸਿਖ ਗੁਰੂ ਜੀ ਦੀ ਸੇਵਾ ਵਿਖੇ ਉਸ ਵੇਲੇ ਤਤਪਰ ਸੇ ਤਿਨਾ ਨੇ ਸੂਖਮ ਸਮਾਂ ਜਾਣਕੇ ਬੇਨਤੀ ਕੀਤੀ ਕਿ ਆਪ ਸਾਨੂੰ ਖਾਲਸੇ ਨੂੰ ਇਥੇ ਪਰਦੇਸ ਵਿਖੇ ਬਿਨਾ ਵਸੀਲੇ ਇਕੱਲੇ ਹੀ ਛਡ ਚਲੇ ਹੋ, ਕੋਈ ਆਪ ਦੀ ਸੰਤਾਨ ਭੀ ਨਹੀਂ ਜਿਹੜੀ ਆਪ ਥੀਂ ਪਿਛੋਂ ਖਾਲਸਾ ਨੂੰ ਰਾਹ ਪਾਵਣ ਵਾਲੀ ਹੋਵੇਗੀ। ਹੁਣ ਦੱਸੋ, ਖਾਲਸੇ ਨੂੰ ਕੀਹ ਕਰਨਾ ਚਾਹੀਏ ਤੇ ਗੱਦੀ ਕਿਸਨੂੰ ਸੌਂਪੀ ਜਾਵੇ? ਦੂਸਰੇ ਐਉਂ ਭੀ ਆਖਦੇ ਹਨ ਕਿ ਗੁਰਯਾਈ ਦੀ ਗੱਦੀ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਫੈਸਲਾ ਕਰ ਦਿੱਤਾ ਜੋ ਇਕ ਨਰੇਲ ਤੇ ਪੰਜ ਪੈਸੇ ਰਿਵਾਜ ਰਸਮ ਮੁਜਬ ਗੁਰੂ ਗ੍ਰੰਥ ਸਾਹਿਬ ਦੇ

ਅੱਗੇ ਧਰੇ ਤੇ ਮੱਥਾ ਟੇਕ ਕੇ ਆਖਯਾ ਕਿ ਖਾਲਸਾ ਜੀ! ਮੇਰੇ ਮਗਰੋਂ *ਗੁਰੂ ਗ੍ਰੰਥ* ਜੀ ਨੂੰ ਗੁਰੂ ਮੰਨਣਾ ਹੋਵੇਗਾ। ਇਹ ਸਦੀਵ ਵਾਸਤੇ ਤੁਹਾਡਾ ਅਜੇਹਾ ਗੁਰੂ ਹੋਵੇਗਾ ਕਿ ਪ੍ਰਲੈ ਤਕ ਤੁਹਾਡੀ ਰਖਯਾ ਕਰੇਗਾ ਤੇ ਸਦਾ ਹੀ ਤੁਹਾਨੂੰ ਸ਼ੁਭ ਉਪਦੇਸ਼ ਦਿੰਦਾ ਰਹੇਗਾ। ਤੁਸਾਂ ਨੇ ਮੇਰੇ ਮਗਰੋ ਕਿਸੇ ਸਮੇਂ ਵਿਖੇ ਭੀ ਕਿਸੇ ਪੁਰਖ ਨੂੰ ਆਪਣਾ ਗੁਰੂ ਨ ਮੰਨਣਾ। ਇਕ ਵਾਹਿਗੁਰੂ ਈਸ਼੍ਵਰ ਤੇ ਇਸ ਗੁਰੂ ਗ੍ਰੰਥ ਸਾਹਿਬ ਜੀ ਬਿਨਾਂ ਕਿਸੇ ਅੱਗੇ ਸਿਰ ਨਹੀਂ ਨਿਵਾਉਣਾ ਤੇ ਨਾ ਕਿਸੇ ਹੋਰਸ ਦਾ ਇਨ੍ਹਾਂ ਦੋਹਾਂ ਬਿਨਾਂ ਸੇਵਕ ਸਿਖ ਹੀ ਬਣਨਾ। ਪ੍ਰਸ਼ਨ ਤਾਂ ਇਹ ਹੈ ਕਿ ਗੁਰੂ ਜੀ ਦੀ ਕਿਸ *ਗ੍ਰੰਥ ਸਾਹਿਬ* ਥੀਂ ਇਛਾ ਸੀ ਕਿਉਂਕਿ *ਗੁਰੂ ਗ੍ਰੰਥ ਸਾਹਿਬ* ਭੀ ਦੋ ਹਨ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਰਚੀ ਹੋਈ ਵਾਲੇ *ਗੁਰੂ ਗ੍ਰੰਥ ਸਾਹਿਬ* ਨੂੰ ਆਦਿ *ਗੁਰੂ ਗ੍ਰੰਥ ਸਾਹਿਬ* ਨਾਲੋਂ ਉੱਚੀ ਪਦਵੀ ਨਹੀਂ ਦਿੱਤੀ ਤੇ ਉਹ ਸਦੀਵ ਆਦਿ *ਗੁਰੂ ਗ੍ਰੰਥ ਸਾਹਿਬ ਜੀ* ਦਾ ਅਦਬ ਸਤਿਕਾਰ ਕਰਦੇ ਹੁੰਦੇ ਸੀ, ਇਸ ਕਰਕੇ ਵਿਸ਼ੇਸ਼ ਕਾਰਨ ਤਾਂ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਆਦਿ ਹੀ ਅਦਬ ਦਾ ਪ੍ਰਤੀਤ ਹੁੰਦਾ ਹੈ ਤੇ ਸਿਖਯਾ ਭੀ ਆਦਿ ਹੀ ਅਤਿਸ਼ੈ ਕਰਕੇ ਵਿਸ਼ੇਸ਼ ਕਰਦਾ ਹੈ। ਸਿਖ ਭੀ ਅਜ ਤਕ ਅਜੇਹੀ ਬਾਤ ਹੀ ਸਮਝਦੇ ਚਲੇ ਆਏ ਹਨ।

ਪੰਨਾ ੪੨੪-੨੫
ਮਹਾਂਬਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ
ਦਸਮੀ ਪਾਤਸ਼ਾਹੀ ਦਾ ਜੀਵਨ ਬ੍ਰਿਤਾਂਤ (ਉਰਦੂ ਤੋਂ ਪੰਜਾਬੀ ਉਲਥਾ)
ਉਲਥਾਕਾਰ ਭਾਈ ਜੋਧ ਸਿੰਘ, ਲਾਹੌਰ (੧੯੦੪)

੫੪. ***ਪੰਡਿਤ ਈਸ਼ਰ ਸਿੰਘ ਕਾਸ਼ੀ*** ੧੯੦੫ ਈ.

ਦਸ ਸ੍ਰੀ ਗੁਰੂ ਜੀ ਦਸ ਸੇ ਪੀਛੇ ਗਿਆਰ੍ਹਵੀ ਗੱਦੀ ਦੋਨੋ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਬਿਨਾਂ ਬੁਲਾਏ ਸੇ ਨਹੀਂ ਉਤਰ ਦੇਤੇ ਹੈਂ, ਇਸ ਵਾਸਤੇ ਦੋਨੋਂ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਮੌਨ ਕਹੇ ਜਾਤੇ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਸੇ ਬਿਨਾਂ ਪਾਨੀ ਕੀ ਗੰਗਾ, ਪਥਰ ਕੇ ਠਾਕੁਰ, ਲੱਕੜੀ ਕੇ ਜਗਨਨਾਥ, ਮਿਟੀ ਕੇ ਪਾਰਥਵ ਸ਼ਿਵ ਲਿੰਗ ਜੋ ਹੈ; ਧਾਤੂ ਪਿੱਤਲ ਇਨ ਦੋਨੋਂ ਕੇ ਬਾਲ ਮੁਕੰਮ ਜੋ ਹੈਂ ਯੇਹ ਸਭੀ ਦੇਵਤੇ ਬੁਲਾਨੇ ਸੇ ਭੀ ਕਿਸੀ ਕਾਮ ਵਾਸਤੇ ਕਬੀ ਭੀ ਪ੍ਰਸ਼ਨ ਕਾ ਉਤਰ ਨਹੀਂ ਦੇ ਸਕਤੇ। ਇਸ ਉਕਤ ਵਿਚਾਰ ਸੇ ਦੋਨੋਂ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਗਿਆਰ੍ਹਵੀਂ ਗੱਦੀ ਸਾਖਿਆਤ੍ ਚੇਤਨ ਪ੍ਰਸਿਧ ਹੀ ਹੈ। ਇਸ ਵਾਸਤੇ ਹਮਾਰੇ ਸਿਧਾਂਤ ਕੇ ਬੀਚ ਚੇਤਨ ਅਧਿਸ਼ਟਤਿ ਦੋਨੋਂ ਸ੍ਰੀ ਗੁਰੂ ਗ੍ਰੰਥ ਪੂਜਨ ਯੋਗ ਗਿਆਰ੍ਹਵੀਂ ਗੱਦੀ ਹੈ। ਪੰਨਾ ੧੭

ਸੋ ਸਰਬ ਸ੍ਰੀ ਗੁਰੂ ਮਤ ਮਾਰਗ ਅਨੁਵਰਤੀਓ ਯੋਗ ਮਾਲੂਮ ਹੋਵੇ ਸਭੀ ਪੁਰਖੋਂ ਕੋ ਆਪਨਾ ਫਿਰਕਾ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਸੇ ਪ੍ਰਸਿਧ ਕਰਨਾ ਜ਼ਰੂਰੀ ਹੈ। ਜਿਸਕਾ ਫ਼ਿਰਕਾ *ਗੁਰੂ ਗ੍ਰੰਥ ਜੀ* ਕੇ ਸ਼ਬਦ ਕਰਕੇ ਪ੍ਰਸਿਧ ਨ ਹੋਵੇਗਾ ਸੋ ਦਸ ਗੁਰੂ ਕੇ ਮਤ ਸੇ ਬੇਮੁਖ ਕਹਾ ਜਾਤਾ ਹੈ ਕਿਉਂਕਿ ਹਮ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਸੇ ਬਿਨਾਂ ਔਰ ਕੋਈ ਗ੍ਰੰਥ ਪੁਸਤਕ ਨਹੀਂ ਮਾਨਤੇ ਹੈਂ, ਯੇਹ ਹਮਾਰੇ ਸਿਧਾਂਤ ਮੇਂ ਨਿਯਮ ਹੈ। ਪੰਨਾ ੩੪

ਇਸ ਉਕਤ ਪ੍ਰਕਾਰ ਕੇ ਵਿਚਾਰ ਸੇ ਆਦਿ *ਸ੍ਰੀ ਗੁਰੂ ਗ੍ਰੰਥ ਜੀ* ਮੇਂ ਸਾਖੀਆਂ ਕਾ ਨਿਸ਼ੇਧ ਹੀ ਯਥਾਰਥ ਹੈ ਔਰ ਜੋ ਵਿਦਿਆ ਸੇ ਵਿਹੀਨ ਪੁਰਖ *ਸ੍ਰੀ ਗੁਰੂ ਗ੍ਰੰਥ ਜੀ* ਕੇ ਅਰਥ ਕੋ ਯਥਾਰਥ ਨਹੀਂ ਜਾਨਤੇ ਹੈਂ ਸੋ ਸਾਖੀਆਂ ਬਨਾ ਕਰਕੇ ਗੁਰੂ ਗ੍ਰੰਥ ਜੀ ਕੋ ਸ੍ਵਤੇ ਪ੍ਰਮਾਣ ਨਹੀਂ ਜਾਨਤੇ। *ਗੁਰੂ ਗ੍ਰੰਥ ਜੀ* ਸ੍ਵਤੇ ਪ੍ਰਮਾਣ ਹੈ ਔਰ ਅਨਾਦੀ ਹੈ। ਪੰਨਾ ੧੧੧

ਉਕਤ ਵਿਚਾਰ ਸੇ ਮਾਲੂਮ ਹੋਵੇ ਆਦਿ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਸਾਖਿਅਤ ਬ੍ਰਹਮ ਵਿਦਿਆ ਹੈ ਔਰ ਦਸਮ *ਸ੍ਰੀ ਗੁਰੂ ਗ੍ਰੰਥ ਜੀ* ਭੂਮੀ-ਭਾਰ ਨਿਵਾਰਣ ਕੇ ਵਾਸਤੇ ਰਾਜਨੀਤੀ ਕਾ ਵਿਚਾਰ ਹੈ।

ਪੰਨਾ ੫੧

(ਸ੍ਰੀ ਗੁਰੂਮਤ ਦਿਗ ਵਿਜੈ ਗ੍ਰੰਥ, ਸੰਮਤ ਨਾਨਕ, ਸ਼ਾਹੀ ੪੪੦)

੫੫. ***ਸੰਤ ਸੰਪੂਰਨ ਸਿੰਘ*** ੧੯੧੩ ਈ.

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਮੂਰਤੀ ਪੂਜਾ, ਨਹੀਂ ਇਸਦੀ ਸੇਵਾ ਇਸਦੀ ਪੂਜਾ ਸਾਖਯਾਤ ਸਤਿਗੁਰਾਂ ਦੀ ਸੇਵਾ ਪੂਜਾ ਹੈ। ਕਿਉਂਕਿ :

(1) ਜੋ ਉਪਦੇਸ਼ਟਾ ਹੋਵੇ ਉਹ ਗੁਰੂ।

(2) ਜੋ ਹਨੇਰੇ ਵਿਚ ਚਾਨਨਾ ਕਰੇ (ਅਰੁ ਅਗਯਾਨ ਅੰਧਕਾਰ ਦੀ ਨਿਵਿਰਤੀ ਕਰਕੇ ਭਗਵੰਤ ਨੂੰ ਮਿਲਾਵੇ) ਉਹ ਗੁਰੂ।

(3) ਜੋ ਗੂੜ੍ਹ ਤੋਂ ਗੂੜ੍ਹ ਰਿਦੈ ਦੀ ਛਪੀ ਹੋਈ ਬਾਰਤਾ ਨੂੰ ਪ੍ਰਤਖ ਕਰ ਦਿਖਾਵੇ—ਉਹ ਗੁਰੂ।

(4) ਅਤੇ ਜੋ ਸਭ ਤੋਂ ਵਡਾ ਹੋਵੇ ਉਹ ਗੁਰੂ

ਇਹ ਨਿਆਰੇ ਨਿਆਰੇ ਆਮ ਲੱਛਨ ਗੁਰੂ ਦੇ ਆਮ ਲੋਕ ਕਰਿਆ ਕਰਦੇ ਹਨ—ਪਰ

(1) ਸਭ ਦੇ ਹੀ ਸਰੀਰ ਇਕ ਸਮਾਨ ਹਨ—ਸੋ ਸਰੀਰ ਨੂੰ ਉਪਦੇਸ਼ਟਾ ਨਹੀਂ ਆਖ੍ਯਾ ਜਾ ਸਕਦਾ, ਕਯੋਂਕਿ ਉਪਦੇਸ ਕਰਤਾ ਕੇਵਲ ਸ਼ਬਦ ਹੈ। ਸਰੀਰ ਤਾਂ ਕੇਵਲ ਸ਼ਬਦ ਦ੍ਵਾਰਾ ਉਪਦੇਸ਼ ਦੇਣ ਦਾ ਇਕ ਵਿਚੋਲਾ ਸਾਧਨ ਹੈ। ਸਰੀਰ ਨੂੰ ਉਪਦੇਸ਼ਟਾ ਮੰਨਨਾ ਭੁਲੇਖੇ ਦੀ ਗੱਲ ਹੈ। ਅਸਲ ਉਪਦੇਸ਼ਟਾ ਸ਼ਬਦ ਹੀ ਗੁਰੂ ਹੈ।

(2) ਮਮੂਲੀ ਹਨੇਰਾ ਹੋਵੇ ਤਾਂ ਕਿਸੇ ਚੀਜ ਲਭਨ ਲਈ ਦੀਵੇ ਆਦਿ ਦਾ ਚਾਨਣਾ ਕਰ ਸਕੀਦਾ ਹੈ। ਪਰ ਜਾਂ ਦੀਵਾ ਵਗੈਰਾ ਚਾਨਣੇ ਦਾ ਸਾਧਨ ਪਾਸ ਨਾ ਹੋਵੇ ਤਾ ਸੂਰਜ ਚੰਦ ਸਤਾਰੇ ਵਗੈਰਾ ਚਾਨਨਾ ਕਰ ਸਕਦੇ ਹਨ। ਪਰੰਤੂ ਜੇ ਗਹਬਰ ਝੜੀ ਲਗੀ ਹੋਈ ਹੋਵੇ ਅਤੇ ਅੰਤ ਬੜੇ ਉੱਚੇ ਪਰਬਤ ਦੀ ਟੀਸੀ ਉਪਰ ਕੋਈ ਇਕ ਇਕੱਲਾ ਪਰਦੇਸੀ ਰਾਹ ਭੁੱਲਿਆ ਖੜੋਤਾ ਹੋਵੇ ਤਾਂ ਓਥੇ ਉੱਚੀ ਹਾਕ ਬਿਨਾ ਇਸ ਨੂੰ ਚਾਨਨਾ ਕਰਨਾ ਤੇ ਰਾਹ ਦਿਖੌਨ ਵਾਲਾ ਕੋਈ ਨਹੀਂ ਨਿਤਰਦਾ ਕਯੋਂਜੁ ਜਾਂ ਉਹ ਉਚੇਰੀ ਹਾਕ ਮਾਰਕੇ ਆਖਦਾ ਹੈ ਕਿ ਕੋਈ ਭਾਈ ਰਾਹ ਦਸੋ ਤਾਂ ਦੂਰ ਦੂਰ ਦੇ ਓਸ ਹਾਕ ਤੋਂ ਜਾਣੂ ਹੋ ਕੇ, ਮੋੜਵੀਂ ਹਾਕ ਨਾਲ ਰਾਹ ਦੱਸ ਦਿੰਦੇ ਹਨ। ਜਿਸ ਸ਼ਬਦ ਦੀ ਸੇਧ ਰਖਕੇ ਉਹ ਭੁਲੱਕੜ ਪਰਦੇਸੀ ਆਪਨੇ ਟਿਕਾਣੇ ਸਿਰ ਜਾ ਪਹੁੰਚਦਾ ਹੈ। ਤਾਂ ਤੇ ਸਭ ਪਾਸੇ (ਹਨੇਰੇ ਵਿਚ) ਚਾਨਨਾ ਕਰਤਾ ਸਬਦ ਹੀ ਹੈ। ਅਰੁ ਏਸੇ ਤਰ੍ਹਾਂ ਅਗਯਾਨ ਅੰਧਕਾਰ ਦੀ ਨਿਵਿਰਤੀ ਭੀ (ਮਹਾਤਮਾ ਜਨਾਂ ਦਾ ਦੱਸਿਆ ਹੋਇਆ) ਸ਼ਬਦ ਹੀ ਕਰਦਾ ਹੈ—ਇਸ ਲਈ ਦੋਵੇਂ ਤਰ੍ਹਾਂ ਨਾਲ ਸ਼ਬਦ ਹੀ ਗੁਰੂ ਹੈ।

(3) ਆਦਮੀਆਂ ਦੇ ਅੰਦਰ ਅਨੇਕਾਂ ਹੀ ਸੁਭ ਅਸੁਭ ਤਰੰਗ ਖੜੇ ਹੁੰਦੇ ਰਹਿੰਦੇ ਹਨ। ਪਰ ਜਦ ਤਕ ਕੋਈ ਬੋਲੇ ਨਹੀਂ, ਤਦ ਤਕ ਉਸਦੇ ਅੰਦਰ ਦਾ ਹਾਲ ਕਿਸੇ ਨੂੰ ਕੁਝ ਪਤਾ ਨਹੀਂ ਲਗ ਸਕਦਾ। ਤਾਂਤੇ ਅੰਦਰ ਦੀਆਂ ਗੂੜ੍ਹ ਬਾਤਾਂ ਨੂੰ ਪ੍ਰਗਟ ਕਰਨ ਵਾਲਾ ਭੀ ਸਬਦ ਗੁਰੂ ਹੀ ਹੈ।

ਜਿਹੜੇ ਸੰਤਾਂ ਮਹਾਤਮਾ ਨੂੰ Thought readers (ਮੱਥੇ ਉਪਰੋਂ ਹੀ ਅੰਦਰ ਦਾ ਹਾਲ ਪੜ੍ਹ

ਲੈਣ ਵਾਲੇ) ਆਖਯਾ ਜਾਂਦਾ ਹੈ, ਉਨ੍ਹਾਂ ਨੂੰ ਭੀ ਪਰੰਪਰਾ ਤੋਂ ਸ਼ਬਦ ਦੀ ਕਮਾਈ ਨਾਲ ਹੀ ਇਹ ਸਮਰੱਥਾ ਹੁੰਦੀ ਹੈ। ਤਾਂਤੇ ਉਨ੍ਹਾਂ ਵਿਚ ਭੀ ਸ਼ਬਦ ਨੂੰ ਹੀ ਇਹ ਤੁਫ਼ੀਕ ਹੈ।

(4) ਜਦ ਕੋਈ ਜੰਮਦਾ ਤਾਂ ਜੇਕਰ ਜੰਮਦੇ ਸਾਰ ਉਸਦਾ ਬੋਲ ਪ੍ਰਗਟ ਹੋ ਜਾਂਦਾ ਹੈ ਤਦ ਤਾਂ ਜੀ 'ਜੀਉਂਦਾ ੨' ਦੇ ਜੈਕਾਰੇ ਗੱਜਨ ਤੇ ਜੰਮਨ ਵੇਲੇ ਦੇ ਮੰਗਲਚਾਰ ਹੋਨ ਲਗ ਪੈਂਦੇ ਹਨ। ਪਰ ਜੇ ਰੱਬ ਦੀ ਕਰਣੀ ਬਾਲਕ ਜੰਮਦੇ ਸਾਰ ਕਿਤੇ ਨਾ ਬੋਲੇ, ਤਾਂ 'ਮੋਇਆ ਹੋਇਆ ਜੰਮਿਆ' ਦੀਆਂ ਤੂਤੀਆਂ ਭੀਤੀਆਂ ਨਾਲ ਇਧਰ ਉਧਰ ਸੋਗ ਵਰਤ ਜਾਂਦਾ ਹੈ। ਤਾਂਤੇ ਏਸ ਸਰੀਰ ਵਿਚ ਜਾਨ ਜੋ ਹੈ ਸੋ ਬੋਲ (ਸ਼ਬਦ) ਹੀ ਹੈ। ਤੇ ਇਹ ਜਾਨ ਹੀ ਸਰੀਰ ਦੇ ਅੰਦਰ ਸਭ ਤੋਂ ਵਡੀ ਚੀਜ਼ ਹੈ, ਇਸ ਸ਼ਬਦ ਸਰੂਪੀ ਜਾਨ ਹੀ ਸਭ ਤੋਂ ਵਡੀ ਹੋਣ ਦੇ ਕਾਰਣ ਸ਼ਬਦ ਹੀ ਗੁਰੂ ਹੈ।

ਹੁਣ ਜਦ ਪੂਰਬ-ਉਕਤ ਆਮ ਲੱਛਣ ਗੁਰੂ ਦੇ ਇਕ ਸ਼ਬਦ ਮਾਤ੍ਰ ਉਪਰ ਹੀ ਆਨ ਘਟੇ ਤਾਂ ਫੇਰ ਗੁਰੂ ਦਾ ਅਸਲ ਸਰੂਪ ਸ਼ਬਦ ਹੀ ਸਹੀ ਹੋਇਆ। ਜਿਸ ਪਰ ਮਹਾਰਾਜ ਜੀ ਦਾ ਬਚਨ ਭੀ ਹੈ ਕਿ 'ਬੋਲਨਿਹਾਰ ਪਰਮ ਗੁਰ ਏਹੀ।' ਅਜੇਹਾ ਹੀ ਉਪਰਲੇ ਮਰਮ ਭਰਿਆ ਬਚਨ ਹੋਰ ਭੀ ਗੁਰੂ ਜੀ ਨੇ ਉਚਾਰਿਆ ਹੈ :

'ਜੀਆਂ ਅੰਦਰਿ ਜੀਉ ਸਬਦੁ ਹੈ ਜਿਸ ਸਹ ਮੇਲਾਵਾ ਹੋਇ ॥'
'ਬਿਨੁ ਸਬਦੇ ਜਗਿ ਆਨੇਰ ਹੈ ਸਬਦੇ ਪਰਗਟੁ ਹੋਇ ॥'

ਜਿਸ ਤੋਂ ਸਪਸ਼ਟ ਹੈ ਕਿ ਗੁਰਾਂ ਦਾ ਸਰੂਪ ਸ਼ਬਦ ਰੂਪ ਹੈ ਤੇ ਸਭ ਜੀਵਾਂ ਦਾ ਜੀਵ (ਜਾਨ) ਰੂਪ ਹੋਣ ਕਰਕੇ ਇਹ ਸ਼ਬਦ ਹੀ ਚੇਤੰਨ ਸਰੂਪ ਹੈ।

ਪਰ ਜੋ ਕਿ ਇਹ ਸਤਿਗੁਰਾਂ ਦਾ ਸਰਬ ਬਯਾਪੀ ਚੈਤੰਨ ਸਰੂਪ—ਸ਼ਬਦ ਸਰੂਪੀ ਸਭ ਜੀਆਂ ਦੇ ਅੰਦਰ, ਸਮਾਨ ਜੀਵ ਰੂਪ ਹੋ ਕੇ ਰਮਿਆ ਹੋਇਆ ਹੈ, ਜਿਸ ਕਰਕੇ ਇਹ ਜੀਵ ਅਪਨੇ ਸਬਦੀ ਵਿਚ ਅਭੇਦ ਹੋਣ ਲਈ ਸਮਰਥ ਨਹੀਂ ਹੋ ਸਕਦਾ ਤੇ ਵਿਛੜਿਆ ਰਹਿ ਕੇ ਕਲੇਸ਼ ਪਾ ਰਿਹਾ ਹੈ ਇਸ ਲਈ ਸਬਦੀ ਸਰੂਪ ਸਤਿਗੁਰੂ ਬੰਧਨ ਗ੍ਰਸਤ ਐਸੇ ਸਰਬਤ੍ਰ ਜੀਵਾਂ ਵਿਖੇ (ਮੁਕਤੀ ਦਾ ਕਾਰਣ ਵਿਸ਼ੇਖਤਾ ਉਪਜੌਨ ਲਈ) ਵਿਸ਼ੇਸ਼ ਜੀਵ ਰੂਪ ਹੋ ਕੇ ਪ੍ਰਗਟੇ। ਅਰ ਆਦ ਵਿਖੇ ਇਕ ਸਬਦ ਰੂਪਣੀ ਦੇਹ ਧਾਰਕੇ ਉਸ ਇਕ ਦ੍ਵਾਰੇ ਨਿਜ ਰੂਪ ਦਸ ਜੋਤਾਂ ਪ੍ਰਗਟਾਈਆਂ। ਤੇ ਅਨੰਤ ਜੀਵਾਂ ਨੂੰ ਨਿਜ ਮੂਲ ਵਿਖੇ ਮਿਲਾ ਕੇ, ਹੋਰਨਾ ਜੀਵਾਂ ਦੀ ਕਲਯਾਣ ਵਾਸਤੇ ਉਸੇ ਅਪਨੇ ਵਿਸ਼ੇਸ਼ (ਸਬਦ ਰੂਪੀ) ਤੇਜ ਨੂੰ *ਗ੍ਰੰਥ ਸਾਹਿਬ* ਦੇ ਆਕਾਰ ਵਿਚ ਗੁੰਥਨ ਕਰਕੇ ਉਸਨੂੰ ਗੁਰੂ ਰੂਪ ਥਾਪਿਆ। ਜੋ ਸਤਿਗੁਰਾਂ ਦਾ ਵਾਸਤਵ ਸਰੂਪ , ਸ਼ਬਦ ਸਾਰ "ਸ਼ਬਦ ਬ੍ਰਹਮ" ਹੈ। ਸੋ ਜਿਸ ਭਾਂਤ ਚਿਤੰਨਤਾ ਦੀ ਜੋਤ ਨੂੰ ਆਪਨੇ ਅੰਦਰ ਲੈ ਕੇ ਵਰਤਨ ਵਾਲੇ ਤਤ੍ਵਸੰਘਾਤ ਨੂੰ ਦੇਹ ਆਖਦੇ ਹਨ—ਇਸੇ ਭਾਂਤ ਸਬਦ ਸਰੂਪ ਚੇਤੰਨ ਨੂੰ ਆਪਨੇ ਵਿਚ ਵਰਤਾਵਨ ਵਾਲੇ ਤਤ੍ਵਰਚਿਤ ਪਤ੍ਰ-ਸੰਘਾਤ ਰੂਪ *ਗੁਰੂ ਗ੍ਰੰਥ ਸਾਹਿਬ* ਦੇ ਆਕਾਰ ਨੂੰ ਸਤਿਗੁਰਾਂ ਦਾ ਦੇਹ ਆਖਯਾ ਹੈ। ਜਿਸ ਸਮਯ ਕੋਈ ਚਾਹੇ ਇਸ ਨੂੰ ਬੁਲਾ ਸਕਦਾ ਹੈ ਅਰੁ ਇਹ ਗੁਰੂ ਰੂਪ ਹੋ ਕੇ ਉਪਦੇਸ ਕਰ ਸਕਦਾ ਹੈ। ਪਰ ਧਾਤ ਕਾਠ ਆਦ ਦੀ ਮੂਰਤ ਉਪਦੇਸ ਨਹੀਂ ਕਰ ਸਕਦੀ। ਕਯੋਂਕਿ ਭਗਵੰਤ ਦਾ ਸਰੂਪ ਜਦ ਹੀ ਪ੍ਰਕਾਸ਼ ਕਰਦਾ ਹੈ ਤਾਂ ਸ਼ਬਦ ਦ੍ਵਾਰੇ ਸ਼ਬਦ ਰੂਪ ਹੀ ਹੋ ਕੇ ਪਹਿਲੋਂ ਪ੍ਰਗਟ ਹੋਇਆ ਕਰਦਾ ਹੈ। ਸੋ ਉਸ ਸ਼ਬਦ ਦੇ ਪ੍ਰਗਟ ਹੋਣ ਦਾ ਮੂਰਤੀ ਵਿਚ ਨਾ ਤਾਂ ਕੋਈ ਦ੍ਵਾਰ ਹੀ ਹੈ ਤੇ ਨਾ ਹੀ ਕੋਈ ਢੰਗ। ਪਰ *ਗੁਰੂ ਗ੍ਰੰਥ ਸਾਹਿਬ* ਵਿਚ ਹੈ ਭੀ ਇਕ ਸਬਦ ਮਾਤ੍ਰ ਤੇ ਢੰਗ ਨਾਲ ਸਾਫ ਪ੍ਰਗਟ ਭੀ ਹੁੰਦਾ ਹੈ, ਇਸ ਲਈ ਇਹ ਸਤਿਗੁਰਾਂ ਦਾ ਦੇਹ ਹੈ। ਕਿਸੇ ਗੁਰੂ ਦੇ ਲੱਛਣ ਉਪਰ

ਦਸੇ ਜਾ ਚੁੱਕੇ ਹਨ ਉਹ ਸਭੇ ਹੀ ਇਸ ਵਿਚ ਘਟ ਸਕਦੇ ਹਨ।

[*ਗੁਰਮਤ ਸਿਧਾਂਤ ਬਯੋਰਾ*, ਪੰਨੇ ੫੫-੬੦
ਗੁਰਮਤਿ ਪ੍ਰਚਾਰਕ ਬੁਕ ਏਜੰਸੀ, ਹੀਰਾ ਮੰਡੀ ਲਾਹੌਰ]

੫੬. ***ਕਵਿ ਰੇਣ ਸੰਤ ਪ੍ਰੇਮ ਸਿੰਘ***

*ਸਵੈਯਾ—ਸ੍ਰੀ ਗੁਰ ਕੇਰ ਸਰੀਰ ਜੋਊ, ਸਭ ਥਾਨ ਸਮੈ ਸਭ ਠਾਂ ਦਰਸੈ ਹੈ
ਗ੍ਰੰਥ ਰਿਦਾ ਗੁਰ ਕੋ ਇਹ ਜਾਨਊ, ਉਤਮ ਹੈ ਸਭ ਕਾਲ ਰਹੈ ਹੈ
ਮੇਰੋ ਸਰੂਪ ਤੇ ਯਾਂਤੇ ਹੈ ਦੀਰਘ, ਸਾਹਿਬ ਜਾਨਿ ਅਦਾਇਬ ਕੈ ਹੈ
ਪੂਜਹੁ ਚੰਦਨ ਕੇਸਰ ਕੋ ਘਿਸ, ਧੂਪ ਧੁਖਾਇਕੈ ਫੂਲ ਚਢੈ ਹੈ। ੫।
ਗ੍ਰੰਥ ਜਹਾਜ ਸੁ ਭੌਜਲ ਕੋ ਤਰ ਜਾਇ ਸੋਊ ਮਨ ਲਾਵੈਗੋ
ਜੇਤਕ ਗ੍ਰੰਥ ਅਦਾਇਬ ਰਾਖਹਿ, ਕੇਤਕ ਹੀ ਫਲ ਪਾਵੈਗੋ
ਭਾਵਨੀ ਧਾਰ ਕੈ ਚਾਹ ਉਮਾਹਤ, ਦਯੋਸ ਪ੍ਰਤੀ ਦਰਸਾਵੈਗੋ
ਪਾਠ ਕਰੈ ਕਿ ਸੁਨੈ ਮਨ ਏਕ ਹ੍ਵੈ, ਹਿਯ ਉਪਦੇਸ ਬਸਾਵੈਗੋ। ੬।
ਦੇਖਤ ਹੀ ਕਰ ਜੋਰ ਦੁਊ, ਮਨ ਨੰਮ੍ਰਤ ਸੀਸ ਲਿਵਾਵੈਗੋ
ਔਰਨ ਕੋ ਉਪਦੇਸ ਕਰੈ ਲਿਖ ਆਪ ਇਸੈ ਕੋ ਲਿਖਾਵੈਗੋ
ਪ੍ਰੇਮ ਕਰਹਿ ਘਰ ਮਹਿਂ ਅਸਥਾਪਹਿ, ਪਾਠ ਸੁਨੈ ਹਰਖਾਵੈਗੋ
ਸੋ ਜਗ ਬੰਧਨ ਛੇਦਨ ਕੈ, ਨਰ ਅੰਤ ਗਭੀ ਸੁਭ ਪਾਵੈਗੋ। ੭।*

... ...

*ਬੇਦ ਪੁਰਾਨ ਮਹਾਨ ਮਹਾਤਮ ਜਾਹਿ ਬਖਾਨ ਕਰੈ ਸਮੁਦਾਇ
ਅੰਤ ਨ ਪਾਵਤ ਸ਼ੇਸ਼ ਔਰ ਸਾਰਦ, ਨੇਤਿ ਹੀ ਨੇਤਿ ਅਸ਼ੇਸ਼ ਬਤਾਇ
ਜੋ ਸਰਬੋਤਮ ਜੋ ਸਰਬਾਸੂਯ,ਤਾਂਹੀ ਕੋ ਨਾਮ ਇਸੀ ਮੇ ਹੈਂ ਗਾਇ
ਨਾਮ ਸੋ ਨਾਮੀ ਕੋ ਭੇਦ ਨਹੀਂ, ਇਹ ਮੂਰਤਿ ਸ੍ਰੀ ਕਰਤਾਰ ਸੁਹਾਇ। ੧੨।*

[*ਸ੍ਰੀ ਗੁਰਪੁਰ ਪ੍ਰਕਾਸ਼*, ਪੰਚਮ ਮਹਲ, ੨੯ਵਾਂ ਮੰਦਰ]

੫੭. ***ਭਾਈ ਸ਼ੇਰ ਸਿੰਘ ਨਿਰਮਲਾ***

*ਗੁਰੂ ਗ੍ਰੰਥ ਸਦਾ ਨਮਾਮਿ ਸਰਬੇਖਾਂ ਗੁਰੂਣਾਂ ਸ੍ਰਯੰ
ਗਿਆਨਾਵਤਾਰ ਰੂਪੰਹਿ ਤਾਰਕੰ ਦ੍ਰਿਸ਼ਟਿ ਮਾਤ੍ਰਤਾ। ੨੭।*

ਟੀਕਾ—*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਕੋ ਸਦਾ ਨਾਮ ਸਰਬਦਾ ਕਾਲ ਮੈਂ ਨਮਸ੍ਕਾਰ ਕਰਤਾ ਹੂੰ। ਕੈਸੇ ਹੈਂ ਸ੍ਰੀ ਗੁਰੂ ਕ੍ਰਿਤ *ਗ੍ਰੰਥ ਸਾਹਿਬ ਜੀ* ਜੋ ਸਰਬ ਗੁਰੂਓਂ ਕੇ ਸ੍ਵਰੂਪ ਹੈ।

ਕੈਸੇ ਹੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੋ ਬ੍ਰਹਮ ਗਯਾਨ ਕਾ ਅਵਤਾਰ ਏਕ ਪੰਚਮ ਵੇਦ ਹੈਂ ਹਿ ਨਾਮ ਨਿਸਚੈ ਕਰਕੇ। ਜੋ ਕੋਈ ਭੀ ਜੀਵ ਸ਼ਰਧਾ ਭਗਤੀ ਕਰਕੇ ਸ੍ਰੀ ਸਰਬ ਗੁਰੂਓਂ ਕੇ ਅਵਤਾਰ ਰੂਪ ਜਾਨ ਕੇ ਦਰਸ਼ਨ ਕਰਤੇ ਹੈਂ, ਤਿਨ ਕੋ ਅੰਤਰਹਕਰਣ ਸੁਧੀ ਦ੍ਵਾਰਾ ਗਯਾਨ ਮੋਖ ਦ੍ਵਾਰਾ ਤਾਰਕ ਹੈਂ, ਸੰਸਾਰ ਰੂਪੀ ਮਹਾਂ ਭਯਾਨਕ ਸਮੁੰਦ੍ਰ ਸੇ ਤਾਰ ਲੇਤੇ ਹੈ। ਜਹਾਜ਼ ਰੂਪ ਹੋ ਕੇ ਵ ਸੇਤੁ ਹੋ ਕੇ। ਅਰਥਾਤ ਪ੍ਰਤਿਦਿਨ ਸ਼ਰਧਾ ਭਗਤੀ ਕਰਕੇ ਜੋ *ਗੁਰੂ ਗ੍ਰੰਥ ਸਾਹਿਬ* ਕੋ ਦਰਸ਼ਨ ਕਰਤੇ ਹੈ ਤਿਸਕੋ ਸੰਸਾਰ ਰੂਪੀ ਸਮੁੰਦ੍ਰ ਮੇਂ ਡੂਬਣੇ ਕੋ ਡਰ ਨਹੀਂ ਰਹਤੇ ਹੈ।

[*ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ*, ਦੇਵਤਰੂ ੧ ਸਕੰਧ, ੩ ਅਧਯਾਯ ਪੰਨਾ ੫੫-੫੬]

੫੮. ਕਰਤਾ 'ਬਿਜੈ-ਮੁਕਤ'

ਗੁਰੂ ਜੀ ਸੁਣ ਕੇ ਹੀ ਉਪਦੇਸ਼ ਕੀਆ, ਅਪਣੀ ਧਰਮਸ਼ਾਲਾ ਵਿਚ ਜਾ ਕੇ *ਗੁਰੂ ਗ੍ਰੰਥ ਸਾਹਿਬ* ਜੀ ਖੋਲ੍ਹੋ, ਭਾਈ ਨੂੰ ਆਖੋ, ਉਪਦੇਸ਼ ਕਰੇ। ਸਿਖਾਂ ਨੂੰ, ਜਦ ਅਪਣੇ ਮਜ਼ਹਬ ਦੀ ਖ਼ਬਰ ਹੋਵੇਗੀ ਓਦੋਂ ਆਪ ਹੀ ਸਮਸਝ ਜਾਵਣਗੇ ਏਹ ਸੱਚਾ ਉਪਦੇਸ ਹੈ। ਸੱਚ ਅਗੇ ਝੂਠ ਆਪੇ ਹੀ ਲੁਕ ਜਾਵੇਗਾ। ਜੇਹੜੇ ਸਾਧ ਫਕੀਰ ਹੈਨ ਸਿਰਮੁੰਨੇ, ਇਨ੍ਹਾਂ ਦਾ ਕੁਝ ਉਪਦੇਸ਼ ਨਹੀਂ ਲਗੇਗਾ, ਉਨ੍ਹਾਂ ਨੂੰ ਦਰਗਾਹੇ ਜਾ ਕੇ ਸਜ਼ਾ ਮਿਲੇਗੀ, ਸੂਲੀ ਚੜ੍ਹਾਏ ਜਾਣਗੇ ਕਿਉਂ ਜੁ ਪਰਮੇਸਰ ਨੇ ਕੇਸ ਬਖਸ਼ੇ, ਇਨ੍ਹਾਂ ਕਬੂਲੇ ਨ ਕੀਤੇ ਸ਼ਬਦ—

'ਹੁਕਮ ਮੰਨਿਐ ਹੋਵਹਿ ਪਰਵਾਣ ਤਾ ਦਰਗਾਹਿ ਕਾ ਮਹਲ ਪਾਇ ਸੀ।'

ਧਰਮਰਾਜ ਪਾਸ ਜਾਕੇ 'ਹਾਲ ਹਾਲ' ਕਰਨਗੇ ਤਬ ਫਿਰ ਧਰਮਰਾਜ ਭੁਲ ਬਖਸ਼ੇਗਾ ਆਗੇ ਇਹ ਬਾਰਤਾ ਨ ਕਰਾਂਗੇ ਤੇ ਧਰਮਰਾਜ ਨੇ ਸਰਾਪ ਦੀਆਂ 'ਤੁਸੀਂ ਏਨ੍ਹਾਂ ਗ੍ਰਿਸਤੀਆਂ ਦੇ ਬੂਹੇ ਮੰਗਦੇ ਫਿਰੋਗੇ ਅਰ ਸਿਖਾਂ ਨੂੰ ਏਹ ਹੁਕਮ ਕੀਤਾ ਗੁਰੂ ਜੀ ਨੇ, ਏਨ੍ਹਾਂ ਦੀ ਸੰਗਤ ਕਰਨੀ ਨਹੀਂ, ਏਹ ਲੂਣਹਰਾਮ ਹਨ ਜਿਸਦਾ ਖਾਂਦੇ ਹਨ, ਉਸਦਾ ਬੁਰਾ ਕਰਦੇ ਹੈਨ, ਉਨ੍ਹਾਂ ਦੇ ਪੁਤ੍ਰਾਂ ਨੂੰ ਸਿਰ ਮੁੰਨ ਕੇ ਫਕੀਰ ਕਰ ਲੈਂਦੇ ਹੈਨ। ਜਿਹੜਾ ਸਿੰਘ ਹੋ ਕੇ ਆਪਣੇ ਗੁਰੂ ਨੂੰ ਛੱਡਕੇ ਦੂਜੇ ਦਾ ਉਪਦੇਸ਼ ਗ੍ਰਹਿਣ ਕਰਦਾ ਹੈ, ਉਹ ਸ੍ਵਾਨ ਕੀ ਨਿਆਈਂ ਭ੍ਰਮਦਾ ਫਿਰਦਾ ਹੈ।'

ਉਪਦੇਸ਼ ਸੁਣਕੇ ਸਿੰਘਾਂ ਅਰਜ਼ ਕੀਤੀ, 'ਸਾਨੂੰ ਬਖਸ਼ੋ ਜੀ।' ਗੁਰਾਂ ਬਚਨ ਕੀਤਾ— ਉਪਦੇਸ਼ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਕਾ ਮੰਨੋ, ਏਹੁ ਤੁਸਾਡਾ ਗੁਰੂ ਹੈ। ਜੋ ਇਨ੍ਹਾਂ ਪਰ ਭਰੋਸਾ ਕਰੈਗਾ ਬਾਨੀ ਕਰਕੈ, ਹੱਥਾਂ ਕਰਕੈ ਸੇਵਾ ਕਰੇਗਾ ਅਭਿਆਗਤ ਨੂੰ ਜਲ ਛਕਾਏ, ਬਸਤ੍ਰ ਦੇਵੇ, ਅੰਨ ਦੇਵੇ, ਗੁਰੂ ਜੀ ਆਪ ਉਸ ਨੂੰ ਧਰਮਰਾਜ ਤੇ ਜਮਾਂ ਥੀਂ ਛੁਡਾਵਣਗੇ। ਸ਼ਬਦ—

ਲੋਕ ਸੁਖੀ ਪਰਲੋਕ ਸੋਹੇਲੇ, ਨਾਨਕ ਹਰਿ ਪ੍ਰਭੁ ਆਪੇ ਮੇਲੇ।
ਬੋਲੋ ਭਾਈ ਜੀ ਵਾਹਿਗੁਰੂ। ੩੭।

[*ਧਰਮ ਸ਼ਾਸਤ੍ਰ ਬਿਜੈ ਮੁਕਤ*, ਪੰਨਾ 136 (ਸੰਮਤ ਦਰਜ਼ ਨਹੀਂ)
ਪ੍ਰਕਾਸ਼ਕ ਭਾਈ ਹਰੀ ਸਿੰਘ ਲਿਖਾਰੀ ਬੁੰਗਾ ਸਿੰਘਪੁਰੀਆਂ ਅੰਮ੍ਰਿਤਸਰ
੧੯੧੩ ਈ.

੫੯. ਬਾਬਾ ਕਾਲਾ ਸਿੰਘ ਨਾਮਧਾਰੀ

ਗੁਰੂ ਗ੍ਰੰਥ ਗੁਰੂ ਪੰਥ ਕੋ। ਗੁਰ ਸੁਤ ਪਿਆਰੇ ਪੰਚ
ਤਿਨ ਕੋ ਮੇਰੀ ਬੰਦਨਾ, ਕਟਹੁ ਕਾਲ ਜਮ ਫੰਧ।

[*ਨਾਮਧਾਰੀਆਂ ਸਿੰਘਾਂ ਦਾ ਸ਼ਹੀਦ ਬਿਲਾਸ*]

੬੦. ਭਾਈ ਧਯਾਨ ਸਿੰਘ ਨਾਮਧਾਰੀ

ਗੁਰੂ ਦਸਮ ਕੀ ਰੀਤਿ ਸੰਭਾਲਹੁ
ਲੋਕ ਦੁਹਨ ਮੇਂ ਜੋ ਰਖਵਾਲਹੁ
ਪਾਂਚ ਕੱਕਾ ਵ ਨਾਮ ਇਸ਼ਨਾਨ
ਦਾਨ ਕ੍ਰਿਆ ਸਤਿਗੁਰ ਸੁਖ ਦਾਨ।
ਗੁਰੂ ਗ੍ਰੰਥ ਮੈਂ ਜੋਈ ਲਿਖਿਆ
ਸੋਈ ਧਾਰਹੁ ਮਨ ਮਹਿੰ ਸਿਖਿਆ।

ਕਹਿਓ ਜਾਉ ਸ੍ਰੀ ਅਬਚਲ ਨਗਰੀ
ਦਸਮੇਸ਼ਵਰ ਕੀ ਰੀਤੀ ਸਗਰੀ
ਕਛੁ ਕੁ ਰੋਜ਼ ਰਹਿ ਕੈ ਤੁਮ ਭਾਈ
ਲਿਖ ਲਿਆਵਹੁ ਰੀਤੀ ਸਮੁਦਾਈ
ਗੁਰੂ ਗ੍ਰੰਥ ਕੇ ਸਣ ਅਰਥਾਊ
ਊਹਾਂ ਰਹਹੁ ਭੋਗ ਸਭ ਪਾਊ। [*ਸ੍ਰੀ ਸਤਿਗੁਰੂ ਬਿਲਾਸ*]

੯੧. *ਬਾਵਾ ਬੁਧ ਸਿੰਘ* ੧੯੧੩ ਈ.

ਸ੍ਰੀ ਗੁਰੂ ਅਰਜਨ ਦੇਵ ਸਿਖਾਂ ਦੇ ਪੰਜਵੇਂ ਪ੍ਰਸਿਧ ਗੁਰੂ ਹੋਏ ਹਨ। ਸਭ ਤੋ ਵਡਾ ਕੰਮ ਏਹਨਾਂ ਦਾ ਆਦਿ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਨੂੰ ਤਿਆਰ ਕਰਨਾ ਹੈ। ਬੜੀ ਹਿੰਮਤ ਤੇ ਪ੍ਰੇਮ ਨਾਲ ਪਹਿਲੇ ਗੁਰੂਆਂ ਦੀਆਂ ਬਾਣੀਆਂ ਅਕੱਠੀਆਂ ਕੀਤੀਆਂ ਅਰ *ਸ੍ਰੀ ਗੁਰੂ ਗ੍ਰੰਥ ਸਾਹਿਬ* ਸਿਖਾਂ ਦੇ ਲਾਭ ਲਈ ਤਿਆਰ ਕੀਤਾ, ਸਿਖਾਂ ਤੇ ਉਪਕਾਰ ਕੀਤਾ। ਅਰ ਨਾਲ ਹੀ ਪੰਜਾਬੀ ਕਵਿਤਾ ਦਾ ਇਕ ਅਣਮੋਲ ਭੰਡਾਰ ਬਣਾ ਦਿੱਤਾ। *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਵਿਚ ਜੋ ਸ਼ਬਦ ਹੋਰਨਾਂ ਗੁਰੂਆਂ ਦੇ ਚੜ੍ਹੇ ਹਨ, ਉਹਨਾਂ ਦੀ ਪਦ ਸੋਧਣਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕੀਤੀ ਨਜ਼ਰ ਆਉਂਦੀ ਹੈ। ਕਿਉਂਕਿ ਜੋ ਬਾਬਾ ਮੋਹਨ ਜੀ ਵਾਲੀ ਪੋਥੀ ਹੈ, ਉਸ ਵਿਚ ਪੁਰਾਣੇ ਸ਼ਬਦਾਂ ਦੀ ਇਬਾਰਤ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਕੁਝ ਕੁ ਵੱਖਰੀ ਹੈ।

[*ਹੰਸਚੋਗ*, ਪੰਨਾ ੮੯-੯੦, ਤੀਜੀ ਵਾਰ (੧੯੨੬)

੯੨. *ਸੰਤ ਖ਼ਾਲਸਾ ਭਾਈ ਅਵਤਾਰ ਸਿੰਘ ਵਹੀਰੀਆ* ੧੯੧੪ ਈ.

(ੳ) (੩) *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਕੀ ਪਦਾਰਥ ਹੈ?

(੬) *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਅਨੇਕ ਭਗਤਾਂ ਦੀ ਬਾਣੀ ਦੀਆਂ ਸਾਖਾਂ ਸੰਜੁਗਤ ਦਸ ਪਾਤਸ਼ਾਹੀ ਸ੍ਰੀ ਗੁਰੂ ਜੀ ਦੇ ਹਿਰਦੇ ਦਾ ਭਾਵ ਹੋਣੇ ਕਰ ਗੁਰੂ ਰੂਪ ਹੈ। ਤਥਾ ਹੀ

(੭) ਦਸਮੀ ਪਾਤਸ਼ਾਹੀ ਜੀ ਕਰਕੇ ਚਕ੍ਰਵਰਤੀ ਪਾਤਸ਼ਾਹੀ ਦੀ ਪਦਵੀ ਪਰ ਥਾਪਣ ਹੋਣੇ ਕਰਕੇ ਭੀ ਦਸਾਂ ਪਾਤਸ਼ਾਹੀ ਦਾ ਸਰੂਪ ਹਾਜ਼ਰ ਹਜ਼ੂਰ ਹੈ।

(੮) ਸ੍ਰੀ ਗੁਰੂ ਨਾਨਕ ਘਰ ਦੇ ਜਿਤਨੀਆ ਸੰਪ੍ਰਦਾਵਾਂ ਦੇ ਭੇਦ ਹਨ ਅਥਵਾ ਅਗੋਂ ਨੂੰ ਹੋਨ ਸਭਨਾਂ, ਲਈ ਗੁਰੂ ਕਰਕੇ ਪੂਜਣ ਯੋਗ ਸਭਨਾਂ ਦਾ ਅਲੰਭ ਹੈ। ਗੁਰੂ ਘਰ ਦੀ ਕੋਈ ਸੰਪ੍ਰਦਾਇ ਭੀ *ਗੁਰੂ ਗ੍ਰੰਥ ਜੀ* ਦੇ ਆਸਰਾ ਲਏ ਬਿਨਾ ਨਹੀਂ ਹੋ ਸਕਦੀ ਅਤੇ ਨਾਹੀ ਇਸ ਦੇ ਬਾਝ ਕੋਈ ਕਾਰਜ ਹੋ ਸਕਦਾ ਹੈ।

(੯) *ਗੁਰੂ ਗ੍ਰੰਥ ਸਾਹਿਬ* ਵਿਚ ਨਾਮ ਧਰਮ ਦਾ ਨਿਰੂਪਣ ਹੈ ਤਾਂਤੇ ਨਾਮ ਨਾਮੀ ਅਭੇਦ ਹੋਣੇ ਕਰ ਸ਼ਬਦ ਬ੍ਰਹਮ ਹੈ ਜੋ ਅਕਾਲ ਪੁਰਖ ਜੀ ਦਾ ਪ੍ਰਤੱਖ ਸਰੂਪ ਹੈ। ਅਸਲ ਪਦਾਰਥ ਵਾਹਗੁਰੂ ਅਕਾਲ ਪੁਰਖ ਜੀ ਦਾ ਨਾਮ ਹੈ ਜਿਸਦੇ ਸਬੰਧ ਕਰ ਗੁਰੂ ਸਾਹਿਬ ਤਥਾ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਤਥਾ ਗੁਰਸਥਾਨਾਂ ਅਥਵਾ ਸਤਿਸੰਗਤ ਦਾ ਮਹਾਤਮ ਅਤੇ ਮਹਿਮਾਂ ਪੂਜਾ ਹੈ ਤਾਂ *ਗੁਰੂ ਗ੍ਰੰਥ* ਜੀ ਗੁਰੂ ਅਤੇ ਪ੍ਰਮੇਸਰ ਜੀ ਦਾ ਪ੍ਰਤਖ ਸਰੂਪ ਮੰਨਿਆ ਹੈ।

(੧੦) ਜਦ *ਗ੍ਰੰਥ ਸਾਹਿਬ ਜੀ* ਨੂੰ ਉਤਲੇ ਅਸੂਲਾਂ ਕਰ ਅਥਵਾ "ਸਬ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ" ਰਹਿਤਨਾਮੇ ਦੇ ਇਸ ਬਚਨ ਵਾਲੇ ਅਸੂਲ ਅਨੁਸਾਰ ਗੁਰੂ ਮੰਨ ਲਇਆ

ਤਾ ੧ੳ ਸਤਿ ਨਾਮ ਤੋਂ ਲੈ, ਅਠਾਰਹਿ ਦਸ ਬੀਸ, ਤਕ ਜੋ ਬਾਣੀ ਵਿਚ ਲਿਖੀ ਹੈ, ਉਹ ਸਾਰੀ ਬਾਣੀ ਗੁਰੂ ਕੀ ਬਾਣੀ ਹੈ ਇਸ ਵਿਚ ਵਿਤਕਰਾ ਕਰਨਾ ਕਿ ਅਮਕੀ ਗੁਰਾਂ ਦੀ ਹੈ ਅਮਕੀ ਨਹੀਂ, ਇਸ ਤੇ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਨੂੰ ਗੁਰੂ ਮੰਨਨ ਤੋਂ ਬੇਮੁਖਤਾ ਸਿਧ ਹੋਂਦੀ ਹੈ।

[*ਖਾਲਸਾ ਧਰਮ ਸ਼ਾਸ਼ਤ੍ਰ*, ਪੰਨਾ ੫੦-੫੧]

ਵੇਦ ਸ਼ਾਸਤ੍ਰ ਸਿੰਮ੍ਰਤੀਆਂ ਪੁਰਾਣਾਂ ਤਥਾ *ਤੁਰੇਤ ਅੰਜੀਲ ਕੁਰਾਨ* ਆਦਿਕ ਜਿਤਨੇ ਮਤਾਂ ਮਤਾਤ੍ਰਾਂ ਦੇ *ਗ੍ਰੰਥ ਪੁਸਤਕ* ਕਿਤਾਬਾਂ ਹਨ ਉਨ੍ਹਾਂ ਦੇ ਸਹੀ ਹੋਣੇ ਵਿਚ ਕੋਈ ਭੀ ਪ੍ਰਮਾਣ ਨਹੀਂ ਹੈ ਜੋ ਉਨ੍ਹਾਂ ਦੇ ਕਰਤਿਆਂ ਨੇ ਆਪ ਇਕ ਸਤਰ ਭੀ ਨਹੀਂ ਲਿਖੀ ਅਰ ਨਾ ਹੀ ਉਨ੍ਹਾਂ ਦੇ ਆਪਣੇ ਪ੍ਰਬੰਧ ਵਿਚ ਕੋਈ ਪਹਿਲਾ ਲਿਖਿਆ *ਗ੍ਰੰਥ ਪੁਸਤਕ* ਕਿਤਾਬ ਤਿਆਰ ਹੋਇਆ ਅਰ ਨਾਹੀਂ ਮਜੂਦ ਹੈ ਜਿਸ ਤੋਂ ਕੋਈ ਅਸ਼ੁੱਧੀ ਸ਼ੁੱਧ ਹੋ ਸਕੇ।

ਜਿਤਨੇ ਗ੍ਰੰਥ ਪੁਸਤਕ ਕਿਤਾਬਾਂ ਲਿਖੇ ਗਏ ਉਨ੍ਹਾਂ ਦੇ ਕਰਤਿਆਂ ਤੋਂ ਬਹੁਤ ਬਹੁਤ ਅਰਸਾ ਪਿਛੇ ਲਿਖਣ ਹੋਏ ਪਰ ਉਨ੍ਹਾਂ ਦਾ ਭੀ ਪਹਿਲਾ ਲਿਖਿਆ ਕੋਈ ਮਜੂਦ ਨਹੀਂ।

ਏਹ ਪਤਾ ਨਹੀਂ ਕਿ ਪਹਿਲਿਆਂ ਵਿਚ ਤੇ ਹੁਣ ਜੋ ਪ੍ਰਵਿਰਤ ਹਨ ਇਨ੍ਹਾਂ ਵਿਚ ਕੀ ਫਰਕ ਹੈ। ਇਸ ਲਈ ਇਨ੍ਹਾਂ ਸਭਨਾ ਪਰ ਸ਼ੁਬਾ ਹੋ ਸਕਦਾ ਹੈ ਕਿ ਪਿਛੋਂ ਕਰਨ ਵਾਲਿਆਂ ਨੇ ਕਈ ਮਨਘੜਤ ਕਾਰਸਾਜੀਆਂ ਕੀਤੀਆਂ ਹੋਨ।

ਪਰ *ਸ੍ਰੀ ਗੁਰੂ ਗ੍ਰੰਥ ਸਾਹਿਬ* ਹੀ ਇਕ ਹੈ ਜਿਸਨੂੰ ਏਹ ਵਡਿਆਈ ਹੈ ਕਿ ਜੋ ਆਪ ਸ੍ਰੀ ਗੁਰੂ ਪੰਜਵੀਂ ਪਾਤਸ਼ਾਹੀ ਜੀ ਨੇ ਭਾਈ ਗੁਰਦਾਸ ਜੀ ਦੇ ਪ੍ਰਬੰਧ ਵਿਚ ਆਪਣੇ ਸਾਹਮਣੇ ਤਰਤੀਬਵਾਰ ਲਿਖਵਾ ਬੀੜ ਰਚੀ ਜੋ ਕਰਤਾਰ ਪੁਰੇ ਵਿਚ ਮੌਜੂਦ ਹੈ। ਜਦ ਕਿਸੀ ਨੂੰ ਕੋਈ ਅੰਕ, ਲਗ ਕੰਨਾਂ ਮਾਤ੍ਰ ਅੱਖਰ ਦਾ ਭੁਲੇਵਾਂ ਪੈ ਜਾਂਦਾ ਹੈ ਤਾਂ ਉਸਤੋਂ ਸ਼ੁਧ ਕੀਤਾ ਜਾਂਦਾ ਹੈ। ਤਿਸਤੇ ਉਪਰੰਤ ਥੋੜੇ ਥੋੜੇ ਜੋ ਭੇਦ ਬੀੜਾਂ ਵਿਚ ਲਿਖਾਰੀਆਂ ਦੀ ਕਲਮ ਨੇ ਕਰ ਦਿੱਤੇ ਹਨ ਜੋ *ਦਮਦਮੇਂ ਦੀ ਬੀੜ* ਸ੍ਰੀ ਗੁਰੂ ਦਸਮੇਂ ਪਾਤਸ਼ਾਹ ਜੀ ਨੇ ਮੁਕੰਮਲਕਰ ਦਿੱਤੀ ਸੋ ਹੁਣ ਛਾਪੇ ਵਿਚ ਹੋ ਜਾਣੇ ਕਰਕੇ ਲਿਖਾਰੀਆਂ ਦੇ ਹੱਥੋਂ ਘੱਟ ਵੱਧ ਹੋਨ ਦਾ ਡਰ ਨਹੀਂ ਰਹਿਆ।

ਸ੍ਰੀ ਗੁਰੂ ਦਸਮੇ ਪਾਤਸ਼ਾਹ ਜੀ ਨੇ ਆਪਣੇ ਜੋਤੀ ਜੋਤ ਸਮਾਉਣੇ ਸਮੇਂ ਆਪਣੀ ਚਕ੍ਰਵਰਤੀ ਗੁਰਿਆਈ ਦੀ ਪਾਤਸ਼ਾਹਤ ਦਾ ਤਿਲਕ ਗਯਾਰਵੇਂ ਸਥਾਨ *ਗ੍ਰੰਥ ਸਾਹਿਬ ਜੀ* ਨੂੰ ਦੇ ਕਰ *ਗ੍ਰੰਥ ਸਾਹਿਬ* ਨੂੰ *ਗੁਰੂ ਗ੍ਰੰਥ ਸਾਹਿਬ* ਕੀਤਾ ਅਤੇ ਗੁਰੂ ਨਾਨਕਪੰਥੀ ਸਾਰੀਆਂ ਸੰਪ੍ਰਦਾਵਾ ਦੀਆਂ ਸੰਗਤਾਂ ਨੂੰ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੇ ਲੜ ਲਾਇਆ।

ਬੇਦੀ, ਤੇਹਣ, ਭੱਲੇ, ਸੋਢੀ, ਗੁਰੂ ਚੇਲੇ, ਮਹੰਤ, ਸੰਤ, ਸਿਖ, ਸੰਗਤਾਂ, ਮਾਈ, ਭਾਈ, ਸਾਰੇ ਨਾਨਕਪੰਥੀ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੀ ਤਾਬਿਆ ਕੀਤੇ ਕਿ *ਗੁਰੂ ਗ੍ਰੰਥ ਸਾਹਿਬ ਜੀ* ਦੇ ਮਤ ਤੋਂ ਵਖਰਾ ਆਪਣਾ ਮਤ ਕੋਈ ਨਾ ਚਲਾਏ, ਕੋਈ ਆਪਣਾ ਮਤਾ ਨ ਮਤਾਵੇ ਸਬ ਲੋਕ ਸ੍ਰੀ *ਗੁਰੂ ਗ੍ਰੰਥ ਸਾਹਿਬ ਜੀ* ਦੀ ਆਗਿਆਵਰਤੀ ਰਹਿਣ ਅਤੇ ਗੁਰੂ ਜੀ ਦਾ ਸਿੱਕਾ ਚਲਾਉਣ, ਆਪਹੁਦਰੇ ਸਿਰਖੁਦ ਨਾ ਹੋ ਜਾਣ। ਇਸੀ ਪ੍ਰਸੰਗ ਪਰ ਰਹਿਤਨਾਮੇ ਦੇ ਕਰਤਾ ਨੇ ਏਹ ਬਚਨ ਆਪਣੇ ਰਹਿਤਨਾਮੇ ਵਿਚ ਲਿਖਿਆ :

ਸਬ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।

[*ਖਾਲਸਾ ਧਰਮ ਸ਼ਾਸਤ੍ਰ, ਪੰਨਾ ੫੭-੫੮*]

(ਅ) ਸਿਧਾਂਤੀ—ਗੁਰਿਆਈ ਦੀਆਂ ਪਦਵੀਆਂ ਦੁਹੁ ਪ੍ਰਕਾਰਾਂ ਦੀਆਂ ਹਨ ਇਕ

ਗੁਰਿਆਈ ਦੀ ਪਾਤਸ਼ਾਹਿਤ ਦੀ ਪਦਵੀ ਜੋ ਸਾਰੇ ਪੰਥ ਦੀ ਮਰਕਜ਼ੀ ਚੱਕ੍ਰ-ਵਰਤੀ ਗੁਰਿਆਈ ਦੀ ਹੈ। ਜਿਸਦੀ ਤਾਬਿਆ ਸਾਰੇ ਨਾਨਕਪੰਥੀ ਹਨ ਅਤੇ ਜਿਸਦੇ ਅਗੇ ਸਾਰੇ ਨਾਨਕਪੰਥੀਆਂ ਨੂੰ ਸੀਸ ਝੁਕਾਉਣਾ ਆਵਸ਼ਕ ਅਰਥਾਤ ਲਾਜ਼ਮੀ ਹੈ। ਜਿਸਦਾ ਹੁਕਮ ਸ਼ਾਹੀ ਕਾਨੂੰਨ ਦੀ ਅਮੋੜ ਹੈਸੀਅਤ ਰਖਦਾ ਹੈ। ਸੋ ਐਸੀ ਪਾਤਸ਼ਾਹਿਤ ਦੀ ਪਦਵੀ ਵਾਲੀ ਚਕ੍ਰਵਰਤੀ ਸ਼ਿਰੋਮਣੀ ਗੁਰਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਪਣ ਕੀਤੀ ਗਈ ਹੈ। ਏਹ ਗੁਰਿਆਈ ਦਾ ਦਰਜਾ ਜੋ ਪਾਤਸ਼ਾਹਿਤ ਦਾ ਹੈ। ਗੁਰੂ ਅਵਤਾਰਤਾ ਦਾ ਹੈ ਜੋ ਅਦੁਤੀ ਹੈ, ਗੁਰਸਿਖੀ ਧਰਮ ਦਾ ਬਾਨੀ-ਮੁਬਾਨੀ ਅਰਥਾਤ ਪੰਥ ਦੇ ਕਰਤੇਪੁਣੇ ਦਾ ਹੈ। ਵਾਹ ਗੁਰੂ ਜੀ ਦੀ ਜੋਤ ਨੇ ਸ੍ਰੀ ਗੁਰੂ ਨਾਨਕ ਜੀ ਦਾ ਅਵਤਾਰ ਧਾਰ ਕਰ ਪੰਜਾ ਜਾਮਿਆਂ ਤਕ ਜੋ ਸ਼ਾਤਿ ਰਸ ਵਿਚ ਜਿਹਨਾਂ ਅਸੂਲਾਂ ਅਤੇ ਨੇਮਾਂ ਵਾਲਾ ਪੰਥ ਚਲਾਇਆ ਓਹ ਅਸੂਲ, ਨੇਮ ਅਤੇ ਇਸ਼ਟ ਉਪਾਸ਼ਨਾ ਸਬ *ਗੁਰੂ ਗ੍ਰੰਥ ਸਾਹਿਬ* ਵਿਚ ਲਿਖ ਧਰੀ ਅਤੇ ਪੰਥ ਦਾ ਗੁਰੂ ਸਥਾਪਨ ਕਰ ਦਿੱਤਾ। ਤਾਤਪ੍ਰਯ ਇਸ ਵਿਚ *ਗੁਰੂ ਗ੍ਰੰਥ ਸਾਹਿਬ* ਦਾ ਏਹ ਸੀ ਕਿ ਸਿਖੀ ਪੰਥ ਦੇ ਅਸੂਲ ਨੇਮ ਇਸ਼ਟ ਉਪਾਸ਼ਨਾ ਆਦਿਕਾਂ ਨੂੰ ਕੋਈ ਰੱਦ ਬਦਲਕੇ ਹੋਰ ਦਾ ਹੋਰ ਹੀ ਰੰਗ ਨਾ ਭਰ ਲਵੇ ਜਿਉਂ ਦਾ ਤਿਉਂ ਹੀ ਸਦਾ ਅੱਟਲ ਰਹੇ। ਏਹੁ ਕਾਰਣ ਸੀ ਕਿ ਇਸ ਪ੍ਰਕਾਰ ਦੀ ਗੁਰਿਆਈ ਦੀ ਪਦਵੀ ਕਿਸੀ ਮਨੁੱਖੀ ਦੇਹ ਵਾਲੇ ਨੂੰ ਨਹੀਂ ਦਿੱਤੀ ਗਈ। ਏਹ ਨਾ ਹੋਵੇ ਜੋ ਆਪਣੀਆਂ ਉਕਤੀਆਂ ਮਿਲਾ ਕੇ ਕੁਛ ਉਲਟ ਪੁਲਟ ਕਰ ਦੇਂਦਾ ਹੋਵੇ। ਸੋ ਐਸਾ ਪੰਥ ਦਾ ਚੱਕ੍ਰ ਵਰਤੀ ਪਾਤਸਾਹਿਤ ਦੇ ਗਿਆਰਵੇਂ ਸਥਾਨ *ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਹੀ ਹੈ। ਸੋ ਨਾਨਕ ਪੰਥੀਆਂ ਵਿਚੋਂ ਕਿਸੀ ਦਾ ਮਕਦੂਰ ਨਹੀਂ ਜੋ *ਸ੍ਰੀ ਗੁਰੂ ਗ੍ਰੰਥ ਸਾਹਿਬ* ਨੂੰ ਦਸ ਪਾਤਸ਼ਾਹੀ ਗੁਰੂ ਜੀ ਦੀ ਪਦਵੀ ਪਰ ਨਾ ਮੰਨੇ ਅਰ ਓਹੀ ਸ਼ਾਹਾਨਾ ਆਦਰ ਮਾਨ ਨਾ ਕਰੇ ਜਿਸ ਪਰ ਭਾਈ ਪ੍ਰਹਲਾਦ ਸਿੰਘ ਜੀ ਵਾਲੇ ਰਹਤਨਾਮੇ ਦਾ ਬਚਨ ਹੈ

ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਯੋ ਪੰਥ
ਸਭਿ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ

ਹੋਰ ਤਾਤਪ੍ਰਯ ਏਹ ਕਿ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਤੋਂ ਲੇਕਰ ਸ੍ਰੀ ਗੁਰੂ ਦਸਮੇ ਪਾਤਸ਼ਾਹ ਜੀ ਤਕ ਜੋ ਗੁਰਿਆਈ ਦੀ ਪਾਤਸ਼ਾਹਿਤ ਸੀ, ਸ਼ਖਸੀ ਰਹੀ। ਅਤੇ ਇਸ ਪਾਤਸ਼ਾਹਿਤ ਦਾ ਤਖਤ ਚੋਵਰ ਅਤੇ ਛਤ੍ਰ *ਸ੍ਰੀ ਗੁਰੂ ਗ੍ਰੰਥ ਸਾਹਿਬ* ਪਰ ਆਉਣ ਕਰ ਏਹ ਗੁਰਿਆਈ ਦੀ ਪਾਤਸ਼ਾਹੀ ਕਾਨੂੰਨੀ ਬਣ ਗਈ। ਜਦ ਤਕ ਪ੍ਰਿਥਵੀ ਪਰ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਮੋਜੂਦ ਹਨ ਤਦ ਤਕ ਕੋਈ ਗਿਆਰਵਾਂ, ਬਾਰ੍ਹਵਾਂ, ਤੇਰ੍ਹਵਾਂ ਦੇਹਧਾਰੀ ਪਾਤਸ਼ਾਹ ਗੁਰੂ ਨਹੀਂ ਹੋ ਸਕਦਾ ਦਸਾਂ ਤਕ ਹੀ ਸਮਾਪਤੀ ਹੋ ਗਈ ਹੈ। ਜੋ ਕੋਈ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੀ ਬਰਾਬਰੀ ਕਰੇ ਉਸ ਦੇ ਲਈ ਉਸੀ ਰਹਤਨਾਮੇ ਦਾ ਏਹ ਬਚਨ ਹੈ

ਕਰੀ ਥਾਪਨਾ ਜਾਸ ਕੀ ਮੋਹਿ ਜੁ ਆਪਨੇ ਹਾਥ
ਤਿਸਕੀ ਸਮਸਰ ਜੋ ਕਰੈ ਜਰ ਜਾਵੈ ਕੁਲ ਸਾਥ।

ਸਿਧਾਂਤ ਸਾਰ ਏਹ ਕਿ ਜਿਸਨੇ ਮਨੁਖਾ ਜਨਮ ਪਾਏ ਕਰ ਅਪਣਾ ਜਨਮ ਸੁਫਲਾ ਕਰਨ ਲਈ ਕਲਿਆਣ ਦਾ ਮਾਰਗ ਦਸ ਜਾਮੇ ਧਾਰੀ ਸ੍ਰੀ ਗੁਰੂ ਨਾਨਕ ਜੀ ਤੋਂ ਪੁਛਣਾ ਹੋਵੇ ਕਿ ਮੈਂ ਕੀ ਕਰਾਂ ਅਤੇ ਕੀ ਨਾ ਕਰਾਂ ਓਹ *ਗੁਰੂ ਗ੍ਰੰਥ ਸਾਹਿਬ ਜੀ* ਵਿਚੋਂ ਗੁਰਾਂ ਦਾ ਲਿਖ ਧਰਿਆ ਹੋਇਆ ਉਤ੍ਰ ਪੜ੍ਹ ਲਏ ਅਥਵਾ ਸੁਣ ਲਏ ਤਾਂ ਉਸਦੇ ਕਰਨੇ ਅਤੇ ਨਾ ਕਰਨ ਦਾ ਮਾਰਗ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦਸ ਦੇਨਗੇ। ਜਿਸ ਪਰ ਤੁਰਨੇ ਅਰਥਾਤ ਅਮਲ ਵਿਚ ਲਿਆਉਣ ਕਰ ਕਲਿਆਨ

ਨੂੰ ਪ੍ਰਾਪਤ ਹੋਈਦਾ ਹੈ। ਸ੍ਰੀ *ਗੁਰੂ ਗ੍ਰੰਥ ਸਾਹਿਬ ਜੀ* ਦੀ ਗੁਰਿਆਈ ਰਹਨੁਮਾਈ ਕਰਨ ਵਾਲੀ ਹੈ।
[ਪੰਨਾ ੬੮-੭੦]

ਸੋ ਤਾਤਪ੍ਰਜ ਏਹ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਨੂੰ ਇਸ ਪ੍ਰਯੋਜਨ ਲਈ ਰਹਨੁਮਾ ਗੁਰੂ ਬਣਾਇਆ ਕਿ ਆਤਮਕ (ਰੂਹਾਨੀ) ਜੀਵਨ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੇ ਮਤ ਅਨੁਸਾਰ ਸਾਰੇ ਪੰਥ ਦਾ ਕਾਇਮ ਦਾਇਮ ਰਹੇ, ਕੋਈ ਇਸਦੇ ਵਿਰੁੱਧ ਮਨਮਤਿ ਨਾ ਕਰਨੀ ਪਾਏ। ਅਤੇ ਪੰਚਾਇਤ ਨੂੰ ਅੰਮ੍ਰਿਤ ਛਕਾਉਣੇ ਅਰ ਇੰਨਤਜਾਮੀ ਅਤੇ ਅਦਾਲਤੀ ਅਖਤਿਆਰਾਤ ਦੇ ਵਰਤਣ ਲਈ ਮੁਕਾਮੀ ਮੰਡਲੀਕ ਗੁਰਿਆਈ ਬਖਸ਼ੀ। ਅਰ ਇਕਲਾਪੇ ਇਕ ਇਕ ਨੂੰ ਜੋ ਗੁਰਿਆਈ ਬਖਸ਼ੀ ਇਕ ਤਾਂ ਉਹਨਾਂ ਪੰਜਾਂ ਵਿਚੋਂ ਮੁਖਿਤਾ ਦੀ। ਅਤੇ ਦੂਜੇ ਦੀਖਿਤ ਕਰਨ ਵਾਲੇ ਗੁਰੂਆਂ ਦੇ ਨਿਯਮ ਨੂੰ ਪ੍ਰਪੱਕ ਕੀਤਾ। ਏਹ ਬਾਜ਼ਾਬਤਾ ਗੁਰਿਆਈਆਂ ਦੀਆਂ ਬਖਸ਼ਸ਼ਾ ਪਰ ਫੁੱਲ ਚੜ੍ਹਾਇ ਕਰ ਕਦਰ ਉੱਚੀ ਕਰ ਦਿੱਤੀ। ਸੋ ਸਾਰੇ ਪੰਥ ਦੀ ਚੱਕ੍ਰਵਰਤੀ ਗੁਰਿਆਈ ਦੇ ਚਵਰ ਛਤ ਅਤੇ ਤਖਤ ਦੇ ਮਾਲਕ ਅਰ ਸ਼ਾਹੀ ਕਾਨੂੰਨ ਰੂਪ ਆਤਮਕ ਰਹਨੁਮਾਈ ਲਈ ਹਿਦਾਇਤਾਂ ਕਰਨ ਵਾਲੇ *ਗੁਰੂ ਗ੍ਰੰਥ* ਜਿਸਦੀ ਬਾਣੀ ਦੀਆਂ ਦਸ ਪਾਤਸ਼ਾਹੀ ਗੁਰੂ ਸਾਹਿਬਾਂ ਵੱਲੋਂ ਹਿਦਾਇਤਾਂ ਪ੍ਰਾਪਤ ਕਰਨ ਲਈ ਨਿੱਤ ਪਾਠ ਕੀਰਤਨ ਕਥਾ ਆਦਿਕ ਦੇ ਕਰਨ ਸੁਣਨ ਦੇ ਨੇਮ ਪੰਥ ਵਿਚ ਕਾਇਮ ਦਾਇਮ ਹਨ। ਅਤੇ ਪੰਚਾਇਤਾਂ ਭੀ ਹਰ ਥਾਂ ਮੁਕਾਮੀ ਕਾਰਜਾਂ ਦੇ ਨਿਜਿੱਠਨ ਲਈ ਇੱਕਤ੍ਰ ਹੋ ਕਰ ਕਾਰਜਾਂ ਦਾ ਸੁਧਾਰ ਕਰਦੀਆਂ ਹਨ। ਅਤੇ ਦੀਖਿਤ ਕਰਨ ਵਾਲੇ ਗੁਰੂ ਨੂੰ ਪੰਥ ਵਿਚੋਂ ਖੋਜਣਾ ਪਉਂਦਾ ਹੈ। ਜਿੱਥੇ ਭਾਈ ਪ੍ਰਹਿਲਾਦ ਸਿੰਘ ਜੀ ਵਾਲੇ ਰਹਿਨਾਮੇ ਵਿਚ ਏਹ ਹੁਕਮ ਹੈ :

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ

ਇਸ ਤੋਂ ਪਹਿਲਾਂ 25ਵੇਂ ਦੋਹਰੇ ਵਿਚ ਇਹ ਹੁਕਮ ਹੈ—

ਗੁਰੂ ਖਾਲਸਾ ਮਾਨੀਯੋ ਪ੍ਰਗਟ ਗੁਰੂ ਕੀ ਦੇਹ
ਜੋ ਸਿਖ ਮਿਲ ਬੋ ਚਹੈ ਖੋਜ ਇਨ ਮੇ ਸੇ ਲੇਹ। ੨੫।

ਸੋ ਇਸ ਪ੍ਰਕਾਰ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਅਤੇ ਖਾਲਸੇ ਜੀ ਦੀ ਪੰਚਾਇਤ ਅਤੇ ਇਕ ਇਕ ਦੀ ਗੁਰਿਆਈਆਂ ਦਾ ਪੰਥ ਵਿਚ ਪ੍ਰਬੰਧ ਚਲਿਆ ਆਂਵਦਾ ਹੈ।

[*ਉਤ੍ਰੀ ਮੀਮਾਂਸਾ ਗੁਰਦਰਸ਼ਨ ਸ਼ਾਸ਼ਤ੍ਰ*, ਪੰਨਾ ੨੦੫-੬]
ਸ੍ਰੀ ਗੁਰਮਤਿ ਪ੍ਰੈਸ ਸ੍ਰੀ ਅੰਮ੍ਰਿਤਸਰ ਜੀ

੬੩. *ਸੁਆਮੀ ਬਿਸ਼ਨ ਦਾਸ ਜਤੀ ਰੋਪੜ* ੧੯੧੫ ਈ.

(ੳ) ਬਾਤ ਭਵਿਖਤ ਸ੍ਰੀ ਗੁਰ ਜਾਨਾ। ਕਰ ਆਪਨੇ ਗਹਿ ਲੀਨ ਕਮਾਨਾ।
ਲਾਗਯੋ ਜੋਰ ਐਂਚ ਤੇ ਜਬਹੀ। ਟਾਂਕੇ ਛੁਟੇ ਘਾਣ ਤੇ ਤਦਹੀ। ੯੩।
ਪੁਨ ਸ੍ਰੀ ਗੁਰੂ ਨ ਸੀਵਨ ਦੀਏ। ਛੁਟੈ ਗਾਤ ਇਮ ਨਿਹਚੇ ਕੀਏ।
ਤਬ ਮਨ ਸਿਖਨ ਅਰਜ਼ ਅਲਾਈ। ਕਵਨ ਗੁਰੂ ਅਬ ਦੇਹੁ ਬਤਾਈ। ੯੪।
ਸ੍ਰੀ ਗੁਰ ਭਨਯੋ, ਲਖੋ ਗੁਰੁ ਗ੍ਰੰਥਾ। ਯਾਂਕੇ ਭੀਤਰ ਹੀ ਗੁਰ ਪੰਥਾ।
ਸ਼ਬਦ ਮਾਹਿ ਜੋ ਹੁਕਮ ਅਲਾਯੋ। ਸੋ ਉਰ ਧਰੋ ਸਭਨ ਉਰ ਭਾਯੋ। ੯੫।
ਆਜ ਕਾਲ ਗੁਰ ਸਿਖ ਕਹਾਵਤ। ਸ੍ਰੀ ਗੁਰੂ ਗ੍ਰੰਥ ਪੂਜ ਠਹਿਰਾਵਤ।
ਸ਼ਬਦ ਮਾਹਿ ਬਰਨਨ ਹੈ ਜੋਇ। ਤਾਂਕਾ ਹੁਕਮ ਨ ਮਾਨਤ ਕੋਈ। ੯੬।

ਸ੍ਰੀ ਸਤਿਗੁਰ ਦੇ ਸਤਿ ਉਪਦੇਸ਼ਾ। ਤਨ ਤਜ ਕੀਨ ਸ੍ਵੈ ਰੂਪ ਪ੍ਰਵੇਸ਼ਾ।
ਹੁਕਮ ਦਸਮ ਗੁਰ ਕੇਰ ਜੋ ਮਾਨੈ। ਬਿਸ਼ਨਦਾਸ ਤਾਂਕੇ ਕੁਰਬਾਨੈ। ੯੭।
[*ਸ੍ਰੀ ਗੁਰੂ ਨਾਨਕ ਬੰਸਾਵਲੀ ਗ੍ਰੰਥ ਅਧਯਾਯ ੧੪, ਪੰਨਾ ੧੭੬*]

(ਅ) ਗੁਰ ਘਰ ਕਾ ਸਿਖ ਸਾਧੂ ਕੋਈ
ਗੁਰ ਆਗਯਾ ਕੋ ਮਾਨੈ ਜੋਈ
ਗੁਰ ਆਗਯਾ ਗੁਰੂ ਗ੍ਰੰਥ ਮਝਾਰਾ
ਜੋ ਮਾਨੈ ਤਾਕੇ ਬਲਿਹਾਰਾ। ੪੪।
ਜੋ ਗੁਰੂ ਗ੍ਰੰਥਿਹਿ ਸੀਸ ਝੁਕਾਵਤ
ਹੁਕਮ ਨ ਮਾਨਤ ਉਲਟੇ ਧਾਵਤ
ਸੋ ਮਨਮਤੀਏ ਮਨ ਮੂਰਖ ਪਾਪੀ
ਮਨ ਕਲਪਤ ਮ੍ਰਯਾਦਾ ਥਾਪੀ। ੪੫।
ਗੁਰ ਮੁਖ ਦੀ ਗੁਰੂ ਮਾਹਿਮਾ ਗਾਈ
ਗੁਰਮੁਖਤਾ ਕਰ ਧਰਮ ਸੁਖਦਾਈ
ਬਾਰ ਬਾਰ ਮਾਨੋ ਮਮ ਬਿਨਤੀ
ਗੁਰਮੁਖ ਬਨੋ ਤਯਾਗ ਕਰਿ ਗਿਨਤੀ। ੪੬। [*ਅਧਯਾ ੧੮, ਪੰਨਾ ੨੧੦*]
ਗੁਰ ਨਾਨਕ ਕਾ ਪੰਥ ਹੈ, ਗ੍ਰੰਥ ਸਾਹਿਬ ਸਚ ਜਾਨ
ਬਿਸ਼ਨ ਦਾਸ ਤਜਿ ਤਾਹਿ ਕੋ, ਭੂਲੇ ਫਿਰਤ ਅਜਾਨ।
[*ਸ੍ਰੀ ਗੁਰੂ ਨਾਨਕ ਬੰਸਾਵਲੀ, ਪੰਨਾ ੨੧੪*]

੬੪. *ਪ੍ਰੋ. ਪੂਰਨ ਸਿੰਘ*

ਬਸ ਅਜ ਕਲ ਦੇ ਪੰਜਾਬੀ ਜੀਵਨ ਦੀ ਰੂਹ ਪਰ ਗੁਰੂ ਨਾਨਕ ਦੇਵ ਜੀ ਦੀ ਅਕਾਲੀ ਬਾਣੀ, ਧੁਰ ਕੀ ਬਾਣੀ ਦਾ ਸੱਚਾ ਰਾਜ ਹੈ। ਇਕ ਅਟੱਲ ਹੈ, ਫਕੀਰਾਂ ਪੀਰਾਂ ਦਾ ਪਾਤਸ਼ਾਹ ਬੈਠਾ ਹੈ, ਪੰਜਾਬ ਦਾ ਪੱਤਾ ਪੱਤਾ ਗੁਰਬਾਣੀ ਗਾ ਰਿਹਾ ਹੈ। ਗੁਰਬਾਣੀ ਪੰਜਾਬੀ ਦੀ ਜਿੰਦ ਹੈ। ਇਸਦੇ ਆਸਰੇ ਸਭ ਵਿਵਹਾਰਕ ਖੇਡ ਹੈ। ਜਿੰਦ ਵਾਲਾ ਐਸਾ ਕੋਈ ਫਕੀਰ ਨਹੀਂ ਜਿਹੜਾ ਗੁਰਬਾਣੀ ਦੇ ਰਾਜ ਦਾ ਕਾਇਲ ਨਹੀਂ। ਪਰ ਸਤਿਗੁਰਾਂ ਦੇ ਸਿਖਾਂ ਨੂੰ ਗੁਰਬਾਣੀ ਸਾਧਾਰਣ ਸਹਿਤਯ ਰੂਪ ਵਿਚ ਨਹੀਂ ਦਿਸਦੀ। ਅਸੀਂ ਤਾਂ ਇਸ ਬਾਣੀ ਦੇ ਬੱਚੇ ਹਾਂ, ਅਸੀਂ ਇਸ ਤੋਂ ਬਿਨਾ ਜੀ ਨਹੀਂ ਸਕਦੇ। ਸਾਡੀਆਂ ਨਾੜਾਂ ਦੇ ਦਿਲਾਂ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦਾ ਪਵਿਤਰ ਖ਼ੂਨ ਚਲਦਾ ਹੈ। ਅਸੀਂ ਇਸ ਬਾਣੀ ਦੇ ਸਾਜੇ ਹਾਂ, ਇਹ ਸਾਡਾ ਕਰਤਾਰ ਹੈ। ਇਕ ਇਕ ਸਿਖ ਦਾ ਜੀਵਨ ਤਾਂ ਸਫਲ ਹੈ ਜੇ ਇਕ ਇਕ ਸ਼ਬਦ ਦਾ ਇਕ ਇਕ ਖਾਸ ਜਾਣੂ ਹੋਵੇ, ਅਨੁਭਵੀ ਹੋਵੇ ਅਰ ਗੁਰਬਾਣੀ ਦਾ ਚਾਨਣ ਅੰਦਰ ਲਹਿਰਾਂ ਮਾਰਦਾ ਹੋਵੇ। ਹਾਂ ਜੀ, ਸਾਡਾ ਰੂਹ ਗੁਰਬਾਣੀ ਨਾਲ ਪ੍ਰੋਤਾ ਹੋਵੇ।

('*ਹੰਸ ਚੋਗ ਉੱਤੇ ਰੀਵੀਊ*' ਪੰਨਾ ੧੫੫, ਪੂਰਨ ਸਿੰਘ ਦੀ ਵਾਰਤਕ, ਸੰਪਾਦਕ ਮ. ਸ. ਰੰਧਾਵਾ)

੬੫. *ਡਿਪਟੀ ਰੂਪ ਸਿੰਘ*

ਸਤਿਗੁਰ ਵੈਦ ਨੇ ਦਸਿਆ ਹੈ ਕਿ ਮਨੁਖ ਦਾ ਅਸਲੀ ਅਪਨਾ ਆਪ ਇਕ ਬਲਵਾਨ

ਸ਼ਕਤੀ ਹੈ, ਉਸਦਾ ਨਾਉਂ 'ਆਤਮਾ' ਹੈ, ਇਹ ਆਤਮਾ ਆਪਨੇ ਸਰੂਪ ਦੇ ਸੁਭਾਵ ਵਿਚ ਅਤ ਸੂਖਮ ਤੇ ਪ੍ਰੇਮ ਹੈ। ਜੇ ਇਹ ਆਪਨੇ ਸਰੂਪ ਤੇ ਸੁਭਾਵ ਵਿਚ ਅਡੋਲ ਤੇ ਨਿਰਮਲ ਰਹੇ ਤਾਂ ਸੁਖ ਸਰੂਪ ਹੈ, ਕਿਉਂਕਿ ਸੁਖ ਪ੍ਰੇਮ ਤੋਂ ਅਡ ਕੋਈ ਸ਼ੈ ਨਹੀਂ, ਜਿਸਦਾ ਰੂਪ ਤੇ ਸੁਭਾ ਪ੍ਰੇਮ ਹੈ, ਉਹ ਸੁਖ ਦੇ ਸਿਵਾ ਹੋਰ ਕੁਛ ਨਹੀਂ ਹੈ। ਇਸਦਾ ਕਾਰਣ ਇਹ ਹੈ ਕਿ ਆਤਮਾ ਅਪਨੇ ਤੋਂ ਵਡੇ, ਉੱਚੇ, ਪਿਆਰੇ ਤੇ ਪਰਮਾਨੰਦ ਅਕਾਲ ਪੁਰਖ (ਪ੍ਰਾਤਮਾ) ਦੀ ਅੰਸ਼ ਹੈ। ਜੇ ਉਹ ਪਿਤਾ ਹੈ ਤਾਂ ਇਹ ਪੁਤ੍ਰ ਹੈ, ਜੇ ਉਹ ਬ੍ਰਿਛ ਹੈ ਤਾਂ ਉਸਦੀ ਸਾਖ ਹੈ, ਜੇ ਓਹ ਸੋਮਾ ਹੈ ਤਾਂ ਇਹ ਉਸਦੀ ਸੋਤ ਹੈ।

ਸੋਤ ਓਹੋ ਨਿਰਮਲ, ਸੱਜਰੀ ਤੇ ਮਿੱਠੀ ਰਹ ਸਕਦੀ ਹੈ ਜੋ ਆਪਣੇ ਸੋਮੇਂ ਤੋਂ ਹਰਦਮ ਤਾਜ਼ਾ ਜਲ ਪ੍ਰਾਪਤ ਕਰਦੀ ਹੈ, ਸਾਖ ਉਹੋ ਲਹ-ਲਹਾਉਂਦੀ ਹੈ, ਜਿਸਨੂੰ ਹਰ ਪਲ ਬ੍ਰਿਛ ਤੋਂ ਤਾਜ਼ਾ ਰਸ ਮਿਲਦਾ ਹੈ। ਇਸੇ ਤਰ੍ਹਾਂ ਜੋ ਜੀਵ (ਜਾਂ ਆਤਮਾ ਜਾਂ ਪ੍ਰਾਣੀ, ਜਾਂ ਮਨੁਖ) ਆਪਣੇ ਸੋਮੇ 'ਵਾਹਿਗੁਰੂ' ਤੋਂ ਪਲ ਪਲ ਵਿਚ ਜਿੰਦਗੀ ਦੇ (ਪ੍ਰੇਮ ਤੇ ਸੁਖ ਭਰੇ) ਤਾਜ਼ੇ ਲਹਰੇ ਪ੍ਰਾਪਤ ਕਰਦਾ ਹੈ, ਉਹ ਸਦਾ ਅਪਨੇ ਅਸਲੀ ਸੁਭਾਉ ਤੇ ਸਰੂਪ ਵਿਚ ਹੈ। ਜਿਸਨੇ ਏਸ ਨਿਰੰਤਰ ਮੇਲ ਵਿਚ ਕੋਈ ਡੱਕਾ ਪਾ ਲਿਆ, ਤਾਂ ਓਸਦਾ ਓਹੋ ਹਾਲ ਹੋ ਗਿਆ ਜੋ ਸੋਮੇ ਤੋਂ ਡੱਕਾ ਪੈ ਗਏ ਦਰਯਾ ਯਾ ਛੰਭ ਦਾ ਹੁੰਦਾ ਹੈ, ਤੇ ਜਿਨ੍ਹਾਂ ਦਾ ਡੱਕਾ ਪੈ ਕੇ ਇਹ ਹਾਲ ਹੋ ਗਿਆ ਹੈ, ਉਨ੍ਹਾਂ ਦਾ ਦਾਰੂ ਏਹ ਹੈ ਕਿ ਜਿਸਦੇ ਸੰਗ ਤੋਂ ਵਿਛੜਿਆ ਹੈ, ਓਸੇ ਨੂੰ ਫੇਰ ਮਿਲੇ। ਅਪਨੇ ਅਸਲੇ ਨਾਲ ਮੇਲ ਕਰਨ ਅਰ ਪਲ ਪਲ ਵਿਚ ਤਾਜ਼ੇ, ਸੱਜਰੇ, ਜਿੰਦਗੀ ਦਾਨ ਕਰਨ ਵਾਲੇ ਹੁਲਾਰਿਆਂ ਨਾਲ ਉਮਾਹੇ ਰਹਣਾ ਹੀ ਦਰੁਸਤ ਇਲਾਜ ਹੈ।

ਇਸ ਤਰ੍ਹਾਂ ਆਤਮਾ ਦਾ ਅਸਲੀ ਰੂਪ ਤੇ ਸੁਭਾ ਪ੍ਰੇਮ ਹੈ, ਓਸੇ ਤਰ੍ਹਾਂ ਜਦ ਏਹ ਅਪਨੇ ਅਸਲੇ ਤੋਂ ਵਿਛੜ ਜਾਂਦਾ ਹੈ ਤਾਂ ਇਸ ਵਿਚ ਪ੍ਰੇਮ ਦੇ ਉਲਟ "ਸੂਗ" ਅਰਥਾਤ ਨਫਰਤ (ਘ੍ਰਿਣਾ) ਪੈਦਾ ਹੋ ਜਾਂਦੀ ਹੈ। ਜਿਸ ਤਰ੍ਹਾਂ ਪ੍ਰੇਮ ਦਾ ਰੰਗ ਸੁਖ ਹੈ, ਓਸੇ ਤਰ੍ਹਾਂ "ਘ੍ਰਿਣਾ" ਯਾਂ "ਗਿਲਾਨੀ" ਦਾ ਰੰਗ ਦੁਖ ਹੈ। ਜੋ ਸੁਖੀ ਹੈ ਉਹ ਸੁਖ ਮਾਣਦਾ ਹੈ ਤੇ ਸੁਖ ਦੇਂਦਾ ਹੈ, ਜ਼ੋ ਦੁਖੀ ਹੈ, ਉਹ ਦੁਖ ਭੋਗਦਾ ਤੇ ਦੁਖ ਦੇਂਦਾ ਹੈ।

"ਘ੍ਰਿਣ" ਕੋਈ ਹੋਰ ਸ਼ੈ ਨਹੀਂ, 'ਪ੍ਰੇਮ' ਦਾ ਉਲਟਾਉ ਹੀ "ਘ੍ਰਿਣ" ਹੈ। ਜਦ ਪ੍ਰੇਮ ਅਪਨੇ ਸੋਮੇ ਨਾਲ ਡੱਕਾ ਪਾ ਲੈਂਦਾ ਹੈ ਤਾਂ ਓਸ ਦੀ ਨਜ਼ਰ ਦਾ ਮੰਡਲ ਤੰਗ ਹੋ ਜਾਂਦਾ ਹੈ, ਕਿਉਂਕਿ ਉਸ ਨੂੰ ਇਹ 'ਭੁਲ ਪੈ ਜਾਂਦੀ ਹੈ ਕਿ ਮੈਂ ਇਕ ਚਸ਼ਮੇ ਤੋਂ ਨਿਕਲਿਆ ਹਾਂ ਜਿਸ ਦੇ ਗੁਣ ਸੁਭਾਅ ਠੰਢੇ ਪਿਆਰੇ ਰਸਦਾਯਕ ਹਨ। ਏਹੋ ਭੁਲ ਹੈ। ਆਪਣੇ ਮਾਲਕ, ਅਪਨੇ ਕਰਤਾਰ, ਅਪਨੇ ਸੋਮੇਂ ਨਾਲ ਡੱਕਾ ਪੈਣ ਦਾ ਇਹ ਅਰਥ ਹੈ ਕਿ ਸੁਆਸ ਸੁਆਸ ਚੇਤਾ ਭੁਲਿਆ ਰਹਿੰਦਾ ਹੈ, ਕਿ ਓਹ ਮੇਰਾ ਹੈ, ਤੇ ਮੈਂ ਉਸਦਾ ਹਾਂ ਉਹ ਸਾਡਾ ਚਸ਼ਮਾਂ ਸੂਖਮ ਹੈ, ਸਰੀਰਧਾਰੀ ਨਹੀਂ ਹੈ, ਤੇ ਸਾਡਾ ਆਤਮਾ ਓਸੇ ਦੀ ਅੰਸ ਸੂਖਮ ਹੈ, ਦੋ ਸੂਖਮ ਜੀਉਂਦੀਆਂ ਤਾਕਤਾਂ ਵਿਚ ਜੇ ਕੋਈ ਡੱਕਾ ਪੈ ਸਕਦਾ ਹੈ ਤਾਂ ਉਹ ਏਸੇ ਗੱਲ ਦੀ 'ਭੁੱਲ ਦਾ ਹੈ। ਕਿਉਂਕਿ ਚਸ਼ਮਾ ਸਾਡਾ ਨਿਰਵਿਕਾਰ ਹੈ ਓਸਨੂੰ ਭੁਲ ਪੈ ਨਹੀਂ ਸਕਦੀ, ਸਾਨੂੰ ਜੋ ਸਰੀਰ ਵਿਚ ਵਸਦੇ ਤੇ ਸਰੀਰਧਾਰੀਆਂ ਵਿਚ ਰਹਿੰਦੇ ਤੇ ਅਕਾਰ ਵਾਲੇ ਸੰਸਾਰ ਵਿਚ ਹਾਂ ਸਾਨੂੰ 'ਭੁਲ' ਆ ਪੈਂਦੀ ਹੈ।

ਹੁਣ ਜੇ ਅਸੀਂ ਉਪਰਲੀ ਗੱਲ ਸੰਖੇਪ ਕਰਕੇ ਸਮਝੀਏ ਤਾਂ ਮਨੁਖ ਦਾ ਇਹ ਹਾਲ ਹੈ : (੧) ਅਪਨੇ ਸਿਰਜਨਹਾਰ ਨਾਲ ਹਰਦਮ 'ਭੁਲ' ਹੈ, ਜਿਸ ਕਰਕੇ ਉਹ (ਸਿਰਜਨਹਾਰ) ਦੇ ਸਰੂਪ ਤੇ ਸੁਭਾਵ ਦੇ ਜ਼ਿੰਦਗੀ ਪ੍ਰੇਮ ਤੇ ਸੁਖ ਭਰੇ ਲਹਿਰੇ ਮਨੁਖ ਵਿਚ ਆਉਣੇ ਬੰਦ ਹਨ,

ਅਰਥਾਤ ਮਾਲਕ ਨਾਲ ਜੋ ਪ੍ਰੇਮ ਦਾ ਸੰਬੰਧ ਸੀ ਉਹ ਟੁਟ ਕੇ ਉਸਦੀ ਥਾਂ 'ਭੁਲ' ਨੇ ਮੱਲੀ ਹੈ। (੨) ਭੁਲ ਦੇ ਕਾਰਣ ਮਨੁਖ ਇਕੱਲਾ—ਇਕਲਾਪਾ ਉਦਾਸ ਜਿਹਾ ਹੋ ਕੇ ਤੌਖਲੇ ਤੇ ਭਰਮਾਂ ਵਿਚ ਪੈ ਕੇ ਇਕ ਝੂਠੀ 'ਹਉਂ' ਜਾਂ 'ਮੈਂ ਅਪਨੇ ਅੰਦਰ ਬਨਾ ਬੈਠਾ ਹੈ, ਅਰ ਏਸ ਤਰ੍ਹਾਂ ਅਪਨੇ ਅਸਲੀ ਕੇਂਦ੍ਰ ਪ੍ਰੇਮ ਤੋਂ ਉਖੜ ਕੇ 'ਘ੍ਰਿਣ' ਦੇ ਕੇਂਦ੍ਰ ਤੇ ਟਿਕ ਰਿਹਾ ਹੈ। (੩) ਪ੍ਰੇਮ ਦੇ ਕੇਂਦ੍ਰ ਤੋਂ ਉਖੜ ਜਾਣ ਦੇ ਕਾਰਣ ਹੁਨ ਇਹ ਅਨਜਾਨੇ 'ਘ੍ਰਿਣ' ਦੇ ਕੇਂਦ੍ਰ ਤੇ ਟਿਕ ਕੇ ਅਪਨੀ ਇਸ ਆਸਰੇ ਪੈਦਾ ਹੋਈ 'ਹਉਂ' ਨਾਲ ਪ੍ਰੇਮ ਕਰਦਾ ਹੈ। ਨਾ ਸ੍ਰਿਸ਼ਟਾ (ਵਾਹਗੁਰੂ ਪਿਤਾ) ਨਾਲ, ਨਾ ਸ੍ਰਿਸ਼ਟੀ (ਭਰਾਤਾ) ਨਾਲ ਪ੍ਰੇਮ ਕਰਦਾ ਹੈ, ਏਸ ਕਰਕੇ ਦੁਖੀ ਹੈ। ਗੱਲ ਕੀ ਤ੍ਰੈ ਰੋਗ ਹਨ :—

(1) ਸਿਰਜਨਹਾਰ ਨਾਲ ਭੁੱਲ।
(2) ਅਪਨੇ ਆਪ ਨਾਲ ਧੋਖਾ।
(3) ਸ੍ਰਿਸ਼ਟੀ ਨਾਲ (ਘ੍ਰਿਣ) ਅਪ੍ਰੇਮ।

ਇਸ ਤਰ੍ਹਾਂ ਸਤਿਗੁਰ ਨੇ ਸਾਡੇ ਰੋਗ ਦੀ ਪਛਾਣ ਦੱਸੀ। ਪਛਾਣ ਦੇ ਮਗਰੋਂ ਉਪਚਾਰ ਜਾਂ ਇਲਾਜ ਹੁੰਦਾ ਹੈ।

ਸੋ ਜਦ ਰੋਗ ਦਾ ਕਾਰਣ 'ਘ੍ਰਿਣ' ਹੈ, ਅਰ ਘ੍ਰਿਣ ਕੋਈ ਹੋਰ ਸ਼ੈ ਨਹੀਂ ਪਰ ਪ੍ਰੇਮ ਦਾ ਸ੍ਰਿਸ਼ਟ ਤੇ ਸ੍ਰਿਸ਼ਟੀ ਨਾਲੋਂ ਟੁਟ ਕੇ ਅਪਣੇ ਨਾਲ (ਹਉਮੈ ਨਾਲ) ਪੈ ਜਾਣਾ ਹੈ ਤਾਂ ਦਾਰੂ ਏਸੇ ਦੇ ਵਿਚ ਹੈ ਕਿ :—'ਘ੍ਰਿਣ' ਨੂੰ ਉਲਟਾਕੇ 'ਪ੍ਰੇਮ' ਕਰ ਦਿੱਤਾ ਜਾਵੇ। ਇਸ ਤਰ੍ਹਾਂ ਨਾਲ ਘ੍ਰਿਣ' ਹਟੇ ਤੇ ਪ੍ਰੇਮ ਆਵੇ ਉਹ ਏਸ ਦਾ ਇਲਾਜ ਹੈ। ਇਸ ਕਰਕੇ ਸਤਗੁਰ ਵੈਦ ਜਿਸਦੇ ਦਾਰੂ ਨਾਲ ਰੋਗਾਂ ਦੇ ਘਾਣ ਵੰਞਦੇ ਹਨ, ਐਉਂ ਦਾਰੂ ਦੱਸਦਾ ਹੈ :—

(੧) ਸਿਰਜਨਹਾਰ ਵੱਲ ਜੋ 'ਭੁੱਲ' ਦਾ ਰੋਗ ਹੈ, ਉਸਨੂੰ 'ਸਿਮਰਨ' 'ਯਾਦ' ਦੇ ਦਾਰੂ ਨਾਲ ਕੱਟੋ। ਯਾਦ, ਪਿਆਰੇ ਦੀ ਯਾਦ, ਪਯਾਰ ਵਿਚ ਅੰਤਰ ਆਤਮੇ ਖਿੱਚ ਪੈਦਾ ਕਰਦੀ ਹੈ। ਖਿੱਚ ਵਧ ਕੇ ਪਯਾਰ ਹੋ ਜਾਂਦੀ ਹੈ। ਜਦ ਯਾਦ ਪ੍ਰੇਮ ਬਣ ਗਈ, ਅੰਤਰਆਤਮੇ ਮੇਲ ਹੋ ਗਿਆ ਜਦ ਮੇਲ ਹੋ ਗਿਆ ਤਾਂ ਅਪਨੇ ਸੋਮੇ ਦੀ ਜੀਵਨ ਦੇ ਰਸ ਭਰੇ ਸੱਜਰੇ ਲਹਰੇ ਦੇਣ ਵਾਲੇ ਲਹਰਿਆਂ ਦੀ ਰੌ ਆਉਣ ਲਗ ਗਈ।

(੨) ਆਪਨੇ ਆਪ ਨਾਲ ਜੋ ਧੋਖਾ ਹੈ ਉਹ ਅਪਨੇ ਆਪ ਨੂੰ ਚੀਨ ੨ ਕੇ ਦੇਖਣ ਨਾਲ, ਤੇ ਦੇਖੇ ਐਬਾਂ ਨੂੰ ਕੱਟਣ ਨਾਲ ਦੂਰ ਹੋਵੇਗਾ। ਦਿੱਸਣ ਵਾਲੇ ਸੰਸਾਰ ਵਿਚ ਵੈਰਾਗ ਕਰਨ ਨਾਲ, ਤੇ ਹਰ ਗੱਲ ਅੰਦਰਲੀ ਬਾਹਰਲੀ ਦੇ ਅਪਨੇ ਪਰ ਪੈਣ ਵਾਲੇ ਅਸਰਾਂ ਨੂੰ ਵੀਚਾਰਨ ਨਾਲ ਤੇ ਉਨ੍ਹਾਂ ਵਿਚੋਂ ਮਾੜਿਆ ਪਰ ਵਸੀਕਾਰ ਪਾਣ ਨਾਲ ਏਹ ਦੁਖ ਦੂਰ ਹੋਵੇਗਾ। ਸਦਾਚਾਰੀ ਹੋਣਾ, ਗੁਣ ਸੰਗ੍ਰਹ ਕਰਨੇ ਇਹ ਦੂਜੀ ਔਹਰ ਦਾ ਦਾਰੂ ਹੈ।

(੩) ਸ੍ਰਿਸਟੀ ਨਾਲ ਅਪ੍ਰੇਮ ਕੱਟਣ ਲਈ ਸੇਵਾ ਕਰਨੀ, ਫੇਰ ਸੇਵਾ ਨਿਸ਼ਕਾਮ ਕਰਨੀ, ਅਰਥਾਤ ਲੋਕਾਂ ਤੋਂ ਸੁਖ ਲੈਣੇ ਦੀ ਥਾਂ ਸੁਖ ਦੇ ਕੇ ਰਾਜ਼ੀ ਹੋਣਾ, ਇਹ ਤੀਸਰੀ ਔਹਰ ਦਾ ਦਾਰੂ ਹੈ।

ਏਸ ਨੂੰ ਹੋਰ ਸੌਖਾ ਕਰਕੇ ਸਮਝੀਏ।

(੧) "ਏਕਸ ਸਿਉ ਲਿਵ ਲਾਏ" ਵਾਹਿਗੁਰੂ ਨਾਲ ਲਿਵ (ਸਿਮ੍ਰਨ, ਧਿਆਨ, ਖਿਚ) ਲਾਵੇ ਇਹ ਪਿਆਰੇ ਪ੍ਰੀਤਮ ਵਾਹਗੁਰੂ ਨਾਲ ਮੇਲ ਕਰਨ ਦਾ ਉਪਚਾਰ ਹੈ।

(੨) "ਮਨ ਜੀਤੈ ਜਗਜੀਤ" ਅਰਥਾਤ ਅੰਦਰੋਂ ਬਾਹਰੋਂ ਸੱਚੇ ਤੇ ਸੁਚੇ ਹੋ ਕੇ ਸੁਭ ਭਾਵ

ਵਾਲੇ ਤੇ ਸ਼ੁਭ ਕਰਮੀ ਹੋਣਾ ਇਹ ਅਪਨੇ ਆਪ ਨਾਲ ਸੱਚੇ ਹੋ ਜਾਣ ਦਾ ਦਾਰੂ ਹੈ।

(੩) "ਏਕ ਪਿਤਾ ਏਕਸ ਕੇ ਹਮ ਬਾਰਕ ਤੂੰ ਮੇਰਾ ਗੁਰ ਹਾਈ" ਅਰਥਾਤ ਸ੍ਰਿਸ਼ਟੀ ਨਾਲ ਭਰਾਵਾਂ ਵਾਂਙੂ ਪਯਾਰ ਕਰਨਾ, ਸੁਖਦਾਈ ਬਣਨਾ, ਤੇ ਨਿਸ਼ਕਾਮ ਹੋਕੇ ਸੁਖ ਦੇਣਾ ਏਹ ਭਰਾਵਾਂ ਨਾਲ ਮਿਲਣ ਦਾ ਇਲਾਜ ਹੈ।

ਏਹ ਉਪਰ ਜੋ ਲਿਖਿਆ, 'ਰੋਗ ਰਹਤ ਮੇਰਾ ਸਤਿਗੁਰ ਜੋਗੀ' ਗੁਰ ਨਾਨਕ ਦੇਵ ਜੀ ਦੀ 'ਸਿੱਖਯਾ' ਦੇ ਅਨੁਵਾਦ ਦੀ ਕਿਰਨ ਹੈ ਜੋ ਇਕ ਸਿਖਯਾ ਦੇ ਜਗਯਾਸੂ ਦੀ ਸਮਝ ਵਿਚ ਸਿਖਯਾ ਦਾਤੇ ਦੀ ਸਿੱਖਯਾ ਤੋਂ ਪੈਂਦੀ ਹੈ, ਪਰ ਵਧੀਕ ਸੁਖਦਾਈ ਤੇ ਨੇੜੇ ਦੀ ਉਹ ਸਿਖਯਾ ਹੈ ਜੋ ਸਤਿਗੁਰ ਵੈਦ ਦੇ ਅਪਨੇ ਉਚਾਰੇ ਪਿਆਰੇ ਤੇ ਮਿਠੇ ਅੱਖਰਾਂ ਵਿਚ ਸੁਣੀ ਜਾਵੇ।

[*ਸਿਖ ਮਾਰਗ,* ਪੰਨਾ 6-7 ਤੇ 10-12 ਪ੍ਰਕਾਸ਼ਕ—ਚੀਫ ਖਾਲਸਾ ਦੀਵਾਨ ਅੰਮ੍ਰਿਤਸਰ]

੬੬. *ਡਾ. ਚਰਨ ਸਿੰਘ*

ਪਹਿਲੀ ਬੀੜ ਭਾਈ ਗੁਰਦਾਸ ਜੀ ਵਾਲੀ ਹੈ, ਜੋ ਕਰਤਾਰਪੁਰ ਜੀ ਹੈ। ਦੂਜੀ ਭਾਈ ਬੰਨੋ ਜੀ ਵਾਲੀ ਜੋ ਮਾਂਗਟਾਂ ਵਿਚ ਬੰਨੋਆਣੀਆਂ ਪਾਸ ਹੈ ਤੇ ਲਾਹੌਰੀਆਂ ਵਾਲੀ ਜੋ ਕਿਤੇ ਕੋਈ ਉਤਾਰਾ ਦਿਸਦਾ ਹੈ। ਤੀਜੀ ਦਮਦਮੇ ਵਾਲੀ ਜਿਸ ਬੀੜ ਤੋਂ ਅਨੇਕਾਂ ਉਤਾਰੇ ਹੋਏ। ਕਿਤਨਿਆਂ ਪਰ ਗੁਰੂ ਸਾਹਿਬਾਂ ਦੇ ਦਸਖਤ ਵੀ ਵਿਦਮਾਨ ਹਨ। ਹੁਣ ਤਾਂ ਛਾਪੇ ਨੇ ਲਹਿਰ ਬਹਿਰ ਲਾ ਦਿੱਤੀ ਹੋਈ ਹੈ, ਪੰਜਵੇਂ ਸਾਹਿਬਾਂ ਦੇ ਬਚਨ ਦੀ ਸਫਲਤਾ ਪੂਰਨ ਹੋ ਰਹੀ ਹੈ। ਭਾਈ ਗੁਰਦਾਸ ਜੀ ਦਾ ਬਚਨ ਹੈ—'ਘਰ ਘਰ ਬਾਬਾ ਗਾਵੀਐ' ਏਹੋ ਹੀ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਹਨ ਜੋ ਸਿਖ ਮਤ ਦਾ ਇਕ ਧਾਰਮਕ ਪ੍ਰਮਾਣੀਕ ਧਰਮ ਗ੍ਰੰਥ ਗੁਰੂ ਰੂਪ ਵਿਚ ਪੂਜਯ ਹੈ।

ਇਹ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਸਤਿਗੁਰਾਂ ਦੇ ਸ੍ਰੀ ਮੁਖਵਾਕ ਹੋਣੇ ਕਰਕੇ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਦਬ ਕੀਤੇ ਜਾਣ ਕਰਕੇ, ਕੇਵਲ ਈਸ੍ਵਰ ਉਪਾਸ਼ਨਾ ਲਈ ਈਸ੍ਵਰੀ ਬਾਣੀ ਹੋਣੇ ਕਰਕੇ ਕਲਗੀਧਰ ਦਸਮ ਪਾਤਸ਼ਾਹ ਦੇ ਪੰਜ ਪੈਸੇ ਤੇ ਨਾਰੀਏਲ ਹੱਥ ਵਿਚ ਲੈ ਕੇ ਪ੍ਰਕਰਮਾ ਕਰ ਅੱਗੇ ਰੱਖ ਕੇ ਮੱਥਾ ਟੇਕਣੇ ਕਰਕੇ ਗੁਰਿਆਈ ਦੇ ਸਿੰਘਾਸਨ ਪਰ ਬਿਰਾਜਮਾਨ ਹਨ ਅਤੇ ਜੁਗੋ ਜੁਗ ਅਟਲ ਪਦਵੀ ਮਿਲਣ ਕਰਕੇ—

'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ ਨਟ ਮ. ੪

[*ਬਾਣੀ ਬਿਉਰਾ,* ਪੰਨਾ ੬-੭, ਦੂਜੀ ਛਾਪ ੧੯੪੫]

੬੭. *ਭਾਈ ਮੋਹਨ ਸਿੰਘ ਵੈਦ*

ਪੰਚਮ ਸ੍ਵਰੂਪ ਗੁਰੂ ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਵੇਦਾਂ ਤੋਂ ਜੁਦਾ ਸ੍ਰੀ *ਗੁਰੂ ਗ੍ਰੰਥ ਸਾਹਿਬ ਜੀ* ਖਾਲਸੇ ਲਈ ਤਿਆਰ ਕੀਤਾ। 'ਇਤਿਹਾਸ ਗੁਰੂ ਖਾਲਸਾ' ਵਿਚ ਲਿਖਿਆ ਹੈ ਕਿ 'ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਗੁਰੂ ਘਰ ਕੇ ਅੱਛੇ ੨ ਨਿਯਮ ਬਨਾ ਕਰ ਗੁਰੂ ਨਾਨਕ ਘਰ ਕੇ ਖਾਲਸਾ ਕੋ ਇਤਰ ਸਾਧਾਰਣ ਲਗੋਂ ਸੇ ਪ੍ਰਥਕ ਕਰ ਦਿਖਲਾਯਾ। ਇਨ ਸੇ ਪ੍ਰਥਮ ਗੁਰੂ ਨਾਨਕ ਘਰ ਕੇ ਖਾਲਸਾ ਧਰਮ ਕੀ ਕੋਈ ਪੁਸਤਕ ਨ ਥੀ। ਪ੍ਰਥਮ ਹੁਏ ਬਚਨੋਂ ਕੋ ਸੰਗ੍ਰਹਿ ਕਰਕੇ ਤਥਾ ਸ੍ਵਯੰ ਸ਼ੇਖ਼ ਪੂਰਤੀ ਕਰਕੇ ਸ੍ਰੀ ਗੁਰੂ ਗ੍ਰੰਥ ਜੋ ਕਿ ਧਰਮ ਖਾਲਸਾ ਕਾ ਮੂਲ ਮਾਨਯ ਪੁਸਤਕ ਹੈ, ਇਨਹੋਂ ਨੇ ਹੀ ਤਿਆਰ ਕੀਆ। ਸ੍ਰੀ ਗੁਰੂ ਅਰਜਨ ਜੀ ਏਕ ਅਤਿ ਗੰਭੀਰ

ਭਾਵ ਕੇ ਦੂਰਦਰਸ਼ੀ ਮਹਾਂਪੁਰਖ ਥੇ। ਆਪ ਨੇ ਵਿਚਾਰਾ ਕਿ ਮਤ ਮਤਾਂਤ੍ਰ ਯਾ ਧਰਮ ਪ੍ਰਚਾਰ ਕਾ ਮੂਲ ਬੁਨਿਆਦ ਧਰਮ-ਪੁਸਤਕ ਹੀ ਹੋਤਾ ਹੈ। ਸਨਾਤਨ ਧਰਮ ਕਾ ਪ੍ਰਚਾਰ ਕਰਨੇ ਵਾਲੇ ਮਹਾਂਪੁਰਖੋਂ ਨੇ ਵੇਦ ਪੁਸਤਕ ਕੋ ਬਨਾ ਕਰ ਉਸਕੇ ਗਯਾਨ ਰੂਪ ਸੇ ਅਪੌਰਖੇਯ ਤਥਾ ਗ੍ਰੰਥ ਰੂਪ ਸੇ, 'ਅਪੌਰਖੇਯ' ਕਹ ਕਰ ਪ੍ਰਚਾਰ ਕੀਆ। ਇਸੀ ਤਰ੍ਹਾਂ ਮੂਸਾ ਨੇ ਤੌਰੇਤ ਪੁਸਤਕ ਕਾ, ਈਸਾ ਨੇ ਅੰਜੀਲ ਪੁਸਤਕ ਕਾ, ਮੁਹੰਮਦ ਨੇ ਕੁਰਾਨ ਪੁਸਤਕ ਕਾ ਪ੍ਰਚਾਰ ਕੀਆ। ਔਰ ਸਭ ਨੇ ਆਪਨੀ ਆਪਨੀ ਪੁਸਤਕ ਕੋ ਖਾਸ ਪ੍ਰਮੇਸ਼੍ਵਰ ਕੇ ਘਰ ਸੇ ਆਈ ਬਤਲਾਯਾ ਔਰ ਮਾਨਨੇ ਵਾਲੇ ਸ਼ਰਧਾਲੂ ਲੋਗੋਂ ਨੇ ਮਾਨਾ। ਇਸ ਲੀਏ ਅਬ ਹਮ (4 ਗੁਰੂ ਜੀ) ਕੋ ਭੀ ਇਸ ਗੁਰੂ ਨਾਨਕ ਪ੍ਰਕਾਸ਼ਤ ਧਰਮ ਖਾਲਸਾ ਕੇ ਲੀਏ ਏਕ ਧਰਮ ਪੁਸਤਕ ਅਵਸ਼ਯ ਹੋਨਾ ਚਾਹੀਏ। ਐਸਾ ਵਿਚਾਰ ਕਰ ਸ੍ਰੀ ਗੁਰੂ ਅਰਜਨ ਜੀ ਨੇ *ਗੁਰੂ ਗ੍ਰੰਥ* ਕਾ ਸੰਗ੍ਰਹਿ ਕੀਆ।"

(ਇਹ ਇਕ ਕੱਟਰ ਸਨਾਤਨ ਧਰਮੀ ਪ੍ਰਕਾਸ਼ਕ ਇਤਿਹਾਸ ਦਾ ਲੇਖ ਹੈ ਅਰ ਇਹ ਹਿੰਦੀ (ਸ਼ਾਸਤ੍ਰੀ) ਅੱਖਰਾਂ ਵਿਚ ਵਰਤਮਾਨ ਦੇ ਸਾਰੇ ਗੁਰੂ ਇਤਿਹਾਸਾਂ ਵਿਚੋਂ ਉਤਮ ਹੈ।) [*ਗੁਰਮਤਿ ਗੌਰਵਤਾ*, ਪੰਨਾ ੪੩, ੪੪]

੬੮. *ਬਾਬੂ ਤੇਜਾ ਸਿੰਘ ਭਸੌੜ* ੧੯੨੧ ਈ.

ਪਹਿਲਾਂ ਸਭ ਤੋਂ ਏਹ ਦੱਸਣ ਦੀ ਅਤੀ ਲੋੜ ਹੈ ਕਿ ਸਾਡੇ ਸਤਿਗੁਰੂ ਜੀ ਕੇਹੜੇ ਹਨ? ਜਿੱਥੋਂ ਅਸਲੀ 'ਨਾਮ' ਦੀ ਪ੍ਰਾਪਤੀ ਕਰਕੇ ਮਨੁਖਾ ਜਨਮ ਨੂੰ ਸਫਲਾ ਕਰਦੇ ਹੋਏ ਪਾਖੰਡੀਆਂ, ਭਰਮ ਪਾਉਣ ਵਾਲਿਆਂ, ਗੁਰਮਤ ਤੋਂ ਗੁਮਰਾਹ ਕਰਨ ਵਾਲਿਆਂ ਦੇ ਧੋਖੇ ਤੋਂ ਬਚ ਸਕੀਏ, ਕਿਉਂਕਿ ਉੱਪਰ ਲਿਖੇ ਆਦਿ ਸ਼ਬਦਾਂ ਦੇ ਉਲਟੇ-ਪੁਲਟੇ ਅਰਥ ਦੱਸਕੇ ਕਈ ਗੁਰੂ ਪਦ ਦੇ ਚਾਹਵਾਨ ਅਪਨੇ ਆਪਨੂੰ ਗੁਰੂ ਕਹਾਉਂਦੇ ਹਨ, ਅਤੇ ਸਾਡੇ ਵਿਚੋਂ ਗੁਰਮਤ ਅਗਯਾਤ ਭਰਾ ਉਕਤ ਪ੍ਰਾਣੀਆਂ ਨੂੰ 'ਗੁਰੂ' ਮੰਨੀ ਬੈਠੇ ਹਨ, ਜਿਸਦਾ ਨਿਰਨਾ ਕਰਨਾ ਅਤੀ ਜ਼ਰੂਰੀ ਹੈ।

ਸੋ ਇਸ ਗੱਲ ਵਿਚ ਤਾਂ ਕੁਝ ਸੰਦੇਹ ਹੀ ਨਹੀਂ ਕਿ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕਰਕੇ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਤਕ ਲਗਾਤਾਰ ਗੁਰਿਆਈ ਦੀ ਗੱਦੀ ਆਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਘਰ ਦੀ ਪ੍ਰਸਿੱਧ ਪਰੰਪਰਾ ਮ੍ਰਿਯਾਦਾ ਅਨੁਸਾਰ '*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*' ਨੂੰ ਗੁਰਿਆਈ ਦੀ ਗੱਦੀ ਦਿੱਤੀ, ਅਤੇ ਅਪਨੇ ਸੱਚ ਖੰਡ ਚਲਾਣੇ ਸਮੇਂ ਖਾਲਸਾ ਜੀ ਪ੍ਰਤੀ ਆਗਿਆ ਦਿੱਤੀ ਕਿ 'ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ, ਸਭ ਸਿੱਖਨ ਕੋ ਹੁਕਮ ਹੈ 'ਗੁਰੂ' ਮਾਨੀਓ ਗ੍ਰੰਥ' ਸੋ ਸਤਿਗੁਰਾਂ ਦੇ ਇਸ ਵਾਕ ਅਨੁਸਾਰ ਖਾਲਸਾ ਜੀ ਦੇ ਸਦੀਵੀ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ' (ਮਹਾਂ ਵਾਕ) ਅਨੁਸਾਰ ਦਸੋਂ ਗੁਰੂ ਇਕ ਸਰੂਪ ਹਨ ਅਤੇ ਦਸੋਂ ਸਤਿਗੁਰਾਂ ਦੇ ਸਰੂਪ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਖਾਲਸਾ ਜੀ ਦੇ ਸੱਚੇ ਗੁਰੂ ਹੈਨ। ਔਰ ਖਾਲਸਾ ਧਰਮ ਦੇ ਪ੍ਰਚਾਰ ਲਈ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਦੀ ਤਾਬਿਆ ਪੰਜ ਪਯਾਰਿਆਂ ਦਾ ਪੁੰਜ "ਪੰਚ ਖਾਲਸਾ ਅਰਥਾਤ ਖਾਲਸਾ ਪਾਰਲੀਮੈਂਟ" ਗੁਰ ਵਾਕ

"ਗੁਰਮਤਿ ਪੰਚ ਸਖੇ ਗੁਰਭਾਈ,
ਗੁਰਮਤਿ ਅਗਨਿ ਨਿਵਾਰਿ ਸਮਾਈ ॥ *(ਮਾਰੂ ਸੋਲਹੇ)*

ਪੁਨ : *ਪੰਚ ਪਰਵਾਣ ਪੰਚ ਪਰਧਾਨ*
ਪੰਚੇ ਪਾਵਹਿ ਦਰਗਹਿ ਮਾਨ ॥" *(ਜਪੁਜੀ)*

ਪੁਨ : *"ਇਕ ਸਿਖ ਦੁਇ ਸਾਧ ਸੰਗਤਿ*
ਪੰਜੀ ਪਰਮੇਸਰ ॥" *(ਭਾ: ਗੁ:)*

ਪੁਨ : *"ਪਰਮੇਸਰ ਹੈ ਪੰਜ ਮਿਲ,*
ਲੇਖ ਅਲੇਖੁ ਨ ਕੀਮਤਿ ਪਾਈ ॥" *(ਭ: ਗੁ: ੨੯)*

ਪੁਨ : *"ਸਬਦ ਸੁਰਤਿ ਲਿਵ ਗੁਰ ਸਿਖ ਸੰਧਿ ਮਿਲੇ*
ਪੰਚ ਪ੍ਰਪੰਚ ਮਿਟੇ, ਪੰਚ ਪਰਧਾਨੇ ਹੈ।" *(ਕਬਿੱਤ ਭਾਈ ਗੁਰਦਾਸ)*

ਪੁਨ : *"ਗੁਰੂ ਸਿਖ (ਸਾਧ ਸੰਗਤ) ਸਿਖ ਗੁਰੂ ਹੈ, ਏਕੋ ਗੁਰ ਉਪਦੇਸ਼ ਚਲਾਏ' "ਪੁਨ :*
"ਗੁਰੂ ਖਾਲਸਾ ਖਾਲਸਾ ਗੁਰੂ" ਦੇ ਭਾਵ ਅਨੁਸਾਰ ਗੁਰੂ ਰੂਪ ਹਨ।

ਇਸ ਪਰ ਕਈ ਪੁਰਸ਼ ਸ਼ੰਕਾ ਕਰਦੇ ਹਨ ਕਿ "ਜਦ ਤਾਂਈ ਸਾਨੂੰ ਕੋਈ ਗੁਰਬਾਣੀ ਦਾ ਭਾਵ ਨ ਦੱਸੇ ਸਾਨੂੰ ਪਤਾ ਨਹੀਂ ਲਗਦਾ, ਸੋ ਜੋ ਰਾਹ ਪਾਉਣ ਵਾਲਾ ਹੈ ਓਹੀ ਗੁਰੂ ਹੈ, ਕਿਉਂਕਿ ਗੁਰੂ ਦੇ ਏਹੀ ਅਰਥ ਹਨ ਜੋ ਰਾਹ ਦੱਸੇ, "ਇਸ ਸੰਕੇ ਦੀ ਨਵਿਰਤੀ ਵਾਸਤੇ ਪ੍ਰਗਟ ਕੀਤਾ ਜਾਂਦਾ ਹੈ ਜੋ ਗੁਰੂ ਸਾਹਿਬਾਂ ਦੇ ਵੇਲੇ ਭੀ ਤਾਂ ਕਈਕੁ ਗੁਰੂ ਘਰ ਦੇ ਪ੍ਰੇਮੀ, ਗੁਣੀ, ਗਯਾਨੀ ਜੈਸੇ ਕਿ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਭਾਈ ਮਨੀ ਸਿੰਘ ਜੀ ਆਦਿਕ ਬਾਹਰ ਦੇਸਾਂ ਵਿਚ ਗੁਰਬਾਣੀ ਤੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਸਨ, ਕੀ ਉਸ ਵੇਲੇ ਸਿੱਖਾਂ (ਸਿੰਘਾਂ) ਨੇ ਉਕਤ ਗੁਰੂ ਜੀ ਦੇ ਪਿਆਰਿਆਂ ਵਿਚੋਂ ਕਿਸੇ ਨੂੰ ਗੁਰੂ ਪਦਵੀ ਭੀ ਦਿੱਤੀ ਹੈ? "ਹਰਗਿਜ਼ ਨਹੀਂ"

ਜਿੱਥੇ ਕਿੱਥੇ ਦੇਖੋ ਇਤਿਹਾਸਾਂ ਵਿਚ 'ਭਾਈ ਪਦ' ਕਰਕੇ ਲਿਖਿਆ ਹੈ, ਸੋ ਹੁਣ ਓਹੀ ਦਸ ਗੁਰੂ ਜੀ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਬਾਣੀ ਰੂਪ ਹੋ ਕੇ ਖਾਲਸਾ ਜੀ ਦੇ ਪ੍ਰਤੱਖ ਸਤਿਗੁਰੂ ਸਭ ਥਾਈਂ ਮੌਜੂਦ ਹਨ, ਯਥਾ ਗੁਰਵਾਕ—

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ ॥
ਗੁਰਬਾਣੀ ਕਹੈ ਸੇਵਕ ਜਨ ਮਾਨੈ ਪ੍ਰਤਖ ਗੁਰੂ ਨਿਸਤਾਰੇ ॥"

[*ਖਾਲਸਾ ਰਹਿਤ ਪ੍ਰਕਾਸ਼*, ਪੰਨਾ ੯੫-੯੭, ਪੰਚ ਖਾਲਸਾ ਦੀਵਾਨ, ਅਰਥਾਤ ਖਾਲਸਾ ਪਾਰਲੀਮੈਂਟ ਭਸੌੜ, (੧ ਹਾੜ ਸੰ. ੪੫੩), ਅੱਠਵੀਂ ਐਡੀਸ਼ਨ

੬੯. ***ਅਕਾਲੀ ਕੌਰ ਸਿੰਘ***

ਜਗਤ ਰਖਯਕ ਸ੍ਰੀ ਗੁਰੂ ਸਾਹਿਬਾਨ ਨੇ ਸੰਸਾਰ ਦੇ ਉਧਾਰ ਵਾਸਤੇ ਵਾਹਿਗੁਰੂ ਦੇ ਗਿਆਨ ਦਾ ਭੰਡਾਰ ਜਿਸ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੇ ਸਰੂਪ ਵਿਚ ਗੁਰਿਆਈ ਦੇ ਤਖਤ ਤੇ ਸਥਾਪਤ ਕੀਤਾ ਹੈ, ਉਸ ਪੂਰਨ ਪਵਿੱਤਰ ਭੰਡਾਰ ਵਿਚ ਉੱਚੇ ਤੋਂ ਉੱਚਾ ਤੇ ਸੁੱਚੇ ਤੋਂ ਸੁੱਚਾ ਸਾਈਂ ਨਾਲ ਪਿਆਰ, ਉਸਦੇ ਮਿਲਣ ਦਾ ਰਸਤਾ ਤੇ ਉਸ ਦਾ ਜਗਤ ਨਾਲ ਪ੍ਰੇਮ ਆਦਿ ਹਰ ਪੈਹਲੂ ਤੋਂ ਲਬਾ ਲਬ ਹੋਣ ਪਰ ਭੀ, ਇਹ ਭੰਡਾਰ ਇਸ ਤਰ੍ਹਾਂ ਨਹੀਂ ਸੀ ਰਚਿਆ ਗਿਆ, ਜਿਸ ਤਰ੍ਹਾਂ ਸੰਸਾਰਕ ਬੁੱਧੀ ਵਾਲਾ ਆਪਣੇ ਚਮਤਕਾਰ ਦਿਖਾਲਨ ਵਾਸਤੇ ਕੋਈ ਰਚਨਾ ਰਚਦਾ ਹੈ, ਪਰੰਤੂ ਸਤਿਗੁਰਾਂ ਦੇ ਪਵਿਤਰ ਹਿਰਦਿਆਂ ਤੇ ਜੋ ਪ੍ਰਤਿਬਿੰਬ, ਵਾਹਿਗੁਰੂ ਜੀ ਦੇ ਪਏ; ਉਹ ਸਮੇਂ ਸਮੇਂ ਸਿਰ, ਜੀਵਾਂ ਦੇ ਉਧਾਰ ਵਾਸਤੇ ਓਹਨਾਂ ਦੇ ਮੁਖਾਰਬੰਦ ਤੋਂ ਉਚਾਰਨ ਹੁੰਦੇ ਰਹੇ। ਇਹ ਕਿਸੇ ਦਿਮਾਗ਼ ਦੇ ਖਿਆਲ

ਮਾਤ੍ਰ ਨਹੀਂ ਸਨ, ਪਰ ਵਾਹਿਗੁਰੂ ਦਾ ਸੁੱਚਾ ਗਯਾਨ ਜੋ ਪਰਮ ਨਿਰਮਲ ਤੇ ਸੱਚੇ ਹਿਰਦੇ ਤੇ ਪੈ ਕੇ ਬਿਨਾਂ ਕਿਸੇ ਮਿਲਾਵਟ ਦੇ ਪਰਗਟ ਕੀਤਾ ਗਿਆ ਹੈ, ਉਸ ਉੱਚੇ ਸੁੱਚੇ ਤੇ ਨਿਰੋਲ ਪਿਆਰ ਵਲਵਲੇ ਹਨ ਯਾ ਮਹਾਂ ਸ਼ੁੱਧ ਹਿਰਦੇ ਵਾਲੇ ਭਗਤਾਂ ਦੇ ਉਹ ਗਿਆਨ ਹਨ ਜੋ ਅਰਸ਼ਾਂ ਤੇ ਗੁਰੂ ਜੋਤਿ ਉਹਨਾਂ ਨੂੰ ਦੇਂਦੀ ਰਹੀ। ਇਸੇ ਕਰਕੇ ਸਿਖਾਂ ਵਿਚ ਇਨ੍ਹਾਂ ਨੂੰ ਗੁਰੂ ਦਾ ਦਰਜਾ ਸ੍ਵਤੇ ਪ੍ਰਾਪਤ ਹੈ। ਇਸ ਸੂਰਤ ਵਿਚ ਇਸ ਪਾਵਨ ਭੰਡਾਰ ਦੀ ਗਿਣਤੀ ਤੇ ਵਿਚਾਰ ਨਿਰੀ ਪੁਸਤਕ ਸ੍ਰੇਣੀ ਵਿਚ ਤੇ ਪੁਸਤਕਾਂ ਵਾਂਙ ਨਹੀਂ ਹੋ ਸਕਦੀ, ਇਸਦਾ ਦਰਜਾ ਤੇ ਪ੍ਰਭਾਵ ਬਹੁਤ ਉੱਚਾ ਹੈ। 'ਸਿਖ ਧਰਮ ਭਗਤੀ ਮਾਰਗ ਹੈ ਤੇ ਭਗਤ ਨੂੰ ਆਪਣੇ ਪ੍ਰੀਤਮ ਨਾਲ ਅੰਮ੍ਰਿਤ ਪਿਆਰ ਹੁੰਦਾ ਹੈ ਜਿਸ ਕਰਕੇ ਸਿਖ ਹਿਰਦੇ ਆਪਣੇ ਪ੍ਰੀਤਮ ਵਾਹਿਗੁਰੂ ਦੇ ਗਿਆਨ ਨੂੰ ਅਤਿ ਪਿਆਰ ਕਰਦੇ ਹਨ।

ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਦਰਜਾ ਹੈ ਤਦ ਇਨ੍ਹਾਂ ਦੇ ਵਿਚਾਰ ਆਦਿਕ ਲਈ ਨਿਰੀ ਬੁੱਧੀ ਕਾਫੀ ਨਹੀਂ ਪਰ ਜਦ ਹਿਰਦੇ ਦੀ ਇਕਾਗ੍ਰਤਾ, ਸ਼ੁੱਧ ਭਗਤੀ ਦੁਆਲੇ ਮਨ ਨੂੰ ਅਕਾਲ ਪੁਰਖ ਦੇ ਪਿਆਰ ਨਾਲ ਰੰਗ ਕੇ, ਉਸਦੇ ਪ੍ਰਭਾਵ ਅੱਗੇ ਪ੍ਰਕਾਸ਼ਮਯ ਕਰਨ ਦੀ ਲੋੜ ਹੈ। ਅਰ ਇਹੋ ਪੁਰਾਤਨ ਤ੍ਰੀਕਾ ਗੁਰਸਿਖਾਂ ਵਿਚ ਇਸ ਸਤਿਗੁਰਾਂ ਦੇ ਸਰੂਪ ਤੋਂ ਲਾਭ ਲੈਣ ਦਾ ਰਿਹਾ।

ਹੁਣ ਸਮਾਂ ਵਿਚਾਰ ਤੇ ਬੁਧੀ ਦੀ ਤੀਖਣਯਤਾ ਦਾ ਆਇਆ ਹੈ, ਹਰ ਪਾਸਿਓਂ ਹਰ ਗੱਲ ਨੂੰ ਦਿਮਾਗੀ ਛਾਣ ਬੀਣ ਨਾਲ ਪਹਿਲੇ ਵੇਖਿਆ ਜਾਂਦਾ ਹੈ ਫੇਰ ਉਹ ਮਜ਼ਹਬੀ ਪਰਿਵਰਤਨ ਜੋ ਪਿਛਲੇ ਚਾਲੀ ਬਰਸ ਰਿਹਾ, ਜਿਸ ਵਿਚ ਈਸਾਈਆਂ ਤੇ ਆਰੀਆਂ ਨੇ ਸਾਰੀਆਂ ਮਜ਼ਬ੍ਹਾਂ ਤੇ ਨੁਕਤਾਚੀਨੀਆਂ ਕੀਤੀਆਂ ਅਤੇ ਸਾਰੇ ਮਜ਼ਹਬਾਂ ਵਾਲਿਆਂ ਨੂੰ ਉਤਰ ਤੇ ਪ੍ਰਤਿਉਤਰ ਦੇਣੇ ਪਏ। ਇਸ ਕਾਰਨ ਤੇ ਬੀ ਕਰਨੀ ਨਾਲੋਂ ਦਿਮਾਗ ਰੌ ਵਧੇਰੇ ਤ੍ਰਿਖਾ ਹੋ ਗਿਆ ਹੈ। ਸਿਖਾਂ ਨੂੰ ਆਪਣੇ ਕੌਮੀ ਬਚਾਉ ਲਈ ਵਿਦਯਕ ਆਸ਼੍ਰਮ ਖੋਲ੍ਹਣੇ ਪਏ। ਜਿਥੇ ਬੱਚਿਆਂ ਨੂੰ ਧਰਮ ਭਾਵ ਵਿਚ ਰੁਚੀ ਦਿਵਾਣ ਲਈ ਧਾਰਮਕ ਵਿਦਯਾ ਵੀ ਸਿਖਾਈ ਜਾਣ ਦਾ ਪ੍ਰਬੰਧ ਕੀਤਾ ਗਿਆ ਜਿਸਨੇ ਦਿਮਾਗੀ ਰੌ ਨੂੰ ਹੋਰ ਤ੍ਰਿਖਾ ਕਰ ਦਿੱਤਾ ਹੈ। ਸੋ ਜਿਥੇ ਪਹਿਲੇ 'ਕਰਣੀ ਕੀਰਤ' ਵਲ ਰੁਖ ਸਨ, ਪਹਿਲਾਂ ਦਿਮਾਗੀ ਸਮਝ ਨਾਲ ਹਰ ਗੱਲ ਨੂੰ ਹੀ ਨਹੀਂ, ਸਗੋਂ ਧਾਰਮਕ ਜੀਵਨ ਨੂੰ ਹੀ ਸਮਝਣ ਸਮਝਾਣ ਦਾ ਯਤਨ ਹੁੰਦਾ ਹੈ। ਇਸ ਤੋਂ ਮਗਰੋਂ ਫੇਰ 'ਕਰਨੀ ਕੀਰਤ' ਵਲ ਰੁਖ ਰੱਖਣ ਵਾਲੇ 'ਹੈਨ ਵਿਰਲੇ ਨਾਹੀ ਘਣੇ....'

ਇਸ ਵਾਸਤੇ ਪੰਥ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੇ ਸਮਝਣ ਲਈ ਜਿਤਨੀ ਰੌ ਪੈਹਲੇ ਜਾਰੀ ਰਹੀ ਹੈ, ਉਸ ਤੋਂ ਵੀ ਵਧ ਕੇ ਪਿਛਲੇ ੩੦ ਤੀਹ ਬਰਸਾਂ ਵਿਚ ਕੋਸ਼, ਪ੍ਰਯਾਯ, ਸ਼ਬਦ ਬ੍ਰਿਤੀ ਦਾ ਸੁਲਝਾਉ, ਟੀਕੇ ਬਾਣੀ ਦੇ ਸਿਰਲੇਖਾਂ ਦੇ ਸਾਰੇ ਹਾਲ ਤੇ ਹੋਰ ਭੀ ਯਤਨ ਹੁੰਦੇ ਹਨ।

[*ਗੁਰ ਸ਼ਬਦ ਰਤਨ ਪ੍ਰਕਾਸ਼*, ਭੂਮਿਕਾ, ਪੰਨਾ ੧-੨]

੭੦. *ਗਿਆਨੀ ਬਦਨ ਸਿੰਘ ਫਰੀਦਕੋਟ* ੧੯੨੪

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ! ਜਿਹਨਾਂ ਨੇ ਕਲਯੁਗ ਵਿਚ ਪ੍ਰਗਟ ਹੋ ਕੇ ਭਵ ਸਾਗਰ ਤੋਂ ਪਾਰ ਹੋਣ ਲਈ ਐਸਾ ਪੁਲ ਬਣਾ ਦਿੱਤਾ ਕਿ ਜਿਸਦੇ ਆਸਰੇ ਸਭ ਲੋਕ ਸੁਖੈਨ ਹੀ ਪਾਰ ਹੋ ਸਕਨ। ਪੰਜਵੇਂ ਜਾਮੇ ਵਿਚ ਸ੍ਰੀ ਗੁਰੂ ਅਰਜਨ ਨਾਮ ਸਦਾਇਆ, ਅਰ ਗੁਰਬਾਣੀ ਦਾ ਸੰਚਯ ਕਰਕੇ ਬੀੜ ਬੰਨ੍ਹ ਦਿੱਤੀ ਜਿਸ ਕਰਕੇ ਉਹ ਪੁਲ (ਗਾਡੀ ਰਾਹ, ਗੁਰਮੁਖ ਮਾਰਗ) ਦ੍ਰਿੜ੍ਹ ਹੋ ਗਯਾ।

ਭਾਵੇਂ ਗੁਰਬਾਣੀ ਵਿਚ ਗੁਰੂ-ਆਸ਼ਯ ਸੌਖੇ ਤੇ ਪ੍ਰਗਟ ਰੱਖੇ ਹਨ ਕਿ ਜਿਸ ਤਰ੍ਹਾਂ ਸੂਰਜ। ਪ੍ਰੰਤੂ ਸੂਰਜਪ੍ਰਕਾਸ਼ ਵਤ ਬਾਨੀ ਦੇ ਆਸ਼ਯ ਨੇ 'ਬੁਧੀ ਰੂਤ ਨੇਤਰ' ਬਿਨਾਂ ਸਾਧਨ-ਸੰਪੰਨਤਾ ਦੇ ਗ੍ਰਹਨ ਨਹੀਂ ਕਰ ਸਕਦੇ। ਅਸਮਦਾਦਿ ਜੀਵਾਂ ਤੇਦ ਅੰਤਹਕਰਣ ਸ਼ੁੱਧ ਨ ਹੋਣ ਕਰਕੇ ਗੁਰਆਸ਼ਯ ਨੂੰ ਅਨੁਭਵ ਕਰਨਾ ਹੋਰ ਭੀ ਕਠਨ ਹੈ। ਜੇ ਗੁਰਬਾਣੀ ਦਾ ਅਰਥ, ਕੇਵਲ ਵਿਦਯਾ ਦੀ ਚਾਤਰੀ ਨਾਲ ਕੀਤਾ ਜਾਵੇ ਅਰ ਅਨੁਭਵ ਦੀ ਸਹਾਇਤਾ ਨ ਲੀਤੀ ਜਾਵੇ ਤਦ ਅਰਥ ਦੇ ਅਨਰਥ ਹੋ ਜਾਂਦੇ ਹਨ। ਜੋ ਸਨਾਤਨ ਸੰਪ੍ਰਦਾਯ ਅਰਥਾਂ ਦੀ, ਸੀਨੇ ਬਸੀਨੇ ਚਲੀ ਆਉਂਦੀ ਸੀ, ਓਹ ਕਲਮਬੰਦ ਨ ਹੋਣੇ ਕਰਕੇ ਸਿਖਾਂ ਦੇ ਰਾਜ ਵੇਲੇ ਰੌਲੇ ਵਿਚ ਪੈ ਗਈ। ਇਤਰ ਮਤਾਂ ਦੇ ਔਹਦੇਦਾਰਾਂ ਵਲੋਂ ਸਿੱਖ ਸੰਪ੍ਰਦਾਈ ਆਤਮਾ ਦੀ 'ਨਕਦਰੀ' ਅਤੇ ਮਿਸਰਤ ਆਸ਼ੇ ਦੇ ਅਰਥ ਕਰਨੇ ਵਾਲਿਆਂ ਦੇ ਸਤਕਾਰ ਨੇ ਸਨਾਤਨ ਸੰਪ੍ਰਦਾਯ ਨਵੀਨ ਰੂਪਾਂ ਵਿਚ ਪ੍ਰਗਟ ਕਰ ਦਿੱਤੀ। ਤਦ ਤੋਂ ਜੋ ਇਕ ਤੁਕ ਦੇ ਬਾਹਲੇ ਅਰਥ ਕਰੇ, ਸੁ ਵੱਡਾ ਗਯਾਨੀ ਮੰਨਿਆ ਜਾਣ ਲਗਾ। ਇਸ ਨਾਨਤ੍ਵ ਵਿਚ ਜੋ ਸੁਧ ਸੰਪ੍ਰਦਾ ਸੀ, ਓਹ ਵਖਰਾ ਰੂਪ ਰਖਦੀ ਹੋਈ ਭੀ ਸਮੇਂ ਦੇ ਹੇਰ ਫੇਰ ਵਿਚ ਆ ਕੇ ਚੁਣ ਲੈਨੀ ਕਠਨ ਹੋ ਗਈ।

......ਗੁਰੂ ਜੀ ਦੀ ਬਾਨੀ ਆਤਮ ਸਮੁੰਦਰ ਹੈ। ਇਸ ਦਾ ਅੰਤ ਸਤਿਗੁਰੂ ਆਪ ਹੀ ਜਾਣਦੇ ਹਨ। ਹਾਂ, ਮਰ ਜੀਉੜੇ ਟੁਬੀਆਂ ਮਰਦੇ ਹਨ ਜੋ ਕੁਛ ਲੱਭਦੇ ਹਨ, ਕਦਰਦਾਨਾਂ ਅੱਗੇ ਲਿਆ ਰਖਦੇ ਹਨ।

ਭੂਮਿਕਾ, *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ* (ਫਰੀਦਕੋਟ)
ਪੰਨਾ ੳ-ੲ (੧੯੨੪ ਈ.), ਦੂਜੀ ਐਡੀਸ਼ਨ

੭੧. *ਮਹੰਤ ਗਣੇਸ਼ਾ ਸਿੰਘ*

ਪੰਜਵੇਂ ਸਤਿਗੁਰੂ ਗੁਰੂ ਅਰਜਨ ਦੇਵ ਜੀ ਨੇ ੧੬੬੧ ਬਿਕ੍ਰਮੀ ਭਾਦੋਂ ਸੁਦੀ ੧ ਵਿਚ ਪੂਰਬੋਕਤ ਗੁਰੂਆਂ ਕ੍ਰਿਤ ਬਾਣੀ ਸੰਗ੍ਰਹਿ ਕਰਕੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਬੀੜ ਬੰਨ੍ਹੀ। ਇਹ ਸਿਖ ਪੰਥ ਦਾ ਇਸ਼ਟ ਰੂਪ ਸ੍ਰੀ ਗੁਰੂ ਗ੍ਰੰਥ ਜੀ ਮਹਾਰਾਜ ਹੋਏ। ਅਪੌਰਖੇਯ ਬਾਣੀ ਦਾ ਅਕੱਥ ਪ੍ਰਭਾਵ ਅਰ ਅਗਾਧ ਆਸ਼ਯ ਹੈ। ਇਸ ਬਾਣੀ ਦੇ ਰਸੀਏ ਅਨੇਕਾਂ ਸੰਤ ਮਹਾਤਮਾ ਮਹਾਂਪੁਰਖ ਹੋਏ ਅਰ ਮਹਾਰਾਜ ਆਦਿ ਲਾਖਾਂ ਕੁਰਬਾਨ ਜਾਂਦੇ ਹਨ। ਸਿਖ ਧਰਮ ਵਿਚ ਜਨਮ ਮਰਨ ਹਰ ਉਤਮ ਕਰਮ ਵਿਚ ਭਜਨ ਪੂਜਾ ਪਾਠ ਨਿਤਨੇਮ—ਇਸੇ ਬਾਣੀ ਦਾ ਹੁੰਦਾ ਹੈ, ਅਨੇਕਾਂ ਦੇ ਮਨੋਕਾਮਨਾ ਪਾਠ ਨਾਲ ਪੂਰੇ ਹੁੰਦੇ ਹਨ। [*ਭਾਰਤ ਮਤ ਦਰਪਣ*, ਪੰਨਾ ੪੧]

੭੨. *ਗਿਆਨੀ ਸ਼ੇਰ ਸਿੰਘ* ੧੯੨੮

ਦਸਾਂ ਸਤਿਗੁਰਾਂ ਦੀ ਬਾਣੀ ਵਿਚ ਵਾਹਿਗੁਰ ਇਕ ਹੈ, ਮਨੁੱਖ ਜਾਤੀ ਇਕ ਹੈ, ਮੁਕਤੀ ਦਾ ਰਸਤਾ ਅਮਲੀ ਪ੍ਰੇਮ (ਸੇਵਾ, ਪ੍ਰੇਮ ਦਾ ਹੀ ਇਕ ਅੰਗ ਹੈ) ਸਿਖ ਲਈ ਤਨੋ ਮਨੋ ਪਵਿਤਰ ਤੇ ਤਿਆਰ ਬਰਤਿਆਰ ਰਹਿਣਾ ਜ਼ਰੂਰੀ ਹੈ, ਜਥੇਬੰਦੀ ਲਾਜ਼ਮੀ ਹੈ। ਇਨ੍ਹਾਂ ਪੰਜਾਂ ਅਸੂਲਾਂ ਦਾ ਪ੍ਰਚਾਰ ਬਹੁਤ ਜ਼ੋਰ ਨਾਲ ਹੈ ਤੇ ਸਤਿਗੁਰੂਆਂ ਦੇ ਅਮਲੀ ਜੀਵਨ ਤੇ ਗੁਰਬਾਣੀ ਤੋਂ ਇਹ ਵੀ ਸਿਧ ਹੈ ਕਿ ਦਸ ਗੁਰੂ ਇਕ ਹਨ ਤੇ ਉਨ੍ਹਾਂ ਨੂੰ ਗੁਰੂ ਮੰਨਣਾ ਸਿਖ ਲਈ ਜ਼ਰੂਰੀ ਹੈ। ਉਨ੍ਹਾਂ ਤੋਂ ਪਿਛੋਂ ਉਨ੍ਹਾਂ ਦੀ ਗੁਰਬਾਣੀ ਜਾਂ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦਾ ਹੀ ਮਜ਼ਬ ਵਿਚ ਸਭ ਤੋਂ ਉੱਚਾ ਦਰਜਾ ਹੈ ਤੇ ਗੁਰਬਾਣੀ ਗੁਰੂ ਸਰੂਪ ਹੈ।

ਬਸ ਐਥੋਂ ਤਕ ਸਿਖਾਂ ਦੇ ਬੁਨਿਆਦੀ ਅਸੂਲ ਹਨ। ਇਨ੍ਹਾਂ ਵਿਚ ਅਦਲਾਬਦਲੀ ਨ ਕੋਈ ਇਕੱਲਾ ਸਿਖ ਕਰ ਸਕਦਾ ਹੈ ਨ ਪੰਥ ਮਿਲ ਕੇ। ਇਸ ਤੋਂ ਬਿਨਾ ਗੁਰਬਾਣੀ ਤੋਂ ਸਾਫ ਪ੍ਰਗਟ ਹੋਏ ਹੋਰ ਕਿਸੇ ਸਿਧਾਂਤ ਵਿਚ ਵੀ ਪੰਥ ਕੋਈ ਅਦਲਾਬਦਲੀ ਨਹੀਂ ਕਰ ਸਕਦਾ।

ਦਸਮ ਪਾਤਸ਼ਾਹ ਜੀ ਨੇ ਆਪਣੀ ਬਾਣੀ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਨਹੀਂ ਮਿਲਾਈ ਤੇ ਨਾ ਉਨ੍ਹਾਂ ਨੇ ਅਜੇਹਾ ਕਰਨ ਦਾ ਪੰਥ ਨੂੰ ਹੁਕਮ ਹੀ ਦਿੱਤਾ ਹੈ। ਇਸ ਲਈ ਉਨ੍ਹਾਂ ਦੀ ਆਪਣੀ ਬਾਣੀ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਤੋਂ ਅੱਡ ਰਹੇਗੀ ਪਰੰਤੂ ਉਸਦਾ ਸਤਿਕਾਰ ਪੂਰਾ ਪੂਰਾ ਹੋਣਾ ਜ਼ਰੂਰੀ ਹੈ। ਪਰ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਵਿਚ ਦਸਮ ਪਾਤਸ਼ਾਹ ਦੀ ਬਾਣੀ ਤੋਂ ਬਿਨਾ ਵੀ ਉਪਰ ਦੱਸੇ ਅਸੂਲ ਪੂਰੀ ਤਰ੍ਹਾਂ ਆ ਜਾਂਦੇ ਹਨ ਤੇ ਕੋਈ ਘਾਟਾ ਵਾਧਾ ਨਹੀਂ ਰਹਿੰਦਾ। ਬੁਨਿਆਦੀ ਅਸੂਲਾਂ ਦੀ ਮੁਕੰਮਲ ਤਾਲੀਮ ਦੇਣ ਵਾਲਾ ਹੋਣ ਕਰਕੇ ਇਸ ਪਰਮ ਪਵਿਤਰ ਪੁਸਤਕ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।

(*ਪ੍ਰੀਤਮ*, ਮਾਸਕ ਪੱਤ੍ਰ ਲਾਹੌਰ, (ਸਤੰਬਰ ੧੯੨੮)

੭੩. *ਭਾਈ ਸਾਹਿਬ ਕਾਨ੍ਹ ਸਿੰਘ* ੧੯੩੦

ਗ੍ਰੰਥ ਸਾਹਿਬ ਸ੍ਰੀ ਗੁਰੂ : ਸਾਰੇ ਧਰਮ-ਗ੍ਰੰਥਾਂ ਦਾ ਸ੍ਵਾਮੀ ਸਿੱਖ ਧਰਮ ਦਾ ਮਹਾਮਾਨਯ ਪੁਸਤਕ ਸ੍ਰੀ ਗੁਰੂ ਅਰਜਨ ਦੇਵ ਨੇ ਪਹਿਲੇ ਸਤਿਗੁਰਾਂ ਦੀ ਬਾਣੀ ਏਕਤ੍ਰ ਕਰਕੇ ਸੰਮਤ ੧੬੬੦ ਵਿੱਚ, ਇਹ ਰਾਮਸਰ ਦੇ ਕਿਨਾਰੇ (ਅੰਮ੍ਰਿਤਸਰ) ਭਾਈ ਗੁਰਦਾਸ ਜੀ ਤੋਂ ਲਿਖਾਉਣਾ ਅਰੰਭਿਆ ਆਪਣੀ ਰਚਨਾ ਅਤੇ ਭਗਤ ਆਦਿਕਾਂ ਦੀ ਬਾਣੀ ਸ਼ਾਮਿਲ ਕਰਕੇ ਸੰਮਤ ੧੬੬੧ ਵਿਚ ਸਮਾਪਤ ਕੀਤਾ ਇਸੇ ਸਾਲ ਭਾਦੋਂ ਸ਼ੁਦੀ ੧ ਨੂੰ ਹਰਿਮੰਦਰ ਵਿਚ ਗੁਰਮਤ ਦੇ ਪ੍ਰਚਾਰ ਲਈ ਅਸਥਾਪਨ ਕਰਕੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਤਿੰਨਾਂ ਬੀੜਾਂ (ਜਿਲਦ) ਦੇਖੀਆਂ ਜਾਂਦੀਆਂ ਹਨ (1) ਭਾਈ ਗੁਰਦਾਸ ਜੀ ਦੀ (2) ਭਾਈ ਬੰਨੋ ਦੀ (3) ਦਮਦਮੇ ਵਾਲੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪਦ, ਸ਼ਬਦ, ਸਲੋਕ, ਛੰਤ, ਪਉੜੀ ਆਦਿ ਦੀ ਗਿਣਤੀ ਇਉਂ ਹੈ :

ਅਮਰਦਾਸ ਸਤਿਗੁਰੂ	੮੬੯
ਅਰਜਨ ਸਤਿਗੁਰੂ	੨੩੧੨
ਅੰਗਦ ਸਤਿਗੁਰੂ (ਕੇਵਲ ਸਲੋਕ)	੬੩
ਸੱਤਾ ਬਲਵੰਡ, ਵਾਰ ਰਾਮਕਲੀ ੩, ਪਦ	੮
ਸਧਨਾ	੧
ਸੁੰਦਰ, ਰਾਮਕਲੀ ਸਦੁ, ਪਦ	੬
ਸੂਰਦਾਸ	੨
ਸੈਣ	੧
ਕਬੀਰ ਜੀ	੫੩੪
ਗੋਬਿੰਦ ਸਿੰਘ ਸਤਿਗੁਰੂ, ਸਲੋਕ	੧
ਜੈਦੇਵ	੨

ਤੇਗ ਬਹਾਦੁਰ ਸਤਿਗੁਰੂ	੧੧੫
ਤ੍ਰਿਲੋਚਨ	੫
ਧੰਨਾ	੪
ਨਾਨਕ ਦੇਵ ਸਤਿਗੁਰੂ	੯੪੭
ਨਾਮਦੇਵ	੬੨
ਪਰਮਾਨੰਦ	੧
ਪੀਪਾ	੧
ਫਰੀਦ ਜੀ	੧੨੩
ਬੇਣੀ	੩
ਭੱਟਾਂ ਦੇ ਸਵੈਯੇ	੧੨੩
ਭੀਖਨ	੨
ਮਰਦਾਨਾ, ਵਾਰ ਬਿਹਾਗੜਾ ਵਿਚ ਸਲੋਕ	੩
ਰਵਿਦਾਸ	੪੦
ਰਾਮਦਾਸ ਸਤਿਗੁਰੂ	੬੩੮
ਰਾਮਾਨੰਦ	੨

ਕਈ ਇਤਿਹਾਸ ਲੇਖਕ ਅਤੇ ਸਾਂਪ੍ਰਦਾਈ ਗਯਾਨੀ ਦੱਸਦੇ ਹਨ ਕਿ ਵਾਰਾਂ ਪੁਰ ਨੌਂ ਧੁਨੀਆਂ ਗੁਰੂ ਹਰਿਗੋਬਿੰਦ ਸਾਹਿਬ ਨੇ ਚੜ੍ਹਾਈਆਂ ਹਨ, ਪਰੰਤੂ ਇਹ ਭਾਰੀ ਭੁੱਲ ਹੈ ਧੁਨੀਆਂ ਸ੍ਰੀ ਗੁਰੂ ਅਰਜਨ ਦੇਵ ਨੇ ਹੀ ਰਾਗੀਆਂ ਨੂੰ ਗਾਉਣ ਦੀ ਧਾਰਣਾ ਦੱਸਣ ਲਈ ਲਿਖੀਆਂ ਹਨ।

ਗ੍ਰੰਥ ਸਾਹਿਬ ਨਾਲ 'ਗੁਰੂ' ਸ਼ਬਦ ਸੰਮਤ ੧੭੬੫ ਤੋਂ ਲਾਉਣਾ ਆਰੰਭ ਹੋਇਆ, ਜਿਸ ਵੇਲੇ ਅਬਿਚਲ ਨਗਰ ਗੋਬਿੰਦ ਸਿੰਘ ਜੀ ਨੇ ਗੁਰੁਤਾ ਸਿੱਖ ਧਰਮ ਦੇ ਆਧਾਰ ਰੂਪ ਗ੍ਰੰਥ ਨੂੰ ਦਿੱਤੀ। [*ਮਹਾਨ ਕੋਸ਼*, ਪੰਨਾ ੩੨੭, ਦੂਜੀ ਐਡੀਸ਼ਨ (੧੯੬੦)]

੭੪. *ਭਾਈ ਵੀਰ ਸਿੰਘ*

(ੳ)

ਆਪਣੇ ਆਤਮਾ ਵਿੱਚ ਨਿਰੋਲ ਆਤਮ ਪਦ ਦੀਆਂ ਡੂੰਘਾਈਆਂ ਵਿਖੇ ਧੁਰ ਦੀ ਗੰਮਤਾ ਰੱਖਣ ਵਾਲੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਦੇ ਲਿਖਣਹਾਰ ਸਤਿਪੁਰਖਾਂ ਨੇ ਹਾਂ, ਆਤਮ-ਡੂੰਘਾਈਆਂ ਵਿਚ ਪਰਮਾਤਮਾ ਡੂੰਘਾਈਆਂ ਨਾਲ ਮਿਲੇ ਹੋਏ ਤੇ ਮਿਲੇ ਰਹਿਣ ਵਾਲੇ ਗੁਰੂ ਸਾਹਿਬਾਨ ਨੇ, ਹਾਂ, ਕਰਤਾਰ ਨਾਲ ਸਦਾ ਵਸਲ ਵਿਚ ਵੱਸਣ ਵਾਲੇ ਤੇ ਸ੍ਰਿਸ਼ਟੀ ਨੂੰ ਸਾਈਂ ਨਾਲ ਮੇਲਣ ਵਾਲੇ ਸਤਿਗੁਰੂਆਂ ਨੇ ਸਾਨੂੰ ਜੋ ਅਸੀਂ ਨਿਰੇ ਬਾਹਰਲੇ ਦਿੱਸਣ ਵਾਲੇ ਸੰਸਾਰ ਦੇ ਜਾਣੂ ਤੇ ਇਸ ਦੇ ਰਸਾਂ-ਕਸਾਂ ਦੀਆਂ ਮੱਛੀਆਂ ਬਣ ਰਹੇ ਹਾਂ. ਆਪਣੇ ਇਲਾਹੀ ਨਾਦ ਨਾਲ ਆ ਕੇ ਜਗਾਇਆ ਤੇ ਆਪਣੇ ਉਸ ਗਿਆਨ ਦਾ ਚਾਨਣਾ ਸਾਡੇ ਤੇ ਪਾਇਆ ਜਿਸ ਚਾਨਣ ਨੂੰ ਕਿ ਉਹ ਨਿਰਾ ਮੰਨਦੇ ਹੀ ਨਹੀਂ ਸਨ, ਸਗੋਂ ਜਿਸ ਦਾ ਉਨ੍ਹਾਂ ਨੂੰ ਜ਼ਾਤੀ ਤਜਰਬਾ ਸੀ ਅਰ ਜਿਸ ਵਿਚ ਉਹ ਸਦਾ ਵਸਦੇ ਸਨ। ਹਾਂ, ਉਨ੍ਹਾਂ ਦਾ ਉਹ ਆਤਮ-ਡੂੰਘਾਣਾਂ ਵਿਚ ਪਰਮਾਤਮ ਡੂੰਘਾਣਾਂ ਦੇ ਮੇਲਿਆਂ ਦਾ ਆਨੰਦ ਉੱਥੋਂ ਇਕ ਪਰਤਵੀਂ ਲਹਿਰ ਲੈ ਕੇ ਉਨ੍ਹਾਂ ਨੂੰ ਇਕ ਹੋਰ ਤਜਰਬੇ ਵਿਚ ਪਾ ਕੇ ਉਸ

ਤਜਰਬੇ ਵਿੱਚ ਇਕ ਹੋਰ ਆਨੰਦ ਤੇ ਇਕ ਉਮਾਹੂ ਪ੍ਰਤੀਤੀ ਦੇਂਦਾ ਸੀ, ਜਿਸ ਵਿਚ ਕਿ ਉਹ ਉਸ ਅੰਦਰੋਂ ਅੰਦਰਲੇ ਨਾਲ ਸਦਾ ਮਿਲੇ ਰਹਿਣ ਵਾਲੇ ਅਕਾਲ ਪੁਰਖ ਨੂੰ ਬਾਹਰਲੇ ਦਿੱਸਦੇ ਵੱਸਦੇ ਸੰਸਾਰ ਵਿੱਚ ਪ੍ਰਦੀਪਤ ਤੇ ਪਰਤੱਖ ਵੇਖਦੇ ਸਨ ਤੇ ਗੱਜ ਵੱਜ ਕੇ ਕਹਿਆ ਕਰਦੇ ਸਨ :—

ਬੇਦ ਕਤੇਬ ਸੰਸਾਰ ਹਭਾਹੂੰ ਬਾਹਿਰਾ ।

ਨਾਨਕ ਕਾ ਪਾਤਸਾਹੁ ਦਿਸੈ ਜਾਹਿਰਾ ।੪।੩।੧੦੫। (ਆਸਾ ਮ: ੫)

ਹਾਂ, ਇਹ ਅਰੋਗ ਨਵਾਂ ਨਰੋਆ, ਜੁਆਨੀ ਤੇ ਜੋਬਨ ਵਾਂਗ ਠਾਠ ਮਾਰਦਾ ਵਾਹਿਗੁਰੂ ਦਰਸ਼ਨ ਦਾ ਲਗਾਤਾਰ ਝਾਕਾ, ਜੋ ਅੰਦਰ ਆਪੇ ਦੀਆਂ ਅਮਿਤ ਡੂੰਘਾਈਆਂ ਵਿਚ ਉਤਰ ਕੇ ਆਪੇ ਤੋਂ ਅਗੇਰੇ ਪਰਮ ਆਪੇ ਦੇ ਸਦਾ ਮੇਲ ਵਿਚ ਰੱਖਣ ਵਾਲਾ ਇਕ ਅਮਲੀ ਤਜਰਬਾ ਸੀ, ਜੋ ਨੈਣ-ਮੁੰਦੀ ਸਮਾਧੀ ਵਿਚੋਂ ਕੱਢ ਕੇ ਨੈਣ-ਖੁਲ੍ਹੀ ਸਦਾ-ਸਮਾਧੀ ਵਿਚ ਸਦਾ-ਜਾਗ੍ਰਤ ਦੀ ਤਾਜ਼ਗੀ ਵਿਚ ਸਦਾ ਦਰਸਨ ਦੇਂਦਾ ਸਦਾ ਉਮਾਹ ਵਿਚ ਰਖਦਾ ਸੀ, ਏਹੋ ਜੇਹੇ ਮਹਾਂਵਾਕ ਉਚਾਰਨ ਕਰਾਉਂਦਾ ਸੀ :—

"ਨਾਨਕ ਕਾ ਪਾਤਸਾਹੁ ਦਿਸੈ ਜਾਹਿਰਾ ।"

ਜੋ ਤਜਰਬਾ, ਜੋ ਗਯਾਨ, ਜੋ ਪਰਤੱਖ ਦਰਸ਼ਨ ਆਪ ਨੂੰ ਅਜ਼ਲ ਤੋਂ ਇਸ ਤਰਹ ਸਦਾ ਪ੍ਰਾਪਤ ਸੀ, ਆਪ ਨੇ ਉਸ ਨੂੰ ਸੰਗੀਤਕ ਲਹਿਰਾਉ ਵਿਚ ਆ ਆ ਕੇ ਕਈ ਵੇਰ ਗਾਂਵਿਆ ਉਨ੍ਹਾਂ ਦੇ ਗਾਉਣ ਦੀ ਸਰੋਦ ਲਹਿਰ ਦੇ ਸੁਣਨ ਵਾਲਿਆਂ ਨੂੰ ਟੁੰਬਿਆ; ਸਰੀਰ ਤੇ ਸਰੀਰ ਦੇ ਸੁਆਦਾਂ ਤੋਂ ਉੱਚਾ ਕਰਕੇ ਵਿਸਮਾਦ-ਰਸ ਵਿਚ ਝੁੰਮਾਇਆ । ਹਾਂ, ਓਹ ਝੂੰਮੇ ਤੇ ਮਾਰੇ ਗਏ ਗੋਤਾ ਅੰਦਰ ਨੂੰ, ਗਏ ਆਤਮਾ ਡੂੰਘਾਈਆ ਵਿਚ ਤੇ ਜਾ ਛੋਹੇ ਉਸ ਮੁਕਾਮ ਨੂੰ, ਜਿੱਥੇ ਪਰਮਾਤਮ ਡੂੰਘਾਈਆਂ ਦੇ ਚੱਕਰ ਆਤਮ-ਡੂੰਘਾਈ ਨਾਲ ਛੂਹ ਰਹੇ, ਲਗ ਰਹੇ, ਇਕ ਦੂਏ ਨੂੰ ਵਧ ਰਹੇ, ਇਕ ਹੋ ਰਹੇ ਫਿਰ ਰਸ ਦੇ ਰਹੇ, ਉਮਾਰ ਭਰ ਰਹੇ, ਉਮਾਹ ਨਾਲ ਉਛਾਲ ਕੇ ਉੱਪਰ ਨੂੰ ਸੱਟ ਰਹੇ, ਤੇ ਨੈਣ ਖੁਲ੍ਹ ਕੇ ਦਿਸਦੇ ਵੱਸਦੇ ਵਿਚੋਂ, ਹਾਂ 'ਦਿਸਦੇ' ਦੇ ਉਸ ਪਰਦੇ ਵਿਚੋਂ ਜਿਸਨੂੰ ਸੁੰਦਰਤਾ ਕਹਿੰਦੇ ਹਨ, 'ਸੁੰਦਰ' ਦੇ ਪਰਤੱਖ ਦਰਸ਼ਨਾਂ ਵਿਚ ਵਗਾਹ ਰਹੇ ਹਨ । ਹਾਂ ਫੇਰ, ਉਹ ਸੁਣਨਹਾਰ ਬੀ ਸਤਿਗੁਰਾਂ ਦੇ ਓਸ ਸੰਗੀਤ ਨੂੰ ਸੁਣ ਕੇ ਸਤਿਗੁਰ ਜੀ ਦੇ ਉਚਾਰੇ ਵਾਕਾਂ ਨੂੰ ਗਾ ਉੱਠੇ :

ਸੋ ਅੰਤਰਿ ਸੋ ਬਾਹਰਿ ਅਨੰਤ

ਘਟਿ ਘਟਿ ਬਿਆਪਿ ਰਹਿਆ ਭਗਵੰਤ ।੨।੨੩। (ਗਉੜੀ ਸਖਮਨੀ ਮ : ੫)

ਹਾਂ, ਐਉਂ ਉਤਰਿਆ ਸ੍ਰੀ ਗ੍ਰੰਥ ਸਾਹਿਬ ਵਾਹਿਗੁਰੂ ਤੋਂ ਗੁਰੂ ਹਿਰਦੇ ਵਿਚ ਤੇ ਗੁਰੂ ਹਿਰਦੇ ਤੋਂ ਉਪਕਾਰੀ ਹੋਇਆ ਸਿਖ ਮਨ-ਮੰਡਲਾਂ ਤੇ ।

ਕਦੇ ਕਦੇ ਦਿੱਸਣ ਵਾਲੇ ਜਗਤ ਦੀਆਂ ਹੱਦਾਂ ਦੇ ਅੰਦਰ ਅੰਦਰ ਨਜ਼ਰ ਰੱਖਨ ਵਾਲੇ ਲੋਕਾਂ ਨੇ, ਜਿਨ੍ਹਾਂ ਦੀ ਨਜ਼ਰ ਉਚਾਣ ਡੂੰਘਾਣ ਵਲ ਨਹੀਂ ਸੀ ਉੱਠਦੀ, ਸਤਿਗੁਰਾਂ ਪਾਸ ਆ ਕੇ ਪ੍ਰਸ਼ਨ ਕੀਤੇ, ਯਾ ਮਨ ਦੀਆਂ ਮੁਸ਼ਕਲਾਂ ਪੱਛੀਆਂ, ਆਪਣੇ ਦੁੱਖ ਕਹੇ, ਦਾਰੂ ਮੰਗੇ ਤਾਂ ਦਾਤਾ ਗੁਰੂ ਜੀ ਪਹਿਲਾਂ ਉੱਚੀਆਂ ਸਮਝੌਤੀਆਂ ਨਾਲ ਉਨ੍ਹਾਂ ਦੇ ਮਨਾਂ ਨੂੰ ਸੋਝੀ ਦੇਂਦੇ ਰਹੇ, ਆਤਮਕ ਗੱਲਾਂ ਸੌਖੀਆਂ ਸੌਖੀਆਂ ਕਰਕੇ ਸਮਝਾਉਂਦੇ ਰਹੇ । ਜਦੋਂ ਸੁਣਨ ਵਾਲਿਆਂ ਦੇ ਮਨ ਨ ਪੰਘਰੇ ਯਾ ਬਹੁਤ ਪਥਰਾਈ ਦੇ ਕਾਰਨ ਜ਼ੋਰ ਲਾਉਂਦਿਆਂ ਬੀ ਪੰਘਰਨੋਂ ਅੜ ਖੜੋਤੇ ਤਾਂ ਰੰਗ-ਰੱਤੜੇ ਦਾਤਾ ਗੁਰੂ ਜੀ ਨੇ ਅਪਨੇ ਅੰਦਰ ਦੀਆਂ ਡੂੰਘਾਈਆਂ ਵਿੱਚ ਗੋਤਾ ਲਾਇਆ ਅਤੇ ਰਤਨਾਂ ਜਵਾਹਰਾਂ ਮੋਤੀਆਂ ਨਾਲ ਡੁਲ੍ਹ ਡੁਲ੍ਹ ਪੈਂਦੇ ਅਰਸ਼ੀ ਸੁੰਦਰਤਾ ਨਾਲ ਚਮਕਦੇ ਤੇ ਸੂਰਜ ਵਰਗੇ ਤੇਜ਼ ਨਾਲ

ਚਮਕਦੇ ਬਾਹਰ ਨਿਕਲੇ। ਤੇਜ ਦਾ ਅਸਰ ਚੁਫੇਰੇ ਪਇਆ ਤੇ ਸੰਗੀਤਕ ਲਹਿਰ ਵਿਚ ਆ ਕੇ ਉਨ੍ਹਾਂ ਦੇ ਇਲਾਹੀ ਗਲੇ ਤੋਂ ਛਿੜ ਪਇਆ ਇਲਾਹੀ ਨਾਦ। ਉਸ ਤੇਜ਼ ਨਾਲ, ਉਸ ਸੰਗੀਤਕ ਲਹਿਰਾਉ ਦੀ ਛੋਹ ਨਾਲ ਉਹ 'ਨਾ ਪੰਘਰੇ'—ਮਨ ਦ੍ਰਵ ਕੇ ਵਹਿ ਤੁਰੇ ਤੇ ਵਹਿ ਕੇ ਜਾ ਮਿਲੇ।

'ਓਰਾ ਗਰਿ ਪਾਨੀ ਭਇਆ ਜਾਹਿ ਮਿਲਿਓ ਢਲਿ ਕੂਲ'।੧੭੭।

(ਸਲੋਕ ਕਬੀਰ ਜੀ)

ਹਾਂ, ਪੰਘਰੇ ਮਨ ਪਵਨ ਰੂਪ ਹੋ ਉਡੇ, ਤਰਲ ਹੋ ਗਏ, ਚਲੇ ਗਏ ਅਕਾਸ਼ਾਂ ਦੀਆਂ ਡੂੰਘਾਈਆਂ ਵਿਚ ਤੇ ਜਾ ਮਿਲੇ......

"ਜਹਿ ਅਬਿਗਤੁ ਭਗਤੁ ਤਹਿ ਆਪਿ"।੮।੨੧। *(ਗਉੜੀ ਸੁਖਮਨੀ ਮ : ੫)*

ਹਾਂ, ਐਉਂ ਬੀ ਉਤਰਿਆ *ਸ੍ਰੀ ਗ੍ਰੰਥ ਸਾਹਿਬ* ਆਪਣੇ ਸੋਮੇ ਅਤੇ ਜੀਵਨ ਤੇ ਗਯਾਨ ਸ਼ਰੂਪ ਵਾਹਿਗੁਰੂ ਚਸ਼ਮੇ ਤੋਂ ਗੁਰੂ ਹ੍ਰਿਦੇ ਪੁਰ ਤੇ ਗੁਰੂ ਮੁਖਾਰਬਿੰਦ ਤੋਂ ਨਿਰੋਲ ਨਿਰਮਲ ਸ੍ਰੋਤ ਵਾਂਙੂੰ ਜਿਉਂ ਕਾ ਤਿਉਂ ਆਇਆ ਅਸਾਂ ਪਾਸ।

ਕਦੇ ਦਾਤਾਰ ਸਤਿਗੁਰਾਂ ਨਾਲ ਬਹਿਸਾਂ ਲਾਈਆਂ ਈਰਖਾਲੂਆਂ ਨੇ, ਕਦੇ ਈਰਖਾ ਵਾਲਿਆਂ ਨੂੰ ਆਪ ਟੁੰਬ ਜਗਾਇਆ ਦਾਤਾ ਗੁਰੂ ਮੇਹਰਾਂ ਦੇ ਘਰ ਆ ਕੇ, ਓਥੇ ਹੋਏ ਮੁਬਾਹਿਸੇ, ਛਿੜੀਆਂ ਚਰਚਾ। ਦਲੀਲ ਤੇ ਯੁਕਤੀ ਨਾਲ ਬਹਸਦੇ ਲੋਕ ਰੁਕੇ, ਅਟਕੇ ਤੇ ਆਪਣੇ ਡਿੱਠੇ ਉਨ੍ਹਾਂ ਨੇ ਘਾਟੇ, ਸੋਚੀਂ ਪੈ ਗਏ। ਦਾਤਿਆਂ ਨੇ ਦੱਸੇ-ਪਿਆਰਾਂ ਨਾਲ ਦੱਸੇ, ਉਨ੍ਹਾਂ ਦੇ ਭਲੇ ਲਈ ਦੱਸੇ-ਸੱਚ ਉਨ੍ਹਾਂ ਤੇ ਪ੍ਰਗਟੇ, ਕਈ ਤਾਂ ਏਥੇ ਕੁ ਹਾਰ ਗਏ ਪਰ ਕਈ ਮਨ ਦੀ ਸ਼ਰਮ ਕਰਕੇ ਸੱਚ ਨੂੰ ਵੇਖਦੇ ਹੋਏ ਬੀ ਮੰਨਣੋਂ ਅਟਕ ਖਲੇ ਹੋਏ। ਤਦ ਅਨੰਤ ਰਹਿਮ ਅਮਿਤ ਦਾਯਾ ਜੋ ਵੱਸਦੀ ਸੀ ਸਤਿਗੁਰਾਂ ਦੇ ਅੰਦਰ, ਲਹਿ ਗਈ ਆਪਣੀਆਂ ਡੂੰਘਾਈਆਂ ਵਿਚ ਤੇ ਪਰਮਾਤਮਾ ਦੀਆਂ ਡੂੰਘਾਈਆਂ ਵਿਚ ਤੇ ਉਥੇ ਅਮਿਤ ਵੇਗ ਨਾਲ ਚਲ ਰਹੇ ਜੀਵਨ-ਚੱਕ੍ਰਾਂ ਵਿਚੋਂ ਲੈ ਆਈ ਕੋਈ ਦਾਤ। ਹਾਂ, ਉਹ ਦਾਤ ਪ੍ਰਗਟੀ, ਲਹਿਰੀ ਸੰਗੀਤਕ ਥਰਾਟ ਵਿਚ ਅਤੇ ਨਾਦ ਹੋਇਆ ਪਿਆਰੇ ਸਤਿਗੁਰ ਗਲੇ ਤੋਂ। ਸੁਣਨ ਵਾਲੇ ਬਹਿਸਾਂ ਕਰਨ ਵਾਲੇ ਲਰਜ਼ ਉੱਠੇ, ਸੁਰ ਹੋਈ ਤਰਬ ਵਾਂਙੂ ਕੰਬ ਪਏ, ਉਸੇ ਸੰਗੀਤ ਵਿਚ ਰੰਗੇ ਗਏ। ਰੰਗੇ ਹੋਏ ਜਾਂ ਇਉਂ ਕਹੋ ਕਿ ਜੀਉ ਉੱਠੇ ਉਸ ਜੀਵਨ ਵਿਚ ਜੋ ਸਾਈਂ ਨਾਲ ਇਕ-ਸੁਰ ਹੋਇਆਂ ਪ੍ਰਾਪਤ ਹੁੰਦਾ ਹੈ। ਦਾਤੇ ਸਤਿਗੁਰਾਂ ਨੇ ਐਸਿਆਂ ਨਾਲ ਹੋਈਆਂ ਬਹਿਸਾਂ, ਆਪਣੇ ਆਤਮਾ ਰਸ ਵਿਚ ਬਹਿਕੇ ਕਾਵ੍ਯ ਰਸ ਤੇ ਸੰਗੀਤ ਰਸ ਦੇ ਬਾਰੇ ਵਿਚੋਂ ਖਿੱਚ ਕੇ ਸੁਹਣੀਆਂ ਸੱਚੀਆਂ ਤੇ ਅਰਸ਼ੀ ਗਯਾਨ ਨਾਲ ਰੋਸ਼ਨ ਲਿਖੀਆਂ ਜਾਂ ਲਿਖਵਾਈਆਂ। ਫਿਰ ਐਉਂ ਬੀ ਉਤਰਿਆਂ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ, ਅਰਸ਼ਾਂ ਤੋਂ ਸਾਡੇ ਕਲਯਾਨ ਲਈ। ਜਦੋਂ 'ਗੁਰੂ' ਵਾਹਿਗੁਰੂ ਜੀ ਦਾ ਸਿਖਯਾਦਾਤਾ ਜੀਅਦਾਨ ਦਾਤਾ, ਉਬਾਰਨਹਾਰ ਬਿਰਦ ਅਦ੍ਰਿਸ਼ਟ ਮੰਡਲਾਂ ਵਿੱਚ ਸੀ, ਜਿਸ ਨੂੰ ਜਗਤ ਪਰ ਆਇਆਂ ਅਸਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਆਖਿਆ, ਉਹ ਅਜ਼ਲੀ ਗੁਰੂ ਆਪਣੀ ਰੋਸ਼ਨੀ ਵਿਚ ਟੋਰਦਾ ਰਹਿਆ ਮਹਾਨ ਪੁਰਖਾਂ ਨੂੰ ਤੇ ਉਨ੍ਹਾਂ ਪਰ ਉਤਾਰਦਾ ਰਹਿਆ ਬਾਣੀ। ਜਿਸ ਬਾਣੀ ਬਾਬਤ ਵਾਕ ਹੈ :

ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਈ ਨ ਮੇਟੈ ਭਾਈ ॥ ੩ ॥ ੫ ॥ ੨੨ ॥

(ਸ੍ਰੀ ਰਾਗ ਮ : ੩)

ਉਨ੍ਹਾਂ ਦੀ ਬਾਣੀ ਵਿਚੋਂ ਉਹ ਬਾਣੀ ਜੋ ਧੁਰੋਂ ਉਨ੍ਹਾਂ ਪਰ ਅਜ਼ਲੀ ਗੁਰੂ ਉਤਾਰਦਾ ਰਹਿਆ, ਸੋ ਬਾਣੀ ਬੀ ਆਈ *ਗੁਰੂ ਗ੍ਰੰਥ ਜੀ* ਵਿਚ, ਐਉਂ ਕਿ ਜਦੋਂ ਸਾਰੀ ਬਾਣੀ ਫਿਰ ਅਜ਼ਲੀ ਗੁਰੂ ਜਯੋਤੀ ਨੇ ਕੱਠੀ ਕੀਤੀ ਤਾਂ ਉਨ੍ਹਾਂ ਦੀ ਉਚਾਰੀ ਬਾਣੀ ਬੀ ਲਈ, ਪਰਖੀ ਚੁਣੀ ਤੇ ਚਾੜ੍ਹੀ ਤੇ ਆਤਮ ਮੰਜ਼ਲਾਂ ਦੀਆਂ ਮੁਸ਼ਕਲਾਂ ਤੇ ਉਨ੍ਹਾਂ ਮੁਸ਼ਕਲਾਂ ਦੇ ਹੱਲ ਕਰਨ ਵਿਚ ਜੋ ਤਜਰਬੇ ਅੰਧਕਾਰ ਤੋਂ ਪ੍ਰਕਾਸ਼ ਤਕ ਅਪੜਦਿਆਂ ਹੁੰਦੇ ਹਨ, ਉਨ੍ਹਾਂ ਦੇ ਹਾਲ ਬੀ ਰਹਿਣ ਦਿੱਤੇ ਤੇ ਕਿਤੇ ਕਿਤੇ ਉਨ੍ਹਾਂ ਦੇ ਰਤਾ ਰਤਾ ਉੱਕਣ ਵਾਲੇ ਟਿਕਾਣੇ ਆਪਣੀ ਟਿੱਪਣੀ ਦੀ ਤੁਕ ਪਾ ਕੇ ਬੀ ਸਾਡੀ ਰਹਬਰੀ ਲਈ ਰੱਖ ਲਏ। ਸੋ ਐਕੁਰਾਂ ਤੇ ਐਕੁਰਾਂ ਦੇ ਹੀ ਹੋਰ ਰੰਗਾਂ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀਉ ਉਤਰਦੇ ਰਹੇ ਤੇ ਪੰਜਵੇਂ ਜਾਮੇ ਮਿਹਰਾਂ ਵਾਲੇ ਨੇ ਸਾਰੀ ਬਾਣੀ ਕੱਠੀ ਕਰਕੇ ਇਸ ਸਰਗੁਣ ਸ਼ਬਦ ਬ੍ਰਹਮ ਨੂੰ ਇਕ ਬੀੜ ਵਿਚ ਸਾਕਾਰ ਰੂਪ ਵਿਚ, 'ਸਮੱਗ੍ਰ ਰੂਪਧਾਰੀ' ਕਰ ਦਿੱਤਾ। ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਹਿਲਾਂ ਪਰਮਾਤਮ ਮੰਡਲਾਂ ਤੋਂ ਗਯਾਨ ਦਾ ਰੂਪ ਲੈ ਕੇ ਨਿਰਮਲ ਨਿਰੋਲ ਗੁਰੂ-ਹਿਰਦੇ ਵਿਚ ਪ੍ਰਕਾਸ਼ਿਤ ਹੋਏ ਤੇ ਉਥੋਂ ਮਹਾਨ ਉਚ ਕਾਵਯ ਤੇ ਅਰਸ਼ੀ ਸੰਗੀਤ ਲਹਿਰਾਉ ਵਾਲੀ ਬੋਲੀ ਵਿਚ ਰੂਪਧਾਰੀ ਹੋ ਕਰਕੇ ਬਾਣੀ ਰੂਪ ਹੋ ਪ੍ਰਗਟੇ, ਉਸੇ ਸੰਗੀਤਿਕ ਰੰਗ ਦੀ ਤਰਤੀਬ ਵਿਚ ਦਾਤਾ ਗੁਰੂ ਜੀ ਨੇ ਉਸ ਇਲਾਹੀ ਗਿਯਾਨ ਨੂੰ 'ਸ਼ਬਦ ਬ੍ਰਹਮ' ਤੇ ਸਰਗੁਣ ਸਰੂਪ ਤੋਂ ਸਾਕਾਰ ਰੂਪ ਦੇਂਦਿਆਂ ਮੂਰਤੀਮਾਨ ਕੀਤਾ। ... ...

ਸਤਿਗੁਰ ਆਗਮ ਦਾ ਪ੍ਰਯੋਜਨ ਤੇ *ਸ੍ਰੀ ਗੁਰੂ ਗ੍ਰੰਥ ਰੂਪ* ਵਿਚ ਵਾਹਿਗੁਰੂ ਬਖਸ਼ੇ ਗੁਰੂ ਦੁਆਰਾ ਆਏ ਗਯਾਨ ਦੀ ਸੰਭਾਲ ਇਸੇ ਪ੍ਰਯੋਜਨ ਲਈ ਹੈ ਕਿ ਸਾਨੂੰ 'ਕੀਰਤਨ ਨਿਰਮੋਲਕ ਹੀਰਾ' ਮਿਲੇ ਤੇ ਸਾਡਾ ਉਧਾਰ ਹੋਵੇ। ਇਸ ਕਰਕੇ ਪੰਚਮ ਪਾਤਸ਼ਾਹ ਜੀ ਨੇ ਸੰਗੀਤ ਦੀ ਹੀ ਕਿਸੇ ਵਿਉਂਤ ਵਿਚ ਰੂਪਮਾਨ ਕੀਤਾ, ਸਿਫਤ ਸਲਾਹ ਤੇ ਵਾਹਿਗੁਰੂ ਦੇ ਬਖਸ਼ੇ ਸ਼ਬਦ ਨੂੰ, ਸ੍ਰੀ ਗੁਰੂ ਸਾਹਿਬ ਜੀ ਨੂੰ।

[*ਗੁਰਮਤਿ ਨਿਰਣਯ*, (ਭਾ. ਜੋਧ ਸਿੰਘ) ਮੁਖਬੰਧ ਵਿਚੋਂ, ਪੰਨਾ ੳ—ਜ (੧੯੩੨)

(ਅ)

ਸ੍ਰੀ ਗੁਰੂ ਗ੍ਰੰਥ ਸਹਿਬ ਦਸਾਂ ਗੁਰੂ ਸਾਹਿਬ ਦੀ ਜਯੋਤੀ, ਵਾਹਿਗੁਰੂ ਦਾ ਸ਼ੁੱਧ ਗਯਾਨ ਹੈ। ਸਾਰਾ *ਸ੍ਰੀ ਗੁਰੂ ਗ੍ਰੰਥ ਸਾਹਿਬ* ਇਕ ਲਗਾਤਾਰ ਚਾਲ, ਇਕ ਲਗਾਤਾਰ ਰੂਪ, ਇਕ ਲਗਾਤਾਰ ਧੁਨਿ, ਇਕ ਲਗਾਤਾਰ ਅਮੂਰਤ ਮੂਰਤੀ ਹੈ। ਜਿਸ ਵਿਚ ਬੇਨਤੀ, ਬਿਰਹੋਂ, ਨਿਰਮਲ ਭਾਵ, ਗਯਾਨ, ਸੇਵਾ, ਸ਼ਰਧਾ, ਪਿਆਰ, ਪ੍ਰੇਮ ਭਗਤੀ ਦੇ ਅਨਿਕ ਤਰੰਗ ਹਨ। ਹਾਂ, ਇਸ ਵਿਚ ਲਗਾਤਾਰ ਸੰਗੀਤ ਇਕ ਲਗਾਤਾਰ ਕਾਵਯ ਰਸ, ਇਕ ਲਗਾਤਾਰ ਚਾਨਣ, ਇਕ ਲਗਾਤਾਰ ਰਸ ਮਸਤੀ, ਰਸ ਝੂਮ, ਰਸ ਸਰੂਰ, ਰਸ-ਲੀਨਤਾ ਦਾ ਦਰਸ਼ਨ ਹੈ, ਏਹੋ ਗੁਰੂ ਨਾਨਕ-ਹਿਰਦਾ ਹੈ। ਇਹੀ ਉਹਨਾਂ ਦਾ ਇਤਿਹਾਸ ਤੇ ਇਹੀ ਇਲਾਹੀ ਗਯਾਨ ਹੈ। ਇਹੀ ਰੱਬੀ ਨਾਦ ਤੇ ਸਰੋਦ ਹੈ। ਇਹੀ ਗੁਰੂ ਹਿਰਦੇ ਉਪਰ ਸਾਈਂ ਵਲੋਂ ਪ੍ਰਕਾਸ਼ਿਆ ਗਯਾਨ ਹੈ। ਗੁਰੂ ਕਾ ਹਿਰਦਾ ਹਉਂ ਰਹਿਤ ਤੇ ਨਿਰੋਲ ਨਿਰਮਲ ਹੋਣ ਕਰਕੇ ਇਹ ਗਯਾਨ ਓਥੇ ਐਉਂ ਪ੍ਰਕਾਸ਼ਿਆ ਹੈ ਕਿ ਹੂ ਬਹੂ ਜਿਉਂ ਕਾ ਤਿਉਂ ਜਿਵੇਂ ਸ਼ੀਸ਼ੇ ਵਿਚ ਮੂਰਤੀ ਪ੍ਰਕਾਸ਼ਦੀ ਹੈ, ਜਿਉਂ ਕੀ ਤਿਉਂ ਬਾਣੀ ਗੁਰੂ ਹਿਰਦੇ ਰੂਪੀ ਸ਼ੀਸ਼ੇ ਵਿਚ ਜੜੀ ਰੱਬੀ ਗਯਾਨ ਦੀ ਮੂਰਤੀ ਹੈ, ਹਾਂ, ਇਹ ਵਾਹਿਗੁਰੂ ਦਾ ਗਯਾਨ ਹੈ, ਗੁਰੂ ਦਾ ਹਿਰਦਾ ਹੈ ਤੇ ਐਉਂ ਉਹਨਾਂ ਦਾ ਰੂਪ ਹੈ।

[*ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਭੂਮਿਕਾ, ਅ (੧੯੫੮)]

(ਦ) ਦੇਹਧਾਰੀ ਗੁਰੂ

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜੋ ਗੁਰੂਮੰਤ੍ਰ ਅਕਾਲ ਪੁਰਖ ਵਲੋਂ '੧ੳ ਸਤਿਨਾਮੁ' ਵਾਲਾ ਮਿਲਿਆ ਸੀ ਉਸ ਵਿਚ ਤਾਂ ਜੋ 'ਗੁਰੂ' ਪਦ ਹੈ ਉਹ ਸਿਰਫ ਅਕਾਲ ਪੁਰਖ ਦੀ ਇਕ ਸਿਫਤ ਹੈ, ਕਿ ਜਿਤਨਾ ਗਿਆਨ ਇਨਸਾਨ ਨੂੰ ਮਿਲਿਆ ਹੈ, ਉਸ ਦਾ ਬਖਸ਼ਣ ਵਾਲਾ ਆਦਿ ਗੁਰੂ ਪਰਮਾਤਮਾ ਅਕਾਲ ਪੁਰਖ ਹੀ ਹੈ, ਹੋਰ ਕੋਈ ਨਹੀਂ, ਜਿਸ ਕਰਕੇ ਉਹੀ ਹਰ ਵਸਤੂ ਦੇ ਸਿਖਾਉਣ ਵਾਲਾ ਹੈ, ਕਿਉਂਕਿ ਉਹੀ ਹਰ ਵਸਤੂ ਨੂੰ ਜਾਣਦਾ ਹੈ, ਸਗੋਂ ਉਸ ਦਾ ਨਿਜ ਸਰੂਪ ਅਤੇ ਨਿਜ ਸਿਫਤ ਵੀ ਉਸੇ ਨੂੰ ਹੀ ਮਾਲੂਮ ਹੈ। ਇਨਸਾਨ ਦੇ ਦਿਮਾਗ਼ ਨੇ ਜਿਤਨੀ ਜਿਤਨੀ ਤਰੱਕੀ ਕੀਤੀ ਹੈ ਉਤਨਾ ਉਤਨਾ ਗਿਆਨ ਸਮੇਂ ਸਮੇਂ ਵਿਚ ਉਸ ਨੂੰ ਮਿਲਦਾ ਰਿਹਾ ਹੈ। ਫੇਰ ਜਦ ਇਨਸਾਨ ਨੇ ਆਪਣੀ ਅਗਯਾਨਤਾ ਨਾਲ ਉਹ ਗਿਆਨ ਮਿਲਾ ਕੇ ਉਸ ਗਿਆਨ ਦੇ ਸੂਰਜ ਨੂੰ ਆਪਣੀ ਅਗਯਾਨਤਾ ਦੇ ਅੰਧੇਰੇ ਵਿਚ ਲੁਕਾ ਲਿਆ ਤਾਂ ਦੂਜੇ ਇਨਸਾਨਾਂ ਨੂੰ ਫੇਰ ਗਿਆਨ ਪ੍ਰਾਪਤ ਹੁੰਦਾ ਰਿਹਾ ਹੈ। ਇਹ ਉਧੇੜ ਬੁਨ ਹੁੰਦੇ ਹੁੰਦੇ ਇਨਸਾਨ ਨੇ ਕੀ ਸਾਇੰਸ (ਪਦਾਰਥ ਵਿਦ੍ਯਾ) ਵਿਚ ਤੇ ਕੀ ਪਰਮਾਤਮਾ ਵਿਦਯਾ ਵਿਚ ਤਰੱਕੀ ਕੀਤੀ ਹੈ। ਆਪਣੇ ਆਪਣੇ ਵਿਸ਼ੇ ਦੇ ਉਸਤਾਦ ਆਪਣੇ ਆਪਣੇ ਕੰਮਾਂ ਵਿਚ ਗੁਰੂ (teacher) ਭਾਵੇਂ ਮੰਨੇ ਗਏ ਹਨ, ਪਰ ਅਸਲ ਵਿਚ ਸਾਰੇ ਗਿਆਨ-ਮਾਤਰ ਦਾ ਕੇਂਦਰ ਸਿਰਫ ਅਕਾਲ ਪੁਰਖ ਹੀ ਹੈ, ਪਰ ਉਸ ਗਿਆਨ ਦੇ ਪਾਉਣ ਵਾਲੇ ਜੋ ਸੱਜਣ ਐਸੇ ਗੁਜ਼ਰੇ ਹਨ ਕਿ ਜਿਨ੍ਹਾਂ ਨੇ ਯਥਾਰਥ ਗਿਆਨ ਪਾ ਕੇ ਆਪਣੀ ਅਗਯਾਨਤਾ ਨੂੰ ਸਾਥ ਨਹੀਂ ਮਿਲਾਇਆ, ਉਹੀ ਉਸ ਵਿਸ਼ੇ ਵਿਚ ਸੱਚੇ ਗੁਰੂ ਸਮਝੇ ਗਏ ਹਨ।

ਨਿਊਟਨ ਨੇ ਆਕਰਖਣ ਸ਼ਕਤੀ ਨੂੰ ਸਮਝਿਆ ਤਾਂ ਉਸੇ ਵਿਸ਼ੇ ਦਾ ਉਹ ਸੱਚਾ ਉਸਤਾਦ ਮੰਨਿਆ ਗਿਆ ਹੈ। ਹੁਣ ਕੋਈ ਆਦਮੀ ਆਕਰਖਣ ਸ਼ਕਤੀ ਦਾ ਸਮਝਾਉਣ ਵਾਲਾ, ਭੂਗੋਲ ਵਿਦਯਾ ਦੇ ਜਾਣੂਆਂ ਦੇ ਸਮਾਜ ਵਿਚ ਨਿਊਟਨ ਦੀ ਜਗ੍ਹਾ ਲੈਣ ਦੀ ਖਾਤਰ ਨਿਊਟਨ ਦੀ ਪਦਵੀ ਆਪਣੀ ਬਣਾਵੇ ਤਾਂ ਕਿਸ ਤਰ੍ਹਾਂ ਬਣਾ ਸਕਦਾ ਹੈ? ਉਹ ਪਦਵੀ ਤਾਂ ਉਸੇ ਨੂੰ ਹੀ ਮਿਲੇਗੀ।

ਇਸ ਤਰ੍ਹਾਂ ਪਰਮਾਤਮ ਵਿਦਯਾ ਵਿਚ ਜੋ ਅਕਾਲ ਪੁਰਖ ਦੇ ਸਰੂਪ ਦਾ ਗਿਆਨ '੧ੳ ਸਤਿਨਾਮੁ' ਮੰਤਰ ਦਵਾਰਾ ਗੁਰੂ ਨਾਨਕ ਦੇਵ ਜੀ ਨੂੰ ਪ੍ਰਾਪਤ ਹੋਇਆ ਹੈ, ਉਸ ਦੇ ਭਾਵ ਨੂੰ ਦੱਸਣ ਵਾਲਾ ਗੁਰੂ ਸਿਰਫ ਗੁਰੂ ਨਾਨਕ ਜੀ ਹੀ ਹੋ ਸਕਦਾ ਹੈ। ਜਿਸ ਤਰ੍ਹਾਂ 'ਇੰਗਲਿਸ਼ ਗਵਰਨਮੈਂਟ' ਪਦ ਭਾਵੇਂ ਹੈ ਤਾਂ ਅਸਲ ਵਿਚ ਉਸ ਸੰਮਾਜ ਦਾ ਨਾਮ, ਜਿਸ ਪਰ ਕਿਸੇ ਵੇਲੇ ਬਾਦਸ਼ਾਹ ਐਡਵਰਡ ਸਦਰ ਨਸ਼ੀਨ ਹੈ, ਪਰ ਜੇ ਉਹ ਸਮਾਜ ਵਾਇਸਰਾਇ ਹਿੰਦ ਅਤੇ ਉਸ ਦੀ ਕੌਂਸਲ ਨੂੰ 'ਗਵਰਨਮਿੰਟ ਹਿੰਦ' ਦੀ ਉਹ ਪਦਵੀ ਦੇਵੇ ਅਤੇ ਲੈਫਟੀਨੈਂਟ ਗਵਰਨਰ ਅਤੇ ਉਸ ਦੇ ਸਟਾਫ ਨੂੰ 'ਪੰਜਾਬ ਗਵਰਨਮੈਂਟ' ਦੀ ਉਪਾਧੀ ਦੇਵੇ ਤਾਂ ਸਭ ਕਿਸੇ ਨੂੰ ਰਈਅਤ ਵਿਚੋਂ ਇਸ ਬਾਤ ਨੂੰ ਮੰਨਣਾਂ ਪਵੇਗਾ। ਇਸੇ ਤਰ੍ਹਾਂ ਸਾਰੇ ਜਗਤ ਦਾ ਆਦਿ ਗੁਰੂ ਅਕਾਲ ਪੁਰਖ ਹੀ ਹੈ, ਹੋਰ ਕੋਈ ਨਹੀਂ, ਪਰ ਉਸ ਦੇ ਗਿਆਨ ਦੇ ਫ਼ੈਲਾਉਣ ਦੀ ਗੁਰਿਆਈ ਜੋ ਗੁਰੂ ਨਾਨਕ ਦੇਵ ਜੀ ਦੇ ਸਪੁਰਦ ਹੋਈ ਹੈ ਉਸ ਦਾ ਸਿਲਸਿਲਾ ਦਸਮ ਗੁਰੂ ਜੀ ਤਕ ਆ ਕੇ ਉਹ ਗੁਰਿਆਈ ਆਤ੍ਮਾ ਦੇ ਸੁਧਾਰ ਦੀ *ਸ੍ਰੀ ਗੁਰੂ ਗ੍ਰੰਥ ਸਾਹਿਬ* ਨੂੰ ਦਿੱਤੀ ਗਈ ਅਤੇ ਸਿੱਖੀ ਦੇ ਪ੍ਰਬੰਧ ਦੀ ਗੁਰੂ ਗ੍ਰੰਥ ਦੀ ਤਾਬਿਆ (ਸਮੁੱਚੀ ਹਾਲਤ ਵਿਚ) ਪੰਥ ਨੂੰ ਦਿੱਤੀ ਗਈ ਤਾਂ ਸਿੱਖਾਂ ਵਿਚੋਂ ਇਸ ਪ੍ਰਬੰਧ ਨੂੰ ਮੰਨਣ ਪਰ ਕਿਸ ਨੂੰ ਇਤਰਾਜ਼ ਹੋ ਸਕਦਾ ਹੈ? ਪਰ ਜਿਸ ਤਰ੍ਹਾਂ ਕੋਈ ਆਦਮੀ ਖੁਦ ਬਖੁਦ ਆਪਣੀ

ਗਵਰਨਮੈਂਟ ਕਾਇਮ ਕਰ ਲਵੇ ਤਾਂ ਉਹ ਧੋਖਾ ਦੇਣ ਵਾਲਾ ਸਮਝਿਆ ਜਾਂਦਾ ਹੈ ਇਸੇ ਤਰ੍ਹਾਂ ਜੋ ਆਦਮੀ *ਸ੍ਰੀ ਗੁਰੂ ਗ੍ਰੰਥ ਸਾਹਿਬ* ਅਤੇ ਗੁਰੂ ਖਾਲਸੇ ਜੀ ਦੇ ਅਧਿਕਾਰ ਖੋਹਕੇ ਖਾਲੀ ਦੋਨੋਂ ਇਖਤਿਆਰਾਂ ਦਾ ਆਪ ਹੀ ਮਾਲਕ ਬਣਨਾ ਚਾਹੁੰਦਾ ਹੈ, ਸੋ ਕਦੀ ਵੀ ਸਿੱਖੀ ਵਿਚ ਇੱਜ਼ਤ ਨਹੀਂ ਪਾਉਂਦਾ। ਇਸ ਅਸੂਲ ਪਰ ਤੁਰਦੇ ਹੋਏ ਵੱਡੇ ਵੱਡੇ ਪ੍ਰਤਾਪੀ ਸਿੰਘਾਂ ਨੇ ਵੀ ਆਪਣੇ ਆਪ ਨੂੰ ਗੁਰੂ ਨਹੀਂ ਸਦਾਇਆ। ਉਹ ਸਦਾ ਹੀ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਅੱਗੇ ਸੀਸ ਨਿਵਾਉਂਦੇ ਰਹੇ ਹਨ ਅਤੇ ਗੁਰੂ ਖਾਲਸੇ ਜੀ ਦੀ ਸੇਵਾ ਕਰਦੇ ਰਹੇ ਹਨ। ਭਾਵੇਂ ਉਹਨਾਂ ਦੇ ਪਿਛਲਗਾਂ ਨੇ ਉਹਨਾਂ ਨੂੰ ਸਾਰੀ ਸਿੱਖੀ ਦੇ ਗੁਰੂ ਬਨਾਉਣ ਦੇ ਉਪਰਾਲੇ ਵੀ ਕੀਤੇ ਪਰ ਕਾਰਗਰ ਨਾ ਹੋਏ। ਫੇਰ ਵੀ ਦੇਹਧਾਰੀ ਗੁਰੂ ਜੋ ਅਜ ਕਲ ਦੇਸ਼ ਵਿਚ ਆਮ ਫਿਰ ਰਹੇ ਹਨ, ਸੋ ਉਹਨਾਂ ਸਿੱਖਾਂ ਨੂੰ ਗੁਰੂ ਪਦ ਦੇ ਅਰਥਾਂ ਦੇ ਅਨਰਥ ਕਰਕੇ ਆਪਣੀ ਚਰਨੀਂ ਲਾ ਲੈਂਦੇ ਹਨ। ਉਹਨਾਂ ਭਲੇ ਪੁਰਸ਼ਾਂ ਨੂੰ ਇਤਨਾ ਖਿਆਲ ਵੀ ਨਹੀਂ ਆਉਂਦਾ ਕਿ ਜੋ ਜੋ ਗੁਣ ਗੁਰੂ ਪਦ ਹੇਠ ਗੁਰੂ ਨਾਨਕ ਦੇਵ ਜੀ ਨੇ ਅਥਵਾ ਹੋਰਨਾਂ ਗੁਰੂ ਸਾਹਿਬਾਨ ਨੇ ਅਕਾਲ ਪੁਰਖ ਦੇ ਗੁਣ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਵਿਚ ਦੱਸੇ ਹਨ, ਸੋ ਸਾਡੇ ਪਰ ਕਿਸ ਤਰ੍ਹਾਂ ਘਟ ਸਕਦੇ ਹਨ। [ਅਮਰ ਲੇਖ]

੭੫. *ਭਾਈ ਜੋਧ ਸਿੰਘ* ੧੯੩੨ ਈ.

ਕਈ ਸੱਜਣ ਇਕ ਸ਼ੰਕਾ ਕਰਦੇ ਹਨ ਕਿ ਜਦ ਤੀਕ ਦੇਹਧਾਰੀ ਗੁਰੂ ਨਾ ਹੋਵੇ ਪਾਰ ਉਤਾਰਾ ਨਹੀਂ ਹੋ ਸਕਦਾ। ਕਿਉਂ ਜੁ—

(੧) ਬਾਣੀ ਦਾ ਅਰਥ ਕੌਣ ਦਸੇ।

(੨) ਨਾਲੇ ਖ਼ਾਸ ਸ਼ਖਸੀਅਤਾਂ ਵਿਚ ਚੁੰਬਕੀ ਖਿੱਚ ਹੋਂਦੀ ਹੈ ਜਿਸ ਦੁਆਰਾ ਸਿੱਖ ਉਧਰ ਪ੍ਰੇਰਿਆ ਜਾਂਦਾ ਹੈ।

(੩) ਗੁਰੂ ਨਿਰਾ ਉਪਦੇਸ਼ ਦੁਆਰਾ ਹੀ ਸਹੈਤਾ ਨਹੀਂ ਕਰਨੀ ਰੂਹਾਨੀ ਸ਼ਕਤੀ ਦੁਆਰਾ ਵੀ ਸਿੱਖ ਦੇ ਆਤਮਾ ਦੀ ਸਹੈਤਾ ਕਰਦਾ ਹੈ। ਅਸੀਂ ਇਨ੍ਹਾਂ ਸ਼ੰਕਾਂ ਦਾ ਉੱਤਰ ਸਿਲਸਿਲੇਵਾਰ ਦੇਂਦੇ ਹਾਂ।

(੧) ਜਿਨ੍ਹਾਂ ਦੀ ਰਾਹੀਂ ਬਾਣੀ ਪਰਗਟ ਹੋਈ ਹੈ ਉਹੋ ਗੁਰੂ ਹਨ। ਜਿਹੜੇ ਅਰਥ ਦੱਸਦੇ ਹਨ? ਉਹ ਪਰਗਟ ਕਰਨ ਵਾਲਿਆਂ ਦੀ ਤੁਲਤਾ ਹਾਸਲ ਨਹੀਂ ਕਰ ਸਕਦੇ। ਮਦਰੱਸਿਆਂ ਵਿਚ ਸੈਂਕੜੇ ਉਸਤਾਦ ਵੱਡੇ ਵੱਡੇ ਖੋਜੀਆਂ ਦੇ ਕੱਢੇ ਹੋਏ ਅਸੂਲ ਮੁੰਡਿਆਂ ਨੂੰ ਦੱਸਦੇ ਹਨ ਪਰ ਉਹ ਉਸ ਪਦਵੀ ਦਾ ਦਾਵਾ ਨਹੀਂ ਕਰਦੇ ਜੋ ਅਸਲੀ ਤੇ ਉੱਚੇ ਖੋਜੀਆਂ ਨੂੰ ਪ੍ਰਾਪਤ ਹੈ।

(੨) ਚੁੰਬਕੀ ਸ਼ਕਤੀ ਸਰੀਰ ਵਿਚ ਹੈ ਜਾਂ ਜੀਵਨ ਵਿਚ? ਸਰੀਰ ਤਾਂ ਹਰ ਇਕ ਮਨੁੱਖ ਦਾ ਇਕੋ ਜਿਹੇ ਤੱਤਾਂ ਦਾ ਬਣਿਆ ਹੋਇਆ ਹੈ। ਵਖੇਵਾਂ ਰਹੁਰੀਤ ਵਿਚ ਹੋਂਦਾ ਹੈ ਤੇ ਜਿਨ੍ਹਾਂ ਨਿਰਮਲ ਰੀਤ ਧਾਰਨ ਕਰ ਲਈ ਹੈ ਉਹਨਾਂ ਵਿਚ ਜ਼ਰੂਰ ਖਿੱਚ ਪੈਦਾ ਹੋ ਜਾਂਦੀ ਹੈ। ਪਰ ਉਹ ਖਿੱਚ ਦੇਹ ਵਿਚ ਨਹੀਂ ਉੱਚ ਚਾਲ ਚਲਣ ਵਿਚ ਹੈ, ਜ਼ਿੰਦਗੀ ਦੇ ਰਵੱਈਏ ਵਿਚ ਹੈ। ਸਰੀਰ ਦੇ ਨਾਸ ਹੋ ਜਾਣ ਨਾਲ ਇਹ ਅਸਰ ਨਾਸ ਨਹੀਂ ਹੋਂਦਾ। ਸ਼ਹੀਦਾਂ ਦੇ ਜੀਵਨ ਤੇ ਧਾਰਮਿਕ ਆਗੂਆਂ ਦੇ ਜੀਵਨ ਰਹਿੰਦੀ ਦੁਨੀਆਂ ਤੀਕ ਅਪਣਾ ਅਸਰ ਪਾਈ ਜਾਂਦੇ ਹਨ।

ਦੂਜਾ ਖਿਆਲ ਇਹ ਹੈ ਕਿ ਸੱਚ ਦਾ ਅਸਰ ਵਧੀਕ ਹੋਂਦਾ ਹੈ ਜਦੋਂ ਕਿਸੇ ਖ਼ਾਸ ਮਨੁੱਖ ਦੀ ਜ਼ਿੰਦਗੀ ਵਿਚ ਵਰਤੀਂਦਾ ਵੇਖੀਏ। ਇਹ ਠੀਕ ਹੈ ਤੇ ਇਸੇ ਲਈ ਸਿੱਖੀ ਮੰਡਲ ਵਿਚ ਸੰਤਾਂ

ਗੁਰਸਿਖਾਂ ਦੀ ਲੋੜ ਹੈ। ਰੋਜ਼ ਅਰਦਾਸ ਕੀਤੀ ਜਾਂਦੀ ਹੈ 'ਸਾਧ ਦਾ ਸੰਗ, ਗੁਰਮੁਖ ਦਾ ਮੇਲ' ਪਰ ਜੋ ਗੁਰੂ ਦੇ ਦਸੇ ਰਾਹ ਪੁਰ ਤੁਰ ਕੇ ਤੋੜ ਪੁਜੇ ਹਨ, ਉਹ ਕਦੀ ਗੁਰੂ ਦੀ ਬਰਾਬਰੀ ਦਾ ਦਾਵਾ ਨਹੀਂ ਕਰਨਗੇ। ਗੁਰੂ ਤਾਂ ਉਹ ਸਨ ਜਿਨ੍ਹਾਂ ਪੰਥ ਪਰਗਟ ਕੀਤ੍ਾ। ਉਨ੍ਹਾਂ ਦਾ ਦਰਜਾ ਸਭ ਤੋਂ ਉੱਚਾ ਹੈ। ਇਹ ਦਾ ਭਾਵ ਇਹ ਨਹੀਂ ਕਿ ਸਿੱਖ, ਸੰਤ, ਗੁਰਮੁਖ ਉਸ ਰੂਹਾਨੀ ਦਰਜੇ ਤੀਕ ਨਹੀਂ ਪੁਜਦੇ ਜਿਥੋਂ ਤੀਕ ਸਤਿਗੁਰੂ ਪੁਜੇ ਹਨ ਨਹੀਂ, ਸਿੱਖ ਉਥੇ ਪੁਜ ਕੇ ਵੀ ਸਤਿਗੁਰੂ ਦੀ ਬਰਾਬਰੀ ਦਾ ਦਾਵਾ ਨਹੀਂ ਕਰਦੇ, ਉਹ ਦੂਜੇ ਸਿੱਖ ਨੂੰ ਉਪਦੇਸ਼ ਕਰਦੇ ਹੋਏ ਇਹੋ ਹੀ ਕਹਿੰਦੇ ਹਨ।

"ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥"

(*ਗੁਣਵੰਤੀ ਸੂਹੀ ਮ : ੫*)

ਇਸੇ ਲਈ ਸਤਿਗੁਰੂ ਦੇ ਹੁੰਦੇ ਕਿਸੇ ਸੱਚੇ ਸਿੱਖ ਭਾਈ ਗੁਰਦਾਸ, ਬਾਬਾ ਬੁੱਢਾ ਜੀ ਆਦਿ ਨੇ ਗੁਰੂ ਹੋਣ ਦਾ ਦਾਵਾ ਨਹੀਂ ਕੀਤਾ। ਨਾ ਹੀ ਦਸਮ ਪਾਤਸ਼ਾਹ ਤੋਂ ਪਿਛੋਂ ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ ਵਰਗੇ ਸ਼ਹੀਦਾਂ ਇਹ ਕਹਿਆ ਕਿ ਅਸੀਂ ਗੁਰੂ ਹਾਂ।

(੩) ਗੁਰੂ ਨਾਲ ਮੇਲ, ਅਸੀਂ ਉਪਰ ਗੁਰਬਾਣੀ ਦੇ ਪਰਮਾਣਾਂ ਦੁਆਰਾ ਦੱਸ ਚੁੱਕੇ ਹਾਂ ਕਿ ਬਾਣੀ ਦੁਆਰਾ ਹੀ ਹੈ ਅਤੇ ਹੁਣ ਵੀ ਜਿਹੜੇ ਦੇਹਧਾਰੀ ਗੁਰੂ ਸਦਾਉਂਦੇ ਹਨ ਉਹ ਆਪਣੇ ਭਾਵ ਬਾਣੀ ਦੁਆਰਾ ਹੀ ਪਰਗਟ ਕਰਦੇ ਹਨ। ਪਰ ਜੇ ਇਹ ਕਹੀਏ ਕਿ ਨਹੀਂ 'ਦਿਲ ਰਾ ਬਦਿਲ ਰਹੇ ਸਤ' ਗੁਰੂ ਆਪਣੀ ਆਤਮਕ ਸ਼ਕਤੀ ਦੁਆਰਾ ਸਹੈਤਾ ਕਰਦੇ ਹਨ। ਤਾਂ ਫਿਰ ਉਹ ਗੁਰੂ ਜਿਨ੍ਹਾਂ ਦੀ ਆਤਮਾ ਦੇਹ ਦੀ ਕੈਦ ਵਿਚੋਂ ਨਿਕਲ ਕੇ ਸਰਬ ਵਿਆਪਕ, ਨਿਰੰਕਾਰ ਵਿਚ ਲੀਨ ਹੋ ਗਈ ਹੈ, ਵਧੀਕ ਸਹੈਤਾ ਕਰ ਸਕਦੇ ਹਨ। ਆਤਮਾ ਦਾ ਤਾਂ ਨਾਸ ਨਹੀਂ ਅਤੇ ਗੁਰੂ ਨਾਨਕ ਦੇਵ ਆਦਿ ਦਸ ਗੁਰੂ ਆਤਮ ਮੰਡਲ ਵਿਚ ਪੂਰਨ ਆਤਮਕ ਜ਼ਿੰਦਗੀ ਦੇ ਮਾਲਕ ਹਨ। ਫਿਰ ਉਹ ਪੂਰੀ ਮਦਦ ਦੇ ਸਕਦੇ ਹਨ, ਇਸ ਲਈ ਕਿਸੇ ਹੋਰ ਮਨੁੱਖ ਨੂੰ ਗੁਰੂ ਮੰਨਣ ਦੀ ਕੀ ਲੋੜ?

ਸੱਚ ਪੁਛੋ ਤਾਂ ਸਿੱਖੀ ਮੰਡਲ ਦਾ ਇਹ ਅਸੂਲ ਕਿ ਦਸੇ ਗੁਰੂ ਇਕੋ ਰੂਪ ਹਨ, ਠੀਕ ਹੀ ਤਦੋਂ ਹੋ ਸਕਦਾ ਹੈ ਜਦ ਸ਼ਬਦ ਨੂੰ ਗੁਰੂ ਮੰਨੀਏ। ਦੇਹਾਂ ਤਾਂ ਸਾਰੇ ਸਤਿਗੁਰੂਆਂ ਦੀਆਂ ਵੱਖ ਵੱਖ ਸਨ ਪਰ ਜੋਤ ਇਕੋ ਸੀ, ਭਾਵ ਉਹ ਰੋਸ਼ਨੀ ਜੋ ਉਨ੍ਹਾਂ ਦੀ ਰਾਹੀਂ ਪਰਗਟ ਹੋ ਰਹੀ ਸੀ ਉਹ ਇਕੋ ਸੀ।

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰ। [*ਵਾਰ ਸੋਰਠਿ ੩, ਗੁਰਮਤਿ ਨਿਰਣਯ*, ਪੰਨਾ ੧੪੨-੪੫]

੭੬. ਸ. ਸਰਦੂਲ ਸਿੰਘ ਕਵੀਸ਼ਰ

ਗੁਰੂ ਗ੍ਰੰਥ ਸਾਹਿਬ ਵਿਚ ਦੂਜੇ ਮਤਾਂ, ਕੌਮਾਂ ਤੇ ਫਿਰਕਿਆਂ ਦਿਆਂ ਭਗਤਾਂ ਦੀ ਬਾਣੀ ਚੜ੍ਹਾਉਣ ਦਾ ਇਕ ਇਹ ਕਾਰਣ ਵੀ ਸੀ ਕਿ ਇਸ ਤਰ੍ਹਾਂ ਗੁਰੂ ਅਰਜਨ ਸਾਹਿਬ ਨੇ ਕਿਹਾ ਕਿਵੇਂ ਜਗ ਦੇ ਬ੍ਰਹਿਮ ਗਿਆਨੀਆਂ ਦਾ ਪਰਤਾਵਾ ਇਕੋ ਜੇਹਾ ਹੈ। ਮਾਇਰਜ਼ (Myers) ਦਾ ਕਥਨ ਹੈ ਕਿ ਮਨੋਵਿਗਿਆਨ (psychology) ਦੇ ਅਨੁਸਾਰ ਆਤਮਿਕ ਪਰਤਾਵੇ ਵਿਚ ਗਿਆਤਾ ਦੇ ਗਿਆਨ ਦੀ ਖ਼ਾਸ ਅਹਿਮੀਅਤ ਵਾਲੀ ਗੱਲ ਇਹ ਲਗਦੀ ਹੈ ਕਿ ਇਹ ਅੰਤਰ ਆਤਮੇ ਦਾ ਪਰਤਾਵਾ ਸਾਰੇ ਮਤਾਂ ਵਿਚ ਇਕਸਾਰ ਤੇ ਸਾਂਝਾ ਹੈ। ਨਿਰਸੰਦੇਹ ਸਮਾਧੀ ਦੀ ਵਿਸਮਾਧ ਅਵਸਥਾ ਤੋਂ ਛੁਟ ਹੋਰ ਕੋਈ ਅਵਸਥਾ ਅਜੇਹੀ ਨਹੀਂ ਜਿਸ ਬਾਬਤ ਅਸੀਂ ਇਹ ਗੱਲ ਕਹਿ ਸਕੀਏ। ਨੀਵੀਂ ਤੋਂ ਨੀਵੀਂ ਸ਼੍ਰੇਣੀ ਦੇ ਮਾਂਦਰੀ ਤੋਂ ਲੈ ਕੇ ਸੇਂਟ ਜਾਹਨ, ਸੇਂਟ ਪੀਟਰ, ਸੇਂਟ ਪਾਲ ਮਹਾਤਮਾ ਬੁਧ ਤੇ

ਮੁਹੰਮਦ ਤੀਕ ਦੀਆਂ ਲਿਖਤਾਂ ਮੌਜੂਦ ਹਨ ਜਿਹੜੀਆਂ ਭਾਵੇਂ ਬੁਧੀ ਤੇ ਆਚਾਰ ਦੇ ਲਿਹਾਜ਼ ਨਾਲ ਅੱਡਰੀਆਂ ਹਨ ਪਰ ਆਤਮਿਕ ਅਵਸਥਾ ਬਾਰੇ ਪੂਰਾ ਮੇਲ ਖਾਂਦੀਆਂ ਹਨ। ਸਰ ਰਾਧਾ ਕ੍ਰਿਸ਼ਨਨ ਨੇ ਆਪਣੀ ਪੁਸਤਕ (Eastern Religions, western thought) ਵਿਚ ਇਸ ਖਿਆਲ ਦੀ ਪੁਸ਼ਟੀ ਕਰਦੇ ਹੋਏ ਲਿਖਿਆ ਹੈ, 'ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਸਾਰੇ ਮਤ ਮਤਾਂਤਰਾਂ ਦੇ ਬ੍ਰਹਿਮ ਗਿਆਨੀਆਂ ਦੇ ਅੰਤਰ ਆਤਮੇ ਦੇ ਪਰਤਾਵੇ ਤੇ ਉਨ੍ਹਾਂ ਦੀਆਂ ਸਾਖੀਆਂ, ਵਿਸ਼ੇਸ ਕਰਕੇ ਇਕ-ਸਾਰ ਹਨ ਭਾਵੇਂ ਉਹ ਕਿਸੇ ਮਤ ਵਲ ਰੁਚੀ ਰਖਦੇ ਹੋਣ। ਸਮੂੰਹ ਬ੍ਰਹਿਮ ਗਿਆਨੀ ਨਿਜ ਆਤਮਿਕ ਪਰਤਾਵੇ ਦੇ ਲਿਹਾਜ਼ ਨਾਲ ਆਤਮਿਕ ਭਾਈ ਹਨ। [ਪੰਨਾ ੨੯]

'ਅਕਸਰ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬਾਨ ਉਪਨਿਸ਼ਧਿਕ ਵਿਚਾਰਧਾਰਾ ਨੂੰ ਮੰਨਦੇ ਸਨ। ਸਾਹਿਬਾਂ ਦੇ ਸੰਕੇਤਾਂ, ਸ਼ਬਦਾਂ, ਮਿਸਾਲਾਂ ਤੇ ਅਲੰਕਾਰਾਂ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ। ਸਚਮੁਚ ਦੋਹਾਂ ਦੀ ਸਮਾਨਤਾ ਬਿਰਤੀਆਂ ਨੂੰ ਖਿਚਦੀ ਮਲੂਮ ਹੁੰਦੀ ਹੈ। ਪਰ ਇਹ ਮਨੌਤ, ਇਹ ਖਿਆਲ *ਗੁਰੂ ਗ੍ਰੰਥ ਸਾਹਿਬ* ਦੇ ਸਰਸਰੀ ਤੇ ਉਪਰਲੇ ਮੁਤਾਲਏ ਕਰਕੇ ਹੈ। ਵੇਦਾਂਤ ਦਾ ਆਸ਼ਾ ਮੋਮ ਦੇ ਨੱਕ ਵਾਂਙ ਹੈ ਤੇ ਇਸ ਬਾਰੇ ਜਿੰਨੇ ਮੂੰਹ ਉੱਨੇ ਆਸ਼ੇ। ਵੇਦਾਂਤ ਦੀਆਂ ਅਨੇਕ ਸ਼੍ਰੇਣੀਆਂ ਇਸ ਗੱਲ ਦਾ ਸਬੂਤ ਹਨ ਕਿ ਵੇਦਾਂਤ ਦੇ ਅਰਥਾਂ ਵਿਚ ਅਦਲਾ-ਬਦਲੀ ਤੇ ਹੇਰਾਫੇਰੀ ਹੁੰਦੀ ਰਹੀ ਹੈ। ਇਵੇਂ ਹੀ ਉਪਨਿਸ਼ਦ ਜਿਨ੍ਹਾਂ ਉੱਤੇ ਵੇਦਾਂਤ ਦੀ ਬਾਹਲੀ ਨਹੀਂ ਉਸਾਰੀ ਗਈ ਹੈ, ਇਕ ਵਿਸ਼ਾਲ ਘਣੇ ਜੰਗਲ ਵਾਂਙ ਹੈਨ। ਲਗਪਗ ੨੦੦ ਪ੍ਰਚਲਤ ਉਪਨਿਸ਼ਦ ਹਨ, ਉਨ੍ਹਾਂ ਵਿਚੋਂ ਕਈ ਹੁਣੇ ਹੁਣੇ ਲਿਖੇ ਗਏ ਹਨ ਤੇ ਉਨ੍ਹਾਂ ਵਿਚ ਭਾਂਤ ਭਾਂਤ ਦੇ ਵਿਚਾਰ ਤੇ ਮਸਲੇ ਮਿਲਦੇ ਹਨ ਜੋ ਇਕ ਦੂਜੇ ਦੇ ਬਿਲਕੁਲ ਵਿਰੁੱਧ ਹਨ। ਜੋ ਕੋਈ ਇਹ ਕਹੇ ਕਿ ਉਪਨਿਸ਼ਦਾਂ ਵਿਚ ਹਰ ਪ੍ਰਕਾਰ ਦੇ ਧਾਰਮਿਕ ਤੇ ਫਲਸਫੀ ਅਸੂਲ ਮਿਲ ਸਕਦੇ ਹਨ ਤਾਂ ਇਹ ਉੱਨੀ ਗਲਤ ਨਹੀਂ ਹੋਵੇਗੀ। ਉਨ੍ਹਾਂ ਵਿਚ ਤੁਹਾਨੂੰ ਸੰਘਣੇ ਜੰਗਲ ਵਾਂਙ ਇਕ ਈਸ਼੍ਵਰਵਾਦ (Monotheism) ਏਕਵਾਦ (Monism) ਭਾਵ ਕਿ ਬ੍ਰਹਮੰਡ ਵਿਚ ਪ੍ਰਕ੍ਰਿਤੀ ਤੇ ਮਨੁੱਖ ਇਕੋ ਵਸਤ ਹਨ, Desim (ਈਸ਼੍ਵਰ ਫਰਜ਼ੀ ਕਲਪਿਤ ਹਸਤੀ ਹੈ) Dualism (ਪ੍ਰਕ੍ਰਿਤੀ ਤੇ ਈਸ਼੍ਵਰ ਅਨਾਦੀ ਹਨ), Pantheism (ਕਿ ਸੰਸਾਰ ਹੀ ਈਸ਼੍ਵਰ ਹੈ) Idolatry (ਮੂਰਤੀ ਪੂਜਾ), Ritualism (ਰਹੁਰੀਤਾਂ ਹੀ ਧਰਮ ਹਨ), Formalism (ਧਰਮ ਦੀ ਸ਼ਰ੍ਹਾ), Asceticism (ਸੰਨਿਆਸ, ਤਿਆਗ), ਨਾਲੋਂ ਨਾਲ ਕਥਨ ਕੀਤੇ ਮਿਲਣਗੇ। ਨਿਰਸੰਦੇਹ ਇਹ ਗੱਲ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਇਕ ਖ਼ਾਸ ਆਸ਼ਾ ਦਰਸਾਇਆ ਹੈ ਤੇ ਉਸਦੀ ਪ੍ਰਾਪਤੀ ਲਈ ਖ਼ਾਸ ਮਾਰਗ ਦਰਸਾਇਆ ਹੈ। ਅਲਬੱਤਾ, ਇਹ ਗੱਲ ਸ੍ਵੀਕਾਰਨ ਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਵੇਦਾਂਤੀ ਅਸੂਲ ਆਮ ਤੋਰ ਤੇ ਪ੍ਰਮਾਣਿਕ ਤੇ ਉੱਚੇ ਉਪਨਿਸ਼ਦਾਂ ਅਤੇ ਕਈ ਸ੍ਰੇਸ਼ਟ ਅਮਲੀ ਵੇਦਾਂਤੀਆਂ ਦੇ ਲੇਖਾਂ ਅਨੁਸਾਰ ਹੈ।

ਇਵੇਂ ਹੀ ਕਈ ਲੋਕ ਬੜੀ ਗੰਭੀਰਤਾ ਤੇ ਵਸੂਕ ਨਾਲ ਕਹਿੰਦੇ ਹਨ ਕਿ ਸਿੱਖੀ ਭਾਰਤੀ ਵੇਸ ਵਿਚ ਕੇਵਲ ਮੁਸਲਮਾਨ ਸੂਫੀਆਂ ਦੇ ਆਸ਼ੇ ਦੀ ਨਕਲ ਹੈ, ਕਈ ਹੋਰ, ਕੁਝ ਘੱਟ ਵਸੂਕ ਨਾਲ ਇਹ ਕਹਿੰਦੇ ਹਨ ਕਿ ਸਿੱਖੀ ਬੁਧ ਤੇ ਇਸਾਈ ਮਤਾਂ ਦੀ ਗੂੰਜ ਹੈ। ਇਨ੍ਹਾਂ ਦਾਅਵਿਆਂ ਦੀ ਪੁਸ਼ਟੀ ਲਈ ਗੁਰੂ ਗ੍ਰੰਥ ਸਾਹਿਬ ਵਿਚੋਂ ਖਿਆਲ ਤੇ ਵਾਕ ਕੁਝ ਹੱਦ ਤਕ ਮਿਸਾਲਾਂ ਦੇ ਤੌਰ ਤੇ ਪੇਸ਼ ਕੀਤੇ ਜਾ ਸਕਦੇ ਹਨ। ਪਰ ਇਸ ਤੋਂ ਕੇਵਲ ਇਹ ਸਿੱਧ ਹੁੰਦਾ ਹੈ ਕਿ ਜਗਤ ਦੇ ਧਾਰਮਿਕ ਵਿਚਾਰਵਾਨਾਂ ਦੇ ਵਿਚਾਰ ਬਾਹਲੇ, ਇਕੋ ਜਿਹੇ ਹਨ, ਦਲੀਲਾਂ ਵੀ ਇਕ ਸਮਾਨ ਹਨ ਤੇ ਉਨ੍ਹਾਂ

ਸਾਰਿਆਂ ਸਾਂਝਿਆਂ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਉਨ੍ਹਾਂ ਨੇ ਰਲਦੇ-ਮਿਲਦੇ ਸੰਕੇਤ ਵਰਤੇ ਹਨ। ਅਕਾਲ ਪੁਰਖ, ਸ੍ਰਿਸ਼ਟੀ, ਮਨੁੱਖ ਤੇ ਮਨੁੱਖੀ ਆਚਾਰ ਵਿਹਾਰ ਬਾਰੇ ਗੁਰੂ ਨਾਨਕ ਸਾਹਿਬ ਤੇ ਬਾਕੀ ਸਤਿਗੁਰਾਂ ਦੇ ਵਿਸ਼ੇਸ਼ ਆਸ਼ੇ ਸਨ। ਉਨ੍ਹਾਂ ਇਹ ਆਸ਼ੇ ਕੋਈ ਨਵੇਂ ਨਹੀਂ ਘੜੇ ਸਨ ਪਰ ਉਨ੍ਹਾਂ ਆਸ਼ਿਆਂ ਦੇ ਸੰਗ੍ਰਹਿ ਦੀ ਤਸਵੀਰ ਨੂੰ ਇਉਂ ਸਾਜਿਆ ਕਿ ਉਹ ਨਵੀਂ ਸਜਰੀ ਲਗਦੀ ਸੀ। ਇਹ ਆਸ਼ੇ ਕਿਤੇ ਕਿਤੇ ਵੱਡੇ ਧਾਰਮਿਕ ਵਿਚਾਰਵਾਨਾਂ ਦੇ ਕਈ ਖਿਆਲਾਂ ਨਾਲ ਮਿਲਦੇ ਹਨ, ਜਿਸ ਤੋਂ ਉਨ੍ਹਾਂ ਖਿਆਲਾਂ ਦੀ ਵਿਸ਼ਾਲਤਾ ਤੇ ਜਗਤ-ਸ੍ਵੀਕਾਰਤਾ ਪ੍ਰਤੱਖ ਹੈ। ਪਰ ਸਾਹਿਬਾਂ ਦਾ ਮਾਰਗ ਤੇ ਉਨ੍ਹਾਂ ਦਾ ਗਾਡੀ ਰਾਹ ਆਪਣਾ ਸੀ, ਤੇ ਉਨ੍ਹਾਂ ਆਸ਼ਿਆਂ ਦਾ ਅੰਤਮ ਸੰਪੂਰਨ ਰੂਪ ਦਰਸਾਣ ਵਾਲੇ ਉਹ ਆਪ ਹੀ ਸਨ।

[*ਸਿੱਖ ਧਰਮ ਦਰਸ਼ਨ*, ਪ੍ਰਸਤਾਵਨਾ VII, VIII
ਪੰਜਾਬੀ ਯੂਨੀਵਰਸਿਟੀ, ਪਟਿਆਲਾ,੧੯੬੯]

੭੭. *ਭਾਈ ਸਾਹਿਬ ਸ਼ੇਰ ਸਿੰਘ ਕਸ਼ਮੀਰ ਵਾਲੇ* ੧੯੩੫ ਈ.

ਜਿਸ ਤਰ੍ਹਾਂ ਸ਼ੈਕਸਪੀਅਰ ਤੇ ਹੋਰ ਅੰਗ੍ਰੇਜ਼ੀ ਦਾ ਸਮੁੰਦਰ A.B.C. ਵਿਚ ਬੀਜ ਵਾਂਙਣ ਛੁਪਿਆ ਹੋਇਆ ਹੈ, ਉਸੇ ਤਰ੍ਹਾਂ ਸਰਬਜੋਤਿ ਪਰਮਾਤਮਾ *ਗੁਰੂ ਗ੍ਰੰਥ ਸਾਹਿਬ ਜੀ* ਵਿਚ ਪਰਿਪੂਰਨ ਹੈ ਪਰ ਬੀਜ ਵਾਂਙਣ ਇਸ ਤਰ੍ਹਾਂ ਜਿਸ ਤਰ੍ਹਾਂ ਦਿਆਰ ਯਾ ਪਿੱਪਲ ਦਾ ਬੂਟਾ ਆਪਣੇ ਬੀਜ ਵਿਚ ਛੁਪਿਆ ਹੋਇਆ ਹੁੰਦਾ ਹੈ। ਹੁਣ ਜਿਸ ਤਰ੍ਹਾਂ ਅੰਗ੍ਰੇਜ਼ੀ ਨੂੰ ਸਮਝਣ ਤੇ ਕੰਠ ਕਰਨ ਲਈ ਕਈ ਵਰ੍ਹੇ ਚਾਹੀਦੇ ਹਨ, ਉਸੇ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਦੇ ਇਕ ਇਕ ਸਫੇ ਨੂੰ ਸਮਝਣ ਲਈ ਕਈ ਸਾਲ ਚਾਹੀਦੇ ਹਨ ਪਰ ਅਸੀਂ ਤਾਂ ਪੰਜਾਂ ਮਿੰਟਾਂ ਵਿਚ ਹੀ ਸਾਰੀ ਅੰਗ੍ਰੇਜ਼ੀ, ਨਾਲੇ ਆਤਮਿਕ ਗਿਆਨ ਘੋਲ ਕੇ ਅੰਦਰ ਪਾਉਣਾ ਚਾਹੁੰਦੇ ਹਾਂ। ਇਸ ਲਈ ਮੈਂ ਸਭ ਤੋਂ ਪਹਿਲਾਂ ਇਹ ਗ਼ਲਤਫਹਿਮੀ, ਇਹ ਭੁੱਲ ਦੂਰ ਕਰਾਉਣਾ ਜ਼ਰੂਰੀ ਸਮਝਦਾ ਹਾਂ ਜਿਹੜੀ ਅਸਾਂ ਵਿਚ ਆ ਗਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਚੂੰਕਿ ਪੰਜਾਬੀ ਵਿਚ ਹਨ, ਇਸ ਲਈ ਇਸ ਬਾਣੀ ਨੂੰ ਸਮਝਣ ਲਈ ਇਤਨੇ ਸਮੇਂ ਦੀ ਲੋੜ ਨਹੀਂ। ਬਾਣੀ ਆਸਾਨ ਜ਼ਰੂਰ ਹੈ, ਹੋਰਨਾਂ ਧਾਰਮਕ ਪੁਸਤਕਾਂ ਕੋਲੋਂ ਬਹੁਤ ਜਲਦੀ ਸਮਝ ਆ ਜਾਂਦੀ ਹੈ ਪਰ ਆਸਾਨ ਹੋ ਕੇ ਵੀ ਮੁਸ਼ਕਲ ਹੈ, ਅਤੀ ਮੁਸ਼ਕਲ ਹੈ ਕਿਉਂਕਿ ਜਦ ਤੋੜੀਂ ਅਨੁਭਵ ਨਾ ਹੋਵੇ ਇਹ ਨਹੀਂ ਖਿਆਲ ਕਰਨਾ ਚਾਹੀਦਾ ਜੁ 'ਸਮਝ' ਆ ਗਈ ਹੈ। ਪੜ੍ਹਨਾ ਹੋਰ ਗੱਲ ਹੈ, ਗੁੜ੍ਹਨਾ ਅਨੁਭਵ ਕਰਨਾ ਹੋਰ ਗੱਲ ਹੈ ਪਰ ਅਸੀਂ ਤਾਂ ਅਜੇ ਪੜ੍ਹਣ ਦੀ ਪਉੜੀ ਵੀ ਪੂਰੀ ਪੂਰੀ ਨਹੀਂ ਚੜ੍ਹੇ। (ਪੰਨਾ ੫)

'ਦਸਮ ਪਿਤਾ ਨੇ '*ਗੁਰੂ ਗ੍ਰੰਥ*' ਜੀ ਨੂੰ ਗੁਰੂ ਇਸ ਲਈ ਅਸਥਾਪਨ ਕੀਤਾ ਸੀ ਕਿ *ਗੁਰੂ ਗ੍ਰੰਥ ਜੀ* ਵਿਚ ਸਾਰੇ ਗੁੱਝੇ ਭੇਤ ਖੋਲ੍ਹ ਕੇ ਲਿਖੇ ਹੋਏ ਹਨ। ਹੁਣ *ਸ੍ਰੀ ਗੁਰੂ ਗ੍ਰੰਥ ਜੀ* ਦੀ ਕੁੰਜੀ 'ਸਤਿਨਾਮ' ਹੈ। ਜਦ ਤੋੜੀਂ ਅਸੀਂ ਕੁੰਜੀ ਦੀ ਪ੍ਰਾਪਤੀ ਨਾ ਕਰੀਏ ਤਦ ਤੋੜੀਂ ਆਤਮ ਮੰਦਿਰ ਦੇ ਭੇਦ ਨਹੀਂ ਖੁਲ੍ਹ ਸਕਦੇ। ਸਤਿਨਾਮ ਦਾ ਸਿਮਰਨ ਹੀ ਪ੍ਰਾਪਤੀ ਹੈ ਪਰ ਅਸੀਂ ਹੋਰ ਸਭ ਕੁਝ ਤਾਂ ਕਰਦੇ ਹਾਂ—ਪੜ੍ਹਦੇ ਲਿਖਦੇ ਵਿਚਾਰਦੇ ਹਾਂ ਪਰ ਸਿਮਰਨ ਨੂੰ ਦੁਰਾਡੇ ਰੱਖੀ ਬੈਠੇ ਹਾਂ।' (ਪੰਨਾ ੭)

'ਮਿਸਰੀ ਮਰ ਗਏ ਜਦ ਨਾਮ ਦੀ ਦੇਵੀ ਉਨ੍ਹਾਂ ਕੋਲੋਂ ਕੰਨੀ ਛੁਡਾ ਕੇ ਨੱਸ ਗਈ, ਯੂਨਾਨ ਸੌਂ ਗਿਆ ਜਦ ਅਫਲਾਤੂਨ ਦਾ ਨਾਮ-ਪ੍ਰਚਾਰ ਉਸੇ ਨਾਲ ਅਲੋਪ ਹੋ ਗਿਆ, ਚੀਨ ਸੌਂ ਗਿਆ ਜਦ ਲੌ ਜ਼ੀ (Lau Tsze) ਦਾ ਨਾਮ-ਪ੍ਰਚਾਰ ਮੱਠਾ ਪੈ ਗਿਆ। ਪਰ ਖਾਲਸਾ ਪੰਥ ਜਾਗਦਾ ਹੈ ਤੇ

ਜਾਗਦਾ ਰਹੇਗਾ ਜਦ ਤੋੜੀ ਸ੍ਰੀ *ਗੁਰੂ ਗ੍ਰੰਥ* ਜੀਉ ਸਾਡੇ ਅੰਦਰ ਨਾਮ ਦਾ ਸੋਮਾ ਭਰਨਗੇ ਤੇ ਅਸੀਂ ਚਰਣ ਕਮਲਾਂ ਦਾ ਰਸ ਗਟਾ ਗਟ ਪੀਆਂਗੇ।' [*ਆਤਮ ਸਾਇੰਸ*, ਪੰਨਾ ੫੩੫, ਦੂਜੀ ਐਡੀਸ਼ਨ, ਪ੍ਰਕਾਸ਼ਕ-ਮੈਨੇਜਰ ਅੰਮ੍ਰਿਤ ਜੰਡਿਆਲਾ ਰੋਡ, ਤਰਨਤਾਰਨ (੧੯੩੫)]

੭੮. *ਪੰਡਿਤ ਕਰਤਾਰ ਸਿੰਘ ਦਾਖਾ* ੧੮੪੩ ਈ.

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਧਿਆਤਮਕ ਗਿਆਨ ਦਾ ਨਿਰਬਹਣ ਅਨੰਤ ਰਸ ਭਿੰਨੀ ਵਿਦਿਆਵਾਂ ਵਿਚ ਕੀਤਾ ਗਿਆ ਹੈ ਜੋ ਉਸ ਗਿਆਨ ਦਾ ਅੰਗ ਹੋਣ ਕਰਕੇ ਸ੍ਰੀ ਗੁਰੂ ਬਾਣੀ ਹੀ ਆਪਣੇ ਸ੍ਵਤੰਤ੍ਰ ਨਿਗਮ ਨਿਘੰਟੂ ਰੂਪ ਤੇ ਉਨ੍ਹਾਂ ਦਾ ਮੂਲ ਹੈ। ਅਰਥਾਤ ਸ੍ਰੀ ਗੁਰਬਾਣੀ ਵਿਚ ਦਰਸਾਏ ਗਏ ਜੋ ਵਿਸ਼ੇਸ਼ ਪਦਾਰਥਾਂ ਦੇ ਬੋਧਕ ਵਿਸ਼ੇਸ਼ ਪਦ ਯਾ ਸੰਕੇਤ ਹਨ, ਉਨ੍ਹਾਂ ਨੂੰ 'ਨਿਗਮ' ਆਖਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਅਰਥ ਖੋਲ੍ਹਣ ਵਾਲੇ ਸ੍ਰੀ ਗੁਰਬਾਣੀ ਦੇ ਹੀ ਵਾਕ ਨਿਘੰਟੂ ਹਨ। ਜੈਸੇ 'ਕਿਰਤ ਕਰਮ ਕੇ ਵੀਛੜੇ' ਆਦਿ ਵਾਕਾਂ ਵਿਚ 'ਕਿਰਤ ਕਰਮ' ਆਦਿ ਪਦ ਨਿਗਮ ਹਨ ਅਤੇ 'ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿਨੈ ਪਾਇ' ਆਦਿ ਵਾਕ ਇਸ ਦੀ ਪਰਿਭਾਸ਼ਾ ਦੱਸਣ ਵਾਲੇ ਹੋਣ ਕਰਕੇ 'ਨਿਘੰਟੂ' ਹਨ। ਧੁਰੋਂ ਫੁਰਮਾਈ ਕਾਰ ਕਮਾਉਣੀ ਅਤੇ 'ਕਰਿ ਕਿਰਪਾ ਮੇਲਹੁ ਰਾਮ' ਤਥਾ 'ਤਾ ਮਿਲੀਐ ਜਾਂ ਲਏ ਮਿਲਾਇ' ਆਦਿ ਵਾਕ ਛੁਟਕਾਰਾ ਅਥਵਾ ਫਲਭੋਗ ਦੀ ਅਵਧੀ ਜਾਂ ਸਿੱਧੀ ਬਾਰੇ ਹੋਣ ਕਰਕੇ 'ਆਗਮ' ਰੂਪ ਹਨ। ਸੋ 'ਅਗਮੁ ਨਿਗਮੁ ਸਤਿਗੁਰੂ ਦਿਖਾਇਆ' ਆਦਿ ਮਹਾਂਵਾਕਾਂ ਅਨੁਸਾਰ ਦਰਸ਼ਨ ਆਦਿ ਅਰਥ ਸ਼ਾਸਤ੍ਰ ਅਤੇ ਵਿਆਕਰਣ, ਨਿਰੁਕਤ, ਕਾਵ੍ਯ, ਸੰਗੀਤ, ਸਾਹਿਤ੍ਯ ਆਦਿ ਸ਼ਬਦ ਸ਼ਾਸਤ੍ਰ ਦਾ ਮੂਲ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਹੈ। (ਪੰਨਾ ਅ)

ਬੰਦੋਂ ਗੁਰੂ ਗ੍ਰੰਥ ਗੁਰੁ, ਪ੍ਰਗਟ ਗੁਰਾਂ ਦੇ ਰੂਪ
ਜੋ ਸ਼ਬਦਾਤਮ ਰੂਪ ਧਰਿ, ਪ੍ਰਗਟੇ ਪੰਚਨ ਭੂਪ। ੧੫।
ਗੁਰਸਾਗਰ ਰਤਨਾਗਰੋ, ਨਿਗਮਾਗਮ ਆਧਾਰ
ਸਨਮੁਖ ਨਰ ਮਰਜੀਵੜਾ, ਲਹੈ ਅਮੁੱਲ ਵਿਚਾਰ। ੧੬। *(ਪੰਨਾ ੪)*
ਪਰਮ ਪਿਤਾ ਦਸਮੇਸ ਜੀ, ਮਾਤਾ ਸਾਹਿਬ ਕੌਰ
ਵਾਸੀ ਪੁਰ ਅਨੰਦ ਕੇ, ਤਖਤ ਕੇਸਗੜ੍ਹ ਠੌਰ। ੩੧।
ਜਿਸਤੇ ਬੜੀ ਨ ਬੰਸ ਕੋ, ਬੜੀ ਨਹੀਂ ਹੈ ਠੌਰ
ਪੰਥ ਗੁਰੂ ਹੈ ਖਾਲਸਾ, ਸਭ ਪੰਥਨ ਸਿਰਮੌਰ। ੩੨।
ਜੋਤਿ ਰੂਪ ਦਸਮੇਸ ਜੀ, ਭਾਖਿਓ ਗੁਰਗਮ ਗਯਾਨ
ਪ੍ਰਗਟ ਗੁਰੂ ਕਰਿ ਥਾਪਯੋ, ਸ੍ਰੀ ਗੁਰੂ ਗ੍ਰੰਥ ਪ੍ਰਮਾਣ। ੩੩।
ਸ਼ੁਧ ਭਾਇ ਇਕ ਚਿਤ ਹੋ, ਕਰੇ ਸਿਖ ਅਰਦਾਸ
ਪਾਵੈ ਬਾਂਛਿਤ ਅਰਥ ਕੋ, ਹੋਇ ਪ੍ਰਤਖ ਪ੍ਰਕਾਸ਼। ੩੪। *(ਪੰਨਾ ੬)*

ਸਭਨਾਂ ਦੇ ਸਿਰ 'ਵੂੜੀ ਕਲਾਮ' ਹੀ ਗੁਰਬਾਣੀ ਹੈ। ਉਸਦੇ ਸ੍ਵਰੂਪ ਦਾ ਉਦਾਹਰਣ ਵੈਖਰੀ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਹੈ।

[*ਸ੍ਰੀ ਗੁਰੂ ਵਿਆਕਰਣ ਪੰਚਾਇਣ*, ਪੰਨਾ ੧੨]

੭੯. *ਭਾਈ ਸਾਹਿਬ ਰਣਧੀਰ ਸਿੰਘ*

ਸਾਰੀ ਗੁਰਬਾਣੀ ਗੁਰਉਪਦੇਸ਼ ਰੂਪ ਹੈ ਤੇ ਗੁਰਬਾਣੀ ਅੰਦਰ ਆਏ ਸਮੂਹ ਗੁਰਸ਼ਬਦ ਭੀ ਗੁਰਉਪਦੇਸ਼ ਰੂਪ ਹਨ ਅਤੇ ਗੁਰਬਾਣੀ ਅੰਦਰਲੇ ਸਮੂਚੇ ਸ਼ਬਦ ਗੁਰਬਾਣੀ ਰੂਪ ਹਨ। ਨਾਮ (ਗੁਰਮੰਤ੍ਰ) ਭੀ ਗੁਰਬਾਣੀ ਰੂਪ ਹੈ। ਗੁਰੂ ਮੁਖੋਂ ਉਚਾਰਨ ਹੋਇਆ ਧੁਰ ਹੁਕਮੋਂ ਉਤਾਰਨ ਹੋਇਆ ਹਰ ਇਕ ਸ਼ਬਦ ਗੁਰਬਾਣੀ ਹੈ। ਗੁਰਬਾਣੀ ਖੁਦ ਭੀ ਗੁਰਸ਼ਬਦ ਰੂਪ ਹੈ ਪਰੰਤੂ ਸਮੂਹ ਗੁਰਬਾਣੀ ਅਤੇ ਗੁਰਬਾਣੀ ਦੇ ਸ਼ਬਦ ਇਕ ਖ਼ਾਸ ਗੁਰਸ਼ਬਦ, ਗੁਰਮੰਤ੍ਰ ਅਰਥਾਤ ਗੁਰਮਤਿ ਨਾਮ ਨੂੰ ਦ੍ਰਿੜ੍ਹਾਉਂਦੇ ਹਨ ਜੋ ਸਮੱਗਰ ਬਾਣੀ ਦਾ ਤੱਤਸਾਰ ਹੈ। ਇਹੋ ਗੁਰਮੰਤ੍ਰ ਗੁਰਮਤਿ ਨਾਮ ਹੈ ਜਿਸਦੇ ਸੁਆਸ ਸੁਆਸ ਅਭਿਆਸ ਦਾ ਸਮੱਗਰ ਬਾਣੀ ਹੁਕਮ ਰੂਪੀ ਤੱਤ ਉਪਦੇਸ਼ ਦਿੰਦੀ ਹੈ। ਜਿਸ ਗੁਰਮੰਤ੍ਰ ਨੂੰ ਕਿਸੇ ਜਗਿਆਸੂ ਤਾਈਂ ਦੇਣ ਯਾ ਦ੍ਰਿੜਾਉਣ ਦਾ ਕਿਸੇ ਇਕੱਲੇ ਦੇਹਧਾਰੀ ਨੂੰ ਅਧਿਕਾਰ ਨਹੀਂ।

ਪਰ ਇਹ ਨਹੀਂ ਕਹਿ ਸਕਦੇ ਕਿ ਗੁਰਬਾਣੀ ਤੋਂ ਵੱਖਰਾ ਕੋਈ ਇਕ ਗੁਰਸ਼ਬਦ ਨਹੀਂ। ਗੁਰਬਾਣੀ ਤੋਂ ਵੱਖਰਾ ਨਹੀਂ, ਗੁਰਬਾਣੀ ਦੇ ਵਿਚੋਂ ਹੀ ਹੈ ਪਰ ਅੰਮ੍ਰਿਤ ਬਾਣੀ ਦਾ ਤੱਤਸਾਰ ਪਰਮ ਅੰਮ੍ਰਿਤ ਤੱਤ ਜਿਸਨੂੰ ਸਾਰੀ ਗੁਰਬਾਣੀ ਦਿੜ੍ਹਾਉਂਦੀ ਹੈ ਤੇ ਜਿਸ ਅੰਮ੍ਰਿਤ ਤੱਤ ਸਾਰ ਸ਼ਬਦ ਨੂੰ ਸਾਰੀ ਬਾਣੀ ਦੇ ਸ਼ਬਦ ਵਿਲੱਖਣ ਰੂਪ ਵਿਚ ਲਖਾਉਂਦੇ ਹਨ।

[*ਗੁਰਮੰਤ੍ਰ ਅਤੇ ਗੁਰਬਾਣੀ* (ਗੁਰਮਤਿ ਲੇਖ, ਦੂਜੀ ਛਾਪ) ਪੰਨਾ ੪੪, ੧੯੭੮]

੮੦. *ਸ. ਜੀ. ਬੀ. ਸਿੰਘ* ੧੯੪੪

ਗੁਰੂ ਨਾਨਕ ਸਾਹਿਬ ਨੇ ਜਦ ਹਾਲੀ ਪੰਝੀ ਕੁ ਵਰ੍ਹੇ ਦੇ ਨੌਜੁਆਨ ਈ ਸਨ ਅਤੇ ਆਪਣੇ ਆਪ ਨੂੰ 'ਸ਼ਾਇਰ' ਕਹਿਣਾ ਪਸੰਦ ਕਰਦੇ ਸਨ, ਬਾਣੀ ਰਚਣੀ ਅਰੰਭ ਕੀਤੀ ਤੇ ਲਗਭਗ ਆਪਣੇ ਅੰਤ ਸਮੇਂ ਤਕ ਰਚਦੇ ਰਹੇ। ਏਸ ਚਾਲੀ ਕੁ ਸਾਲ ਦੇ ਅਰਸੇ ਵਿਚ ਸਮੇਂ ਸਮੇਂ ਦੀ ਰਚੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਇਹ ਹੋ ਨਹੀਂ ਸਕਦਾ ਕਿ ਏਸ ਤਰ੍ਹਾਂ ਰਚੀ ਬਾਣੀ ਕਿਤੇ ਲਿਖੀ ਨਾ ਗਈ ਹੋਵੇ ਅਤੇ ਖੁਦ ਗੁਰੂ ਨਾਨਕ ਸਾਹਿਬ ਨੇ ਏਸ ਨੂੰ ਪਹਿਲੇ ਅੱਡ ਅੱਡ ਪਤ੍ਰਿਆਂ ਪੁਰ ਤੇ ਪਿਛੋਂ ਸੋਧ ਕੇ ਕਿਸੇ ਕੋਰੀ ਪੋਥੀ ਜਾਂ ਬਿਆਜ ਵਿਚ ਇਕ ਥਾਂ ਲਿਖਿਆ ਨਾ ਹੋਵੇ। ਬਾਣੀ ਦੀ ਅੰਦਰਲੀ ਗਵਾਹੀ ਅਤੇ ਬਹੁਤ ਸਾਰੀਆਂ ਸਾਖੀਆਂ ਦਾ ਵਿਚਾਰ-ਸਹਿਤ ਪਾਠ ਵੀ ਸਾਨੂੰ ਇਸ ਨਤੀਜੇ ਤੇ ਪੁਚਾਂਦੇ ਹਨ ਕਿ ਗੁਰੂ ਸਾਹਿਬ ਦੀ ਬਾਣੀ, ਕਿਤਾਬੀ ਸ਼ਕਲ ਵਿਚ ਉਨ੍ਹਾਂ ਦੇ ਸਾਮ੍ਹਣੇ ਮੌਜੂਦ ਸੀ। ਬੋਲੀ ਵਲੋਂ ਬਾਣੀ ਡਾਢੀ ਮੰਝੀ ਹੋਈ, ਕਵਿਤਾ ਵਜੋਂ ਸ਼ੁੱਧ, ਅਤੇ ਖਿਆਲਾਤ ਕਰਕੇ ਬੱਝਵੀਂ ਹੈ, ਮਿਹਨਤ ਕੀਤੀ ਅਤੇ ਸੰਸ਼ੁੱਧੀ ਦੇ ਸਾਰੇ ਚਿੰਨ੍ਹ ਉਸ ਵਿਚ ਮੌਜੂਦ ਹਨ।

ਸਵਾਲ ਉਠਦਾ ਹੈ ਕਿ ਗੁਰੂ ਨਾਨਕ ਦੀ ਆਪਣੀ ਲਿਖੀ ਕਿਤਾਬ ਜਾਂ ਸੈਂਚੀਆਂ ਕਿਥੇ ਗਈਆਂ? ਉਨ੍ਹਾਂ ਦੇ ਜੋੜੇ ਅਤੇ ਦਸਤਾਰੇ ਤਾਂ ਮੌਜੂਦ ਹੋਣ ਪਰ ਇਹਨਾਂ ਤੋਂ ਕਿਤੇ ਵਧੀਕ ਮਹੱਤਵ ਦੀ ਚੀਜ਼ ਆਪਣੀ ਅਸਲੀ ਯਾਦਗਾਰ ਮੌਜੂਦ ਹੀ ਨਾ ਹੋਵੇ। ਇਹ ਬੜੇ ਤਅੱਜਬ ਦੀ ਗੱਲ ਹੈ ਕਿ ਉਸ ਪੋਥੀ ਦੀ ਨਕਲ ਵੀ ਕਿਤੇ ਨਹੀਂ ਸੁਣੀ ਜਾਂਦੀ। (ਪੰਨਾ ੧੧)

ਗੁਰੂ ਨਾਨਕ ਸਾਹਿਬ ਦੇ ਨਾਮ ਪੁਰ ਬਾਣੀ ਰਚਣੀ ਤਾਂ ਸਾਧਾਂ ਫਕੀਰਾਂ ਨੇ, ਓਹਨਾਂ ਦੇ ਵੇਲੇ ਹੀ ਸ਼ੁਰੂ ਕਰ ਦਿੱਤੀ ਸੀ ਅਤੇ ਗੁਰੂ ਅਰਜਨ ਦੇਵ ਦੇ ਵੇਲੇ ਤਕ ਪੌਣੀ ਸਦੀ ਹੋਰ ਏਸੇ ਠੱਗੀ ਵਿਚ ਲੰਘ ਚੁੱਕੀ ਸੀ। ਜੇਕਰ ਗੋਸ਼ਟਾਂ, ਸਾਖੀਆਂ ਆਦਿ ਤੋਂ ਜਾਂਚ ਕਰੀਏ ਤਦ ਇਹ ਨਕਲੀ ਬਾਣੀ

ਲਗਪਗ ਉਤਨੀ ਕੁ ਹੀ ਬਣ ਚੁੱਕੀ ਸੀ ਜਿੰਨੀ ਕੁ ਕਿ ਖੁਦ ਗੁਰੂ ਸਾਹਿਬ ਦੀ ਆਪਣੀ ਰਚੀ ਅਸਲੀ ਬਾਣੀ। ਅਤੇ ਦੋਵੇਂ ਤਰ੍ਹਾਂ ਦੀਆਂ ਬਾਣੀਆਂ ਨਕਲੀ ਵੀ ਤੇ ਅਸਲੀ ਵੀ, ਸਿੱਖਾਂ ਵਿਚ ਇਕੋ ਜੇਹੀਆਂ ਫੈਲੀਆਂ ਹੋਈਆਂ ਸਨ। ਕੋਈ ਗ੍ਰੰਥ ਜਾਂ ਪੋਥੀ ਜਿਸ ਵਿਚ ਅਸਲੀ ਗੁਰਬਾਣੀ ਇਕੱਠੀ ਕੀਤੀ ਹੋਵੇ, ਸਿੱਖਾਂ ਪਾਸ ਮੌਜੂਦ ਨਹੀਂ ਸੀ ਜਿਸ ਦੀ ਮੱਦਦ ਨਾਲ ਕਿ ਉਹ 'ਨਕਲੀ' ਤੇ 'ਅਸਲੀ' ਬਾਣੀ ਵਿਚ ਪਹਿਚਾਣ ਕਰ ਸਕਣ। ਬਾਣੀ ਬਹੁਤ ਕਰਕੇ ਜ਼ਬਾਨੀ ਹੀ ਚਲੀ ਆਉਂਦੀ ਸੀ ਜਿਸ ਕਰਕੇ ਅਸਲੀ ਬਾਣੀ ਵਿਚ ਵੀ ਸਹਿਜ ਸੁਭਾ ਲਫਜ਼ੀ ਫਰਕ ਪੈਂਦੇ ਜਾਂਦੇ ਸਨ। ਇਹ ਇਕ ਕੁਦਰਤੀ ਗੱਲ ਸੀ। ...ਸ੍ਰੀ ਗੁਰੂ ਅਰਜਨ ਦੇਵ ਨੂੰ ਇਹ ਔਖ ਨਜ਼ਰ ਆ ਰਿਹਾ ਸੀ। ਅਤੇ ਇਸ ਦੇ ਦੂਰ ਕਰਨ ਦੀ ਫਿਕਰ ਵਿਚ ਸਨ।

[*ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ*, ਲਾਹੌਰ, ਪੰਨਾ ੧੦]

੮੧. *ਡਾ. ਸ਼ੇਰ ਸਿੰਘ* ੧੯੫੧

(ੳ) ਸੰਸਾਰੀ ਆਦਮੀ ਬਹੁਤ ਟਪਲੇ ਵਿਚ ਹੀ ਰਹਿੰਦੇ ਹਨ। ਇਸ ਲਈ ਇਨ੍ਹਾਂ ਨੂੰ ਚੌਕੰਨਾ ਕਰਕੇ ਰਾਹ ਦਿਖਾਉਣ ਵਾਲੇ ਗੁਰੂ ਦੀ ਸਦਾ ਲੋੜ ਰਹਿੰਦੀ ਹੈ।

ਗੁਰੂ ਹੋਣ ਲਈ ਗੋਡਿਆਂ ਤੋਂ ਨੀਵੀਆਂ ਬਾਂਹਾਂ ਦੀ ਲੋੜ ਨਹੀਂ, ਗੁਰੂ ਹੋਣ ਲਈ ਹੱਥਾਂ ਪੈਰਾਂ ਵਾਲੇ ਬੰਦੇ ਦੀ ਲੋੜ ਨਹੀਂ। ਸਾਡਾ ਗੁਰੂ ਦੇ ਸਰੀਰ ਨਾਲ ਕੋਈ ਸੰਬੰਧ ਨਹੀਂ। ਸਾਨੂੰ ਸਿੱਧੇ ਰਾਹ ਗੁਰੂ ਦੇ ਬਚਨਾਂ ਨੇ ਪਾਉਣਾ ਹੈ। ਇਕ ਆਦਮੀ ਕੂੜਾ ਹੈ। ਉਸ ਦਾ ਗੁਰੂ ਉਸ ਨੂੰ ਕਹਿੰਦਾ ਹੈ ਕਿ ਕੂੜ ਨਿਖੁੱਟ ਜਾਏਗਾ ਤੇ ਓੜਕ ਸੱਚ ਸਹੀ ਰਹੇਗਾ। ਇਹ ਬਚਨ ਸੁਣ ਕੇ ਉਹ ਕੂੜ ਛਡ ਦਿੰਦਾ ਹੈ, ਸਚ ਦਾ ਰਾਹ ਪਕੜ ਲੈਂਦਾ ਹੈ। ਉਸ ਆਦਮੀ ਦਾ ਕੂੜ ਉਸ ਅਖਾਣ ਵਾਲੇ ਨੇ ਯਾਨੀ ਕਿ ਪੰਜ ਫੁਟ ਅੱਠ ਇੰਚ ਲੰਮੇ ਕੱਦ ਵਾਲੀ ਤੇ ਭਗਵੇਂ ਜਾਂ ਕਿਸੇ ਹੋਰ ਭੇਖ ਵਾਲੀ ਦੇਹ ਨੇ ਨਹੀਂ ਛੁਡਾਇਆ, ਸਗੋਂ ਉਸ ਦੇ ਬਚਨ ਨੇ ਛੁਡਾਇਆ ਹੈ। ਬਚਨ ਜਾਂ ਬਾਣੀ ਇਕੋ ਗੱਲ ਹੈ। ਸੋ ਸਿਧੇ ਰਾਹ ਲਿਆਉਣ ਵਾਲੀ ਗੁਰੂ ਦੀ ਦੇਹੀ ਨਹੀਂ, ਸਗੋਂ ਗੁਰੂ ਦੀ ਬਾਣੀ ਹੈ। ਇਸ ਵਾਸਤੇ 'ਬਾਣੀ ਗੁਰੂ ਗੁਰੂ ਹੈ ਬਾਣੀ' ਦੋ ਵਾਰੀ ਤਾਕੀਦ ਨਾਲ ਕਹਿ ਕੇ ਗੁਰੂ ਜੀ ਨੇ ਪੱਕਾ ਹੁਕਮਨਾਮਾ ਦਿੱਤਾ ਹੈ।

ਹੁਣ ਸਵਾਲ ਇਹ ਉਠਦਾ ਹੈ ਕਿ ਕਿਹੜਾ ਗੁਰੂ ਹੈ, ਜਿਸ ਦੀ ਬਾਣੀ ਗੁਰੂ ਹੋ ਸਕਦੀ ਹੈ? ਬਾਣੀ ਤਾਂ ਉਹ ਹੈ, ਜੋ ਕੁਝ ਕੋਈ ਬੋਲਦਾ ਹੈ। ਬਚਨ ਦਾ ਨਾਮ ਬਾਣੀ ਹੈ। ਇਸ ਲਈ ਸਾਨੂੰ ਦੇਖਣਾ ਇਹ ਚਾਹੀਦਾ ਹੈ ਕਿ ਉਹ ਗੁਰੂ ਕੈਸਾ ਹੋਣਾ ਚਾਹੀਦਾ ਹੈ, ਜਿਸ ਦੀ ਬਾਣੀ ਨੂੰ ਗੁਰਿਆਈ ਦਿੱਤੀ ਜਾਵੇ? ਉਤਰ ਜ਼ਰਾ ਵਿਚਾਰ ਵਾਲਾ ਹੈ। ਸਰੀਰ ਤੋਂ ਬਿਨਾ ਅਸੀਂ ਦੋ ਚੀਜ਼ਾਂ ਲੈ ਕੇ ਜੰਮਦੇ ਹਾਂ : ਇਕ ਅਨੁਭਵ ਤੇ ਦੂਜੀ ਮਨ ਦੇ ਬੀਜ ਅਥਵਾ ਸੁਭਾਵਕ ਪਰਵਿਰਤੀਆਂ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਇਤਿਆਦਿ (ਨਵੇਂ ਵਿਦਵਾਨਾਂ ਨੇ ਇਨ੍ਹਾਂ ਪਰਵਿਰਤੀਆਂ ਦੀ ਗਿਣਤੀ ਪੰਦਰਾਂ ਵੀਹ ਤਕ ਦਸੀ ਹੈ)। ਇਨ੍ਹਾਂ ਬੀਜਾਂ ਦੇ ਸਹਾਰੇ ਹੀ ਮਨ ਦਾ ਢਾਂਚਾ ਖੜਾ ਹੋ ਕੇ ਸਾਡੇ ਜੀਵਨ ਦੀ ਮਾਨਸਿਕ ਦੁਨੀਆਂ ਕਾਇਮ ਹੋ ਜਾਂਦੀ ਹੈ। ਇਹ ਕੰਮ ਸਭ ਕਿਸੇ ਵਿਚ ਹੈ। ਪਸ਼ੂਆਂ ਤੇ ਹੋਰ ਜੀਵ ਜੰਤੂਆਂ ਤੇ ਬਨਾਸਪਤੀ ਆਦਿ ਵਿਚ ਇਕ ਹਦ ਤਕ ਇਹ ਬੀਜ ਕਿਸੇ ਨਾ ਕਿਸੇ ਸ਼ਕਲ ਵਿਚ ਹਨ। ਬਾਕੀ ਜੋ ਅਨੁਭਵ ਹੈ, ਇਹ ਇਕ ਰੱਬੀ ਦਾਤ ਹੈ। ਮਨ ਨੂੰ ਯਤਨਾਂ ਨਾਲ ਉਚਾ ਕਰ ਸਕੀਦਾ ਹੈ; ਪਰ ਅਨੁਭਵ ਨੂੰ ਨਹੀਂ। ਸੋ ਸਮੇਂ ਸਮੇਂ ਰੱਬ ਪੂਰਣ ਅਨੁਭਵੀ ਆਦਮੀ ਭੇਜਦਾ ਹੈ। ਇਸ ਅਨੁਭਵ ਦੇ ਸਹਾਰੇ ਹੀ ਉਨ੍ਹਾਂ ਦੀ ਗੰਮਤਾ ਅਗੰਮ ਤਕ ਹੁੰਦੀ ਹੈ। ਸੋ

ਇਹੋ ਜਿਹੇ ਪੂਰਣ ਅਨੁਭਵੀ ਮਹਾਂ ਪੁਰਖ ਗੁਰੂ ਹੁੰਦੇ ਹਨ। ਇਸ ਅਨੁਭਵ ਦੀ ਵੰਡ ਦਾ ਆਮ ਹਿਸਾ ਹਰ ਇਕ ਆਦਮੀ ਨੂੰ ਮਿਲਿਆ ਹੁੰਦਾ ਹੈ, ਜਿਸ ਦੇ ਸਹਾਰੇ ਸਾਨੂੰ ਹਕੀਕਤ ਤੇ ਸੱਚ ਦੀ ਸੋਝੀ ਹੁੰਦੀ ਹੈ।

ਸਤਿਗੁਰੂ ਨਾਨਕ ਤੇ ਉਨ੍ਹਾਂ ਦੇ ਬਾਕੀ ਸਾਰੇ ਨੌਂ ਸਰੂਪ ਗੁਰੂ ਸਨ। ਕੌਡੇ ਜਿਹੇ ਮਲੀਨ ਪੁਰਸ਼, ਸੱਜਣ ਜਿਹੇ ਠੱਗ ਤੇ ਹੋਰ ਅਨੇਕਾਂ ਇਹੋ ਜਿਹੇ ਪੁਰਸ਼, ਜਿਨ੍ਹਾਂ ਦੇ ਸੁਧਾਰ ਦੀ ਕੋਈ ਆਸ ਨਹੀਂ ਸੀ, ਗੁਰੂ ਜੀ ਦੇ ਬਚਨਾਂ ਨੂੰ ਸੁਣ ਕੇ ਤਰਦੇ ਗਏ। ਇਹ ਗੁਰੂ ਜੀ ਦੀ ਅਨੁਭਵੀ ਸ਼ਕਤੀ ਕਰਕੇ ਹੀ ਸੀ ਕਿ ਇਕੋ ਇਕ ਹਲੂਣੇ ਨਾਲ ਜਾਂ ਇਕੋ ਸਪਰਸ਼ ਨਾਲ ਸਭ ਦਾ ਉਧਾਰ ਹੁੰਦਾ ਗਿਆ। ਇਥੇ ਸਾਨੂੰ ਸਿੱਖ ਗੁਰੂਆਂ ਦੀਆਂ ਸਾਖੀਆਂ ਦੇ ਵਿਸਤਾਰ ਵਿਚ ਜਾਣ ਦੀ ਲੋੜ ਨਹੀਂ, ਇਤਨਾ ਹੀ ਕਹਿ ਦੇਣਾ ਕਾਫੀ ਹੈ ਕਿ ਸਿੱਖ ਗੁਰੂ ਪੂਰਨ ਅਨੁਭਵੀ ਮਹਾਂ ਪੁਰਖ ਸਨ, ਉਹ ਲੋਕਾਂ ਦੇ ਕਾਮਿਲ ਰਾਹ-ਦੱਸੂ ਸਨ ਤੇ ਉਨ੍ਹਾਂ ਦੇ ਦਸੇ ਰਾਹ ਤੇ ਚੱਲ ਕੇ ਅਸੀਂ ਟਪਲੇ ਤੋਂ ਬਚ ਸਕਦੇ ਹਾਂ ਅਰ ਉਨ੍ਹਾਂ ਦੇ ਦਸੇ ਤ੍ਰੀਕੇ ਤੇ ਅਮਲ ਕਰਨ ਨਾਲ ਤਰ ਸਕਦੇ ਹਾਂ। ਅਸੀਂ ਗੁਰੂ ਨਾਨਕ ਨੂੰ ਇਸ ਕਰਕੇ ਗੁਰੂ ਨਹੀਂ ਮੰਨਦੇ ਕਿ ਉਹ ਮਹਿਤਾ ਕਾਲੂ ਜੀ ਦੇ ਸਪੁਤਰ ਸਨ, ਜਾਂ ਤਲਵੰਡੀ ਵਿਚ ਉਨ੍ਹਾਂ ਦੇ ਪੈਦਾ ਹੋਣ ਕਰਕੇ ਜਾਂ ਕਰਤਾਰਪੁਰੇ ਪੂਰੇ ਹੋ ਜਾਣ ਕਰਕੇ। ਅਸੀਂ ਉਨ੍ਹਾਂ ਦੇ ਹੁਕਮਾਂ ਅਥਵਾ ਸਾਨੂੰ ਰਾਹ-ਪਾਊ ਸੇਧਾਂ ਨੂੰ ਗੁਰੂ ਮੰਨਦੇ ਹਾਂ। ਇਹ ਚੀਜ਼ ਹੈ ਉਨ੍ਹਾਂ ਦੀ ਬਾਣੀ। ਸੋ ਬਾਣੀ ਅਜੇ ਭੀ ਸਾਡੇ ਪਾਸ ਹੈ ਤੇ ਪਾਸ ਰਹੇਗੀ। ਸੋ ਪਰਮਾਣ ਇਹੋ ਸਿਧ ਕਰਦਾ ਹੈ ਤੇ ਦਲੀਲ ਉਸੇ ਸਿਟੇ ਤੇ ਆਉਂਦੀ ਹੈ ਕਿ *ਗੁਰੂ ਗ੍ਰੰਥ* ਗੁਰੂ ਹੈ।

ਜਦ ਦਲੀਲ਼ ਨਾਲ ਇਹ ਸਿੱਧ ਹੋ ਗਿਆ ਕਿ *ਗੁਰੂ ਗ੍ਰੰਥ ਸਾਹਿਬ ਜੀ* ਗੁਰੂ ਹਨ, ਤਾਂ ਉਨ੍ਹਾਂ ਦੀ ਪੂਜਾ ਕਿਉਂ ਕੀਤੀ ਜਾਂਦੀ ਹੈ—ਦੀ ਸ਼ੰਕਾ ਸਾਨੂੰ ਤੌਖਲੇ ਵਿਚ ਨਹੀਂ ਪਾਉਂਦੀ। ਮਨੁੱਖ ਮਨ ਦੀਆਂ ਸੁਭਾਵਿਕ ਪਰਵਿਰਤੀਆਂ ਵਿਚੋਂ ਇਕ ਇਹ ਭੀ ਹੈ ਕਿ ਜੰਮਣ ਤੋਂ ਹੀ ਆਦਮੀ ਆਪਣੇ ਤੋਂ ਵੱਡੇ ਅਗੇ ਸਹਿਮਦਾ ਹੈ, ਸੰਗਦਾ ਹੈ, ਇਸ ਤੋਂ ਹੀ ਸਾਡਾ ਆਦਰ ਕਰਨ ਦਾ ਜਜ਼ਬਾ, ਉਪਜਦਾ ਹੈ ਜਾਂ ਉਸ ਉੱਤੇ ਬਣਦਾ ਹੈ।

ਸਾਡੀ ਵਿਚਾਰ ਇਹ ਸੀ ਕਿ ਸਾਡਾ ਆਦਰ ਅਦਬ 'ਪੂਜਾ' ਨਹੀਂ। ਅਸਲ ਵਿਚ ਪੂਜਾ ਭੀ ਇਕ ਆਦਰ ਹੀ ਹੈ; ਪਰ ਲੋਕੀਂ ਪੂਜਾ ਦੇ ਕੁਛ ਗ਼ਲਤ ਅਰਥ ਲੈਣ ਲਗ ਗਏ ਹਨ; ਪੂਜਾ ਨੂੰ ਇਕ ਆਦਰਸ਼ ਸਮਝਣ ਲਗ ਪਏ ਹਨ। ਉਹ ਕਹਿੰਦੇ ਹਨ ਕਿ ਮਨੁੱਖ ਦਾ ਆਦਰਸ਼ ਹੀ ਆਪਣੇ ਇਸ਼ਟ ਦੀ ਪੂਜਾ ਕਰਨੀ ਹੈ ਤੇ ਬੱਸ। ਅਸਲ ਗੱਲ ਇਹ ਹੈ ਕਿ ਸਾਡਾ ਆਦਰਸ਼ ਗੁਰੂ ਜੀ ਦੀ ਦਿੱਤੀ ਹੋਈ ਸਿਖਿਆ ਨੂੰ ਸੁਣਨਾ, ਮੰਨਣਾ ਤੇ ਉਸ ਦੇ ਆਸਰੇ ਆਪਣੇ ਆਪ ਨੂੰ ਸੰਵਾਰਨਾ, ਉੱਚਾ ਕਰਨਾ ਤੇ 'ਪੰਚ' ਗੁਰਮੁਖ, ਗੁਰਸਿਖ ਬਣਨਾ ਹੈ। ਜੋ ਗੁਰੂ ਸਾਨੂੰ ਇਹ ਸਿਖਾਂਦਾ ਹੈ, ਅਸੀਂ ਉਸ ਦਾ ਆਦਰ ਕਰਦੇ ਹਾਂ, ਪਰ ਇਹ ਆਦਰ ਆਦਰਸ਼ ਨਹੀਂ, ਭਾਵੇਂ ਗੁਣ ਗ੍ਰਹਿਣ ਕਰਨ ਲਈ ਜ਼ਰੂਰੀ ਹੈ। ਬਾਕੀ ਰਿਹਾ ਇਹ ਸ਼ੰਕਾ ਕਿ ਅਸੀਂ *ਸ੍ਰੀ ਗੁਰੂ ਗ੍ਰੰਥ ਸਾਹਿਬ* ਨੂੰ ਇਤਨਾ ਕਿਉਂ ਸੰਵਾਰ ਕੇ ਰਖਦੇ ਹਾਂ। ਕੱਟੜ ਈਸਾਈ ਬੋਸ ਨੇ ਹਿੰਦੂ ਫ਼ਿਲਾਸਫ਼ੀ ਤੇ ਇਕ ਕਿਤਾਬ ਲਿਖੀ ਹੈ। ਉਸ ਵਿਚ ਤਿੰਨ ਚੈਪਟਰ ਸਿੱਖਾਂ ਉੱਤੇ ਹਨ। ਅੱਛਾ ਜ਼ਹਿਰ ਉਗਾਲਿਆ ਹੈ। ਉਹ ਲਿਖਦਾ ਹੈਸੁ : '*ਗੁਰੂ ਗ੍ਰੰਥ* ਦੁਨੀਆਂ ਦੀਆਂ ਸਭ ਪੁਸਤਕਾਂ ਨਾਲੋਂ ਵਡਭਾਗੀ ਪੁਸਤਕ ਹੈ। ਉਸ ਨੂੰ ਕੀਮਤੀ ਬਸਤਰ ਪੁਆਂਦੇ ਹਨ, ਥੱਕਣ ਤੇ ਰਾਤ ਨੂੰ ਸੁਆਂਦੇ ਹਨ। ਉਸ ਦੇ ਸਥਾਪਣ ਲਈ ਸਰੋਵਰ ਦੇ ਵਿਚਕਾਰ ਸੁਨਹਿਰੀ ਮੰਦਰ ਹੈ। ਆਦਿ।' ਜਵਾਬ ਸਿਧਾ ਹੈ ਕਿ ਅਸੀਂ ਪੁਸਤਕ

ਨਹੀਂ ਸਮਝਦੇ, ਸਗੋਂ ਗੁਰੂ ਸਮਝਦੇ ਹਾਂ, ਬਾਕੀ ਜੋ ਕੁਛ ਹੈ, ਆਦਰ ਹੈ, ਤੇ ਆਦਰ ਦੀ ਕੋਈ ਹੱਦ ਨਹੀਂ। [*ਵਿਚਾਰਮਾਲਾ*, ਪੰਨਾ ੧੬੦-੬੬, ਲਾਹੌਰ ਬੁਕ ਸ਼ਾਪ, ਲੁਧਿਆਣਾ, ੧੯੫੧]

(ਅ) ਕਈਆਂ ਵਿਦਵਾਨਾਂ ਨੇ ਬੜੇ ਉਤਾਵਲੇ ਹੋ ਕੇ ਇਹ ਕਿਹਾ ਹੈ ਕਿ *ਗੁਰੂ ਗਰੰਥ* ਵਿਚ ਨਾ ਕੋਈ ਤਰਤੀਬ ਹੈ ਤੇ ਨਾ ਕੋਈ ਪਲੈਨ। ਨਾ ਬਾਣੀਆਂ ਵਿਸ਼ਿਆਂ ਮਜ਼ਮੂਨਾਂ ਅਨੁਸਾਰ ਸੰਗ੍ਰਹਿ ਕੀਤੀਆਂ ਹਨ, ਨਾ ਲਿਖਾਰੀਆਂ ਅਨੁਸਾਰ ਤੇ ਨਾ ਹੀ ਉਨ੍ਹਾਂ ਦੇ ਰਚੇ ਜਾਣ ਦੇ ਸਮੇਂ ਅਨੁਸਾਰ। ਅਜੇਹੇ ਲਿਖਾਰੀ ਗੁਰੂ ਸਾਹਿਬ ਦੇ ਠੀਕ ਆਸ਼ੇ ਨੂੰ ਨਹੀਂ ਸਮਝ ਸਕੇ ਤੇ ਨਾ ਹੀ ਸਿੱਖੀ ਸਿਧਾਂਤ ਦੀ ਤਹਿ ਤੱਕ ਪਹੁੰਚ ਸਕੇ ਹਨ। *ਗੁਰੂ ਗਰੰਥ* ਵਿਚ ਬਾਣੀਆਂ ਦੀ ਤਰਤੀਬ ਦਾ ਸਬੰਧ *ਗੁਰੂ ਗਰੰਥ* ਦੇ ਰਚੇ ਜਾਣ ਦੇ ਪ੍ਰਯੋਜਨ ਨਾਲ ਹੈ, ਗੁਰੂ ਮਾਰਗ ਅਥਵਾ ਸਿੱਖੀ ਸਿਧਾਂਤ ਨਾਲ ਹੈ। ਜਿਵੇਂ ਅਗੇ ਜਾ ਕੇ ਵਿਚਾਰ ਕੀਤੀ ਜਾਵੇਗੀ ਕਿ ਸਿੱਖੀ ਮਾਰਗ ਨਾਮ ਮਾਰਗ ਹੈ, ਜਿਸ ਦਾ ਅਮਲੀ ਅੰਗ ਵਿਸਮਾਦ ਹੈ। ਇਹ ਨਾਮ ਮਾਰਗ ਹਿੰਦੁਸਤਾਨ ਦੇ ਪੁਰਾਣੇ ਤਿੰਨਾਂ ਮਾਰਗਾਂ ਤੋਂ ਵੱਖਰਾ ਹੈ। ਨਾ ਹੀ ਇਹ ਨਿਰਾ ਗਿਆਨ ਮਾਰਗ ਹੈ, ਨਾ ਹੀ ਇਹ ਕੇਵਲ ਭਗਤੀ ਮਾਰਗ ਹੈ ਤੇ ਨਾ ਹੀ ਸਿਰਫ ਕਰਮ ਮਾਰਗ। ਇਨ੍ਹਾਂ ਮਾਰਗਾਂ ਦੇ ਅੰਗ ਰਖਦਾ ਹੋਇਆ ਨਾਮ ਮਾਰਗ ਇਕ ਵੱਖਰਾ ਮਾਰਗ ਹੈ ਤੇ ਇਸ ਦੀ ਕੁੰਜੀ ਹੈ ਵਿਸਮਾਦ। ਵਿਸਮਾਦੀ ਹਾਲਤ ਪੈਦਾ ਕਰਨਾ ਜਰੂਰੀ ਹੈ। ਵਿਸਮਾਦ ਦਾ ਰਾਗ ਅਥਵਾ ਕੀਰਤਨ ਨਾਲ ਬਹੁਤ ਗੂੜ੍ਹਾ ਸਬੰਧ ਹੈ। ਨਾਮ ਦੀ ਕੁੰਜੀ ਵਿਸਮਾਦ ਹੈ ਤੇ ਵਿਸਮਾਦ ਸੌਖਾ ਉਪਜਦਾ ਹੈ ਰਾਗ, ਕੀਰਤਨ ਤੇ ਕਵਿਤਾ ਦੁਆਰਾ। ਗੁਰੂ ਗ੍ਰੰਥ ਨੂੰ ਰਚਣ ਵਿਚ ਵਡਾ ਪ੍ਰਯੋਜਨ ਅਨੰਦ ਪ੍ਰਾਪਤੀ ਸੀ, ਚਿਤ ਨੂੰ ਸ਼ਾਂਤੀ ਅਥਵਾ ਸੁਖ ਮਨ ਅਵਸਥਾ ਸੀ। ਗੁਰਬਾਣੀ ਦੀ ਕਵਿਤਾ, ਰਾਗ, ਸੁਰ ਤੇ ਲੈ ਇਸ ਦੇ ਪ੍ਰੇਮ ਨਾਲ ਪਾਠ ਕਰਨ ਵਾਲੇ ਨੂੰ ਵਜਦ ਵਿਚ ਲਿਆਉਂਦੀ ਹੈ, ਵਿਸਮਾਦ ਦੀ ਹਾਲਤ ਤਾਰੀ ਕਰਦੀ ਹੈ ਜਿਸ ਕਰ ਕੇ ਨਾਮ ਦੀ ਅਵਸਥਾ ਪ੍ਰਾਪਤ ਹੁੰਦੀ ਹੈ।

ਜਿਵੇਂ ਸ਼ਿਲਰ ਦੀਆਂ ਦਾਰਸ਼ਨਿਕ ਕਵਿਤਾਵਾਂ ਸਬੰਧੀ ਲੈਂਗ ਨੇ ਕਿਹਾ ਹੈ ਕਿ ਇਹ ਕਵਿਤਾਵਾਂ ਆਦਮੀ ਦੀ ਰੂਹ ਉਤਾਂਹਾ ਚੁੱਕ ਲੈ ਜਾਂਦੀਆਂ ਹਨ ਤੇ ਉਸ ਉਪਰਲੀ ਮੰਜ਼ਲ ਵਿਚ ਨਾ ਕੇਵਲ ਸੌਂਦਰਜ ਸੰਤੁਸ਼ਟਤਾ ਹੀ ਲਭਦੀ ਹੈ ਸਗੋਂ ਸਦਾਚਾਰੀ ਇਕ-ਸੁਰਤਾ ਤੇ ਧਾਰਮਕ ਜਜ਼ਬੇ ਦਾ ਆਨੰਦ ਭੀ ਲਭਦਾ ਹੈ। ਐਨ ਉਹੋ ਹਾਲ ਪ੍ਰੇਮ ਨਾਲ ਗੁਰਬਾਣੀ ਪੜ੍ਹਨ ਵਾਲੇ ਦਾ ਹੈ। ਭਵਿੱਖਤ ਵਿਚ ਕਾਮਯਾਬ ਹੋਣ ਵਾਲਾ ਧਰਮ ਉਹੋ ਹੀ ਹੋਵੇਗਾ ਜਿਹੜਾ ਮਨ ਤੇ ਰੂਹ ਲਈ ਸ਼ਾਂਤੀ ਦੇ ਭੰਡਾਰ ਵਰਤਾਏਗਾ। ਏਹ ਸ਼ਾਂਤੀ ਕੀਰਤਨ ਤੇ ਕਵਿਤਾ ਵਿਚੋਂ ਸੌਖੀ ਤਰ੍ਹਾਂ ਲੱਭ ਸਕਦੀ ਹੈ। ਇਸੇ ਲਈ *ਗੁਰੂ ਗ੍ਰੰਥ* ਇਕ ਰੱਬ ਵਲੋਂ ਪ੍ਰੋਸਿਆ ਹੋਇਆ ਥਾਲ ਹੈ, ਜਿਸ ਵਿਚ ਸਤ, ਸੰਤੋਖ ਤੇ ਵੀਚਾਰ ਦੇ ਭੋਜਨ ਆਦਮੀ ਰੱਜ ਰੱਜ ਕੇ ਖਾ ਸਕਦਾ ਹੈ ਜੇ ਕਰ ਸ਼ਰਧਾ ਤੇ ਪ੍ਰੇਮ ਨਾਲ ਭੁਖ ਪੈਦਾ ਕਰ ਕੇ ਭੁੰਚੇ। ਸੁ ਇਹ ਹੈ ਵੱਡਾ ਵਿਸ਼ਾ ਗੁਰੂ ਗ੍ਰੰਥ ਦਾ ਤੇ ਈਹੋ ਹੀ ਸੁਖ ਮਜ਼ਮੂਨ ਹੈ ਸਾਰੀ ਗੁਰਬਾਣੀ ਦਾ। ਬਾਣੀਆਂ ਦੀ ਤਰਤੀਬ ਇਸੇ ਆਧਾਰ ਤੇ ਹੋਈ।

ਗੁਰੂ ਗ੍ਰੰਥ ਆਪਣੇ ਮੰਤਵ ਤੇ ਵਿਸ਼ੇ-ਸੂਚੀ ਆਦਿ ਖਿਆਲ ਨਾਲ ਬਹੁਤ ਸਾਰੀਆਂ ਧਰਮ-ਪੁਸਤਕਾਂ ਨਾਲੋਂ ਨਿਰਾਲਾ ਹੈ। ਕਈ ਕਹਿੰਦੇ ਹਨ ਕਿ *ਗੁਰੂ ਗ੍ਰੰਥ* ਰਿਗ ਵੇਦ ਨਾਲ ਮਿਲਦਾ ਜੁਲਦਾ ਹੈ। ਸ੍ਵਾਮੀ ਦਯਾਨੰਦ ਜੀ 'ਸਤਿਆਰਥ ਪ੍ਰਕਾਸ਼' ਵਿਚ ਲਿਖਦੇ ਹਨ ਕਿ ਰਿਗ ਵੇਦ ਦਾ ਹੁਕਮ ਹੈ : ਨਿਯੋਗ ਕਰਕੇ ਇਕ ਜ਼ਨਾਨੀ ਬੇਸ਼ੱਕ ਗਿਆਰਾਂ ਖਸਮ ਕਰ ਲਵੇ। ਇਸੇ ਤਰ੍ਹਾਂ ਕੁਰਾਨ ਸ਼ਰੀਫ ਭੀ ਦਰਜ ਹੈ : ਅਜਿਹੀਆਂ ਦੋ, ਤਿੰਨ ਜਾਂ ਚਹੁੰ ਜ਼ਨਾਨੀਆਂ ਨਾਲ ਵਿਆਹ ਕਰ ਲਓ

ਜਿਹੜੀਆਂ ਤੁਹਾਨੂੰ ਯੋਗ ਜਾਪਣ। ਪਰ ਅਜਿਹੇ ਵਿਵਹਾਰੀ ਕੰਮਾਂ ਸਬੰਧੀ ਜਾਂ ਜ਼ਿੰਦਗੀ ਦੀਆਂ ਆਮ ਲੋੜਾਂ ਸਬੰਧੀ ਜੇ ਕੋਈ *ਗੁਰੂ ਗ੍ਰੰਥ ਸਾਹਿਬ* ਤੋਂ ਰਹਿਨੁਮਾਈ ਲਭੇ ਤਾਂ ਉਸ ਨੂੰ ਸਖਤ ਮਾਯੂਸੀ ਹੋਵੇਗੀ। *ਗੁਰੂ ਗ੍ਰੰਥ* ਕੋਈ ਰਹਿਤਨਾਮਾ ਨਹੀਂ ਹੈ ਜੋ ਇਸ ਵਿਚ ਵਿਆਹ ਜਾਂ ਕੁੜਮਾਈ, ਜਨਮ ਜਾਂ ਮਿਰਤੂ, ਗ੍ਰੈਹ ਨਿਵਾਸ ਜਾਂ ਉਠਣ ਬਹਿਣ ਜਾਂ ਬੋਲਣ ਕੂਣ ਆਦਿ ਦੀਆਂ ਤਫਸੀਲਾਂ ਸਬੰਧੀ ਸ਼ਰਈ ਨਿਯਮ ਜਾਂ ਸੰਸਕਾਰ ਆਦਿ ਦਿੱਤੇ ਹੋਣ। ਨਾ ਹੀ *ਗੁਰੂ ਗ੍ਰੰਥ ਸਾਹਿਬ* ਖਟ ਸ਼ਾਸਤ੍ਰਾਂ ਵਾਂਗ ਕਿਸੇ ਮਤਿ ਮਤਾਂਤਰ ਦੇ ਖੰਡਣ ਮੰਡਣ ਕਰਕੇ ਕਿਸੇ ਖ਼ਾਸ ਦਰਸ਼ਨ ਦੇ ਪੱਖ ਨੂੰ ਲੈ ਕੇ ਲਿਖਿਆ ਗਿਆ ਹੈ। *ਗੁਰੂ ਗ੍ਰੰਥ* ਦਾ ਮੰਤਵ ਸੁਖ, ਪਰਮ ਸੁਖ, ਅਨੰਦ ਪਰਮਾਨੰਦ ਦੇਣਾ ਹੈ। ਡਿਗਦੇ ਡੋਲਦੇ ਮਨ ਨੂੰ ਟਿਕਾਣਾ ਦੇਣਾ ਹੈ, ਧੀਰਜ ਦੇਣਾ ਹੈ, ਸ਼ਾਂਤੀ ਦੇਣਾ ਹੈ ਤੇ ਵਾਸਤਵ ਵਿਚ ਹੁੰਦਾ ਭੀ ਏਵੇਂ ਹੈ। ਇਸ ਸਾਰੇ ਮਕਸਦ ਲਈ ਕੀਤਰਨ ਸਭ ਤੋਂ ਚੰਗਾ ਸਾਧਨ ਹੈ। ਕੀਰਤਨ ਦੇ ਆਧਾਰ ਤੇ ਹੀ ਸਾਰੀਆਂ ਬਾਣੀਆਂ ਦੀ ਤਰਤੀਬ ਕੀਤੀ ਗਈ ਹੈ। ਜਦ ਇਹ ਕੀਰਤਨ-ਕਸੌਟੀ ਸਾਹਮਣੇ ਰਖ ਲਈਏ ਤਾਂ ਫਿਰ ਸਾਰੀਆਂ ਬਾਣੀਆਂ ਇਕ ਬੱਝਵੀਂ ਤਰਤੀਬ ਵਿਚ ਰੁਚੀਆਂ ਦਿਸਦੀਆਂ ਹਨ। ਸਾਰੇ ਲਿਖਾਰੀਆਂ ਦੀ ਬਾਣੀ ਵਿਚੋਂ ਵੱਖੋ ਵੱਖ ਰਾਗਾਂ ਵਿਚ ਗਾਈਆਂ ਜਾਣ ਵਾਲੀਆਂ ਬਾਣੀਆਂ ਨੂੰ ਇਕ ਥਾਂ ਇਕੱਠਾ ਕਰ ਲਿਆ। ਫੇਰ ਇਕ ਰਾਗ ਵਿਚ ਗਾਏ ਜਾਣ ਵਾਲੀਆਂ ਬਾਣੀਆਂ ਨੂੰ ਵੀ ਖ਼ਾਸ ਢੰਗ ਨਾਲ ਤਰਤੀਬ ਦਿਤੀ ਗਈ। ਸਭ ਤੋਂ ਪਹਿਲਾਂ ਚਉਪਦੇ ਫੇਰ ਅਸ਼ਟਪਦੀਆਂ, ਫੇਰ ਖ਼ਾਸ ਲੰਮੀਆਂ ਬਾਣੀਆਂ ਫੇਰ ਛੰਤ, ਫੇਰ ਖ਼ਾਸ ਛੋਟੀਆਂ ਬਾਣੀਆਂ, ਫੇਰ ਵਾਰਾਂ ਤੇ ਫੇਰ ਭਗਤਾਂ ਦੀ ਬਾਣੀ। ਇਨ੍ਹਾਂ ਸਿਰਲੇਖਾਂ ਹੇਠ ਗੁਰੂਆਂ ਦੀ ਬਾਣੀ ਕ੍ਰਮ ਅਨੁਸਾਰ ਆਉਂਦੀ ਹੈ। ਇਸ ਤਰਤੀਬ ਦੀ ਕਿਤੇ ਭੀ ਉਲੰਘਣਾ ਨਹੀਂ ਹੋਈ। ਸਾਰੀ ਬਾਣੀ ਇਸ ਬੱਝਵੇਂ ਨਿਯਮ ਵਿਚ ਦਰਜ ਹੈ। ਬਾਣੀ ਨੂੰ ਇਨ੍ਹਾਂ ਸਿਰਲੇਖਾਂ ਹੇਠ ਘਰਾਂ ਦੇ ਮੁਤਾਬਿਕ ਭੀ ਵੰਡਿਆ ਗਿਆ ਸੀ। ਕਿਉਂ ਜੋ ਘਰ ਦੇ ਅਨੁਸਾਰ ਸੁਰ ਉਚੀ ਨੀਵੀਂ ਤੇ ਨੀਵੀਂ ਉਚੀ ਹੁੰਦੀ ਰਹਿੰਦੀ ਹੈ।

ਗੁਰੂ ਸਾਹਿਬ ਦਾ ਭਾਵ ਗੁਰੂ ਗ੍ਰੰਥ ਦੀ ਰਚਨਾ ਤੋਂ ਇਹ ਸੀ ਕਿ ਦੁਨੀਆਂ ਵਿਚ ਸਦਾ ਲਈ ਇਕ ਅਜਿਹੀ ਪੁਸਤਕ ਬਣ ਜਾਵੇ ਜੇਹੜੀ ਹਰ ਜ਼ਮਾਨੇ, ਹਰ ਸਦੀ, ਹਰ ਕੌਮ ਤੇ ਹਰ ਮੁਲਕ ਵਿਚ ਹਰ ਇਕ ਧਰਮ ਦੇ ਅਸਲੀ ਭਾਵ ਨੂੰ ਦ੍ਰਿੜਾਏ। ਸਰਬ-ਸਾਂਝੀਆਂ ਸਚਿਆਈਆਂ ਨੂੰ ਦਰਸਾਣ ਵਾਸਤੇ ਗੁਰਬਾਣੀ ਨਾਲੋਂ ਵਧ ਕੇ ਹੋਰ ਕੋਈ ਲਿਖਤ ਦੁਨੀਆਂ ਵਿਚ ਮੌਜੂਦ ਨਹੀਂ ਹੈ। ਰਸਮਾਂ, ਰੀਤਾਂ ਸਮਾਜੀ ਸੰਸਥਾਵਾਂ ਤੇ ਕਰਮਕਾਂਡ ਇਹ ਸਭ ਸਮੇਂ ਅਨੁਸਾਰ, ਹਾਲਾਤ ਅਨੁਸਾਰ ਤੇ ਆਲੇ ਦੁਆਲੇ ਦੀ ਅਦਲਾ-ਬਦਲੀ ਨਾਲ ਕਦੀ ਆਰਥਕ ਕਾਰਣਾਂ ਕਰਕੇ ਤੇ ਕਦੀ ਰਾਜਸੀ ਕਾਰਣਾਂ ਕਰਕੇ ਬਦਲਦੇ ਰਹਿੰਦੇ ਹਨ। ਏਸੇ ਲਈ ਇਨ੍ਹਾਂ ਸ਼ਰਈ ਝਮੇਲਿਆਂ ਵਿਚ ਗੁਰਬਾਣੀ ਦੀ ਵਿਚਾਰ ਪਾਠਕ ਨੂੰ ਨਹੀਂ ਪਾਂਦੀ। ਸਗੋਂ ਇਨ੍ਹਾਂ ਤੋਂ ਛੁਟਕਾਰਾ ਕਰਵਾ ਕੇ ਇਨ੍ਹਾਂ ਤੋਂ ਉਤਾਂਹ ਚੁੱਕਦੀ ਹੈ ਤੇ ਸਰਬ-ਸਾਂਝੀ ਸਚਿਆਈ ਦੇ ਦਰਸ਼ਨ ਕਰਾਂਦੀ ਹੈ। ਕਰਮਾਂ ਕਾਂਡਾ ਲਈ, ਰਹੁ-ਰੀਤਾਂ ਲਈ ਰਹਿਤਨਾਮੇ ਵੇਖੋ ਪੁਰਾਣੇ ਜਾਂ ਬਣਾਓ ਨਵੇਂ, ਪਰ ਇਨ੍ਹਾਂ ਸਭ ਦਾ ਅਧਾਰ ਗੁਰਬਾਣੀ ਹੈ। ਇਸ ਲਈ ਗੁਰਬਾਣੀ ਦਾ ਮੁਖ ਭਾਵ ਪਰਮ ਸੁਖ ਪ੍ਰਾਪਤੀ ਹੈ। ਉਹ ਨਾਮ ਦੁਆਰਾ ਵਿਸਮਾਦੀ ਮਾਨਸਿਕ ਅਵਸਥਾ ਰਾਹੀਂ ਫਲਸਫਾ ਜਾਂ ਦਾਰਸ਼ਨਿਕ ਵਿਚਾਰ ਗੁਰਬਾਣੀ ਦਾ ਮੁਖ ਪ੍ਰਯੋਜਨ ਨਹੀਂ। ਹਾਂ, ਯਤਨ ਕੀਤਿਆਂ ਦਾਰਸ਼ਨਿਕ ਵਿਸ਼ਿਆਂ ਉੱਤੇ ਗੁਰੂ ਸਾਹਿਬ ਦੇ ਖਿਆਲ ਇਕੱਠੇ ਕੀਤੇ ਜਾ ਸਕਦੇ ਹਨ ਤੇ ਕੀਤੇ ਗਏ ਹਨ।

[*ਵਿਚਾਰਧਾਰਾ*, ਲਾਹੌਰ ਬੁਕਸ਼ਾਪ, ਲੁਧਿਆਣਾ, ਪੰਨਾ ੧੧੩-੧੨੧]

੮੨. *ਪ੍ਰਿੰ. ਤੇਜਾ ਸਿੰਘ* ੧੯੫੨ ਈ.

'ਪਹਿਲੇ ਨੌਂ ਗੁਰੂ ਸਾਹਿਬਾਨ ਦੇ ਵੇਲੇ ਵੀ ਸਿੱਖ ਸੰਗਤ ਦਾ ਬਹੁਤ ਮਾਣ ਸੀ ਪਰ ਗੁਰੂ ਜੀ ਦੀ ਆਪਣੀ ਅਗਵਾਈ ਦੀ ਸਦਾ ਲੋੜ ਰਹਿੰਦੀ ਸੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਅਗਵਾਈ ਨੂੰ ਸੰਕੋਚ ਲਿਆ ਅਤੇ ਸੰਗਤ ਨੂੰ ਜਥੇਬੰਦ ਕਰਕੇ ਇਸੇ ਨੂੰ ਸ਼ਖਸੀ ਗੁਰਿਆਈ ਸੌਂਪ ਦਿੱਤੀ ਤੇ ਆਤਮਿਕ ਅਗਵਾਈ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਪਾਸ ਰਹਿਣ ਦਿੱਤੀ।

ਗੁਰੂ ਜੀ ਨੇ ਇਸ ਜਥੇਬੰਦੀ ਦੀ ਨੀਂਹ ਅੰਮ੍ਰਿਤ ਉੱਤੇ ਰਖੀ। ਹੁਣ ਗੁੰਜਾਇਸ਼ ਨਹੀਂ ਸੀ ਕਿ ਸਿੱਖ ਖਿੰਡੇ ਪੁੰਡੇ ਰਹਿਣ ਜਾਂ ਅੱਧ-ਪਚੱਧ ਯਕੀਨ ਰਖਣ ਵਾਲੇ ਹੋਣ ਸਭ ਲਈ ਇਕੋ ਜੇਹੇ ਨੇਮ ਦੱਸੇ ਗਏ ਜਿਨ੍ਹਾਂ ਨੂੰ ਰਹਿਤ ਮਰਯਾਦਾ ਕਹਿੰਦੇ ਹਨ। ਇਸ ਜਥੇਬੰਦੀ ਨੂੰ ਗੁਰਿਆਈ ਦੀ ਪਦਵੀ ਦਿੱਤੀ ਗਈ। ਅਗੇ ਜਿਥੇ ਗੁਰੂ ਨਾਨਕ ਦੇਵ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਕਿਹਾ ਜਾਂਦਾ ਸੀ, ਹੁਣ ਨਾਲ ਹੀ ਉਨ੍ਹਾਂ ਦਾ ਰੂਪ 'ਗੁਰੂ ਪੰਥ' 'ਗੁਰਸੰਗਤ' ਅਖਵਾਣ ਲੱਗਾ।

'ਜੇ ਚਾਹੇ ਕਿ ਦਰਸ਼ਨ ਕਰਾਂ ਜਿਥੇ ਖਾਲਸੇ ਦਾ ਇਕੱਠ ਹੋਵੇ, ਉਥੇ ਜਾਇਕੈ ਅਦਬ ਨਾਲ ਦਰਸ਼ਨ ਕਰੇ ਪ੍ਰਤੀਤ ਕਰਕੇ', ਦਰਸ਼ਨ ਗੁਰੂ ਦਾ ਪ੍ਰਾਪਤ ਹੋਵੇਗਾ', (*ਪ੍ਰੇਮ ਸੁਮਾਰਗ*)। ਗੁਰੂ ਜੀ ਵਿਚ ਮੁਢ ਤੋਂ ਹੀ ਦੋ ਚੀਜ਼ਾਂ ਕੰਮ ਕਰਦੀਆਂ ਆਈਆਂ ਸਨ : ਇਕ ਬਾਣੀ, ਦੂਜੀ ਸੰਗਤ, ਇਕ ਜੋਤਿ ਦੂਜੀ ਜੁਗਤਿ ਜਾਂ ਸ਼ਖ਼ਸੀਅਤ ਦਸਾਂ ਗੁਰੂ ਸਾਹਿਬਾਨ ਤਕ ਇਹ ਦੋਵੇਂ ਚੀਜ਼ਾਂ ਇਕੋ ਹਸਤੀ (ਗੁਰੂ) ਵਿਚ ਰਹਿੰਦੀਆਂ ਸਨ। ਹੁਣ ਬਾਣੀ ਜਥੇਬੰਦ ਹੋ ਕੇ ਗੁਰੂ ਗ੍ਰੰਥ ਦੀ ਸ਼ਕਲ ਵਿਚ ਸਥਾਪਨ ਕੀਤੀ ਗਈ ਅਤੇ 'ਸੰਗਤ' ਜਥੇਬੰਦ ਹੋ ਕੇ ਗੁਰੂ ਪੰਥ ਬਣ ਗਈ। ਜਿਤਨਾ ਤੇਜ ਪ੍ਰਤਾਪ ਗੁਰੂ ਜੀ ਦੀ ਅਦੁਤੀ ਸ਼ਖ਼ਸੀਅਤ ਵਿਚ ਸੀ, ਉਹ ਸਾਰਾ ਗੁਰੂ ਪੰਥ ਨੂੰ ਦਿੱਤਾ ਗਿਆ।

ਇਸ ਵਿਚ ਹਰ ਇਕ ਅੰਮ੍ਰਿਤਧਾਰੀ ਸਿੱਖ ਧਾਰਮਕ ਤੌਰ ਤੇ ਬਰਾਬਰ ਪਦਵੀ ਰਖਦਾ ਹੈ ਤੀਵੀਂ ਨੂੰ ਓਹੀ ਅਧਿਕਾਰ ਹਨ ਜੋ ਮਰਦ ਨੂੰ। ਸਿੱਖਾਂ ਨੇ ਜਿਥੇ ਕੋਈ ਪੰਥਕ ਕੰਮ ਕਰਨਾ ਹੋਵੇ *ਗੁਰੂ ਗ੍ਰੰਥ ਸਾਹਿਬ* ਦੀ ਹਜ਼ੂਰੀ ਵਿਚ ਇਕੱਠੇ ਹੋ ਕੇ ਗੁਰਮਤਾ ਸੋਧ ਲੈਣ। ਇਹ ਮਤਾ ਗੁਰੂ ਦਾ ਮਤਾ ਹੋਵੇਗਾ ਅਤੇ ਇਸ ਦਾ ਉਲੰਘਣ ਕਰਨਾ ਗੁਰੂ ਦੀ ਆਗਿਆ ਦਾ ਭੰਗ ਕਰਨਾ ਹੈ ਇਸ ਅਸੂਲ ਨੇ ਸਿੱਖਾਂ ਵਿਚ ਇਕ ਮੁੱਠ ਹੋ ਕੇ ਕੰਮ ਕਰਨ ਤੋਂ ਛੁਟ ਇਕ ਅਗੰਮੀ ਤਾਕਤ ਪਾ ਦਿੱਤੀ ਜਿਸ ਨਾਲ ਉਹ ਸੰਸਾਰ ਦੀਆਂ ਸਾਰੀਆਂ ਸ਼ਖ਼ਸ਼ੀ ਤੇ ਜੱਥੇਬੰਦ ਤਾਕਤਾਂ ਕੋਲੋਂ ਵਧੀਕ ਤਾਕਤਵਰ ਹੋ ਗਏ ਅਤੇ ਇਤਿਹਾਸ ਵਿਚ ਉਹ ਕਾਰਨਾਮੇ ਕਰ ਵਿਖਾਏ ਜਿਨ੍ਹਾਂ ਨੂੰ ਪੜ੍ਹ ਕੇ ਲੋਕ ਦੰਗ ਰਹਿ ਜਾਂਦੇ ਹਨ।

[*ਸਿਖ ਧਰਮ*, ਪੰਨਾ ੨੮-੨੯; ਪ੍ਰਕਾਸ਼ ਪੁਸਤਕਾਲਾ ਪਟਿਆਲਾ, ੧੯੫੨]

੮੩. *ਗਿਆਨੀ ਸੇਵਾ ਸਿੰਘ*

ਵਾਹਿਗੁਰੂ ਜੀ ਦੇ ਅਨੰਤ ਗੁਣ ਹਨ, ਇਕ ਗੁਣ ਸਿਖਯਾ-ਦਾਤਾ ਹੈ, ਕਿਉਂਕਿ ਵਾਹਿਗੁਰੂ ਜੀ ਹੀ ਮੂਲ ਹਨ ਸਾਰੀ ਸ਼ੁਭ ਸਿੱਖਯਾ ਤੇ ਇਨਸਾਨ ਦੇ ਪਾਰ ਉਤਾਰੇ ਦੇ ਸਾਮਾਨ ਦੇ। ਇਹ ਗੁਣ ਉਨ੍ਹਾਂ ਦਾ 'ਗੁਰੂ' ਕਹਿਲਾਉਂਦਾ ਹੈ, ਇਸੇ ਕਰਕੇ ਆਦਿ ਕਾਲ ਤੋਂ ਆਦਿ ਸ਼ਾਸਤ੍ਰਕਾਰਾਂ ਨੇ ਅਕਾਲ ਪੁਰਖ ਨੂੰ 'ਗੁਰੂ' ਤੇ "ਗੁਰੂਨਾਂ ਗੁਰੂ" ਕਿਹਾ ਹੈ। ਅਕਾਲ ਪੁਰਖ ਦੀ ਉਹ ਸਿਖਯਾਦਾਤਾ ਪਾਰ ਉਤਾਰਨਹਾਰ ਸੱਤਯਾ "ਗੁਰੂ" ਹੈ। ਉਹ ਗੁਰ ਸ਼ਕਤੀ' ਜਗਤ ਦੇ ਪੈਗ਼ੰਬਰਾਂ, ਅਵਤਾਰਾਂ ਨੂੰ ਰੋਸ਼ਨੀ ਦੇਂਦੀ ਹੈ। ਕਲਿਜੁਗ ਵਿਚ ਉਹ ਸ਼ਕਤੀ 'ਗੁਰੂ ਨਾਨਕ' ਕਹਿਲਾਈ। ਗੁਰੂ ਨਾਨਕ ਦੇਵ

ਜੀ ਵਿਚ ਉਹ ਰੱਬੀ ਗਿਆਨ ਜਿਉਂ ਕਾ ਤਿਉਂ ਹੈ। ਹਾਂ, ਉਹ ਗਿਆਨ ਗੁਰੂ ਨਾਨਕ ਦੇਵ ਜੀ ਵਿਚ ਨਿਵਾਸ ਪਾਉਂਦਾ ਹੈ, ਆਪ ਅਵਤਾਰ ਸ਼ਿਰੋਮਣਿ ਹੋਣ ਕਰਕੇ ਸ਼ੁੱਧ ਸਤੋ ਅੰਸ਼ ਤੋਂ ਬਣੇ ਹਨ, (ਜਿਸ ਤੋਂ ਕਿ ਆਮ ਲੋਕੀ ਯਾ ਸੰਤ ਯਾਂ ਹੋਰ ਉੱਚੇ ਲੋਕ ਨਹੀਂ ਬਣੇ ਹੋਏ ਹੁੰਦੇ) ਅਸੀਂ ਪਿਛੇ ਦਸ ਚੁੱਕੇ ਹਾਂ ਕਿ ਸ੍ਰੀ ਰਾਮ ਚੰਦਰ ਜੀ ਨੇ ਵਸਿਸ਼ਟ ਜੀ ਤੋਂ ਸਿਖਯਾ ਲਈ, ਸ੍ਰੀ ਕ੍ਰਿਸ਼ਨ ਜੀ ਨੇ ਸੰਦੀਪਨ ਰਿਸ਼ੀ ਤੋਂ ੧੪ ਵਿਦਯਾ ਤੇ ੬੪ ਕਲਾਂ ਸਿਖੀਆਂ ਤੇ ਘੋਰ ਅੰਗਰਾ ਰਿਸ਼ੀ ਦੇ ਪਾਸ ਰਹਿਕੇ ਯੋਗ ਅਭਯਾਸ ਸਿਖਯਾ ਤੇ ੧੨ ਸਾਲ ਯੋਗ ਸਾਧਨਾ ਸਾਧੀ, ਇਸੇ ਤਰ੍ਹਾਂ ਹਜ਼ਰਤ ਈਸਾ ਆਦਿ ਬਾਬਤ ਪਤੇ ਤੇ ਆਏ ਹਾਂ। ਪ੍ਰੰਤੂ ਗੁਰੂ ਨਾਨਕ ਸਾਹਿਬ ਨੇ ਪਾਂਧੇ ਪਾਸ ਪੜ੍ਹਨ ਜਾਂਦਿਆਂ ਹੀ ਉਸ ਨੂੰ ਉਹ ਪੱਟੀ ਪੜ੍ਹਾਈ ਕਿ ਪੰਡਤ ਦੇ ਕਪਾਟ ਖੁਲ੍ਹ ਗਏ।

ਗੁਰੂ ਜੀ ਨੂੰ ਸੰਸਾਰ ਵਿਚ ਆ ਕੇ ਹੋਰ ਪੀਰਾਂ ਫਕੀਰਾਂ ਅਵਤਾਰਾਂ ਪੈਗੰਬਰਾਂ ਵਾਂਗ ਗਯਾਨ ਪ੍ਰਾਪਤ ਕਰਨ ਲਈ ਕਿਸੇ ਪਾਸ ਜਾਣ ਦੀ ਲੋੜ ਨਹੀਂ ਸੀ ਪਈ, ਉਹ 'ਗੁਰ-ਅਵਤਾਰ' ਸਨ।

ਜੋ ਗਿਆਨ ਕਿ ਅਕਾਲ ਪੁਰਖ ਦਾ ਗੁਣ ਹੈ ਤੇ ਉਨ੍ਹਾਂ ਨੂੰ 'ਗੁਰੂ' ਲਫਜ਼ ਦੇਂਦਾ ਹੈ, ਉਹ ਇਲਾਹੀ ਗਿਆਨ ਸ਼ੁੱਧ ਸਤੋਅੰਸ਼ ਤੋਂ ਬਣੇ ਪਰਮ ਨਿਰਮਲ ਹਿਰਦੇ ਵਾਲੇ ਗੁਰ ਅਵਤਾਰ ਤੇ ਕਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਨਿਵਾਸ ਰਖਦਾ ਹੈ, ਉਹ ਗੁਰੂ ਕਹਿਲਾਉਂਦੇ ਹਨ। ਜੈਸਾ ਕਿ ਸਭ ਤੋਂ ਪੁਰਾਤਨ ਜਨਮ ਸਾਖੀ ਦਸਦੀ ਹੈ ਕਿ ਅਕਾਲ ਪੁਰਖ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਖਿਆ :

'ਮੇਰਾ ਨਾਉਂ 'ਪਾਰਬ੍ਰਹਮੁ ਪਰਮੇਸਰੁ' ਅਰ ਤੇਰਾ ਨਾਉਂ 'ਗੁਰੂ ਪਰਮੇਸ਼ਰ'। ਇਸੇ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਗੁਰੂ ਕਹਿਲਾਉਂਦੇ ਹਨ। ਅਰਥਾਤ 'ਦੈਵੀ ਗੁਰੂ' ਜਦੋਂ ਉਹ ਗਿਆਨ ਹਜ਼ੂਰ ਨੇ ਲਿਖ ਦਿੱਤਾ ਤਾਂ ਉਹ ਗਿਆਨ ਸ਼ਬਦ ਰੂਪ ਵਿਚ ਰੂਪਧਾਰੀ ਹੋ ਗਿਆ, ਰੱਬੀ ਗਿਆਨ ਹੋਣ ਕਰਕੇ ਉਹ ਰੱਬ ਸਥਾਨੀ ਹੋ ਗਿਆ, ਕਿਉਂਕਿ ਰੱਬ ਜੀ ਗੁਰੂ ਤੇ 'ਗੁਰੂ ਨਾਂ ਗੁਰੂ' ਹਨ, ਇਸ ਕਰਕੇ ਉਨ੍ਹਾਂ ਦਾ ਗਿਆਨ ਇਹ ਸਰੂਪ ਧਾਰਕੇ ਇਸ ਵਿਦਿਤ ਸਰੂਪ ਵਿਚ ਬੀ 'ਗੁਰੂ' ਹੋਇਆ। ਤਾਂਤੇ ਗੁਰੂ ਗ੍ਰੰਥ ਸਾਹਿਬ ਜੀ 'ਸ਼ਬਦ-ਬ੍ਰਹਮ' ਹਨ, ਪਰਮੇਸ਼ਰ-ਸਥਾਨੀ ਹਨ ਤੇ 'ਗੁਰੂ' ਹਨ।

(ੳ) 'ਬਾਣੀ ਗੁਰੂ ਗੁਰੂ ਹੈ ਬਾਣੀ।'
(ਅ) 'ਸਤਿਗੁਰ ਬਚਨੁ, ਬਚਨ ਹੈ ਸਤਿਗੁਰੁ
ਪਾਧਰੁ ਮੁਕਤਿ ਜਨਾਵੈ ਗੋ।'

ਇਸ ਕਰ੍ਕੇ ਦਸਮੇਂ ਪਾਤਸ਼ਾਹ ਨੇ ਜਦ ਅਰਸ਼ਾਂ ਤੋਂ 'ਗੁਰੂ ਅਵਤਾਰ' ਦਾ ਆਉਣਾ ਬੰਦ ਹੁੰਦਾ ਡਿੱਠਾ ਤਦੋਂ ਅਕਾਲ ਆਗਿਆ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦੀ ਗੱਦੀ ਦਿੱਤੀ।

'ਬਾਣੀ ਗੁਰੂ' ਦਾ ਸਿੱਧਾਂਤ ਆਦਿ ਪਾਤਸ਼ਾਹੀ ਦੇ ਸਮੇਂ ਤੋਂ ਹੀ ਪ੍ਰਕਾਸ਼ਮਾਨ ਰਿਹਾ ਹੈ। ਚੌਥੀ ਪਾਤਸ਼ਾਹੀ ਦੀ ਬਾਣੀ ਵਿਚ ਇਸ ਸਿੱਧਾਂਤ ਦੀ ਪੁਸ਼ਟੀ ਦੇ ਅਨੇਕਾਂ ਪ੍ਰਮਾਣ ਮਿਲਦੇ ਹਨ। ਪੰਚਮ ਪਾਤਸ਼ਾਹ ਨੇ ਜਿਸ ਅਦਬ ਸਤਿਕਾਰ ਨਾਲ ਗੁਰਬਾਣੀ ਦੀਆਂ ਸੈਚੀਆਂ ਆਂਦੀਆਂ, ਬੀੜ ਤਿਆਰ ਕਰਾਈ, ਹਰਮਿੰਦਰ ਵਿਚ ਅਸਥਾਪਨ ਕੀਤੀ, ਵਿਦਿਤ ਹੀ ਹੈ, ਛੇਵੀਂ ਸੱਤਵੀਂ ਆਦਿਕ ਪਾਤਸ਼ਾਹੀਆਂ ਵੇਲੇ ਜੋ ਸਨਮਾਨ ਹੁੰਦਾ ਰਿਹਾ, ਉਹ ਸਾਰੇ ਵਾਕਿਆਤ ਇਸ ਗੱਲ ਦੇ ਨਾ ਰੱਦ ਹੋ

ਸਕਣ ਵਾਲੇ ਸਬੂਤ ਹਨ ਕਿ ਬਾਣੀ ਦੀ ਗੁਰਿਆਈ ਜਾਂ ਪਹਿਲੇ ਜਾਮੇ ਤੋਂ ਹੀ ਖਿਆਲ ਸੀ, ਜੋ ਦਸਮੇ ਜਾਮੇ ਵਿਚ ਅਸਲੀ ਰੂਪ ਵਿਚ ਭਲੀਭੂਤ ਹੋਇਆ।

[*ਗੁਰੂ ਪਦ ਨਿਰਣਯ*, ਪੰਨਾ ੨੦-੨੩, ਖਾਲਸਾ ਸਮਾਚਾਰ, ਅੰਮ੍ਰਿਤਸਰ]

੮੪. *ਗਿਆਨੀ ਪ੍ਰਤਾਪ ਸਿੰਘ*

ਮਜ਼ਬ ਵਿਚ ਇਕ ਪੁਰਾਣਾ ਖਿਆਲ ਇਹ ਸੀ ਕਿ ਰੱਬ ਦਾ ਗਿਆਨ ਆਕਾਸ਼-ਬਾਣੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਜਾਂ ਇਲਹਾਮ ਫਰਿਸ਼ਤਿਆਂ ਰਾਹੀਂ ਵਹੀ ਦੀ ਸ਼ਕਲ ਵਿਚ ਪੈਗ਼ੰਬਰਾਂ ਤੇ ਨਾਜ਼ਲ ਹੁੰਦਾ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ* ਆਕਾਸ਼ ਵਿਚੋਂ ਆਈ ਆਵਾਜ਼ ਜਾਂ ਫਰਿਸ਼ਤਿਆਂ ਰਾਹੀਂ ਨਾਜ਼ਲ ਹੋਈ ਕਲਾਮ ਨਹੀਂ। ਇਹ ਸਤਿਗੁਰਾਂ ਦੇ ਭਗਤਾਂ ਦੀ ਪਵਿਤ੍ਰ ਆਤਮਾ ਦਾ ਵਾਹਿਗੁਰੂ ਵਿਚ ਲੀਨ ਹੋ ਕੇ ਪ੍ਰਾਪਤ ਕੀਤਾ ਗਿਆਨ ਤੇ ਅਨੁਭਵ ਹੈ। "ਜੇਹਾ ਡਿਠਾ ਮੈਂ ਤੇਹੋ ਕਹਿਆ' ਹੈ। ਗੁਰਬਾਣੀ, ਵੇਦ ਅਤੇ ਕਤਬ ਸਭ ਤੋਂ ਪਿਛੋਂ ਲਿਖੀ ਗਈ ਹੈ ਅਤੇ ਸਭ ਤੋਂ ਵਧੀਕ ਸਾਇੰਟੇਫਿਕ ਹੈ।

ਚਾਰ ਵੇਦ ਬ੍ਰਹਮਾਂ ਜੀ ਦਾ ਗਿਆਨ ਹਨ ਜਾਂ ਚਾਰ ਰਿਸ਼ੀਆਂ ਦਾ ਅਨੁਭਵ। ਕੁਰਾਨ ਮੁਹੰਮਦ ਉਤੇ, ਅੰਜੀਲ ਈਸਾ ਅਤੇ ਤੌਰੇਤ ਮੂਸਾ ਤੇ ਨਾਜ਼ਲ ਹੋਈ ਮੰਨੀ ਜਾਂਦੀ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ*, ਸਤਿਗੁਰਾਂ ਤੇ ਕਈ ਭਗਤਾਂ ਦਾ ਗਿਆਨ ਤੇ ਅਨੁਭਵ ਹੈ। ਗਿਆਨ ਵਾਹਿਗੁਰੂ ਦਾ ਹੈ ਪਰ ਪ੍ਰਕਾਸ਼ ਕਈ ਹਿਰਦਿਆਂ ਤੋਂ ਹੋਇਆ ਹੈ। ਜਿਨ੍ਹਾਂ ਭਗਤਾਂ ਨੂੰ ਨੀਵੀਂ ਜਾਤ ਦਾ ਸਮਝਿਆ ਜਾਂਦਾ ਸੀ, ਉਨ੍ਹਾਂ ਦੀ ਬਾਣੀ ਦਰਜ ਕਰਕੇ ਇਸ ਗੱਲ ਦਾ ਸਬੂਤ ਦਿੱਤਾ ਹੈ ਕਿ ਆਤਮਿਕ ਗਿਆਨ ਸਾਰੇ ਹਿਰਦਿਆਂ ਵਿਚ ਪ੍ਰਕਾਸ਼ ਕਰ ਸਕਦਾ ਹੈ। ਜਾਤ-ਪਾਤ ਤੇ ਊਚ-ਨੀਚ ਦੀ ਬੀਮਾਰੀ ਨੂੰ ਜੜ੍ਹੋਂ ਕੱਟਿਆ ਹੈ। ਹਿੰਦੂ ਤੇ ਮੁਸਲਮਾਨਾਂ ਦਾ ਭੇਦ ਮਿਟਾਇਆ ਹੈ। ਆਤਮਿਕ ਗੁਣਾਂ ਦੀ ਜੋ ਧਾਰਾ ਹਿੰਦੁਸਤਾਨ ਦੇ ਭਿੰਨ ਭਿੰਨ ਹਿੱਸਿਆਂ ਵਿਚ ਚਲ ਰਹੀ ਸੀ, ਉਸ ਦਾ ਸੰਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਣਾਇਆ ਹੈ। ਭਗਤਾਂ ਦੀ ਬਾਣੀ ਨਿਰੋਲ ਭਗਤੀ ਭਾਵ ਨੂੰ ਮੁੱਖ ਰਖ ਕੇ ਦਰਜ ਕੀਤੀ ਹੈ। ਇਸ ਗੱਲ ਦੀ ਪਰਵਾਹ ਨਹੀਂ ਕੀਤੀ ਕਿ ਧੰਨਾ ਮੂਰਤੀ ਪੂਜਦਾ ਹੈ, ਕਬੀਰ ਵੈਸ਼ਨਵ ਹੈ ਜਾਂ 'ਨਿਤਿ ਉਠਿ ਕੋਰੀ ਗਾਗਰ ਆਨੈ ਲੀਪਤ ਜੀਉ ਗਇਓ" ਦੇ ਕਰਮ ਕਰਦਾ ਹੈ। ਕੋਈ ਭਗਤ ਅਵਤਾਰ ਪੂਜਾ ਕਰਦਾ ਹੈ ਜਾਂ ਆਵਾਗਾਉਣ ਮੰਨਦਾ ਹੈ। ਇਹ ਨਹੀਂ ਵੇਖਿਆ ਕਿ ਫਰੀਦ ਪੰਜ ਨਿਮਾਜ਼ਾਂ, ਪੁਲਸਰਾਤ, ਕਿਆਮਤ ਤਕ "ਗੋਰਾ ਸੇ ਨਿਮਾਣੀਆਂ ਬਹਿਸਨ ਰੂਹਾਂ ਮਲ" ਪਰ ਯਕੀਨ ਰਖਦਾ ਹੈ। ਕੇਵਲ ਇਹ ਗੱਲ ਸਾਹਮਣੇ ਰਖੀ ਹੈ ਕਿ ਪ੍ਰੇਮ-ਭਗਤੀ ਕਰਕੇ ਕੋਈ ਭਗਤ ਕਿਸੇ ਮੰਜ਼ਲ ਤਕ ਪਹੁੰਚਿਆ ਹੈ। ਰਸਤੇ ਦੀ ਬਹਿਸ ਨਹੀਂ ਕੀਤੀ, 'ਟਿਕਾਣੇ' ਪਹੁੰਚਣ ਨੂੰ ਲਿਆ ਹੈ। ਗੁਰੂ ਜੀ ਨੇ ਭਗਤਾਂ ਨਾਲ ਕਈ ਗੱਲਾਂ ਵਿਚ ਮਤ-ਭੇਦ ਪ੍ਰਗਟ ਕੀਤਾ ਹੈ। ਜਿਥੇ ਲੋੜ ਪਈ, ਉਥੇ ਆਪਣਾ ਸਿਧਾਂਤ ਸਪਸ਼ਟ ਕਰਨ ਲਈ ਭਗਤ ਬਾਣੀ ਦੇ ਨਾਲ ਆਪਣੇ ਵਲੋਂ ਟੀਕਾ ਟਿਪਣੀ ਲਿਖੀ। ਭਗਤ ਬਾਣੀ ਨੂੰ ਦਰਜ ਕਰ ਕੇ ਧਾਰਮਿਕ ਸਾਹਿਤਯ ਵਿਚ ਇਕ ਅਸਚਰਜ ਉਦਾਹਰਨ ਪੇਸ਼ ਕੀਤੀ ਹੈ ਤੇ ਮਜ਼ਬ ਦੇ ਇਤਿਹਾਸ ਵਿਚ ਇਕ ਇਨਕਲਾਬ ਪੈਦਾ ਕੀਤਾ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ੫੮੯੪ ਸ਼ਬਦ ਹਨ ਜਿਨ੍ਹਾਂ ਵਿਚੋਂ ੯੩੭ ਭਗਤਾਂ ਦੇ ਹਨ। [*ਗੁਰਮਤਿ ਲੈਕਚਰ*, ਪੰਨਾ ੧੮੩-੧੮੫, ਦੂਜੀ ਐਡੀਸ਼ਨ, ੧੯੪੪]

੮੫. *ਬਾਬਾ ਸਾਵਣ ਸਿੰਘ*

(੧) ਸ਼ਬਦ ਗੁਰੂ ਹੈ, ਸ਼ਬਦ ਮਾਲਕਿ ਕੁਲ ਨਾਲ ਅਭੇਦ ਹੈ। ਇਹ ਉਸੀ ਮਹਾਂ ਭੰਡਾਰ ਦੀ ਇਕ ਚੇਤਨ ਧਾਰਾ ਹੈ ਜਿਸਨੇ ਸਾਰੀ ਸ੍ਰਿਸ਼ਟੀ ਰਚੀ ਹੈ ਤੇ ਉਸਦੇ ਅੰਦਰ ਪਰਿਪੂਰਨ ਮੌਜੂਦ ਹੈ। ਇਸੀ ਸ਼ਬਦ ਤੋਂ ਸਾਰੀ ਸ੍ਰਿਸ਼ਟੀ ਪ੍ਰਗਟ ਹੋਈ। × × ×

ਇਹ ਸ਼ਬਦ ਸਭ ਦੁਨੀਆਂ ਦਾ ਗੁਰੂ ਹੈ। (ਵਿਸਥਾਰ ਲਈ ਦੇਖੋ ਸ਼ਬਦ ਤੇ ਬਾਣੀ ਦੇ ਪ੍ਰਕਰਣ) (ਪੰਨਾ ੮੬-੮੭)

(੨) ਜਿਸ ਪਵਿਤ੍ਰ ਹਸਤੀ ਦੇ ਅੰਦਰ ਸ਼ਬਦ ਗੁਰੂ ਦਾ ਜ਼ਹੂਰ ਹੈ, ਉਹ ਸ਼ਬਦ; ਨਾਲ ਅਭੇਦ ਹੈ, ਉਹੀ ਸੰਤ ਹੈ ਜੋ ਗੁਰਿਆਈ ਦਾ ਕੰਮ ਦੇ ਸਕਦਾ ਹੈ। ਸ਼ਬਦ, ਮਾਲਕਿ ਕੁਲ ਦਾ ਜ਼ਹੂਰ ਹੈ ਤੇ ਉਹ ਸੰਤਾਂ ਦੇ ਅੰਦਰ ਪ੍ਰਗਟ ਹੈ। ਇਸ ਲਈ ਸੰਤ ਵੀ ਮਾਲਕ ਨਾਲ ਅਭੇਦ ਹਨ।

ਸਮੁੰਦੁ ਵਿਰੋਲਿ ਸਰੀਰ ਹਮ ਦੇਖਿਆ, ਇਕ ਵਸਤੁ ਅਨੂਪ ਦਿਖਾਈ
ਗੁਰ ਗੋਵਿੰਦੁ ਗੋਵਿੰਦ ਗੁਰੂ ਹੈ, ਨਾਨਕ ਭੇਦੁ ਨਾ ਭਾਈ। [*ਆਸਾ ਮ. ੪*]

ਸ਼ਬਦ ਦੀ ਕਮਾਈ ਕਰਨ ਵਾਲੇ ਦਾ ਨਾਉਂ ਗੁਰੂ ਹੈ, ਇਸ ਦੀ ਅਸਲੀਅਤ ਦਾ ਪਤਾ ਗੁਰੂ ਪਦ ਤੋਂ ਹੀ ਲਗਦਾ ਹੈ। ਗੁਰੂ ਸੰਸਕ੍ਰਿਤ ਪਦ ਹੈ, ਗੁਰੂ 'ਗ੍ਰੀ' ਧਾਤੂ ਤੋਂ ਨਿਕਲਿਆ ਹੈ ਜਿਸ ਦੇ ਅਰਥ ਹਨ—ਆਵਾਜ਼ ਦੇਣਾ ਜਾ ਬੋਲਣਾ, ਸ਼ਬਦ ਉਚਾਰਨਾ। ਸ਼ਬਦ ਦੇਣ ਵਾਲੇ, ਸ਼ਬਦ ਕਮਾਣ ਵਾਲੇ ਸ਼ਬਦ ਨਾਲ ਸੰਬੰਧ ਰਖਣ ਵਾਲੇ ਦਾ ਨਾਉਂ ਗੁਰੂ ਹੈ।

ਡਿੰਭੀ ਗੁਰੂ—ਦੁਨੀਆਂ ਗੁਰੂਆਂ ਨਾਲ ਭਰੀ ਪਈ ਹੈ, ਉਹ ਇਤਨੇ ਬਹੁਤ ਹੋ ਗਏ ਹਨ ਕਿ ਇੱਟ ਚੁੱਕੋ ਤਾਂ ਗੁਰੂ ਮਿਲਦਾ ਹੈ, ਸਿੱਖ ਇਤਨੇ ਨਹੀਂ ਮਿਲਦੇ ਜਿਤਨੇ ਗੁਰੂ ਮਿਲਦੇ ਹਨ। ਸੱਚ ਦੇ ਖੋਜੀਆਂ ਨੂੰ ਜਦ ਗੁਰੂ ਦੇ ਮਿਲਣ ਦੀ ਤੜਪ ਹੁੰਦੀ ਹੈ, ਉਹ ਐਸੇ ਆਪਣੇ ਆਪ ਬਣੇ ਹੋਏ ਗੁਰੂਆਂ ਪਾਸ ਜਾਂਦੇ ਹਨ ਅਤੇ ਸ਼ਰਧਾ ਸਹਿਤ ਸੇਵਾ ਕਰਦੇ ਹਨ ਪਰ ਜਦ ਕੋਲ ਰਹਿਣ ਕਰਕੇ ਦੇਖਦੇ ਹਨ ਕਿ ਉਹ ਗੁਰੂ ਵੀ ਮਨ ਇੰਦ੍ਰੀਆਂ ਦਾ ਉਸੇ ਤਰ੍ਹਾਂ ਗੁਲਾਮ ਹੈ, ਜਿਸ ਤਰ੍ਹਾਂ ਕੋਈ ਹੋਰ ਇਨਸਾਨ, ਪੈਸੇ ਮੁੱਛਣ ਦਾ ਸਾਮਾਨ ਬਣਾਇਆ ਹੋਇਆ ਉਹ ਕਹਿ ਉਠਦੇ ਹਨ ਕਿ ਸਾਨੂੰ ਐਸਾ ਗੁਰੂ ਨਹੀਂ ਚਾਹੀਦਾ।

[*ਗੁਰਮਤਿ ਸਿਧਾਂਤ*, ਭਾਗ ਪਹਿਲਾ ਪੰਨਾ ੪੦੪, ਤੀਜੀ ਐਡੀਸ਼ਨ, ੧੯੬੯]

੮੬. *ਸਰਦਾਰ ਬਹਾਦਰ ਜਗਤ ਸਿੰਘ*

ਸ਼ਬਦ ਹੀ ਸਭ ਰਚਨਾ ਨੂੰ ਪੈਦਾ ਕਰਨ ਵਾਲਾ ਇਸਦੀ ਪਾਲਣਾ ਕਰਨ ਵਾਲਾ ਅਤੇ ਇਸਦਾ ਵਿਨਾਸ਼ ਕਰਨ ਵਾਲਾ ਹੈ। *ਗ੍ਰੰਥ ਸਾਹਿਬ* ਵਿਚ ਇਸਨੂੰ 'ਸ਼ਬਦ', ਅਨਹਦ, ਅਨਾਹਤ, ਸਤਿ, ਸਹਿਜ, ਬਾਣੀ, ਗੁਰਬਾਣੀ ਧੁਰ ਕੀ ਬਾਣੀ, ਸੱਚੀ ਬਾਣੀ, ਹੁਕਮ ਕਿਹਾ ਗਿਆ ਹੈ। ਇਸਨੂੰ 'ਅੰਮ੍ਰਿਤ' ਵੀ ਕਿਹਾ ਗਿਆ ਹੈ। ਕਿਉਂਕਿ ਜਿਹੜਾ ਇਸਨੂੰ ਪੀਂਦਾ ਹੈ, ਅਮਰ ਹੋ ਜਾਂਦਾ ਹੈ। ਪ੍ਰਾਚੀਨ ਹਿੰਦੂ ਰਿਸ਼ੀ ਇਸਨੂੰ ਰਾਮ, ਰਾਮ ਧੁਨ, ਅਕਾਸ਼ ਬਾਣੀ, ਕੀਰਤਨ ਕਹਿੰਦੇ ਸਨ। ਮੁਸਲਮਾਨ ਸੰਤਾਂ ਨੇ ਇਸ ਨੂੰ ਬਾਂਗ, ਸਦਾਏ ਆਸਮਾਨੀ, ਸੌਤ ਆਦਿ ਨਾਵਾਂ ਨਾਲ ਯਾਦ ਕੀਤਾ ਹੈ। ਸੰਤਾਂ ਮਹਾਤਮਾਂ ਦੀ ਬਾਣੀ ਵਿਚ ਸਦਾ ਸ਼ਬਦ ਜਾਂ ਗੁਰੂ ਦੀ ਉਪਮਾ ਕੀਤੀ ਹੁੰਦੀ ਹੈ, ਦੋਵੇਂ ਅਸਲ ਵਿਚ ਇਕ ਹਨ।

[*ਆਤਮ ਗਿਆਨ*, ਪੰਨਾ ੯, ਰਾਧਾਸੁਆਮੀ ਸਤਿਸੰਗ ਬਿਆਸ, ਤੀਜੀ ਐਡੀਸ਼ਨ, ੧੯੭੫]

੮੭. *ਡਾ. ਬਨਾਰਸੀ ਦਾਸ ਜੈਨ* ੧੯੪੧ ਈ.

'ਸਿਖਾਂ ਦੀ ਮਜ਼ਬੀ ਕਿਤਾਬ ਗ੍ਰੰਥ ਸਾਹਿਬ ਹੈ। ਗ੍ਰੰਥ ਦੋ ਹਨ—ਇਕ ਦਾ ਨਾਂ *ਆਦਿ ਗ੍ਰੰਥ* ਹੈ ਦੂਜੇ ਦਾ *ਦਸਮ ਗ੍ਰੰਥ*। ਆਦਿ ਕਹਿੰਦੇ ਹਨ ਪਹਿਲੇ ਨੂੰ '*ਆਦਿ ਗ੍ਰੰਥ*' ਨਾਂ ਇਸੇ ਲਈ ਪਿਆ ਜੋ ਇਹ ਦੇ ਵਿਚ ਪਹਿਲੇ ਗੁਰੂ ਨਾਨਕ ਦੇਵ ਦੀ ਬਾਣੀ ਹੈ, ਇਹ '*ਦਸਮ ਗ੍ਰੰਥ*' ਨਾਲੋਂ ਪਹਿਲਾਂ ਬਣਿਆ। *ਦਸਮ ਗ੍ਰੰਥ* ਵਿਚ ਦਸਵੇਂ ਗੁਰੂ ਗੋਬਿੰਦ ਸਿੰਘ ਦਾ ਕਲਾਮ ਹੈ। *ਆਦਿ ਗ੍ਰੰਥ* ਨੂੰ ਸਿਰਫ *ਗ੍ਰੰਥ ਸਾਹਿਬ* ਵੀ ਕਹਿੰਦੇ ਹਨ। ਇਹ ਪੰਜਾਬੀ ਜ਼ਬਾਨ ਦੀ ਸਭ ਤੋਂ ਪਹਿਲੀ ਕਿਤਾਬ ਖਿਆਲ ਕੀਤੀ ਜਾਂਦੀ ਹੈ। ਇਹ ਮੁਖ਼ਤਲਿਫ ਸਿੱਖ ਗੁਰੂ, ਭਗਤਾਂ ਤੇ ਪੀਰਾਂ ਫਕੀਰਾਂ ਦੇ ਕਲਾਮ ਦਾ ਮਜਮੂਆ ਹੈ। ਇਹਦੇ ਵਿਚ ੩੩੮੪ ਸ਼ਬਦ ਹਨ ਜਿਨ੍ਹਾਂ ਦੇ ੧੫੫੭੫ ਮਿਸਰੇ ਬਣਦੇ ਹਨ। ਇਨ੍ਹਾਂ ਵਿਚੋਂ ੫੭੧੯ ਮਿਸਰਿਆਂ ਦਾ ਟ੍ਰੰਪ ਸਾਹਿਬ ਨੇ ਅੰਗ੍ਰੇਜ਼ੀ ਵਿਚ ਤਰਜਮਾ ਕੀਤਾ।

ਗ੍ਰੰਥ ਸਾਹਿਬ ਦਾ ਕਲਾਮ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਹਿੱਸੇ ਵਿਚ ਥੋੜੇ ਜੇਹੇ ਸ਼ਬਦ ਹਨ ਜਿਨ੍ਹਾਂ ਦਾ ਹਰ ਰੋਜ਼ ਪਾਠ ਕੀਤਾ ਜਾਂਦਾ ਹੈ। ਦੂਸਰਾ ਹਿੱਸਾ ਕਲਾਮ ਦਾ ਭਾਰੀ ਹਿੱਸਾ ਹੈ, ਇਹ ੩੧ ਰਾਗਾਂ ਵਿਚ ਵੰਡਿਆ ਹੋਇਆ ਹੈ। ਤੀਜੇ ਹਿਸੇ ਵਿਚ ਫੁਟਕਲ ਸ਼ਬਦ ਭਗਤਾਂ ਤੇ ਪੀਰਾਂ ਦੇ ਹਨ ਜੀਕੁਣ ਸਲੋਕ ਕਬੀਰ ਭਗਤ, ਸਲੋਕ ਸ਼ੇਖ ਫਰੀਦ ਵਗੈਰਾ। ੧੩੨੪ ਸਫਿਆਂ ਦੀ ਛਪੀ ਹੋਈ ਪੋਥੀ ਵਿਚ ਪਹਿਲੇ ਹਿਸੇ ਦੇ ੧੨ ਸਫੇ, ਦੂਜੇ ਦੇ ੧੨੪੦ ਸਫੇ ਤੇ ਤੀਜੇ ਹਿੱਸੇ ਦੇ ੭੧ ਸਫੇ ਹਨ। ਹਰ ਇਕ ਭਾਗ ਦੇ ਅੰਦਰ ਬਹਰ ਮੂਜਬ ਸ਼ਬਦ ਰਖੇ ਗਏ ਹਨ। ਤਾਦਾਦ ਦੇ ਲਿਹਾਜ਼ ਨਾਲ ਸਭ ਤੋਂ ਵੱਧ ਮਿਸਰੇ ਪੰਜਵੇਂ ਗੁਰੂ ਅਰਜਨ ਦੇਵ ਦੇ ਹਨ ਜਿਨ੍ਹਾਂ ਦੀ ਤਾਦਾਦ ੬੨੦੪ ਹੈ। ਦਸਵੇਂ ਗੁਰੂ ਗੋਬਿੰਦ ਦਾ ਸਿਰਫ ਇਕ ਸ਼ਬਦ ਹੈ।

ਗ੍ਰੰਥ ਸਾਹਿਬ ਦੀ ਜ਼ਬਾਨ

ਗ੍ਰੰਥ ਸਾਹਿਬ ਦੀ ਜ਼ਬਾਨ ਨਿਰੀ ਪੁਰੀ ਪੰਜਾਬੀ ਨਹੀਂ ਹੈ, ਕਿਤੇ ਕਿਤੇ ਹਿੰਦੀ, ਮਰਾਠੀ ਦੇ ਸ਼ਬਦ ਵੀ ਹਨ। ਜਿਹੜੇ ਸ਼ਬਦ ਸਹਸਕ੍ਰਿਤ ਸਲੋਕ ਕਹਾਉਂਦੇ ਹਨ, ਇਨ੍ਹਾਂ ਵਿਚ ਸੰਸਕ੍ਰਿਤ ਦੀ ਨਕਲ ਕੀਤੀ ਗਈ ਹੈ, ਅਸਲ ਵਿਚ ਇਨ੍ਹਾਂ ਦੀ ਜ਼ਬਾਨ ਸੰਸਕ੍ਰਿਤ ਨਹੀਂ ਹੈ ਪਰ ਲਫ਼ਜ਼ ਯਾ ਮਿਸਰੇ ਦੇ ਅਖੀਰ ਵਿਚ ਨੂੰਣ ਗੁੰਨਾ ਲਾ ਕੇ ਸੰਸਕ੍ਰਿਤ ਤਲੱਫਜ਼ ਦਾ ਅਸਰ ਪੈਦਾ ਕੀਤਾ ਗਿਆ ਹੈ ਕਿਉਂ ਜੁ ਸੰਸਕ੍ਰਿਤ ਵਿਚ ਨੂੰਣ ਗੁੰਨਾ ਅਕਸਰ ਆਉਂਦਾ ਹੈ। ਏਸ ਤਰ੍ਹਾਂ ਦੀ ਸਹਸਕ੍ਰਿਤੀ ਨਕਲ ਹਿੰਦੀ ਸ਼ਾਇਰਾਂ ਨੇ ਵੀ ਕੀਤੀ ਹੈ ਜੀਕੁਣ ਚੰਦ ਬਰਦਾਈ ਦੇ 'ਪ੍ਰਿਥਵੀਰਾਜ ਰਾਸੋ' ਵਿਚ ਦੇਵੀ ਦੇਵਤਿਆਂ ਦੀ ਉਸਤਤਿ ਕਰਨ ਲਗੇ ਸ਼ਾਇਰ ਮਿਸਰਿਆਂ ਦੇ ਅਖੀਰ ਵਿਚ ਨੂੰਣ ਗੁੰਨਾ ਵਧਾ ਦਿੰਦਾ ਹੈ।

ਲਿਸਾਨੀਆਤ (ਭਾਸ਼ਾ ਵਿਗਿਆਨ) ਦੇ ਲਿਹਾਜ਼ ਨਾਲ *ਗ੍ਰੰਥ ਸਾਹਿਬ* ਦਾ ਮੁਤਾਲਿਆ ਨਿਹਾਇਤ ਦਿਲਚਸਪ ਹੈ, ਜਿਹੜਾ ਕਿ ਸੰਸਕ੍ਰਿਤ, ਪ੍ਰਾਕ੍ਰਿਤ ਦੇ ਇਲਮ ਬਿਨਾ ਨਹੀਂ ਹੋ ਸਕਦਾ। ਸਿੱਖ ਭਰਾਵਾਂ ਨੂੰ ਚਾਹੀਦਾ ਹੈ ਕਿ ਲਿਸਾਨੀ ਪਹਲੂ ਤੇ ਵੀ *ਗ੍ਰੰਥ ਸਾਹਿਬ* ਦਾ ਮੁਤਾਲਿਆ ਕਰਕੇ ਏਸ ਦੀ ਮੁਕੰਮਲ ਗ੍ਰਾਮਰ ਤਿਆਰ ਕਰਨ।

ਗੁਰਮੁਖੀ ਤੋਂ ਛੁੱਟ ਗ੍ਰੰਥ ਸਾਹਿਬ ਫਾਰਸੀ ਤੇ ਦੇਵਨਾਗਰੀ ਯਾਅਨੀ ਹਿੰਦੀ ਅੱਖਰਾਂ ਵਿਚ ਵੀ ਮਿਲਦਾ ਹੈ। ਡਾ. ਮੋਹਨ ਸਿੰਘ ਆਪਣੀ 'ਹਿਸਟਰੀ ਆਫ ਪੰਜਾਬੀ ਲਿਟ੍ਰੇਚਰ' ਵਿਚ ਸਫਾ ੩੨

ਉਪਰ ਲਿਖਦੇ ਹਨ ਕਿ *ਗ੍ਰੰਥ ਸਾਹਿਬ* ਦਾ ਇਕ ਸੰਸਕ੍ਰਿਤ ਟੀਕਾ ਵੀ ਮਿਲਦਾ ਹੈ ਜਿਸਦਾ ਕਲਮੀ ਨੁਸਖ਼ਾ ਪਟਨਾ ਯੂਨੀਵਰਸਿਟੀ ਦੇ ਡਾ. ਹਰੀ ਚੰਦ੍ਰ ਸ਼ਾਸਤ੍ਰੀ ਪਾਸ ਹੈ।

ਗ੍ਰੰਥ ਸਾਹਿਬ ਦੀ ਕਵਿਤਾ ਦਾ ਮਜ਼ਮੂਨ

ਗ੍ਰੰਥ ਸਾਹਿਬ ਭਗਤੀ ਦਾ ਗ੍ਰੰਥ ਹੈ। ਸਿੱਖ ਮਜ਼ਬ ਦਾ ਵੱਡਾ ਅਸੂਲ ਇਹ ਹੈ ਪਈ ਇਨਸਾਨੀ ਰੂਹ ਆਪਣੇ ਖਾਲਕ ਯਾਅਨੀ ਖੁਦਾ ਨਾਲ ਮਿਲ ਜਾਵੇ। ਇਹ ਮੇਲ ਸੱਚੇ ਗੁਰੂ ਦੇ ਰਾਹੀਂ ਹੋ ਸਕਦਾ ਹੈ। ਏਸ ਲਈ ਸ਼ਬਦਾਂ ਦਾ ਮਜ਼ਮੂਨ ਈਸ਼੍ਵਰ ਤੇ ਗੁਰੂ ਦੀ ਸੱਚੀ ਭਗਤੀ ਹੈ। ਇਹੋ ਖਿਆਲ ਮੁੜ ਮੁੜ ਕੇ ਸ਼ਬਦਾਂ ਵਿਚ ਪਾਇਆ ਜਾਂਦਾ ਹੈ ਪਰ ਪੜ੍ਹਨ ਸੁਣਨ ਵਾਲਿਆਂ ਦੀ ਦਿਲਸਚਪੀ ਲਈ ਕਈ ਤਰ੍ਹਾਂ ਦੀਆਂ ਤਸ਼ਬੀਹਾਂ ਤੇ ਇਸਤਿਆਰੇ ਵਰਤੇ ਗਏ ਹਨ। *ਗ੍ਰੰਥ ਸਾਹਿਬ* ਦੀ ਕਵਿਤਾ ਬੜੀ ਜ਼ੋਰਦਾਰ ਹੈ, ਸ਼ਬਦ ਸ਼ਬਦ ਵਿਚ ਗੁਰੂਆਂ ਦਾ ਸੱਚਾ ਪ੍ਰੇਮ ਟਪਕ ਰਿਹਾ ਹੈ। ਜਗ੍ਹਾ ਜਗ੍ਹਾ ਉੱਤੇ ਜੋਗ ਦਾ ਜ਼ਿਕਰ ਹੈ ਕਿ ਅਸਲੀ ਜੋਗ ਕਿਹਨੂੰ ਆਖਦੇ ਹਨ। ਓਸ ਵੇਲੇ ਦੀਆਂ ਪ੍ਰਚਲਤ ਮਜ਼ਬੀ ਰਸਮਾਂ ਜੀਕੁਣ ਹਿੰਦੂਆਂ ਦਾ ਗਲ ਜੰਞੂ ਪਾਉਣਾ, ਸਰਾਧ ਕਰਨਾ, ਮੁਸਲਮਾਨਾਂ ਦਾ ਨਮਾਜ਼ ਪੜ੍ਹਨਾ, ਵਗੈਰਾ ਦਾ ਪੋਲ ਖੋਲ੍ਹਿਆ ਹੈ ਪਈ ਬਗ਼ੈਰ ਸਚਿਆਈ ਇਹ ਸਭੇ ਕੰਮ ਬੇਫਾਇਦਾ ਹਨ। ਗੁਰੂਆਂ ਨੇ ਨਿਡਰ ਹੋ ਕੇ ਕਵਿਤਾ ਲਿਖੀ ਹੈ, ਕਿਸੇ ਦਾ ਲਿਹਾਜ਼ ਨਹੀਂ ਕੀਤਾ, ਸਚਾਈ ਵਲ ਆਪਣਾ ਧਿਆਨ ਰੱਖਿਆ ਹੈ। ਰੂਹਾਨੀ ਤਾਕਤ ਤੇ ਪੱਕੇ ਯਕੀਨ ਬਿਨਾ ਅਜੇਹੀ ਕਵਿਤਾ ਨਹੀਂ ਲਿਖੀ ਜਾ ਸਕਦੀ।

[*ਪੰਜਾਬੀ ਜ਼ਬਾਨ ਤੇ ਉਹ ਦਾ ਲਿਟ੍ਰੇਚਰ,* ਪੰਨਾ ੭੩-੭੮ (ਫਾਰਸੀ ਅੱਖਰਾਂ ਵਿਚ) ੧੯੪੧]

੮੮. *ਮੌਲਾ ਬਖਸ਼ ਕੁਸ਼ਤਾ* ੧੯੫੦

ਆਪ (ਗੁਰੂ ਅਰਜਨ) ਨੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਬੀੜ ਤਿਆਰ ਕਰਨ ਲਈ ਗੁਰੂ ਸਾਹਿਬਾਂ ਦੀ ਬਾਣੀ ਇਕੱਤ੍ਰ ਕੀਤੀ ਅਤੇ ਗੋਇੰਦਵਾਲ ਤੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਸਪੁਤ੍ਰ ਬਾਬਾ ਮੋਹਨ ਜੀ ਪਾਸੋਂ ਨੰਗੇ ਪੈਰੀਂ ਸੰਚੀਆਂ ਲਿਆਂਦੀਆਂ ਅਤੇ ਉਸ ਥਾਂ ਤੇ ਜਿਥੇ ਅਜ ਕੱਲ ਰਾਮਸਰ ਹੈ, *ਸੁਖਮਨੀ ਸਾਹਿਬ* ਦਾ ਉਚਾਰਨ ਕੀਤਾ ਅਤੇ ਸਾਰੀ ਬਾਣੀ ਇਕੱਤ੍ਰ ਕਰਕੇ ਇਕ ਤੰਬੂ ਵਿਚ ਬੈਠ ਕੇ ਲਿਖਾਈ, ਜੋ ਨਾਲ ਦੇ ਇਕ ਤੰਬੂ ਵਿਚ ਵਖਰੇ ਬੈਠ ਕੇ ਭਾਈ ਗੁਰਦਾਸ ਜੀ ਨੇ ਆਪਣੇ ਹਥੀਂ ਲਿਖੀ।

ਆਪ ਨੇ ਪਹਿਲੇ ਸਿਲਸਲੇਵਾਰ ਗੁਰੂ ਸਾਹਿਬਾਂ ਦੀ ਬਾਣੀ ਹਰ ਇਕ ਰਾਗ ਅਤੇ ਰਾਗਣੀ ਵਿਚ ਲਿਖੀ। ਕਿਉਂਕਿ ਗੁਰਬਾਣੀ ਦੇ ਹਰ ਸ਼ਬਦ ਅਤੇ ਹਰ ਸ਼ਲੋਕ ਪਿਛੋਂ ਸਤਿਗੁਰੂ ਨਾਨਕ ਦੇਵ ਜੀ ਦਾ ਪਵਿਤ੍ਰ ਨਾਮ ਆਉਂਦਾ ਹੈ, ਇਸ ਲਈ ਆਪ ਨੇ ਨਿਰਨਾਂ ਕਰਨ ਲਈ ਹਰ ਸ਼ਬਦ ਜਾਂ ਸ਼ਲੋਕ ਤੋਂ ਪਹਿਲਾਂ ਮਹਲਾ ਪਹਿਲਾ, ਦੂਜਾ, ਤੀਜਾ ਆਦਿ ਲਿਖ ਦਿੱਤੇ ਹਨ ਤਾਂ ਜੁ ਪਤਾ ਲਗ ਸਕੇ ਕਿ ਇਹ ਬਾਣੀ ਕਿਸ ਗੁਰੂ ਜੀ ਦੀ ਹੈ। ਇਸ ਤੋਂ ਛੁਟ ਕਬੀਰ, ਫਰੀਦ, ਧੰਨਾ, ਰਵਿਦਾਸ, ਪੀਪਾ, ਸੈਣ, ਸਧਨਾ, ਤ੍ਰਿਲੋਚਨ, ਬੇਣੀ, ਸੂਰਦਾਸ, ਰਾਮਾਨੰਦ, ਮੀਰਾਂਬਾਈ ਆਦਿ ਭਗਤਾਂ ਦੀਆਂ ਬਾਣੀਆਂ ਲਿਖਵਾਈਆਂ, ਜਿਨ੍ਹਾਂ ਉੱਤੇ ਉਨ੍ਹਾਂ ਦੇ ਨਾਂ ਦਰਜ ਹਨ।

ਮਥੁਰਾ, ਕਲਸ, ਕੀਰਤ ਆਦਿ ਸਤਾਰਾਂ ਭੱਟਾਂ ਨੇ ਜੋ ਕੁਝ ਗੁਰੂ ਸਾਹਿਬਾਂ ਦੀ ਉਪਮਾਂ ਵਿਚ ਕਵਿਤਾ ਲਿਖੀ ਹੈ, ਉਹ ਭੀ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਹੈ।

ਸੱਤੇ ਅਤੇ ਬਲਵੰਡ ਦੀ ਬਾਣੀ ਜੋ ਰਾਮਕਲੀ ਰਾਗਣੀ ਵਿਚ ਉਚਾਰਨ ਹੈ ਉਸ ਨੂੰ ਭੀ ਗੁਰੂ

ਗ੍ਰੰਥ ਸਾਹਿਬ ਵਿਚ ਚੜ੍ਹਨ ਦਾ ਮਾਨ ਬਖ਼ਸ਼ਿਆ ਗਿਆ ਹੈ। ਉਹ ਬੀੜ ਭਾ: ਗੁਰਦਾਸ ਦੀ ਹੱਥ-ਲਿਖੀ ਇਸ ਵੇਲੇ ਕਰਤਾਰ ਪੁਰ ਵਿਚ ਹੈ। ਦਸਵੇਂ ਗੁਰੂ ਤੋਂ ਪਿਛੋਂ ਹੁਣ ਤਕ ਇਹ *ਗੁਰੂ ਗ੍ਰੰਥ ਸਾਹਿਬ* ਹੀ ਸਿੱਖਾਂ ਦੇ ਗੁਰੂ ਹਨ। [*ਪੰਜਾਬ ਦੇ ਹੀਰੇ*, ਪੰਨਾ ੧੬-੧੭, ੧੯੫੦ ਦੂਜੀ ਛਾਪ]

੮੯. *ਡਾ. ਗੋਪਾਲ ਸਿੰਘ ਦਰਦੀ* ੧੯੫੦ ਈ.

ਗੁਰੂ ਗ੍ਰੰਥ ਸਾਹਿਬ ਕਿਉਂ ਸਾਡੇ ਸਾਹਿਤ ਦਾ ਇਕ ਵਧੀਆ ਅੰਗ ਹੈ, ਇਸ ਲਈ ਨਹੀਂ ਕਿ ਇਸਦੀ ਰਚਨਾ ਢੇਰ ਪੁਰਾਣੀ ਹੋਣ ਕਰਕੇ, ਸਾਡੀ ਬੋਲੀ ਦੇ ਵਿਕਾਸ ਦਾ ਪਤਾ ਦੇਂਦੀ ਹੈ। ਨਾ ਹੀ ਕੇਵਲ ਇਸ ਲਈ ਕਿ ਇਸ ਵਿਚ ਮਨੁੱਖੀ ਹਿਰਦੇ ਦੀ 'ਅੰਤਰ ਕੀ ਪੀੜ' ਨੂੰ ਗਾਂਵਿਆ ਗਿਆ ਹੈ। ਨਿਰਾ ਇਹ ਕਾਰਣ ਵੀ ਨਹੀਂ ਕਿ ਇਹ ਅਜੇਹੇ ਮਹਾਂਪੁਰਖਾਂ ਦੀ ਕਿਰਤ ਹੈ ਜਿਨ੍ਹਾਂ ਦਾ ਜੀਵਨ ਵੀ ਇਸ ਕਵਿਤਾ ਨਾਲ ਅਭੇਦ ਸੀ, ਜਿਸਦੀ ਰਚਨਾ ਉਨ੍ਹਾਂ ਕੀਤੀ ਇਹ ਤਿੰਨੇ ਅੰਗ ਵੀ ਇਸਦੀ ਵਡਿਆਈ ਵਿਚ ਢੇਰ ਵਾਧਾ ਕਰਦੇ ਹਨ ਪਰ ਇਸਦੀ ਸਾਹਿਤਕ ਕੀਮਤ ਇਸਦੇ ਸਾਹਿਤਕ ਗੁਣਾਂ ਕਰਕੇ ਹੈ, ਜਿਨ੍ਹਾਂ ਉੱਤੇ ਅਸੀਂ ਇਥੇ ਵਿਚਾਰ ਕਰਾਂਗੇ।

ਕੇਵਲ ਅਜੇਹੀ ਰਚਨਾ ਹੀ ਸਾਹਿਤ ਅਖਵਾ ਸਕਦੀ ਹੈ ਜਿਹੜੀ ਸੁਹਜ-ਸੁਆਦ ਦੇਵੇ, ਚੀਜ਼ਾਂ ਜਾਂ ਸਚਿਆਈਆਂ ਦਾ ਨਿਰਾ ਬਿਆਨ ਜਿਸਨੂੰ ਜੀਉਂਦੇ ਅਤੇ ਤੀਖਣ ਸ਼ਬਦਾਂ ਦੀ ਜਾਗ ਨਾ ਲਗੀ ਹੋਵੇ, ਜਿਹੜੇ ਆਪਣੇ ਆਲੇ ਦੁਆਲੇ ਢੁਕਦਾ ਚਗਿਰਦਾ ਨਾ ਪੈਦਾ ਕਰ ਲੈਣ ਜਾਂ ਜਿਸਨੂੰ ਅਜੇਹੀ ਕਲਾ ਤੇ ਰਾਗਮਈ ਤਰੀਕੇ ਨਾਲ ਨਾ ਬੰਨ੍ਹਿਆ ਗਿਆ ਹੋਵੇ ਕਿ ਪੜ੍ਹਣ ਸੁਣਨ ਵਾਲਿਆਂ ਦੇ ਗੰਗੇ ਦਿਲਾਂ ਵਿਚ ਵੀ ਰਸ ਦੀ ਝਰਨਾਟ ਛਿੜ ਪਵੇ, ਸੁਹਜ ਸੁਆਦ ਦੇਣ ਵਿਚ ਸਹਾਇਕ ਨਹੀਂ ਬਣ ਸਕਦਾ।

ਜੇ ਇਹ ਕਲਾ ਵਰਤ ਕੇ ਵਿਚਲਾ ਸੁਨੇਹਾ ਭੀ ਅਜ਼ਲੀ ਅਬਦੀ ਹੋਵੇ ਜਿਹੜਾ ਨਿਤ ਬਦਲਦੇ ਸਮਾਜੀ ਹਾਲਾਤ ਨਾਲ ਮਰ ਮੁਕ ਨ ਜਾਏ ਤਾਂ ਸਾਹਿਤ ਅਮਰ ਪਦਵੀ ਨੂੰ ਪ੍ਰਾਪਤ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਰਚਨਾ ਅਜੇਹਾ ਅਮਰ ਸਾਹਿਤ ਹੈ।

ਗੁਰੂ ਗ੍ਰੰਥ ਸਾਹਿਬ ਦਾ ਸੁਨੇਹਾ ਜਿਹਾ ਕਿ ਦੱਸਿਆ ਜਾ ਚੁੱਕਾ ਹੈ, ਗੁਰਮਤਿ ਦੇ ਰਹੱਸਵਾਦ ਦਾ ਸੁਨੇਹਾ ਹੈ। ਗੁਰਮਤਿ ਦਾ 'ਰਹੱਸਵਾਦ ਬਾਕੀ ਰਹੱਸਵਾਦ ਨਾਲੋਂ ਕਿਵੇਂ ਨਿਖੇੜਿਆ ਜਾ ਸਕਦਾ ਹੈ, ਇਸ ਵਿਚ ਸੂਫ਼ੀ ਮਤ ਵਾਲੀ ਸ਼ੋਖੀ ਨਹੀਂ, ਮਿਹਣੇ ਨਿਹੋਰੇ ਨਹੀਂ, ਨਾ ਹੀ ਇਸ ਵਿਚ ਵੇਦਾਂਤ ਵਾਦ ਦੀ ਵੈਰਾਗ ਗਿਆਨ ਦੀ ਸੁੱਕੀ ਠੰਢੀ ਯਖਨੀ ਹੈ, ਇਹ ਸਾਹਿਤ ਖੇੜੇ ਦਾ ਸਾਹਿਤ ਹੈ।

ਇਸਦੇ ਵਿਚ ਵਿਚਰਦੇ ਹੋਏ ਅਣਦਿਸਦੇ ਨਾਲ ਪ੍ਰੀਤੀ ਗੰਢੀ ਰਖਣ ਦੀ ਜੁਗਤੀ ਹੈ। ਖੇੜਾ ਉਹ ਨ, ਜਿਹੜਾ ਊਂਇ ਜਜ਼ਬੇ ਦੇ ਉਤਰਾਉ ਚੜ੍ਹਾਉ ਨਾਲ ਬੁੱਲ੍ਹੀਆਂ ਤੇ ਆ ਖੇਡਦਾ ਹੈ। ਖੇੜਾ ਉਹ ਜੋ ਹਿਰਖ ਸੋਗ ਦੋਹਾਂ ਵਿਚ ਠੰਢ ਭਾਲਦਾ ਹੈ—ਸਹਿਜ ਅਵਸਥਾ ਦਾ ਖੇੜਾ, ਟਿਕਾਉ ਠਹਿਰਾਉ ਦਾ ਫਕੀਰੀ ਖੇੜਾ, ਮਨ ਦੀ ਠਹਰੀ ਤ੍ਰਿਸਨਾ ਦਾ ਖੇੜਾ। ਅਜੇਹੇ ਖੇੜੇ ਦੇ ਸੁਨੇਹੇ ਨੂੰ ਬਿਆਨਣਾ ਕੋਈ ਸੌਖਾ ਤਜਰਬਾ ਨਹੀਂ। ਗੂੰਗੇ ਦੀ ਖਾਧੀ ਮਿਠਿਆਈ ਦਾ ਰਸ ਕਿਵੇਂ ਜਾਣਿਆ ਜਾਏ, ਇਸ ਲਈ ਕਵੀ-ਦਿਲ ਦੀ ਲੋੜ ਹੈ ਜੋ 'ਅੰਤਰਿ ਕੀ ਵੇਦਨ' ਨੇੜੇ ਦੇ ਦ੍ਰਿਸ਼ਟਾਂਤਾਂ ਤੇ ਚਿੰਨ੍ਹਾਂ ਦੁਆਰਾ ਸਮਝਾ ਸਕੇ। ਇਹ ਚਿੰਨ੍ਹ ਇਨ੍ਹਾਂ ਕਵੀਆਂ ਦਾ ਇਕ ਵੱਡਾ ਹਥਿਆਰ ਹੈ।

ਦੂਜੀ ਖੂਬੀ ਇਹ ਕਿ ਇਸ ਕਵਿਤਾ ਵਿਚ ਕਹਰਾਂ ਦਾ ਸੰਕੋਚ ਹੈ। ਮਾਨੋਂ ਤੀਰ ਦੇ ਨੁਕੇ ਹਨ। ਪੜ੍ਹਿਆਂ ਅੰਦਰ ਠੁਕ ਜਾਂਦੇ ਹਨ। ਤੀਜਾ ਗੁਣ ਇਹ ਹੈ ਕਿ ਜਿਹੜੇ ਚਿੰਨ੍ਹ ਇਸ ਕਵਿਤਾ

ਵਿਚ ਵਰਤੇ ਗਏ ਹਨ, ਉਹ ਗੁਰੂ ਸਾਹਿਬਾਨ ਦੀ ਕੁਦਰਤ ਤੇ ਆਪਣੇ ਆਲੇ ਦੁਆਲੇ ਦੀ ਗੂੜ੍ਹੀ ਵਾਕਫੀ ਤੇ ਸੂਚਕ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਹਰ ਰਸ ਦੀ ਬਾਣੀ ਮਿਲਦੀ ਹੈ। ਇਸ ਤੋਂ ਬਿਨਾ ਪੰਜਾਬੀ ਦੀ ਪੁਰਾਣੀ ਕਵਿਤਾ ਦੇ ਜਿੰਨੇ ਤੋਲ ਇਥੇ ਮਿਲਦੇ ਹਨ ਤੇ ਉਨ੍ਹਾਂ ਤੋਲਾਂ ਵਿਚ ਜਿੰਨੇ ਵੰਨਗ ਵੰਨਗੀਆਂ ਦੇ ਪਲਟਾਉ ਹੈਨ, ਉਹ ਸਾਨੂੰ ਹੋਰ ਕਿਸੇ ਪੁਰਾਣੀ ਰਚਨਾ ਵਿਚੋਂ ਨਹੀਂ ਲਭਦੇ।

[*ਪੰਜਾਬੀ ਸਾਹਿਤ ਦਾ ਇਤਿਹਾਸ,* ਪੰਨਾ ੧੦੭-੧੭, ਦੂਜੀ ਐਡੀਸ਼ਨ, ਈਸਟਰਨ ਪੰਜਾਬ ਪਬਲਿਸ਼ਰਜ, ਦਿਲੀ]

੯੦. ***ਡਾ. ਮੋਹਨ ਸਿੰਘ*** ੧੯੫੮ ਈ.

ਗੁਰੂ ਅਰਜਨ ਦੇਵ ਜੀ (੧੫੬੩-੧੬੦੬ ਈ.) ਨੇ ਗੁਰਬਾਣੀ, ਭਗਤਬਾਣੀ, ਭੱਟਾਂ ਦੀ ਬਾਣੀ ਆਦਿ ਨੂੰ ਜੋਗ ਥਾਂ ਸਿਰ ਰਖਕੇ ਸਿਰੀ *ਆਦਿ ਗ੍ਰੰਥ* ਜੀ ਦੀ ਬੀੜ ਬੱਧੀ ਅਤੇ *ਗ੍ਰੰਥ ਜੀ* ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਉਹਨਾਂ ਦੇ ਜੋਤੀ ਜੋਤਿ ਸਮਾਣ ਤੋਂ ਪਹਿਲਾਂ ਹੀ ਹੋਣ ਲਗ ਪਿਆ ਸੀ। *ਗੁਰੂ ਗ੍ਰੰਥ ਸਾਹਿਬ* ਜੀ ਦਾ ਆਕਾਰ ਪਦਿਆਂ ਆਦਿ ਵਜੋਂ ਰਿਗਵੇਦ ਤੋਂ ਤਿੰਨ ਗੁਣਾਂ ਹੈ। ਰਿਗਵੇਦ ਦੀ ਤਰਤੀਬ ਅਨੁਸਾਰ ਗ੍ਰੰਥ ਜੀ ਦੀ ਤਰਤੀਬ ਹੈ। ਪਹਿਲੇ ਮੰਡਲ ਵਿਚ ਨਿਤਨੇਮ ਦੀ ਬਾਣੀ, ਪਿਛੋਂ ਰਾਗ ਰਾਗਣੀਆਂ ਵਿਚ ਪਦ ਅਤੇ ਅੰਤ ਉੱਤੇ ਲੰਮੇ ਛੋਟੇ ਪਦ ਤੇ ਫੁਟਕਲ ਸੰਗ੍ਰਹਿ। ਰਾਗਾਂ ਤੋਂ ਛੁਟ 'ਧੁਨਾਂ' ਤੇ 'ਘਰ' ਵੀ ਦਿੱਤੇ ਹੋਏ ਹਨ। ਪਦਿਆਂ ਦਾ ਰਖਾਉ ਇਉਂ ਹੈ—ਚਉਪਦੇ, ਅਸਟਪਦੀਆਂ, ਬਿਸੇਖ ਲੰਬੀਆਂ ਨਜ਼ਮਾਂ, ਛੰਤ, ਛੋਟੀਆਂ ਖ਼ਾਸ ਨਜ਼ਮਾਂ, ਵਾਰਾਂ ਸਲੋਕਾਂ ਤੇ ਪਉੜੀਆਂ ਵਾਲੀਆਂ ਅਤੇ ਅਖੀਰ ਉੱਤੇ ਭਗਤ ਬਾਣੀ। ਇਹ ਤਰਤੀਬ ਹਰ ਰਾਗ ਥੱਲੇ ਹੈ। ੧੭ ਘਰ ਹਨ। ਇਉਂ *ਗੁਰੂ ਗ੍ਰੰਥ ਸਾਹਿਬ* ਜੀ ਦੀ ਬੀੜ ਇਕ ਪੂਰਣ ਨਿਜ਼ਾਮ ਵਾਲਾ ਸੰਕਲਨ ਹੈ, ਜਿਸ ਵਿਚ ਨੌਵੇਂ ਤੇ ਦਸਵੇਂ ਗੁਰੂ ਜੀ ਦੀ ਬਾਣੀ ਜੋਗ ਥਾਂ ਤੇ ਪਿਛੋਂ ਰਖ ਦਿੱਤੀ ਗਈ।

ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਂਦ ਦਾ ਅਸਰ ਬੜਾ ਚੌੜਾ, ਡੂੰਘਾ, ਦੂਰ-ਪੁਜ ਤੇ ਬਹੁ-ਰੰਗਾ ਹੋਇਆ।

(੧) ਇਸ ਤਰ੍ਹਾਂ ਦੇ ਕਈ ਬਾਣੀ ਸੰਗ੍ਰਹਿ ਹੋਣ ਲਗ ਪਏ ਜਿਵੇਂ 'ਸਬਦ ਸਲੋਕ'।

(੨) ਕੱਲੇ ਕੱਲੇ ਕਵੀ ਨੇ ਵੀ ਇਹਨਾਂ ਰੰਗਾਂ ਰੂਪਾਂ ਵਾਲੀ ਬਾਣੀ ਰਚ ਕੇ ਆਪਣੇ ਆਪ ਕੱਲੇ ਦਾ ਗ੍ਰੰਥ—ਛੋਟਾ ਹੀ ਸਹੀ—ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਜਿਵੇਂ ਗਰੀਬਦਾਸ, ਸਾਹਿਬ ਜੈ ਸਿੰਘ ਤੇ ਸਾਧੂਜਨ ਨੇ।

(੩) ਬਾਣੀ ਨੂੰ ਗੁਰੂ ਅਤੇ ਪੂਜਨੀਕ ਵਾਕ ਰੂਪ ਮੰਨਿਆ ਜਾਣ ਲਗਾ।

(੪) ਬਹੁਤ ਸਾਰੇ ਗੁਰਮੁਖੀ ਲਿਖਾਰੀ ਪੈਦਾ ਹੋ ਗਏ, ਜਿਨ੍ਹਾਂ ਦਾ ਕੰਮ ਬੀੜਾਂ ਦੀ ਸੋਹਣੀ ਲਿਖਾਈ ਕਰਕੇ ਗੁਰੂ ਸਾਹਿਬਾਂ ਜਾਂ ਗੁਰਧਾਮਾਂ ਨੂੰ ਪੇਸ਼ ਕਰਨਾ ਜਾਂ ਫਿਰ ਆਪਣੇ ਪਾਸ ਸੰਭਾਲ ਕੇ ਰੱਖਣਾ ਸੀ।

ਬਾਣੀ ਦੇ ਲਿਖਾਰੀ ਤਾਂ ਪਹਿਲਾਂ ਵੀ ਮੌਜੂਦ ਸਨ, ਜਿਵੇਂ ਤੀਜੀ ਪਾਤਸ਼ਾਹੀ ਪਾਸ ਬੂਲ੍ਹਾ ਪਾਂਧਾ, ਡੱਲੇ ਦਾ ਸੀ।

(੫) ਪੰਜਾਬੀ ਸਾਹਿਤ ਸਿਰਜਨ ਵਾਲਿਆਂ ਲਈ ਇਤਨੇ ਗੁਰੂ ਸਾਹਿਬਾਂ, ਭੱਟਾਂ ਤੇ

ਭਗਤਾਂ ਦੇ ਵਿਚਾਰ, ਲਫ਼ਜ਼, ਬੰਦ-ਰੂਪ, ਕਾਵਿ ਰੂਪ, ਅੱਖਰ-ਜੋੜ ਇਤਿਆਦਿ ਨਮੂਨੇ ਅਤੇ ਪਰੇਰਨਾ ਵਜੋਂ ਅਤੇ ਉਤਸ਼ਾਹ ਵਜੋਂ ਸਾਹਮਣੇ ਇਕੋ ਬੀੜ ਵਿਚ ਆ ਗਏ।

[*ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ*, ਪੰਨਾ ੯੭-੯੯
ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ (ਦੂਜੀ ਛਾਪ ੧੯੬੨)

੯੧. *ਡਾ. ਤਾਰਨ ਸਿੰਘ* ੧੯੬੩

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਭਗਤਾਂ ਤੇ ਗੁਰੂਆਂ ਨੇ ਆਪਣੀ ਆਵਾਜ਼ ਨੂੰ ਬਾਣੀ, ਸ਼ਬਦ ਜਾਂ ਬ੍ਰਹਮ ਬੀਚਾਰ ਕਿਹਾ ਹੈ ਅਤੇ ਦਾਹਵਾ ਕੀਤਾ ਹੈ ਕਿ ਉਹਨਾਂ ਦੇ ਮਾਧਿਅਮ ਵਿਚੋਂ ਪਰਮਾਤਮਾ ਆਪ ਬੋਲਦਾ ਹੈ। ਇਹਨਾਂ ਮਹਾਨ ਪੁਰਸ਼ਾਂ ਨੇ ਆਪਣੇ ਬਚਨਾਂ ਨੂੰ 'ਧੁਰ ਕੀ ਬਾਣੀ', 'ਹੁਕਮ', ਖਸਮ ਕੀ ਬਾਣੀ, 'ਹਰਿ ਕੇ ਦੁਆਰੇ ਜੋ ਹੋਇ ਬਤੀਤੇ', ਕਾਂਸੀ ਉਪਦੇਸ਼', ਆਦਿ ਕਹਿਆ। ਇਹ ਆਪਣਾ ਤਜਰਬਾ ਬਿਆਨ ਕਰ ਰਹੇ ਸਨ, ਪ੍ਰਭੂ ਨੂੰ ਸਾਖਿਆਤ ਵੇਖ ਕੇ। ਇਹ 'ਗੁਰੂ' ਸਨ। ਇਹ ਮਸਤੀ, ਇਹਨਾਂ ਨੂੰ ਲੰਮੇ ਅਭਿਆਸ, ਸਿਮਰਨ ਤੇ ਬੰਦਗੀ ਦੁਆਰਾ ਪ੍ਰਾਪਤ ਹੋਈ ਸੀ। ਇਹਨਾਂ ਦੇ ਬਚਨ 'ਰਤਨੀ ਭਰਪੂਰ' ਸਨ ਅਤੇ ਦੇਸ਼ ਤੇ ਸੰਸਾਰ ਲਈ ਕਲਿਆਨਕਾਰੀ ਸਨ। ਇਹਨਾਂ ਦੇ ਬਚਨਾਂ ਵਿਚ ਸਤਿਅਮ, ਸ਼ਿਵਮ ਅਤੇ ਸੁੰਦਰਮ ਦੇ ਗੁਣ ਸਨ : 'ਗੁਰ' ਅਤੇ 'ਪ੍ਰਸਾਦਿ' ਸਨ। ਇਨ੍ਹਾਂ ਪਾਸ ਦੇਸ਼ ਜਾਤੀ ਲਈ ਸੰਦੇਸ਼ ਸੀ ਅਤੇ ਇਹਨਾਂ ਵਿਚ ਸੁਤੇਸਿਧ ਉਹ ਸੁਨੇਹਾ ਪ੍ਰਸਾਦੀ, ਸੁਹਜਵਾਦੀ, ਕੋਮਲ ਪਰ ਬਲਵਾਨ ਤਰੀਕੇ ਤੇ ਸਾਧਨ ਦੁਆਰਾ ਜਨਤਾ ਤੀਕ ਪੁਚਾਣ ਦੀ ਸਮਰਥਾ ਸੀ। ਇਹਨਾਂ ਦੇ ਸੁਨੇਹੇ ਵਿਚ ਬੁਨਿਆਦੀ ਤ੍ਰੈ-ਕਾਲ ਸਤਿ ਸਿਧਾਂਤ ਸਨ ਅਤੇ ਉਸ ਦੇ ਰੂਪ ਵਿਚ ਕਦੇ ਨਾ ਮੁਕਣ ਵਾਲੀ ਆਭਾ, ਚਮਕ ਤੇ ਦਮਕ ਵੀ ਸਨ। ਇਹ ਸੁਨੇਹਾ ਉਹਨਾਂ ਲੋਕਾਂ ਦਾ ਸੀ ਜਿਹੜੇ 'ਚੇਤੰਨ' ਸਨ ਕਿ 'ਸਤਿ' ਹੈ ਅਤੇ ਜੋ ਆਪ 'ਅਨੰਦ ਸਰੂਪ' ਸਨ ਜਿਸ ਕਰ ਕੇ ਉਹਨਾਂ ਦੇ ਬਚਨਾਂ ਵਿਚੋਂ ਅਨੰਦ-ਅੰਮ੍ਰਿਤ ਝਰਦਾ ਸੀ। ਇਹਨਾਂ ਲੋਕਾਂ ਦੇ ਸੁਨੇਹੇ ਵਿਚ ਆਤਮਕ ਥਰਥਰਾਹਟ ਹੀ, ਰਹੱਸਵਾਦੀ ਸਾਹਸ ਸੀ, ਮਾਨਸਕ ਬਲ ਸੀ ਅਤੇ ਬੋਧਿਕ ਸਮਰੱਥਾ ਸੀ, ਨਾਲ ਸਨ—ਕੋਮਲ, ਸੁੰਦਰ, ਵਚਿਤ੍ਰ ਕਲਪਨਾ, ਸ਼ਬਦ ਚਮਤਕਾਰ, ਅਲੋਕਿਕ, ਬਿੰਬਾਵਲੀ ਤੇ ਅਲੰਕਾਰਾਂ ਦੀ ਜਾਦੂਗਰੀ। ਇਹਨਾਂ ਮਹਾਨ ਪੁਰਸ਼ਾਂ ਦੀ ਕਲਾ ਪੂਰਨ ਭਾਂਤ ਕੌਸ਼ਲ ਹੁੰਦਿਆਂ ਵੀ ਕਲਾਰਹਿਤ ਸੀ। ਇਹ ਕੁਦਰਤ ਦੀ ਅਵਾਜ਼ ਸਨ—ਕਿਉਂਕਿ ਇਹਨਾਂ ਨੇ ਨਾ ਪਿੰਗਲ ਪੜ੍ਹੇ, ਨਾ ਕਵਿਤਾ ਕਹਿਣੀ ਸਿਖੀ, ਨਾ ਛੰਦ-ਅਭਿਆਸ ਕੀਤਾ, ਨਾ ਦਰਸ਼ਨ ਸ਼ਾਸਤ੍ਰਾਂ ਦਾ ਅਧਿਐਨ ਕੀਤਾ—ਕੇਵਲ ਆਪਣੀ ਸਮਾਧੀ ਵਿਚ ਇਹਨਾਂ ਨੇ ਪ੍ਰਭੂ ਨਾਲ ਗੱਲਾਂ ਕਰਕੇ ਵੇਖਿਆ, ਇਹਨਾਂ ਦੇ ਗੁਰੂਆਂ ਨੇ ਇਹਨਾਂ ਦੇ ਮਸਤਕ ਤੇ ਹੱਥ ਰੱਖਿਆ—ਇਹ ਸੰਸਾਰ ਦੀ ਪ੍ਰਥਮ ਸ਼ਰੇਣੀ ਦੇ ਕਵੀ ਹੋ ਪ੍ਰਗਟੇ। ਆਪ ਇਹਨਾਂ ਵਿਚ ਕਵਿਤਾ ਜਾਗੀ, ਆਪੇ ਇਹਨਾਂ ਦਾ ਅਨੁਭਵ ਖੁਲ੍ਹਿਆ, ਆਪੇ ਇਹਨਾਂ ਨੂੰ ਦਰਸ਼ਨ ਦਾ ਗਿਆਨ ਹੋਇਆ, ਆਪੇ ਇਹਨਾਂ ਨੂੰ ਛੰਦਾਬੰਦੀ ਦੀ ਚਾਲ ਸੁਝੀ, ਆਪੇ ਇਹਨਾਂ ਦੀ ਰਸਨਾ ਵਿਚੋਂ ਚਿਤ੍ਰ, ਬਿੰਬ ਤੇ ਅਲੰਕਾਰ ਝਰੇ—ਇਹ ਸੰਤ, ਭਗਤ, ਪੀਰ, ਫਕੀਰ ਕਵੀ, ਹੋ ਨਿਬੜੇ। ਹਾਂ, ਇਹ ਭਾਰਤ ਦੇ ਕਲਿਆਨ ਲਈ ਰੱਬ ਵਲੋਂ ਭੇਜੇ ਗਏ ਕਵੀ ਸਨ, ਇਸ ਲਈ ਇਹਨਾਂ ਭਾਰਤ ਦੇ ਪੁਰਾਤਨ ਧਾਰਮਕ, ਰਹੱਸਵਾਦੀ, ਅਧਿਆਤਮਕ ਸਾਹਿਤਕ ਵਿਰਸੇ ਨੂੰ ਵੀ ਅਗੇ ਤੋਰਨਾ ਸੀ, ਉਸ ਨੂੰ ਹੀ ਨਵੇਂ ਹਾਲਾਤ ਅਨੁਸਾਰ ਵਿਆਖਣਾ ਸੀ, ਉਸੇ ਪਰੰਪਰਾ ਨੂੰ ਸੁਰਜੀਤ ਕਰਨਾ ਸੀ, ਉਸੇ ਤੇ

ਭਾਰਤੀਆਂ ਦਾ ਗੌਰਵ ਕੇਂਦਰਤ ਕਰਨਾ ਸੀ। ਇਹਨਾਂ ਮਹਾਨ ਪੁਰਸ਼ਾਂ ਦੇ ਦਾਰਸ਼ਨਕ ਸਿਧਾਂਤ ਭਾਰਤੀ ਹਨ, ਇਹਨਾਂ ਦੇ ਬਿੰਬ, ਚਿੰਨ੍ਹ, ਪ੍ਰਤੀਕ ਤੇ ਅਲੰਕਾਰ ਭਾਰਤੀ ਹਨ, ਇਹਨਾਂ ਦੀ ਬੋਲੀ ਉਸ ਸਮੇਂ ਦੀ ਸਾਂਝੀ ਭਾਰਤੀ ਬੋਲੀ ਹੈ। ਭਾਵੇਂ ਕਿਸੇ ਕੋਨੇ ਵਿਚ ਬੈਠਾ ਕੋਈ ਭਗਤ ਗਾ ਰਹਿਆ ਸੀ, ਉਸ ਦੀ ਧੁਨੀ ਸਾਰੇ ਦੇਸ਼ ਲਈ ਮਧੁਰਤਾ ਦੇ ਸੰਦੇਸ਼ ਰਖਦੀ ਸੀ। ਇਹ ਸਾਰੇ ਦੇਸ਼ ਤੇ ਸਾਰੇ ਸੰਸਾਰ ਲਈ ਸਾਂਝੇ ਆਗੂ ਸਨ।

ਬੁਨਿਆਦੀ ਤੌਰ ਤੇ ਇਹ ਮਹਾਨ ਪੁਰਸ਼ ਚਿੰਤਕ-ਕਵੀ ਸਨ ਜੋ ਅਧਿਆਤਮਕੀ ਵਿਸਮਾਦ ਵਿਚ ਇਲਾਹੀ ਕੀਰਤਨ, ਰਾਗ, ਸੰਗੀਤ, ਵਿਚ ਬੋਲਦੇ ਸਨ। ਚਿੰਤਨ, ਕਵਿਤਾ ਤੇ ਕੀਰਤਨ ਇਹਨਾਂ ਦੇ ਸੁਨੇਹ ਦੇ ਪੱਖ ਸਨ। ਸਮੁਚੇ ਤੌਰ ਤੇ ਇਹਨਾਂ ਪੱਖਾਂ ਦੀ ਰੂਪ-ਰੇਖਾ ਇਸ ਪਰਕਾਰ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਕਵੀ ਆਪਣੀ ਸਿਖਰ ਤੇ ਅਦ੍ਵੈਤਵਾਦੀ ਸ਼ਨ ਤੇ ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੀ ਸਿਖਰ ਦੀ ਕਵਿਤਾ ਹੀ ਸੰਗ੍ਰਹਿਤ ਹੈ। ਇਹ ਮੂਲ ਰੂਪ ਵਿਚ ਨਿਰਗੁਣਵਾਦੀ ਸਨ ਪਰ ਪ੍ਰਭੂ ਲਈ ਸਰਗੁਣਵਾਦੀ ਨਾਮ ਵੀ ਵਰਤ ਲੈਂਦੇ ਸਨ ਕਿਉਂਕਿ ਇਹ ਕਵੀ ਸਨ, ਕੇਵਲ ਫ਼ਿਲਾਸਫ਼ਰ ਨਹੀਂ। ਹਰ ਰੂਪ ਵਿਚ ਇਹਨਾਂ ਨੂੰ ਕੇਵਲ ਬ੍ਰਹਮ ਪਸਾਰਾ ਹੀ ਨਦਰੀ ਆਉਂਦਾ ਸੀ। ਜੀਵ ਦੀ ਅਸਲ ਸੱਤਾ ਬ੍ਰਹਮ ਹੀ ਮੰਨਦੇ ਹਨ ਭਾਵੇਂ ਆਤਮਾ ਹਉਮੈ ਦੇ ਅਧੀਨ ਆਵਾਗਵਨ ਵਿਚ ਹੈ; ਪ੍ਰਭੂ ਕ੍ਰਿਪਾ ਜਾਂ ਨਦਰਿ ਹੀ ਆਤਮਾ ਦੇ ਛੁਟਕਾਰੇ ਦਾ ਸਾਧਨ ਹੈ। ਪ੍ਰਭੂ ਕ੍ਰਿਪਾ ਇਹ ਹੈ ਕਿ ਗੁਰੂ ਕਿਰਪਾ ਦੁਆਰਾ ਮਨੁੱਖ ਨਾਮ ਸਿਮਰਨ, ਗੁਰੂ ਭਗਤੀ ਅਤੇ ਸੇਵਾ ਭਗਤੀ ਵਿਚ ਲਗੇ। ਪ੍ਰਕ੍ਰਿਤੀ ਸੀਮਤ ਸਮੇਂ ਤੇ ਸਥਾਨ ਵਿਚ ਸਤਿ ਸਰੂਪ ਹੈ, ਨਿਰੀ ਕਲਪਨਾ ਜਾਂ ਮਿਥਿਆ ਨਹੀਂ ਹੈ, ਸਗੋਂ ਇਹ ਸੰਜੋਗ ਵਿਜੋਗ ਦਾ ਵਿਸਮਾਦ ਹੈ। ਸਾਰਾ ਜੀਵਨ, ਕੀ ਮਨੁੱਖ ਤੇ ਕੀ ਪ੍ਰਕ੍ਰਿਤੀ, ਸੰਜੋਗ-ਵਿਜੋਗ ਤੇ ਹੁਕਮ ਦਾ ਵਿਸਮਾਦ ਹੈ। ਮੁਕਤੀ ਸਚ-ਖੰਡ ਦਾ ਨਿਵਾਸ ਹੈ, ਹਸਤੀ ਦਾ ਵਿਨਾਸ਼ ਨਹੀਂ ਹੈ ਅਤੇ ਜੀਵਨ-ਮੁਕਤ ਪਦ ਵੀ ਅਸਲੀਅਤ ਹੈ। ਬੰਧਨ ਜਾਂ ਮੁਕਤੀ 'ਕਿਰਤ-ਕਰਮ' ਦੇ ਅਧੀਨ ਹੈ ਪਰ ਨਾਮ ਤੇ ਨਦਰਿ ਕਰਮ-ਬੰਧਨ ਨੂੰ ਤੋੜ ਸਕਦੇ ਹਨ। ਮਨ ਮਹਾਨ ਸ਼ਕਤੀ ਹੈ ਜੋ ਉਤਮ ਪਾਸੇ ਵੀ ਲੈ ਜਾ ਸਕਦੀ ਹੈ ਅਤੇ ਗਿਰਾਵਟ ਵਿਚ ਵੀ। ਗੁਰੂ ਪਰਮਾਤਮਾ ਦਾ ਸਰੂਪ ਹੈ, ਬਾਣੀ ਉਸ ਦਾ ਅਸਲ ਸਰੂਪ ਹੈ। ਬਾਣੀ-ਵਿਚਾਰ ਵਿਚੋਂ ਨਾਮ ਦੀ ਸੂਝ ਪੈਦਾ ਹੁੰਦੀ ਹੈ; ਨਾਮ ਆਤਮਕ ਉੱਥਾਨ ਦਾ ਮਾਰਗ ਹੈ। ਸਾਧ-ਭਗਤੀ, ਸੰਤ-ਸੇਵਾ, ਕੀਰਤ, ਮਾਨਵ-ਸੇਵਾ, ਇੰਦ੍ਰੀ-ਦਮਨ, ਕੀਰਤਨ ਕਥਾ ਸ੍ਰਵਣ, ਦਇਆ, ਸਤਿ, ਸੰਤੋਖ, ਸਭ ਗਤੀ ਦੇ ਹੀ ਸਰੂਪ ਹਨ ਅਤੇ ਨਾਮ ਭਗਤੀ ਦੀ ਉਤਪਤੀ ਦੇ ਸਾਧਨ ਹਨ। ਕਾਮਾਦਿਕ ਤੇ ਕਾਬੂ ਪਾਣ ਨਾਲ ਬਖ਼ਸ਼ਸ਼ ਦਾ ਦਰ ਖੁਲ੍ਹਦਾ ਹੈ। *ਗੁਰੂ ਗ੍ਰੰਥ ਸਾਹਿਬ* ਦੇ ਸਾਰੇ ਸੰਤ, ਭਗਤ ਤੇ ਗੁਰੂ ਵਿਚੇ ਗ੍ਰਸਤ ਉਦਾਸ' ਦੇ ਮਾਰਗ ਦੇ ਉਪਦੇਸ਼ਕ ਸਨ, ਇਸ ਲਈ ਇਹਨਾਂ ਸਾਰਿਆਂ ਵਿਚ ਸਮਾਜਕ ਚੇਤਨਾ ਪੂਰੀ ਪੂਰੀ ਸੀ। ਕਈ ਭਗਤਾਂ ਦੇ ਜੀਵਨ ਦਾ ਸਾਰਾ ਵੇਰਵਾ ਪਤਾ ਨਹੀਂ ਹੈ, ਪਰ ਨਿਸਚੇ ਹੀ ਇਹਨਾਂ ਵਿਚੋਂ ਬਹੁਤ ਗ੍ਰਿਸਤੀ ਹੀ ਹੋਏ ਹਨ—ਜਿਵੇਂ ਨਾਮਦੇਵ ਤ੍ਰਿਲੋਚਨ, ਕਬੀਰ, ਰਵਿਦਾਸ, ਤੇ ਗੁਰੂ ਸਾਹਿਬਾਨ। ਇਹਨਾਂ ਨੇ ਆਪਣੇ ਜ਼ਮਾਨੇ ਦੇ ਸਮਾਜ ਵਿਚ ਧਾਰਮਕ ਪਾਖੰਡ, ਧਾਰਮਕ ਗਿਰਾਵਟ, ਸੰਸਾਰ ਤਿਆਗ ਦੀਆਂ ਰੁਚੀਆਂ, ਔਖੇ ਨਿਰਾਰਥਕ ਕਰਮਕਾਂਡ ਬ੍ਰਾਹਮਣਵਾਦ, ਸਦਾਚਾਰਕ ਗਿਰਾਵਟ, ਮਾਇਆਧਾਰੀ ਸੁਭਾ, ਸਮਾਜ ਤੇ ਮਾਇਆ ਦੀ ਪੀਡੀ ਪਕੜ, ਸ਼ਰ੍ਹਾ, ਜਾਤ-ਪਾਤ, ਊਚ-ਨੀਚ, ਲਿੰਗ ਵਿਤਕਰੇ, ਰਾਜਸੀ ਜਬਰ, ਰਿਸ਼ਵਤ, ਅਨਿਆਂ, ਹਉਮੈ (ਵਿਸ਼ੇਸ਼ ਕਰਕੇ ਗੁਰੂ ਸਾਹਿਬਾਨ ਨੇ) ਦੀ ਨਿਖੇਧੀ ਕੀਤੀ ਹੈ ਅਤੇ ਸਾਦਾ, ਸਤਿ, ਭੈ ਦਾ

ਜੀਵਨ ਜੀਣ ਲਈ ਪਰੇਰਨਾ ਦਿੱਤੀ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਸਾਰੀ ਰਚਨਾ ਵਿਚ ਕੇਵਲ ਇੰਨੇ ਹੀ ਬੁਨਿਆਦੀ ਸਿਧਾਂਤ ਤੇ ਖ਼ਿਆਲ ਤਾਣੇ ਪੇਟੇ ਵਾਂਗ ਸਮਾਏ ਹੋਏ ਹਨ ਪਰ ਕਮਾਲ ਇਹ ਹੈ ਕਿ ਹਰ ਪਦਾ ਆਪਣੇ ਆਪ ਵਿਚ ਨਵੀਨ ਤੇ ਤਾਜ਼ਾ ਹੈ; ਉਹ ਸਿਧਾਂਤਾਂ ਦੀ ਤਾਜ਼ੀ ਵਿਆਖਿਆ ਹੈ ਜੋ ਕਿਸੇ ਹੋਰ ਰਚਨਾ, ਪਦੇ ਜਾਂ ਕਵਿਤਾ ਦੀ ਨਕਲ ਨਹੀਂ, ਨਾ ਹੀ ਉਸ ਦਾ ਬਿੰਬ ਹੈ। ਹਰ ਭਗਤ, ਸੰਤ ਤੇ ਗੁਰੂ ਦਾ ਆਪਣਾ ਹੀ ਰੰਗ ਹੈ ਕਿਉਂਕਿ ਹਰ ਇਕ ਦੀ ਆਪਣੀ ਹੀ ਸ਼ਖ਼ਸੀਅਤ ਹੈ, ਭਾਵੇਂ ਸਾਰਿਆਂ ਦੀ ਅੰਤਮ ਸਿਖਰ ਤੇ ਤਜਰਬਾ ਇਕ ਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਭਗਤਾਂ, ਸੰਤਾਂ ਤੇ ਗੁਰੂਆਂ ਦੀ ਤਾਜ਼ਗੀ ਤੇ ਮਿਠਾਸ ਦਾ ਕਾਰਨ ਉਹਨਾਂ ਦੀ ਆਪਣੀ ਆਪਣੀ ਕਲਾ-ਕੌਸ਼ਲਤਾ ਹੈ। ਇਹਨਾਂ ਦੀ ਕਲਾ ਦੀ ਪ੍ਰਮੁਖ ਚੀਜ਼ ਰਾਮ ਤੇ ਕਵਿਤਾ ਦਾ ਸੰਜੋਗ ਹੈ ਜਿਸ ਕਰ ਕੇ ਨਾ ਕੇਵਲ ਇਹ ਹਰ ਰਚਨਾ ਰਾਗ ਦੀਆਂ ਜ਼ਰੂਰੀ ਸ਼ਰਤਾਂ ਨੂੰ ਮੁਖ ਰਖ ਕੇ ਕਰਦੇ, ਸਗੋਂ ਉਸ ਰਚਨਾ ਨੂੰ ਉਸ ਦੇ ਰਾਗ-ਸਵਰ ਵਿਚ ਅਲਾਪ ਵੀ ਸਕਦੇ। ਇਹਨਾਂ ਸਾਰਿਆਂ ਨੇ ਪ੍ਰਮੁਖ ਰਸ 'ਸ਼ਾਂਤ' ਹੀ ਰਖਿਆ ਹੈ ਅਤੇ ਇਹੋ ਭਗਤੀ ਤੇ ਅਧਿਆਤਮਕ-ਕਾਵਿ ਦਾ ਪਰਧਾਨ ਰਸ ਹੋ ਸਕਦਾ ਹੈ। ਇਹਨਾਂ ਨੇ ਅਲੰਕਾਰਾਂ ਵਿਚੋਂ ਰੂਪਕ ਤੇ ਉਪਮਾ ਨੂੰ ਵਿਸ਼ੇਸ਼ ਸਥਾਨ ਦਿੱਤੇ ਹਨ ਅਤੇ ਇਹ ਉਪਮਾਵਾਂ ਜਾਂ ਰੂਪਕ; ਚਿੰਨ੍ਹ ਪ੍ਰਤੀਕ ਆਦਿ ਇਹਨਾਂ ਨੇ ਭਾਰਤੀ ਰਹੱਸਵਾਦ ਦੀ ਟਕਸਾਲ ਜਾਂ ਪਰੰਪਰਾ ਵਿਚੋਂ ਲਏ ਹਨ। ਭਾਰਤੀ ਮਿਥਿਹਾਸ ਦੇ ਪਾਤਰ ਤੇ ਸੰਕੇਤ ਇਹਨਾਂ ਨੇ ਭਗਤੀ ਤੇ ਨਦਰਿ ਤੇ ਸਿਧਾਂਤਾਂ ਦੀ ਵਿਆਖਿਆ ਲਈ ਵਰਤੇ ਹਨ। ਇਹਨਾਂ ਸਾਰਿਆਂ ਨੇ ਇਕ ਸਾਂਝੀ ਸਾਧ ਭਾਖਾ ਵਰਤੀ ਹੈ ਜਿਸ ਵਿਚ ਬਹੁਤ ਭਾਗ ਸੰਸਕ੍ਰਿਤ (ਸਿਧਾਂਤਕ ਸ਼ਬਦਾਵਲੀ), ਪ੍ਰਾਕ੍ਰਿਤਾਂ ਤੇ ਸਥਾਨਕ ਬੋਲੀਆਂ ਦਾ ਹੈ ਅਤੇ ਨਾਲ ਫ਼ਾਰਸੀ ਦੇ ਮਿਲਾਵਟ ਵੀ ਦਿਸਦੀ ਹੈ। ਪਰ ਇਹਨਾਂ ਦੀ ਕਲਾ ਵਿਚ ਵਿਸ਼ੇਸ਼ ਬਲ ਇਸ ਕਰਕੇ ਹੈ ਕਿ ਹਰ ਕੋਈ ਆਪਣਾ ਜ਼ਾਤੀ ਅਨੁਭਵ ਤੇ ਤਜਰਬਾ ਅੰਕਿਤ ਕਰ ਰਹਿਆ ਹੈ, ਕੇਵਲ ਫਿਲਾਸਫ਼ੀ ਦੇ ਬੌਧਿਕ ਵਿਚਾਰ ਨਹੀਂ ਦੇ ਰਹਿਆ, ਇਹਨਾਂ ਸਾਰਿਆਂ ਨੇ ਪਰਮਾਤਮਾ ਵੇਖਿਆ, ਮਾਣਿਆ, ਤੇ ਚੱਖਿਆ ਸੀ; ਆਪ ਨਾਮ ਦੁਆਰਾ ਉਚੇ ਉਠੇ ਸਨ; ਆਪ ਪੂਰਨ ਮਨੁੱਖ ਬਣੇ ਸਨ। ਇਸ ਲਈ ਇਹਨਾਂ ਦੀ ਕਲਾ-ਕਿਰਤ ਤੇ ਨਿਸਚਾ ਬੱਝਦਾ ਹੈ।

ਇਹਨਾਂ ਸੰਤਾਂ ਤੇ ਗੁਰੂਆਂ ਦੀਆਂ ਕਲਾ ਦੀਆਂ ਵਿਸ਼ੇਸ਼ਤਾਈਆਂ ਜਾਂ ਇਹਨਾਂ ਦੀ ਕਲਾਤਮਕ ਪਰੰਪਰਾ ਦਾ ਵਿਸਥਾਰ ਅਗੇ ਦਿੱਤਾ ਹੈ, ਪਰ ਇਕ ਗੱਲ ਉਸ ਬਾਰੇ ਇਥੇ ਹੀ ਕਹਿ ਦੇਣੀ ਉਚਿਤ ਹੈ। ਇਹਨਾਂ ਦੀ ਕਲਾ ਸਹਜ-ਪੱਧਤੀ ਦੀ ਕਲਾ ਹੈ, ਭਾਵ ਉਸ ਦੀ ਨਾ ਤੇ ਉਪਜ ਉਲਾਰ ਕਲਪਨਾ, ਭਾਵਕਤਾ, ਸਰੋਦ, ਰੋਮਾਂਸ, ਦ੍ਰਿਸ਼ਟੀਕੋਨਾਂ, ਵਿਚਾਰਾਂ, ਫ਼ਲਸਫ਼ਿਆਂ ਜਾਂ ਰਸਾਂ (sentiments) ਵਿਚੋਂ ਹੋਈ ਹੈ ਅਤੇ ਨਾ ਹੀ ਇਹ ਕਲਾ ਮਨੁੱਖ ਵਿਚ ਉਲਾਰਪਨ ਦੀ ਉਤਪਤੀ ਕਰਦੀ ਹੈ। ਇਹ ਕਲਾ ਸਹਜ ਵਿਚੋਂ ਹੀ ਉਪਜੀ ਹੈ ਅਤੇ ਸਹਜ ਦਾ ਹੀ ਪਰਚਾਰ ਕਰਦੀ ਹੈ। ਇਸ ਦਾ ਪਰਧਾਨ ਰਸ 'ਸ਼ਾਂਤ' ਹੈ ਅਤੇ ਇਸ ਦੀ ਪਰੇਰਨਾ ਵਿਚ ਸੰਤੁਲਤ ਸੰਜੋਗ ਹੈ; ਅਰਸ਼ੀ ਤੇ ਫ਼ਰਸ਼ੀ ਅਸਲੀਅਤਾਂ ਦਾ, ਉਦਾਸ ਤੇ ਗ੍ਰਸਤ ਦਾ, ਹਿੰਦੂ ਮਤ ਤੇ ਇਸਲਾਮ ਦਾ, ਨਾਮ ਤੇ ਕਿਰਤ ਦਾ, ਇਸ਼ਨਾਨ ਤੇ ਦਾਨ ਦਾ, ਨੇਮ ਤੇ ਪ੍ਰੇਮ ਦਾ, ਧਰਮ ਤੇ ਕਰਮ ਦਾ ਗਿਆਨ ਤੇ ਸ਼ਰਮ ਦਾ, ਭਗਤੀ ਤੇ ਸ਼ਕਤੀ ਦਾ, ਆਦਰਸ਼ ਤੇ ਯਥਾਰਥ ਦਾ, ਆਸਾ ਤੇ ਨਿਰਾਸਾ ਦਾ, ਪੁਰਸ਼ ਤੇ ਪ੍ਰਕ੍ਰਿਤੀ ਦਾ, ਗਿਆਨ ਤੇ ਭਗਤੀ ਦਾ, ਕਰਮ ਤੇ ਭਗਤੀ ਦਾ, ਵੇਦ ਤੇ ਕਤੇਬ ਦਾ, ਲਿੰਗ ਤੇ ਸੰਕੋਚ ਦਾ, ਧਰਮ ਤੇ ਰਾਜਨੀਤੀ ਦਾ ਕਿਰਤ ਤੇ ਕਰਮ ਦਾ, ਹੁਕਮ ਤੇ ਭਾਣੇ ਦਾ। ਸਹਜ, ਇਕ

ਜੀਵਨ-ਦ੍ਰਿਸ਼ਟੀਕੋਣ ਹੈ, ਇਕ ਜਾਚ ਹੈ। ਇਹ ਪਹਿਲਾਂ ਕਲਾਕਾਰ ਦੀ ਸ਼ਖ਼ਸੀਅਤ ਵਿਚ ਆਉਂਦਾ ਹੈ, ਫਿਰ ਉਸ ਦੀ ਕਰਨੀ ਵਿਚ ਤੇ ਕਥਨੀ ਵਿਚ। ਸਹਜ ਸੁਨਹਿਰੀ ਦਰਮਿਆਨੀ ਰਸਤਾ ਹੈ (Golden Mean)। ਸਹਜ ਸਤਿਕਾਰ ਵਾਲੇ ਸਮਝੌਤੇ ਤੇ ਅਦ੍ਵੈਤੀ ਭਾਵਨਾ ਵਿਚੋਂ ਉਪਜਦਾ ਹੈ ਜਿਥੇ 'ਦੇਹੁਰਾ ਤੇ ਮਸੀਤ' ਇਕ ਹੋ ਜਾਂਦੇ ਹਨ, 'ਰਾਮ ਤੇ ਰਹੀਮ' ਇਕ ਹੋ ਜਾਂਦੇ ਹਨ ਅਤੇ 'ਪੂਜਾ ਤੇ ਨਿਵਾਜ਼' ਇਕ ਹੋ ਜਾਂਦੇ ਹਨ ਜਾਂ ਅਲੋਪ ਹੀ ਹੋ ਜਾਂਦੇ ਹਨ ਤੇ ਕੇਵਲ ਵਿਸ਼ਾਲ ਬ੍ਰਹਮ ਤੇ ਉਸ ਦੀ ਵਿਸ਼ਾਲ ਮਨੁੱਖਤਾ ਰਹਿ ਜਾਂਦੇ ਹਨ। ਇਹ ਵਿਚਾਰਾਂ ਦਾ ਸਹਜ ਹੈ।

ਇਸੇ ਲਈ ਇਹ ਕਲਾਕਾਰ ਉਹ ਸ਼ਬਦਾਵਲੀ, ਚਿਤ੍ਰਾਵਲੀ, ਬਿੰਬਾਵਲੀ ਵੀ ਨਹੀਂ ਵਰਤਦੇ ਜਿਹੜੀ ਮਨੁੱਖ ਵਿਚ ਕਿਸੇ ਪਰਕਾਰ ਦਾ—ਜਿਨਸੀ, ਸਰੀਰਕ, ਮਾਨਸਕ, ਕਰਤੱਵ ਦਾ ਉਲਾਰ ਪੈਦਾ ਕਰੇ; ਉਸ ਕਲਪਨਾ ਦੇ ਵਹਿਣ ਵਿਚ ਨਹੀਂ ਪੈਂਦੇ, ਜੋ ਅਸਲੀਅਤ ਨਾ ਹੋ ਸਕੇ; ਉਸ ਜਜ਼ਬੇ ਵਿਚ ਨਹੀਂ ਰੁੜ੍ਹਦੇ ਜਿਥੋਂ ਬਚਾ ਨਾ ਹੋਵੇ। ਇਹ ਕਲਾਕਾਰ ਡੂੰਘੇ ਜਾਂਦੇ ਹਨ, ਉਚੇ ਉਡਦੇ ਹਨ—ਪਰ ਕਦੇ ਪ੍ਰਭੂ, ਸੰਸਾਰ ਤੇ ਮਨੁੱਖ ਨਾਲੋਂ, ਕਿਸੇ ਮਸਤੀ ਜਾਂ ਮਦ ਵਿਚ, ਰਿਸ਼ਤਾ ਤੋੜਦੇ ਨਹੀਂ, ਇਹ ਗੰਭੀਰ ਰਹਿੰਦੇ ਹਨ, ਉਛਲਦੇ ਨਹੀਂ। ਇਹ ਹੈ ਸਹਜ ਕਲਾ। ਕਮਾਲ ਨਿਪੁੰਨਤਾ ਨਾਲ, ਇਹਨਾਂ ਕਵੀਆਂ ਨੇ ਮੌਤ ਨੂੰ ਡਰਾਉਣਾ ਨਹੀਂ ਰਹਿਣ ਦਿੱਤਾ, ਅਤੇ ਜੀਵਨ ਨੂੰ ਕੇਵਲ ਮਾਇਆ ਦਾ ਚਮਤਕਾਰ ਨਹੀਂ ਰਹਿਣ ਦਿੱਤਾ, ਪ੍ਰਭੂ ਨੂੰ ਨਿਰਾ ਮਨੁੱਖ ਨਹੀਂ ਬਣਾ ਦਿੱਤਾ ਪਰ ਫਿਰ ਵੀ 'ਤੂੰ ਮੇਰਾ ਪਿਤਾ ਤੂ ਹੈ ਮੇਰੀ ਮਾਤਾ' ਤੀਕ ਲੈ ਆਂਦਾ ਹੈ; ਕਰਮ ਨੂੰ ਨਿਰਬਲ ਨਹੀਂ ਸਿਧ ਕੀਤਾ ਪਰ ਮਸਤਕ ਦੇ ਲੇਖ ਦਾ ਵੀ ਸਤਿਕਾਰ ਕਾਇਮ ਰਖਿਆ ਹੈ। ਸਹਜ-ਪ੍ਰਭਾਵ ਸ਼ਬਦਾਂ ਅੱਖਰਾਂ ਨਾਲ ਹੀ ਉਤਪੰਨ ਕੀਤਾ ਹੈ। ਇਸ ਰਚਨਾ ਦਾ ਉਦੇਸ਼ ਮਾਨਵ ਕਲਿਆਣ ਹੈ ਅਤੇ ਇਸ ਦੀ ਕਲਾ-ਪਰੰਪਰਾ ਸਹਜ ਦੀ ਹੈ। [*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ*, ਮੁਖਬੰਧ ਪੰਨਾ ੧੯-੨੦, ੧੯੮੦, ਦੂਜਾ ਐਡੀਸ਼ਨ]

੯੨. *ਪ੍ਰੋ. ਸਾਹਿਬ ਸਿੰਘ* ੧੯੬੪ ਈ.

ਗੁਰੂ ਕੌਣ ਹੈ

ਸ਼ਰੀਰਕ ਤੌਰ ਤੇ ਸਦਾ ਇਥੇ ਕਿਸੇ ਨੇ ਟਿਕੇ ਨਹੀਂ ਰਹਿਣਾ। ਕੁਦਰਤ ਦੇ ਨਿਯਮਾਂ ਅਨੁਸਾਰ ਜਗਤ ਰਚਨਾ ਦੇ ਸਮੇਂ ਤੋਂ ਹੀ ਮਨੁੱਖ ਦੀ ਮਾਨਸਕ ਬਣਤਰ ਦੇ ਨਿਯਮ ਅਟੱਲ ਤੁਰੇ ਆ ਰਹੇ ਹਨ। ਇਹ ਨਿਯਮ ਸਦਾ ਲਈ ਅਟੱਲ ਤੁਰਿਆ ਆ ਰਿਹਾ ਹੈ ਕਿ ਜ਼ਿੰਦਗੀ ਦੇ ਦਰਿਆ ਪਰਮਾਤਮਾ ਵਿਚ ਜੁੜੇ ਰਿਹਾਂ ਹੀ ਸੁਚਾ ਜੀਵਨ ਹਾਸਲ ਹੋ ਸਕਦਾ ਹੈ। ਗੁਰੂ ਨੇ ਇਹ ਸਾਰੇ ਨਿਯਮ ਆਪਣੀ ਬਾਣੀ ਵਿਚ ਸਮਝਾ ਦਿੱਤੇ ਹਨ। ਸੋ ਇਹ ਬਾਣੀ ਸਦਾ ਲਈ ਮਨੁੱਖ ਦੇ ਸਹੀ ਜੀਵਨ ਦੀ ਅਗਵਾਈ ਕਰਦੀ ਰਹੀ ਹੈ, ਕਰਦੀ ਰਹੇਗੀ। *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਬਾਣੀ ਨੂੰ ਧਿਆਨ ਨਾਲ ਪੜ੍ਹਕੇ ਵੇਖੋ ਸ਼ੁਰੂ ਤੋਂ ਲੈ ਕੇ ਅਖੀਰ ਤਕ ਇਸੇ ਖਿਆਲ ਦੀ ਹੀ ਵਿਆਖਿਆ ਹੈ ਕਿ 'ਕਿਵ ਕੂੜੈ ਤੁਟੈ ਪਾਲਿ'। ਗੁਰੂ ਬਾਣੀ ਹੈ, ਤੇ ਬਾਣੀ ਹੀ ਗੁਰੂ ਹੈ ਸਦਾ-ਥਿਰ ਗੁਰੂ ਹੈ। ਗੁਰੂ ਦਾ ਸਰੀਰਕ ਇਤਿਹਾਸ ਮਨੁੱਖ ਦੀ ਅਗਵਾਈ ਲਈ ਪੂਰਨੇ ਹਨ। ਇਹ ਇਤਿਹਾਸ ਗੁਰਬਾਣੀ ਦੇ ਅਨੁਕੂਲ ਹੀ ਹੋ ਸਕਦਾ ਹੈ। ਸਰੀਰਕ ਜਾਮੇ ਵੇਲੇ ਗੁਰੂ ਦੀ ਕਥਨੀ ਤੇ ਕਰਣੀ ਮੁਕੰਮਲ ਤੌਰ ਤੇ ਇਕ-ਰੂਪ ਰਹੇ ਹਨ।

ਅਨੁਪਾਨ-ਅੰਮ੍ਰਿਤ ਵੇਲਾ ਤੇ ਸਾਧਸੰਗਤਿ

ਕਿਸੇ ਸਰੀਰਕ ਰੋਗ ਦਾ ਇਲਾਜ ਕਰਨ ਵਾਸਤੇ ਨਿਰੀ ਦਵਾਈ ਹੀ ਕਾਫੀ ਨਹੀਂ ਹੋਇਆ ਕਰਦੀ। ਇਹ ਧਿਆਨ ਰਖਣਾ ਭੀ ਜ਼ਰੂਰੀ ਹੁੰਦਾ ਹੈ ਕਿ ਦਵਾਈ ਦੁਧ, ਪਾਣੀ, ਚਾਹ, ਸ਼ਰਬਤ ਆਦਿ ਕਿਸ ਚੀਜ਼ ਨਾਲ ਖਾਣੀ ਹੈ। ਕੋਈ ਦਵਾਈ ਖਾਲੀ ਪੇਟ ਸਵੇਰੇ ਹੀ ਖਾਣੀ ਹੁੰਦੀ ਹੈ, ਕੋਈ ਰੋਟੀ ਤੋਂ ਪਿਛੋਂ, ਕੋਈ ਪਹਿਲਾਂ। ਇਸੇ ਤਰ੍ਹਾਂ ਖ਼ੁਰਾਕ ਦਾ ਭੀ ਪੂਰਾ ਧਿਆਨ ਰਖਣਾ ਹੁੰਦਾ ਹੈ। ਕੋਈ ਚੀਜ਼ ਖਾਣੀ ਹੁੰਦੀ ਹੈ, ਕੋਈ ਨਹੀਂ ਖਾਣੀ ਹੁੰਦੀ। ਆਤਮਕ ਤੇ ਮਾਨਸਕ ਰੋਗਾਂ ਵਾਸਤੇ ਭੀ ਇਹੋ ਜਿਹੇ ਹੀ ਨਿਯਮ ਹਨ। ਰੋਗ ਹੈ 'ਜਗਤ ਦਾ ਮੋਹ', ਇਸ ਦੀ ਦਵਾਈ ਹੈ, 'ਪ੍ਰਭੂ ਚਰਨਾਂ ਵਿਚ ਜੁੜਨਾ'। ਸੂਰਜ ਚੜ੍ਹਦੇ ਸਾਰ ਮਨੁੱਖ ਦੀ ਸੁਰਤਿ ਜਗਤ ਦੇ ਧੰਦਿਆਂ ਵਿਚ ਖਿੰਡ ਜਾਂਦੀ ਹੈ, ਦੁਨੀਆਂ ਵਾਲੇ ਕੰਮ ਭੀ ਮਨ ਲਾ ਕੇ ਕੀਤਿਆਂ ਹੀ ਸਿਰੇ ਚੜ੍ਹਦੇ ਹਨ। ਤੇ ਮਨ ਇਕੋ ਪਾਸੇ ਹੀ ਲਗ ਸਕਦਾ ਹੈ—ਚਾਹੇ ਪ੍ਰਭੂ ਦੀ ਯਾਦ ਵਿਚ ਜੁੜੇ, ਚਾਹੇ ਰੋਜ਼ੀ ਕਮਾਣ ਵਾਸਤੇ ਲੋੜੀਂਦੀ ਦੌੜ ਭੱਜ ਵਲ ਪਰਤੇ। ਸੋ ਸਭ ਤੋਂ ਵਧੀਆ ਗੱਲ ਇਹੀ ਹੈ ਕਿ ਦੁਨੀਆਂ ਦੀ ਦੌੜ ਭੱਜ ਤੋਂ ਪਹਿਲਾਂ ਪਹਿਲਾਂ ਹੀ ਮਨੁੱਖ ਆਤਮਕ ਰੋਗਾਂ ਨੂੰ ਦੂਰ ਕਰਨ ਵਾਲੀ ਦਵਾਈ ਵਰਤ ਲਿਆ ਕਰੇ। ਗੁਰਮਤਿ ਦੀ ਬੋਲੀ ਵਿਚ ਇਉਂ ਕਹਿ ਲਵੋ ਕਿ ਸਿੱਖ ਅੰਮ੍ਰਿਤ ਵੇਲੇ ਉਠਕੇ ਇਸਨਾਨ ਆਦਿਕ ਨਾਲ ਸਰੀਰਕ ਆਲਸ ਦੂਰ ਕਰਕੇ ਗੁਰਬਾਣੀ ਵਿਚ ਮਨ ਜੋੜੇ, ਪ੍ਰਭੂ ਦੀ ਸਿਫਤਿ ਸਲਾਹ ਵਿਚ ਟਿਕੇ।

[ਪੰਨਾ ੭੦੪-੫]

ਪਰ ਜਿਸ ਮਹਾਂ ਪੁਰਖ ਨੂੰ, ਜਿਸ ਅਵਤਾਰ ਨੂੰ, ਜਿਸ ਗੁਰੂ ਨੂੰ ਮਨੁੱਖ ਅਪਨਾ ਇਸ਼ਟ ਬਣਾਂਦਾ ਹੈ, ਉਸ ਨੂੰ ਬਣਾਂਦਾ ਹੈ ਅਪਨਾ ਆਤਮਕ ਜੀਵਨ ਉੱਚਾ ਕਰਨ ਲਈ। ਆਤਮਕ ਜੀਵਨ ਦੀ ਉਚਤਾ ਇਹ ਹੈ ਕਿ ਮਨੁੱਖ ਦੇ ਅੰਦਰੋਂ ਮੇਰ ਤੇਰ ਮਿਟੇ, ਵੈਰ ਵਿਰੋਧ ਦੂਰ ਹੋਵੇ, ਨਫਰਤ ਈਰਖਾ ਮੁੱਕੇ, ਆਪਣੇ ਅੰਦਰ ਵਸਦਾ ਪਰਮਾਤਮਾ ਸਾਰੀ ਖਲਕਤਿ ਵਿਚ ਵਸਦਾ ਦਿੱਸੇ ਤਾਂਕਿ ਮਨੁੱਖ ਸਭ ਦਾ ਭਲਾ ਮੰਗੇ, ਵਧੀਕੀ ਕਰਨ ਵਾਲੇ ਦਾ ਭੀ ਭਲਾ ਮੰਗੇ। ਇਹ ਆਤਮਕ ਉਚਤਾ ਤਦੋਂ ਹੀ ਮਨੁੱਖ ਦੇ ਅੰਦਰ ਪਲ੍ਰਰ ਸਕਦੀ ਹੈ ਜੇ ਇਹ ਉਚੇ ਸੁੱਚੇ ਜੀਵਨ ਵਾਲੇ ਅਪਣੇ ਇਸ਼ਟ ਦੇ ਆਤਮਾ ਨਾਲ ਜੁੜਿਆ ਰਹੇ। ਉਚੇ ਮਹਾਂਪੁਰਖਾਂ ਦੀ ਆਤਮਾ ਹੈ, ਉਸਦੀ ਬਾਣੀ। ਜਿਉਂ ਜਿਉਂ ਮਨੁੱਖ ਆਪਣੇ ਇਸ਼ਟ ਮਹਾਂਪੁਰਖ ਦੀ ਬਾਣੀ ਨਾਲ ਜੁੜਦਾ ਹੈ, ਉਸਦੇ ਅੰਦਰ ਆਤਮਕ ਜੀਵਨ ਉਚਾ ਬਣਾਣ ਵਾਲੇ ਗੁਣ ਵਧਦੇ ਫੁਲਦੇ ਹਨ।

[*ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, ਪੰਨਾ ੭੦੯, ਪੋਥੀ ਦਸਵੀਂ (ਤੀਜੀ ਛਾਪ)]

੯੩. *ਪ੍ਰਿੰ. ਧਰਮਾਨੰਤ ਸਿੰਘ* ੧੯੬੫ ਈ.

(14) *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਸਤਿਗੁਰਾਂ ਨੇ ਪ੍ਰਤਯੇਕ 'ਭਾਵ-ਰਸਾਮ੍ਰਿਤ-ਪੂਰਿਤ' ਸ਼ਬਦ, ਵਾਕ ਤੇ ਵਾਕਾਂਗ ਨੂੰ ਇਉਂ ਅਨੁਭਵ ਕੀਤਾ ਹੈ ਜਿਵੇਂ ਕੋਈ ਰੱਬ ਦੀ ਦਰਗਾਹ ਦਾ ਮਕਬੂਲ ਮਹਾਤਮਾ ਸੰਤ ਹੋਵੇ ਜਿਸ ਦੇ ਮਸਤਕ ਵਿਚ ਨੂਰ, ਨੇਤ੍ਰਾਂ ਵਿਚ ਕਸ਼ਸ਼, ਦਿਲ ਵਿਚ ਸਰੂਰ, ਮੁਖਾਰਬਿੰਦ ਵਿਚ ਸ਼ਾਂਤਿ, ਹੱਥਾਂ-ਪੈਰਾਂ ਵਿਚ ਕੋਮਲਤਾ ਤੇ ਚਾਲ ਵਿਚ ਮਸਤੀ ਹੋਵੇ। ਇਸ ਪ੍ਰਕਾਰ, ਪ੍ਰਤਯੇਕ 'ਭਾਵ-ਰਸਾਮ੍ਰਿਤ-ਪੂਰਿਤ' ਸ਼ਬਦ, ਵਾਕ ਤੇ ਵਾਕਾਂਗ ਰੂਪੀ ਮੰਦਰ ਵਿਚ, ਸਤਿਗੁਰਾਂ ਨੇ ਆਪਣੀ ਸ਼ਖ਼ਸੀਅਤ ਦੀ ਜੀਉਂਦੀ-ਜਾਗਦੀ ਮੂਰਤੀ ਹੀ ਅਸਥਾਪਨ ਕਰ ਦਿੱਤੀ ਹੈ। ਤਾਂਤੇ ਪ੍ਰਤੀਤ ਹੁੰਦਾ ਹੈ ਕਿ ਬਾਣੀ ਰਚਣ ਵਿਚ ਸਤਿਗੁਰਾਂ ਨੇ ਸ਼ਬਦਾਂ, ਵਾਕਾਂ ਤੇ ਵਾਕਾਂਗਾਂ

ਦੀ ਚੋਣ ਕਰਨ ਲਗਿਆਂ ਅਨੇਕਾਂ ਹੀ ਗੱਲਾਂ ਨੂੰ ਦ੍ਰਿਸ਼ਟੀ ਗੋਚਰ ਰਖਿਆ ਹੈ। ਉਨ੍ਹਾਂ ਵਿਚੋਂ ਦਸ ਜੋ ਵਧੇਰੇ ਪ੍ਰਮੁਖ ਭਾਸਦੀਆਂ ਹਨ ਇਹ ਹਨ : ਸ਼ਬਦ, ਵਾਕ ਤੇ ਵਾਕਾਂਗ ਦੀ ਭਾਵ ਪੂਰਨਤਾ, ਸੁਗਿਆਨਿਕ-ਗੌਰਵਤਾ (Philosophic Grandeur) ਉੱਚਾਰਣ ਸੁਗਮਤਾ, ਇਤਿਹਾਸਕ ਪਵਿਤ੍ਰਤਾ, ਸਾਹਿਤਯਕ ਮਹੱਤਤਾ, ਲਟਕ, ਮਟਕ, ਠੁਮਕ, ਲਚਕ ਤੇ ਗਮਕ, ਇਹ ਦਸ ਪਦਾਰਥ ਮਾਨੋਂ ਬਾਨੀ ਦੇ ਦੇਹ ਨੂੰ ਸਜਾਣ ਵਾਲੇ ਤੇ ਤੇਜ ਮਈ ਕਰਨ ਵਾਲੇ ਸ਼ਿੰਗਾਰ ਹਨ, ਬਾਣੀ ਦੇ ਸ਼ਬਦ (ਲਫ਼ਜ਼) ਬਾਣੀ ਦੀ ਦੇਹ ਹਨ, ਏਹਨਾਂ ਸ਼ਬਦਾਂ (ਲਫ਼ਜ਼ਾਂ) ਦਾ ਪਰਮਾਰਥ ਬਾਣੀ ਦੀ ਆਤਮਾ ਹੈ। ਸੋ ਉਪ੍ਰੋਕਤ ਦਸ਼ਾਂਗ ਸ਼ਿੰਗਾਰ ਵਿਚੋਂ ਪਹਿਲੇ ਪੰਜ ਪਦਾਰਥ ਸ਼ਬਦਾਂ (ਲਫ਼ਜ਼ਾਂ) ਦੇ ਵਸਤ੍ਰ ਹਨ ਤੇ ਪਿਛਲੇ ਪੰਜ ਸ਼ਬਦਾਂ (ਲਫ਼ਜ਼ਾਂ) ਦੇ ਭੂਸ਼ਣ, ਵਸਤ੍ਰਾਂ ਦੁਆਰਾ ਸ਼ਬਦਾਂ (ਲਫ਼ਜ਼ਾਂ) ਨਾਲ ਜਾਣ ਪਛਾਣ ਹੋਣੀ ਹੈ ਤੇ ਭੂਸ਼ਣਾ ਦੁਆਰਾ ਵਸਤ੍ਰਧਾਰੀ ਵਲ ਖਿੱਚ ਉਤਪੰਨ ਹੋਣੀ ਹੈ, ਲਟਕ ਤੋਂ ਇਸ਼ਾਰਾ ਕਿਸੇ ਸ਼ਬਦ ਦੇ ਉਸ ਗੁਣ ਵਲ ਹੈ ਜਿਸ ਦੁਆਰਾ ਉਹ ਵਾਕ ਦੇ ਕਿਸੇ ਦੂਜੇ ਸ਼ਬਦ ਨਾਲ ਇਉਂ ਲਟਕਾਇਆ (ਝਲਾਇਆ ਯਾ ਟੰਗਿਆ) ਜਾ ਸਕੇ ਜਿਵੇਂ ਟੰਗਣੇ ਨਾਲ ਕੋਈ ਪਦਾਰਥ ਟੰਗਿਆ ਜਾ ਸਕਦਾ ਹੈ। ਇਸ ਗੁਣ ਦੁਆਰਾ ਇਕ ਸ਼ਬਦ ਕਿਸੇ ਵਿਸ਼ੇਸ਼ ਛੰਦ ਵਿਚ, ਕਿਸੇ ਹੋਰ ਯੁਕਤ ਸ਼ਬਦ ਨਾਲ ਸਬੰਧਤ ਹੋ ਕੇ, ਤੇ ਕਾਵਯ ਦੇ ਚਮਤਕਾਰ ਨੂੰ ਪ੍ਰਗਟ ਕਰ ਕੇ, ਸੰਗੀਤ ਦੇ ਸ੍ਵਰੂਪ ਵਿਚ ਮਿਕਨਾਤੀਸੀ ਕਸ਼ਸ਼ ਪੈਦਾ ਕਰਦਾ ਹੈ। ਲਟਕ ਦਾ ਗੁਣ ਸ੍ਵਤੰਤ੍ਰ ਨਹੀਂ। ਇਹ ਉਸ ਸ਼ਬਦ ਦੇ ਅਧੀਨ ਹੈ ਜਿਸ ਦੁਆਰਾ ਇਸ ਦਾ ਇਹ ਗੁਣ ਦਾ ਨਾਮ ਹੈ ਜਿਸ ਦੇ ਕਾਰਣ ਉਸ ਵਿਚ ਹੁਲਾਰਾ ਯਾ ਲਰਜ਼ਸ਼ ਮੌਜੂਦ ਹੈ; ਜਿਸ ਹੁਲਾਰੇ ਯਾ ਲਰਜ਼ਸ਼ ਦੇ ਕਾਰਣ ਇਹ ਛੰਦ ਨੂੰ ਵਿਭੂਸ਼ਿਤ ਕਰ ਕੇ ਸੰਗੀਤ ਨੂੰ ਰਸਦਾਇਕ ਬਣਾਂਦਾ ਹੈ, ਠੁਮਕ ਕਿਸੇ ਸ਼ਬਦ ਦੇ ਉਸ ਸ੍ਵਤੰਤ੍ਰ ਗੁਣ ਦਾ ਨਾਮ ਹੈ ਜਿਸ ਦੁਆਰਾ ਉਸ ਨੂੰ ਕਾਵਯ ਤੇ ਸੰਗੀਤ ਦੀ ਗਿਣੀ-ਮਿਣੀ ਤੇ ਤੋਲੀ ਹੋਈ ਚਾਲ ਵਿਚ ਢੁਕਾਇਆ ਯਾ ਫਬਾਇਆ ਜਾ ਸਕਦਾ ਹੈ। ਲਚਕ ਕਿਸੇ ਸ਼ਬਦ ਦੇ ਉਸ ਸ੍ਵਤੰਤ੍ਰ ਗੁਣ ਦਾ ਨਾਮ ਹੈ ਜਿਸ ਦੁਆਰਾ ਉਸ ਨੂੰ ਛੰਦ ਤੇ ਸੰਗੀਤ ਵਿਚ ਲੋੜ ਅਨੁਸਾਰ ਲੰਮਾ ਕੀਤਾ ਜਾ ਸਕਦਾ ਹੈ, ਤੇ ਗਮਕ ਕਿਸੇ ਸ਼ਬਦ ਦੇ ਉਸ ਸ੍ਵਤੰਤ੍ਰ ਗੁਣ ਦਾ ਨਾਮ ਹੈ ਜਿਸ ਦੇ ਕਾਰਣ ਉਸ ਦੇ ਯੁਕਤ ਉੱਚਾਰਣ ਦੁਆਰਾ ਉਸ ਤੋਂ ਤੰਬਲੇ ਅਥਵਾ ਮ੍ਰਿਦੰਗ ਦੀ ਗੰਭੀਰ ਧੁਨੀਂ ਉਤਪਨ ਹੋ ਜਾਂਦੀ ਹੈ, ਇਹ ਦਸ਼ਾਂਗ ਸ਼ਿੰਗਾਰਾਤਮਕ ਸ਼ਬਦ (ਲਫ਼ਜ਼) ਚੂੰਕਿ ਪੰਜਾਬੀ, ਹਿੰਦੀ, ਸੰਸਕ੍ਰਿਤ, ਅਰਬੀ ਅਤੇ ਫਾਰਸੀ ਕਿਸੇ ਵੀ ਇਕ ਵਿਸ਼ੇਸ਼ ਭਾਸ਼ਾ ਵਿਚ ਇਤਨੀ ਕਾਫ਼ੀ ਗਿਣਤੀ ਵਿਚ ਮੌਜੂਦ ਨਹੀਂ ਜਿਤਨੀ ਵਿਚ ਕਿ ਸਤਿਗੁਰਾਂ ਨੂੰ ਬਾਣੀ ਦੀ ਰਚਨਾ ਲਈ ਲੋੜ ਸੀ, ਇਸ ਲਈ ਉਹਨਾਂ ਨੇ ਲੋੜ ਅਨੁਸਾਰ ਏਹਨਾਂ ਪੰਜਾਂ, ਤੇ ਹੋਰ ਵੀ ਭਾਰਤੀ, ਬੋਲੀਆਂ ਦੇ ਸ਼ਬਦ-ਕੋਸ਼ਾਂ ਨੂੰ ਬਿਨਾ ਸੰਕੋਚ ਦੇ ਵਰਤਿਆ। ਤਾਂ ਵੀ ਬਾਰੰਬਾਰ, ਮੈਂ ਨਾਲ ਹੀ ਡੰਕੇ ਦੀ ਚੋਟ ਦੁਆਰਾ ਪਾਠਕ ਨੂੰ ਚੇਤੇ ਕਰਾਣਾ ਚਾਹੁੰਦਾ ਹਾਂ ਕਿ ਸਤਿਗੁਰਾਂ ਨੇ ਹਰ ਥਾਂ ਹਰ ਵੇਲੇ ਹਰ ਹਾਲਤ ਵਿਚ ਪ੍ਰਥਮਤਾ ਤੇ ਪ੍ਰਧਾਨਤਾ (ਤਰਜੀਹ) ਪੰਜਾਬੀ, ਹਿੰਦੀ ਤੇ ਸੰਸਕ੍ਰਿਤ ਨੂੰ ਹੀ ਦਿੱਤੀ ਹੈ।

[*ਵੈਦਿਕ ਗੁਰਮਤਿ*, ਹਿੰਦੂ ਸਿੱਖ ਏਕਤਾ ਦਰਪਨ, ਪੰਨਾ ੨੫-੨੬, ੧੯੯੫]

੯੪. *ਡਾ. ਧਰਮਪਾਲ ਮੈਨੀ* ੧੯੯੫ ਈ.

ਭਾਰਤੀ ਸੰਸਕ੍ਰਿਤੀ ਦਾ ਮੂਲ ਸੂਤਰ ਅਧਿਆਤਮ ਹੈ। ਇਸੇ ਲਈ ਇਥੋਂ ਦੀ ਜਨਤਾ ਨੇ ਪ੍ਰਤੱਖ ਜਾਂ ਅਪ੍ਰੱਤਖ ਕਿਸੇ ਨਾ ਕਿਸੇ ਰੂਪ ਵਿਚ ਅਵਿਅਕਤ ਦੀ ਹੋਂਦ ਨੂੰ ਕਬੂਲਿਆ ਹੈ। ਹੋਂਦ ਨੂੰ

ਕਬੂਲਣ ਦੀ ਭਾਵਨਾ ਨੇ ਹੀ ਉਸ ਨੂੰ ਇਕ ਖ਼ਾਸ ਤਰ੍ਹਾਂ ਦੀ ਜੀਵਨ-ਦ੍ਰਿਸ਼ਟੀ ਬਖਸ਼ੀ ਹੈ। ਸਾਹਿੱਤ ਮਨੁੱਖ ਦੀ ਸ਼ਕਤੀ-ਭਰਪੂਰ ਜੀਵਨ ਦ੍ਰਿਸ਼ਟੀ ਦੀ ਭਾਵਨਾਤਮਕ ਪ੍ਰਗਟਾਵਾ ਹੈ। ਅਧਿਆਤਮ ਵਿਚ ਗੜੂੰਦ ਮਨੁੱਖ ਲਈ ਅਧਿਆਤਮਕ ਸਾਹਿੱਤ ਦੀ ਜ਼ਰੂਰਤ ਮਹਿਸੂਸ ਹੋਈ ਜਾਂ ਸਹਿਜ ਸੁਭਾਵਕ ਖ਼ਿਆਲ ਹੁਲਾਰਿਆਂ ਦੇ ਰੂਪ ਵਿਚ ਅਚਾਨਕ ਅਧਿਆਤਮਕ ਅਨੁਭੂਤੀਆਂ ਦਾ ਵੀ ਪ੍ਰਗਟਾਵਾ ਹੋ ਗਿਆ, ਇਹ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ। ਹਾਂ, ਇੱਨਾਂ ਜ਼ਰੂਰ ਹੈ ਕਿ ਇਥੋਂ ਦੇ ਪੁਰਾਣੇ ਸਾਹਿੱਤ ਵਿਚ ਅਧਿਆਤਮ-ਸਾਹਿਤ ਦੀ ਇਕ ਖ਼ਾਸ ਥਾਂ ਹੈ ਅਧਿਆਤਮ ਦਾ ਹੀ ਕ੍ਰਿਆਤਮਕ ਰੂਪ ਧਰਮ ਹੈ ਅਤੇ ਭਾਰਤੀ ਸੰਸਕ੍ਰਿਤੀ ਦੇ ਵਿਕਾਸ ਦੇ ਨਾਲ ਨਾਲ ਧਰਮ ਇਥੋਂ ਦੀ ਜਨਤਾ ਦਾ ਜੀਵਨ ਤੱਤ ਰਿਹਾ ਹੈ। ਵਿਅਕਤੀ ਦੀਆਂ ਨਸਾਂ ਵਿਚ ਲਹੂ ਦੇ ਵਹਿਣ ਦੇ ਨਾਲ ਨਾਲ ਉਸ ਦੀ ਰਗ ਰਗ ਵਿਚ ਧਰਮ ਵੀ ਪ੍ਰਵਾਹਤ ਹੁੰਦਾ ਰਿਹਾ ਹੈ। ਇਸੇ ਲਈ ਇਥੋਂ ਦੇ ਸਮਾਜ ਦਾ ਵਾਤਾਵਰਣ ਧਾਰਮਕ ਰਿਹਾ ਹੈ ਅਤੇ ਸਮਾਜ ਨੂੰ ਜੀਵਨ-ਸ਼ਕਤੀ ਦੇਣ ਵਾਲਾ ਇਹ ਧਾਰਮਕ ਸਾਹਿਤ ਹੀ ਹੈ ਜੋ ਕਿ ਆਦਿ ਜੁਗਾਦਿ ਤੋਂ ਭਾਰਤੀ ਜੀਵਨ ਨੂੰ ਪ੍ਰਭਾਵਤ ਕਰਦਾ ਹੋਇਆ ਉਥੋਂ ਦੀ ਜਨਤਾ ਦੇ ਮਨ ਵਿਚ ਆਪਣੀ ਸਥਾਈ ਥਾਂ ਬਣਾ ਸਕਿਆ ਹੈ। ਇਸੇ ਗੱਲ ਤੋਂ ਇਥੋਂ ਦੇ ਧਾਰਮਕ ਸਾਹਿਤ ਦਾ ਮਹੱਤਵ ਸਪਸ਼ਟ ਹੈ। *ਆਦਿ-ਗ੍ਰੰਥ*, ਮੱਧ ਕਾਲ ਦੀ ਭਾਰਤੀ ਅਧਿਆਤਮਕ ਵਿਚਾਰਧਾਰਾ ਦਾ ਸੱਚਾ ਪ੍ਰਤਿਨਿਧਿ ਹੈ। ਇਸ ਨੇ ਨਾ ਕੇਵਲ ਪਰੰਪਰਾ ਤੋਂ ਜਾਗਰਿਤ ਅਧਿਆਤਮਕ ਜਯੋਤਿ ਨੂੰ ਜਗਦਿਆਂ ਰਖਿਆ ਹੈ, ਸਗੋਂ ਪਰਵਰਤੀ ਸਾਹਿੱਤ ਅਤੇ ਸਮਾਜ ਨੂੰ ਵੀ ਇਸ ਦੇ ਪ੍ਰਤਿ ਜਾਗਰਿਤ ਵੀ ਕਰ ਦਿੱਤਾ ਹੈ। ਭਾਰਤੀ ਧਰਮ-ਪਰੰਪਰਾ ਦੇ ਅਨੁਸਾਰ ਇਸ ਵਿਚ ਵੀ ਉਸੇ ਹੀ ਮਾਨਵ ਧਰਮ ਦੇ ਤੱਤ ਮਿਲਦੇ ਹਨ ਜਿਨ੍ਹਾਂ ਨੂੰ ਅਪਨਾਉਣ ਵਿਚ ਕਿਸੇ ਨੂੰ ਕੋਈ ਉਜ਼ਰ ਨਹੀਂ ਹੋ ਸਕਦਾ, ਜਿਸ ਦਾ ਪਰਚਾਰ ਕਰਨ ਨਾਲ ਕਿਸੇ ਦੀ ਇਜ਼ਤ-ਹੱਤਕ ਨਹੀਂ ਹੁੰਦੀ ਅਤੇ ਜਿਸ ਨੂੰ ਕਿਸੇ ਫਿਰਕੇ ਵਿਸ਼ੇਸ਼ ਦੇ ਘੇਰੇ ਵਿਚ ਬੰਦ ਨਹੀਂ ਕੀਤਾ ਜਾ ਸਕਦਾ। ਸਾਰੀ ਮਨੁੱਖਤਾ ਇਸ ਤੋਂ ਪ੍ਰੇਰਨਾ ਲੈ ਸਕਦੀ ਹੈ ਤੇ ਲੈਂਦੀ ਰਹੀ ਹੈ। ਪਿਛਲੇ ਕਈ ਸੌ ਸਾਲਾਂ ਦੇ ਧਾਰਮਕ ਸਾਹਿੱਤ ਦਾ ਇਹ ਚਾਨਣ-ਮੁਨਾਰਾ ਰਿਹਾ ਹੈ। ਅੱਜ ਦੇ ਵਿਗਿਆਨਕ ਤੇ ਬੌਧਿਕ ਜੁਗ ਵਿਚ ਵੀ ਇਹ ਆਉਣ ਵਾਲੀਆਂ ਪੀੜ੍ਹੀਆਂ ਨੂੰ ਧਰਮ ਤੋਂ ਵਿਮੁਖ ਹੋਣ ਤੋਂ ਬਚਾਉਂਦਾ ਰਹੇਗਾ। ਕੀ ਇਹ ਕੁਝ ਘੱਟ ਮਹੱਤਵ ਦੀ ਗੱਲ ਹੈ ਕਿ ਜੀਵਨ ਤੇ ਜਗਤ ਦੀਆਂ ਉਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਸਮਾਧਾਨ ਇਸ ਵਿਚ ਆਪਣੇ ਢੰਗ ਨਾਲ ਮਿਲਦਾ ਹੈ। ਜਿਸ ਦੀ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ ਤੇ ਹਰ ਇਕ ਨੂੰ ਲੋੜ ਮਹਿਸੂਸ ਹੁੰਦੀ ਹੈ। ਇਹ ਲੌਕਿਕ ਧਰਾਤਲ ਤੇ ਪਰਲੌਕਿਕ ਜੀਵਨ ਦੀ ਯਾਦ ਦੀ ਚੰਗਿਆੜੀ ਅਸਾਡੇ ਮਨ ਵਿਚ ਚਮਕਾ ਦਿੰਦਾ ਹੈ। ਭਾਰਤੀ ਅਧਿਆਤਮਕ ਸਾਹਿੱਤ ਦੀ ਸਥਾਈ ਦੌਲਤ ਵੇਦ, ਉਪਨਿਸ਼ਦ, ਗੀਤਾਂ ਅਤੇ ਪੁਰਾਣਾਂ ਦੀ ਪਰੰਪਰਾ ਵਿਚ 'ਆਦਿ-ਗ੍ਰੰਥ' ਇਕ ਨਵਾਂ 'ਮੀਲ-ਪੱਥਰ' ਹੈ। ਨਿੰਮਰਤਾ ਇਸ ਦਾ ਸਭ ਤੋਂ ਬੜਾ ਗੁਣ ਹੈ। ਬ੍ਰਹਮਾਨੁਭੂਤੀ ਕਰਨ ਵਾਲੇ ਇਸ ਦੇ ਸੰਗ੍ਰਾਹਕ ਨੂੰ ਤਾਂ ਇਸੇ ਗੁਣ ਦਾ ਮੂਰਤ ਰੂਪ ਹੀ ਮੰਨਿਆ ਜਾ ਸਕਦਾ ਹੈ। ਸਾਰੀ ਪ੍ਰਾਚੀਨ ਪਰੰਪਰਾ ਵਿਚ ਸਾਨੂੰ ਸ਼ਾਇਦ ਇੰਨੀ ਨਿੰਮਰਤਾ-ਭਰੀ ਹਸਤੀ ਦੇ ਦਰਸ਼ਨ ਨਾ ਹੋਣ। ਜਿਸ ਨੇ ਉਸ ਦੇ ਦਰਸ਼ਨ ਕਰ ਲਏ ਹਨ ਇਹ ਤੁਕ ਉਸ ਦਾ ਜਿਉਂਦਾ-ਜਾਗਦਾ ਸਬੂਤ ਹੈ—

ਤੂ ਸੁਲਤਾਨ ਕਹਾ ਹਉ ਮੀਆਂ ਤੇਰੀ ਕਵਨ ਵਡਾਈ।
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣ ਨ ਜਾਈ। ੧।

[ਬਿਲਾਵਲ ਮ. ੧, *ਪੰਜਾਬੀ ਦੁਨੀਆਂ*, ਪਟਿਆਲਾ, ਜਨਵਰੀ ਫਰਵਰੀ ੧੯੬੫]

੯੫. *ਡਾ. ਰੋਸ਼ਨ ਲਾਲ ਅਹੂਜਾ*

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜਿਤਨਾ ਵੀ ਸਤਿਕਾਰ ਕੀਤਾ ਜਾਏ ਉਤਨਾ ਹੀ ਥੋੜ੍ਹਾ ਹੈ। ਇਹ ਸਾਡੀ ਸਾਂਝੀ ਧਾਰਮਕ ਰਚਨਾ ਹੈ। ਜਿਵੇਂ ਪ੍ਰਾਚੀਨ ਜੁਗ ਵਿਚ ਰਿਗਵੇਦ ਸੀ, ਤਿਵੇਂ ਅਜੋਕੇ ਪੰਜਾਬ ਦੀ ਇਹ ਸਭ ਤੋਂ ਵੱਧ ਸਰੇਸ਼ਟ ਰਚਨਾ ਹੈ। ਇਹ ਪੰਜਾਬ ਦੇ ਛੇ ਗੁਰੂਆਂ ਅਤੇ ਦੇਸ਼ ਭਰ ਦੇ ਉਘੇ ਲੋਕ ਪ੍ਰਿਯ ਸੰਤਾਂ ਦੀ ਬਾਨੀ ਹੈ। ਇਹ ਸਿੱਖ ਧਰਮ ਦਾ ਪੂਜਾ-ਯੋਗ ਧਰਮ ਗ੍ਰੰਥ ਹੈ। ਇਸ ਵਿਚ ਕਾਵਿ ਸਾਹਿਤ ਦੇ ਅਮੁਲ ਜਵਾਹਰਾਤ ਹਨ। ਭਾਰਤੀ ਰਹੱਸਵਾਦ ਦੇ ਬਿਹਤਰੀਨ ਨਮੂਨੇ ਇਸ ਵਿਚੋਂ ਮਿਲ ਸਕਦੇ ਹਨ। ਭਾਸ਼ਾ ਵਿਗਿਆਨ ਸਬੰਧੀ ਖੋਜ ਦਾ ਇਕ ਅਖੁਟ ਖ਼ਜਾਨਾ ਹੈ, ਸੰਗੀਤ ਕਲਾ ਦੇ ਸ਼ਾਸਤਰੀ ਨਮੂਨੇ ਇਸ ਵਿਚ ਭਰੇ ਹੋਏ ਹਨ। ਸਦਾਚਾਰਕ ਨੀਤੀ ਦੇ ਵਧੀਆ ਸੂਤਰ ਇਸ ਵਿਚ ਅੰਕਿਤ ਹੋਏ ਹਨ। ਦੇਸ਼ ਪਿਆਰ ਦਾ ਜਜ਼ਬਾ ਇਸ ਵਿਚ ਭਰਪੂਰ ਹੈ ਸਮਾਜਵਾਦ ਦੇ ਸਾਂਝੀਵਾਲਤਾ ਦਾ ਬੀਜ ਇਸ ਵਿਚ ਫੁਟਦਾ ਨਜ਼ਰ ਆਉਂਦਾ ਹੈ। ਧਰਮ, ਰਾਸ਼ਟਰ, ਸਦਾਚਾਰ ਅਤੇ ਮਾਨਵਤਾ ਦੇ ਧਰੋਹੀਆਂ ਨੂੰ ਧਰੋਹੀ ਆਖਣ ਦੀ ਇਸ ਵਿਚ ਜੁਰਅਤ ਹੈ, ਵੰਗਾਰ ਹੈ ਅਤੇ ਨਿਡਰਤਾ ਹੈ। ਇਹ ਅਜਿਹਾ ਸੀਤਲ ਤੇ ਮਿਠੇ ਪਾਣੀ ਦਾ ਚਸ਼ਮਾ ਹੈ ਜੋ ਸਦਾ ਵਗਦਾ ਰਹਿੰਦਾ ਹੈ ਅਤੇ ਜਿਸ ਦੇ ਸੇਵਨ ਨਾਲ ਹਜ਼ਾਰਾਂ ਦੁਖੀ ਰੂਹਾਂ ਨੂੰ ਸ਼ਾਂਤੀ ਮਿਲਦੀ ਰਹਿੰਦੀ ਹੈ। ਜਿਸ ਨੂੰ ਸਵੇਰੇ ਮਸਤਕ ਟੇਕਣ ਨਾਲ ਆਤਮਕ ਪ੍ਰਸੰਨਤਾ ਮਿਲਦੀ ਹੈ, ਜਿਸ ਨੂੰ ਸੁਣਨ ਨਾਲ ਆਤਮਕ ਸ਼ਕਤੀ ਮਿਲਦੀ ਹੈ, ਅਤੇ ਜਿਸ ਦੇ ਰਾਤ ਨੂੰ ਸੰਤੋਖਣ ਨਾਲ ਆਤਮਕ ਸ਼ਾਂਤੀ ਮਿਲਦੀ ਹੈ। ਇਸ ਵਿਚ ਅਣਗਿਣਤ ਦਿਲਾਂ ਦੀ ਸ਼ਰਧਾ ਦਾ ਸੰਚਾਰ ਹੈ। ਇਸ ਦੇ ਰਾਗਾਂ ਵਿਚ ਅਣਗਿਣਤ ਭਾਵਾਂ ਦੀ ਥਰਥਰਾਂਦੀ ਗੁੰਜਾਰ ਹੈ।

ਅਜਿਹੇ ਅਮੂਲ, ਅਦੁਤੀ ਮਹਾਨ ਤੇ *ਸਰੇਸ਼ਟ ਗਰੰਥ* ਦਾ ਸਤਿਕਾਰ ਕਰਨਾ ਸਾਡਾ ਸਭਿਆਚਾਰਕ, ਸਾਹਿਤਕ, ਨਾਗਰਿਕ ਅਤੇ ਭਾਈਚਾਰਕ ਧਰਮ ਹੈ। ਇਸ ਪ੍ਰਤੀ ਬੇਮੁਖ ਹੋਣਾ ਭਾਰਤੀ ਸੰਸਕ੍ਰਿਤੀ ਨਾਲ ਧਰੋਹ ਕਰਨਾ ਹੈ, ਮੂਰਖਤਾ ਅਤੇ ਉਜੱਡਪੁਣਾ ਹੈ।

[*ਗੁਰਦੁਆਰਾ ਗਜ਼ਟ*, ਅੰਮ੍ਰਿਤਸਰ, ਮਈ ੧੯੭੮]

੯੬. *ਸ. ਨਰੈਣ ਸਿੰਘ*

(ੳ) *ਸ੍ਰੀ ਗੁਰੂ ਗਰੰਥ ਸਾਹਿਬ ਜੀ* ਦੀ ਰੱਬੀ-ਬਾਣੀ ੧ਓੰ ਤੋਂ ਸ਼ੁਰੂ ਹੁੰਦੀ ਹੈ, ਜਿਸ ਤੋਂ ਇਹ ਸਪਸ਼ਟ ਹੈ ਕਿ ਰੱਬ ਇਕ ਹੈ, ਜਿਹੜਾ ਹਰ ਵਕਤ ਮੇਰੇ ਨਾਲ ਹੁੰਦਾ ਹੈ, ਉਸਨੂੰ ਆਪਣੀ ਮੁਦਦ ਲਈ ਕਿਸੇ ਵੇਲੇ ਵੀ ਬੁਲਾਉਣ ਲਈ ਮੈਨੂੰ ਕੋਈ ਰਹੁ ਰੀਤ ਨਹੀਂ ਕਰਨੀ ਪੈਂਦੀ। ਉਸਨੂੰ ਪ੍ਰਤੱਖ ਵੇਖਣ ਤੇ ਲਭਣ ਲਈ, ਕਿਸੇ ਦਿਸ਼ਾ ਵਲ ਮੂੰਹ ਕਰਨਾ ਨਹੀਂ ਪੈਂਦਾ, ਕਿਸੇ ਖ਼ਾਸ ਨੀਅਤ ਜਗ੍ਹਾ ਤੇ ਜਾਣ ਦੀ ਲੋੜ ਨਹੀਂ, ਮੈਂ ਕੇਵਲ ਉਸਨੂੰ ਤੇ ਉਸਦੇ ਗੁਣਾਂ ਨੂੰ ਯਾਦ ਕਰਦਾਂ ਹਾਂ, ਅਤੇ ਯਾਦ ਕਰਦਿਆਂ ਹੀ ਉਹ ਮੈਨੂੰ ਪ੍ਰਤੱਖ ਮੇਰੇ ਪਾਸ ਖੜਾ ਦਿਸਦਾ ਹੈ ਇਹ ਗਿਆਨ ਮੈਨੂੰ ਸਿੱਖੀ ਤੋਂ ਮਿਲਿਆ ਹੈ, ਇਸੇ ਲਈ ਮੈਨੂੰ ਸਿੱਖੀ ਪਿਆਰੀ ਲਗਦੀ ਹੈ।

ਮੈਨੂੰ ਹਰ ਪ੍ਰਕਾਰ ਦੀ ਸਲਾਹ-ਮਸ਼ਵਰਾ ਤੇ ਚੰਗੇ ਰਸਤਿਆਂ ਦੀ ਸੂਝ-ਬੂਝ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚੋਂ ਮਿਲ ਜਾਂਦੀ ਹੈ ਤੇ ਇਹ ਇਕੋ ਇਕ ਅਜੇਹਾ ਰੂਹਾਨੀ-ਚਸ਼ਮਾ ਹੈ, ਜਿਸ ਤੋਂ ਹਮੇਸ਼ਾ ਗਿਆਨ ਦੀ ਧਾਰਾ ਵਹਿੰਦੀ ਰਹਿੰਦੀ ਹੈ। ਸਿੱਖ ਲਈ ਨਿਰਾ ਇਸ ਦੁਨੀਆ ਦਾ ਗਿਆਨ ਹੀ

ਨਹੀਂ ਸਗੋਂ ਪਰਲੋਕ ਦਾ ਵੀ ਗਿਆਨ ਭਰਿਆ ਪਿਆ ਹੈ। ਇਸ ਦਾ ਰਸ-ਭਿੰਨਾ ਰਾਗ ਤੇ ਰੂਹਾਨੀ ਖ਼ੁਰਾਕ ਮੇਰੀ ਭਟਕਦੀ ਆਤਮਾ ਨੂੰ ਸੁਖੀ ਰਖਦੇ ਹਨ। ਪਵਿਤਰ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਦੀ ਰੱਬੀ ਬਾਣੀ ਦਾ ਹਮੇਸ਼ਾ ਵਰਸਦਾ-ਨੂਰ ਹੀ ਐਸਾ ਹੈ, ਜਿਸ ਕਰਕੇ ਮੈਨੂੰ ਸਿੱਖੀ ਪਿਆਰੀ ਲਗਦੀ ਹੈ।

ਦੁਨੀਆ ਦੇ ਹਰ ਧਰਮ ਦੀਆਂ ਪਵਿਤਰ ਪੁਸਤਕਾਂ ਵਿਚ ਕੇਵਲ ਉਸੇ ਧਰਮ ਦੀਆਂ ਆਪਣੀਆਂ ਹੀ ਰਚਨਾਵਾਂ ਹਨ। ਹਰ ਕਿਸੇ ਧਰਮ ਵਾਲੇ ਨੂੰ ਦੂਜੇ ਧਰਮ ਵਾਲੇ ਨਾਲ ਨਹੀਂ ਰਲਾਇਆ ਗਿਆ ਅਤੇ ਅਮਲੀ ਤੌਰ ਤੇ ਸਿਵਾਇ *ਸ੍ਰੀ ਗੁਰੂ ਗਰੰਥ ਸਾਹਿਬ* ਵਿਚ ਜਿਥੇ ਕਿ ਗੁਰੂ ਸਾਹਿਬਾਨ ਦੇ ਰਾਹੀਂ ਅਕਾਲ ਪੁਰਖ ਦੀ ਬਾਣੀ ਮੌਜੂਦ ਹੈ, ਉਥੇ ਅਕਾਲ ਪੁਰਖ ਨੂੰ ਪੂਜੇ ਭਗਤ ਭਾਵੇਂ ਕੋਈ ਜੁਲਾਹਾ ਹੈ, ਕਸਾਈ ਹੈ, ਚਮਿਆਰ ਹੈ, ਮੁਸਲਮਾਨ ਹੈ ਜਾਂ ਹਿੰਦੂ, ਸਭ ਦੀ ਬਾਣੀ ਚੜ੍ਹਾ ਕੇ ਆਪਣੇ ਨਾਲ ਸਿੰਘਾਸਨ ਤੇ ਆਪ ਬਿਠਾਇਆ ਹੈ, ਐਸੀ ਸਰਬ ਸਾਂਝੀਵਾਲਤਾ ਕੇਵਲ ਮੈਨੂੰ ਇਥੋਂ ਹੀ ਲਭਦੀ ਹੈ, ਇਸੇ ਲਈ ਮੈਨੂੰ ਸਿੱਖੀ ਪਿਆਰੀ ਲਗਦੀ ਹੈ।

ਮੈਂ ਵੇਖਿਆ ਹੈ, ਹੋਰ ਮਤਾਂ ਵਾਲੇ ਜਿਨ੍ਹਾਂ ਦੀਆਂ ਆਪਣੀਆਂ ਧਰਮ-ਪੁਸਤਕਾਂ ਸੰਸਕ੍ਰਿਤ, ਅਰਬੀ, ਲੈਟਿਨ ਪਾਲੀ, ਤੇ ਅੰਗਰੇਜ਼ੀ ਆਦਿ ਬੋਲੀਆਂ ਵਿਚ ਲਿਖੀਆਂ ਗਈਆਂ ਹਨ, ਭਾਵੇਂ ਇਨ੍ਹਾਂ ਬੋਲੀਆਂ ਨੂੰ ਸਮਝਣਾ ਅਤਿ ਕਠਿਨ ਹੁੰਦਾ ਹੈ, ਪਰ ਫਿਰ ਵੀ ਉਸ ਧਰਮ ਦੇ ਪੈਰੋਕਾਰ ਲਗਾਤਾਰ ਪੜ੍ਹਦੇ ਹਨ, ਇਧਰ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਸੌਖੀ ਤੋਂ ਸੌਖੀ ਬੋਲੀ ਵਿਚ ਪ੍ਰਕਾਸ਼ਤ ਹੈ। ਥੋੜਾ ਮਨ ਇਕਾਗਰ ਕਰਨ ਨਾਲ ਵੀ ਕਾਫ਼ੀ ਸਮਝ ਕੇ ਉਹ ਅਨੰਦ ਮਾਣਦਾ ਹਾਂ ਜਿਸਦਾ ਵਰਨਣ ਹੀ ਨਹੀਂ ਹੋ ਸਕਦਾ। ਐਡੇ ਵੱਡੇ ਭੰਡਾਰੇ ਦੇ ਰਚਣਹਾਰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਮੈਨੂੰ ਪਿਆਰੀ ਲਗਦੀ ਹੈ। [ਮੈਨੂੰ ਸਿੱਖੀ ਕਿਉਂ ਪਿਆਰੀ ਲਗਦੀ ਹੈ?]

(ਅ) ਮਨੁੱਖ ਬਿਰਤੀ ਸੂਖਮ ਨਾਲੋਂ ਸਥੂਲ ਦੀ ਵਧੇਰੇ ਕਾਇਲ ਹੈ। ਇਹ ਸਮਝਦਾ ਹੈ ਕਿ ਪਰਤਖ ਦਿਸਦਾ ਸਰੀਰ ਹੀ ਸਭ ਕੁਝ ਹੈ ਅਤੇ ਇਸ ਦੇ ਅੰਦਰ ਲੁਪਤ ਅਣਦਿਸਦੀ ਆਤਮਾ, ਜੋ ਸਰੀਰ ਨੂੰ ਲਈ ਫਿਰਦੀ ਹੈ, ਕੁਝ ਭੀ ਨਹੀਂ ਹਾਲਾਂਕਿ ਅਜ ਦੀ ਵਿਗਿਆਨਕ ਖੋਜ ਨੇ ਭੀ ਇਹ ਸਪਸ਼ਟ ਕਰ ਦਿੱਤਾ ਹੈ ਕਿ ਅਤਿ ਸੂਖਮ ਐਟਮ ਅਤੇ ਨਿਊਕਲੀਅਰ ਸ਼ਕਤੀ ਦੇ ਮੁਕਾਬਲੇ ਵਿਚ ਵਡ ਆਕਾਰੀ ਪਹਾੜਾਂ ਜੈਸੀਆਂ ਹੋਂਦਾਂ ਭੀ ਕੋਈ ਕੀਮਤ ਨਹੀਂ ਰਖਦੀਆਂ। ਮਨੁੱਖੀ ਦਿਮਾਗ ਦੀ ਸੂਖਮ ਜਿਹੀ ਸੋਚ ਸ਼ਕਤੀ ਨਾ ਕੇਵਲ ਮਨੁੱਖ ਚੋਂ ਬਲਵਾਨ ਸਰੀਰ ਤੇ ਹੀ, ਬਲਕਿ ਦੁਨੀਆਂ ਦੀਆਂ ਸਭ ਤਰ੍ਹਾਂ ਦੀਆਂ ਤਾਕਤਾਂ ਉਪਰ ਹਾਵੀ ਹੈ। ਇਉਂ ਹੀ ਨਿਰਗੁਣ ਨਿਰੰਕਾਰ ਦੀ ਹੋਂਦ ਭੀ ਅਤਿ ਸੂਖਮ ਮੰਨੀ ਗਈ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਇਸ ਹੋਂਦ ਬਾਰੇ ਦਸਦੇ ਹਨ। 'ਸੂਛਮ ਤੇ ਸੂਛਮ ਕਰ ਮਾਨਿਓ ਬ੍ਰਿਧਨ ਬ੍ਰਿਧ ਬਤਾਇਓ' ਪਰ ਏਨੀ ਸੂਖਮ ਹੋਂਦ ਜਿਸ ਦਾ ਸਰੀਰਕ ਆਕਾਰ ਹੀ ਕੋਈ ਨਹੀਂ, ਸਾਰੀ ਰਚਨਾ ਦੀ ਕਰਤਾ ਹਰਤਾ ਹੈ। ਐਸੀ ਸੂਖਮ ਅਤੇ ਨਿਰਆਕਾਰੀ ਹੋਂਦ ਨੂੰ ਸਰੀਰ ਦੇ ਰੂਪ ਵਿਚ ਵੇਖਣਾ ਇਕ ਮਹਾਨ ਭੁੱਲ ਹੈ, ਕਿਉਂਕਿ ਸਾਰੇ ਸਰੀਰ ਤਾਂ ਅੰਤ ਨੂੰ ਕਾਲ ਦੀ ਲਫੇੜ ਵਿਚ ਆਉਣਗੇ ਜਦੋਂ ਕਿ ਉਹ ਅਕਾਲ ਹੈ, ਤਾਂ ਕਿਸੇ ਦੇਹਧਾਰੀ ਦਾ ਦਾਹਵਾ ਕਿ ਉਹ ਨਿਰੰਕਾਰ ਦਾ ਅਵਤਾਰ ਜਾਂ ਸਰੂਪ ਹੈ ਮਹਾਂ ਮੂਰਖਤਾ ਹੈ।

ਇਉਂ ਹੀ ਕਿਸੇ ਦੇਹਧਾਰੀ ਦਾ ਸਤਿਗੁਰੂ ਜਾਂ ਗੁਰੂ ਹੋਣ ਦਾ ਦਾਹਵਾ ਫ਼ਜ਼ੂਲ ਹੈ, ਕਿਉਂਕਿ 'ਸਤਿਗੁਰ ਦੇਉ ਪਰਤਖਿ ਹਰਿ ਮੂਰਤਿ' ਹੁੰਦਾ ਹੈ ਅਤੇ ਸਤਿਗੁਰੂ ਨਿਰੰਕਾਰ ਵਾਂਗ ਹੀ ਸੂਖਮ ਤੇ ਕਾਲ ਰਹਿਤ ਹੈ 'ਸਤਿਗੁਰ ਮੇਰਾ ਸਦਾ ਸਦਾ ਨ ਆਵੈ ਨਾ ਜਾਇ।' ਸਤਿਗੁਰੂ ਦੇ ਸਰੂਪ ਦਾ

ਅਗਰ ਕੋਈ ਅਨੁਭਵ ਹੋ ਸਕਦਾ ਹੈ ਤਾਂ ਉਹ ਸਬਦ ਦਾ ਅਨੁਭਵ ਹੀ ਹੈ ਕਿਉਂਕਿ ਸ਼ਬਦ ਭੀ ਨਿਰੰਕਾਰ ਵਾਂਗ ਨਿਰ ਆਕਾਰ ਹੈ ਅਤੇ ਨਾਸ ਰਹਿਤ ਹੈ। ਜਦੋਂ ਗੋਰਖ ਪੰਥੀ ਸਿੱਧਾਂ ਨੇ ਗੁਰੂ ਨਾਨਕ ਦੇਵ ਪਾਸੋਂ ਪੁਛਿਆ ਸੀ ਕਿ 'ਤੇਰਾ ਕਵਣੁ ਗੁਰੂ ਜਿਸਕਾ ਤੂੰ ਚੇਲਾ' ਤਾਂ ਗੁਰੂ ਜੀ ਦਾ ਜਵਾਬ ਸੀ 'ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ।' ਸ਼ਬਦ ਨਿਰੰਕਾਰ ਦੀ ਆਪਣੀ ਆਵਾਜ਼ ਹੈ—ਆਵੇਸ਼ ਹੈ (Revelation) ਹੈ ਜਿਸ ਨੂੰ ਕੇਵਲ ਅਨੁਭਵ ਅੰਦਰ ਹੀ ਸੁਣਿਆ ਜਾਂਦਾ ਹੈ।

ਜਿਸ ਤਰ੍ਹਾਂ ਸ਼ਾਹੀ ਫ਼ੁਰਮਾਨ ਕਾਗਜ਼ ਉਪਰ ਲਿਖੇ ਕੁਝ ਅੱਖਰਾਂ ਦੇ ਰੂਪ ਵਿਚ ਲੋਕਾਂ ਸਾਹਮਣੇ ਆਉਂਦਾ ਹੈ, ਪ੍ਰੰਤੂ ਨਾ ਕਾਗਜ਼ ਫ਼ੁਰਮਾਨ ਹੈ ਨਾ ਉਸ ਕਾਗਜ਼ ਉਪਰ ਲਿਖੇ ਅੱਖਰ। ਫ਼ੁਰਮਾਨ ਤਾਂ ਉਹ ਹੈ ਜੋ ਵਰਤ ਰਿਹਾ ਹੈ ਜਿਸ ਨੇ ਕਈ ਕੰਗਾਲਾਂ ਨੂੰ ਸ਼ਾਹ ਕਰ ਦਿੱਤਾ ਹੈ, ਕਈਆਂ ਦੀਆਂ ਬੇੜੀਆਂ ਕੱਟ ਦਿੱਤੀਆਂ ਹਨ। ਰੇਤਲੇ ਥਲਾਂ ਨੂੰ ਸਬਜ਼ਾਜ਼ਾਰ ਬਣਾ ਦਿੱਤਾ ਹੈ। ਕਾਗਜ਼ ਅਤੇ ਇਸ ਉਪਰ ਲਿਖੇ ਅੱਖਰ ਤਾਂ ਉਸ ਫ਼ੁਰਮਾਨ ਦੇ ਪ੍ਰਗਟ ਕਰਨ ਦਾ ਮਾਧਿਅਮ (Channel) ਹਨ। ਇਉਂ ਗੁਰੂ ਦਾ ਸਰੀਰ ਤਾਂ ਕੇਵਲ ਇਕ (Channel) ਹੈ ਜਿਸ ਰਾਹੀਂ ਸ਼ਬਦ (ਧੁਰ ਕੀ ਬਾਣੀ) ਆਵੇਸ਼ (reveal) ਹੁੰਦਾ ਹੈ, ਸੋ ਅਸਲ ਵਸਤੂ ਤਾਂ ਸ਼ਬਦ ਹੈ। ਇਸੇ ਦਾ ਨਿਰਣਾ ਹੀ ਗੁਰਬਾਣੀ ਅੰਦਰ ਇਉਂ ਕਹਿਕੇ ਕੀਤਾ ਹੈ।

ਸਤਿਗੁਰ ਨੋ ਸਭ ਕੋ ਵੇਖਦਾ, ਜੇਤਾ ਜਗਤੁ ਸੰਸਾਰੁ।
ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ।

ਅਤੇ ਇਹ ਭੀ ਕਿਹਾ ਹੈ ਕਿ 'ਗੁਰ ਕੀ ਸੇਵਾ ਸਬਦੁ ਵੀਚਾਰੁ।' ਸ਼ਬਦ ਦਾ ਪੜ੍ਹਨਾ ਸੁਣਨਾ ਤੇ ਵਿਚਾਰਨਾ ਹੀ ਗੁਰੂ ਦੀ ਸੇਵਾ ਹੈ। ਫਿਰ ਇਉਂ ਭੀ ਸਮਝਾਇਆ ਹੈ ਕਿ—

ਗੁਰ ਕੀ ਬਾਣੀ ਸਿਉ ਲਾਇ ਪਿਆਰ
ਐਥੈ ਓਥੈ ਏਹੁ ਅਧਾਰੁ। [ਪ੍ਰਭਾਤੀ ੩]

ਗੁਰੂ ਕੀ ਬਾਣੀ ਲਈ ਹਿਰਦੇ ਅੰਦਰ ਪਿਆਰ ਰਖੋ ਅਤੇ ਇਸਨੂੰ ਆਪਣਾ ਲੋਕ ਪਰਲੋਕ ਦਾ ਆਸਰਾ ਬਣਾਓ। ਇਸ ਤੋਂ ਹੋਰ ਵਧੇਰੇ ਸਪਸ਼ਟ ਬਚਨ ਕੀ ਹੋ ਸਕਦੇ ਹਨ।

[ਟ੍ਰੈਕਟ ਨੰਬਰ ੧੫੩ *'ਸ਼ਬਦ ਗੁਰੂ'*]

੬੭. *ਪ੍ਰਿੰ. ਹਰਿਭਜਨ ਸਿੰਘ*

ਸਾਨੂੰ ਇਹ ਨੁਕਤਾ ਵਿਚਾਰਨ ਦੀ ਲੋੜ ਹੈ ਕਿ ਜਿਸ ਗੁਰਬਾਣੀ ਨੂੰ ਗੁਰਦੇਵ 'ਧੁਰ ਕੀ ਬਾਣੀ' ਜਾਂ 'ਖਸਮ ਕੀ ਬਾਣੀ' ਕਹਿ ਕੇ ਵਡਿਆਉਂਦੇ ਹੋਣ, 'ਜਗ ਮਹਿ ਚਾਨਣੁ' ਮੰਨਦੇ ਹੋਣ ਅਤੇ ਬਾਣੀ ਵਾਲੇ ਜਿਸ (ਖਸਮ) ਦੀ ਇਕਾਈ ਤੇ ਬੇਅੰਤਤਾ ਦੇ ਉਹ ਸ਼ੈਦਾਈ ਤੇ ਦੀਵਾਨ ਹੋਣ, ਭਲਾ ਉਸ ਬਾਣੀ ਨੂੰ ਆਦਿ ਗੁਰੂ ਨਾਨਕ ਦੇਵ ਜੀ ਨੇ ਤੇ ਉਨ੍ਹਾਂ ਦੇ ਬਾਦ ਆਪਣੀ ਆਪਣੀ ਵਾਰੀ ਹਰੇਕ ਉਤਰਾਧਿਕਾਰੀ ਨੇ ਜਾਨ ਤੋਂ ਵੱਧ ਅਜੀਜ਼ ਤੇ ਆਧਾਰ ਜਾਣਕੇ ਸਾਂਭਿਆ-ਸੰਭਾਲਿਆ ਨਾ ਹੋਵੇ, ਇਹ ਗੱਲ ਉਕਾ ਹੀ ਮੰਨਣ ਵਿਚ ਨਹੀਂ ਆਉਂਦੀ। ਸੋ ਇਸ ਸਬੰਧੀ ਪਹਿਲਾ ਤੱਥ ਤਾਂ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਪਣੀ ਬਾਣੀ ਨਾ ਕੇਵਲ ਆਪ ਲਿਖੀ ਤੇ ਲਿਖਵਾਈ ਹੀ, ਸਗੋਂ ਇਸ ਅਮੁੱਲ ਭੰਡਾਰ ਨੂੰ ਦੂਜੇ ਸਤਿਗੁਰੂ ਨੂੰ ਬਖਸ਼ ਵੀ ਗਏ। ਦੇਹਾਂ ਤਾਂ ਬਿਨਸਣਹਾਰ ਸਨ, ਬਿਨਸ ਗਈਆਂ ਪਰੰਤੂ ਸਤਿਗੁਰੂ ਤਾਂ ਜੋਤਿ ਸਨ ਅਤੇ ਉਹ ਜੋਤਿ ਸ਼ਬਦ, ਹਰ ਅਗਲੇ ਮਹਲੇ ਸਰੀਰ (ਵਿਅਕਤੀ) ਵਿਚ ਹਲੂਲ ਹੁੰਦੀ ਤੇ ਪ੍ਰਕਾਸ਼ਦੀ ਰਹੀ।

ਜੇ *ਗੁਰੂ ਗ੍ਰੰਥ ਸਾਹਿਬ* ਜੇਡੇ ਆਕਾਰ ਵਾਲੇ ਗ੍ਰੰਥ ਦੇ, ਜਿਸਦਾ ਗਿਆਨ ਹਮੇਸ਼ਾ, ਹਮੇਸ਼ਾ ਲਈ ਮਨੁੱਖ ਦੀਆਂ ਧਾਰਮਕ, ਸਮਾਜਕ, ਰਾਜਨੀਤਕ ਤੇ ਆਰਥਕ ਸਮੱਸਿਆਵਾਂ ਦਾ ਕੁਲੀ ਤੇ ਸਦੀਵੀ ਹੱਲ ਹੋਵੇ ਪਵਿਤਰ ਕਲਾਮ ਨੂੰ ਇਕੱਤਰ ਕਰਨਾ ਕਠਿਨ ਸੀ ਤਾਂ ਇਨ੍ਹਾਂ ਦੈਵੀ ਰਚਨਾਵਾਂ ਨੂੰ ਵਿਸ਼ੇਸ਼ ਜੋੜਾਂ, ਸ਼ੈਲੀ ਤੇ ਵਿਆਕਰਣਕ ਆਦਿ ਨੇਮਾਂ ਹੇਠ ਵਿਉਂਤਬਧ ਕਰਕੇ ਸੰਪਾਦਨ ਕਰਨਾ ਕਿਤੇ ਵੱਧ ਕਠਿਨ ਸੀ। ਜਿਸ ਪ੍ਰਵੀਨਤਾ ਤੇ ਮੌਲਿਕ ਸੰਪਾਦਨ ਕਲਾ ਨਾਲ ਸ਼ਾਂਤਿ-ਪੁੰਜ ਸਤਿਗੁਰੂ ਨੇ ਮਨੁੱਖ ਮਾਤ੍ਰ ਦੀ ਸਦੀਵੀ ਭਲਾਈ ਲਈ ਇਹ ਅਦੁਤੀ ਕਾਰਜ ਸਰੰਜਾਮ ਦਿੱਤਾ, ਉਹ ਆਪ ਜੇਹੇ ਦੈਵੀ, ਸਰਬ-ਸਾਂਝੇ ਬ੍ਰਹਮ ਗਿਆਨੀ, 'ਬਾਣੀ ਦੇ ਬੋਹਿਥ' ਤੇ ਪ੍ਰਤਖ 'ਹਰੀ ਸਰੂਪ' ਵਿਅਕਤੀ ਦੇ ਹਿਸੇ ਹੀ ਆ ਸਕਦਾ ਸੀ। [ਗੁਰਬਾਣੀ ਸੰਪਾਦਨ ਨਿਰਣੈ, ਪੰਨਾ ੪੦]

੯੮. ਪ੍ਰੋ. ਸੁਰਿੰਦਰ ਸਿੰਘ ਨਰੂਲਾ

ਸਾਰਾ ਗੁਰੂ ਗ੍ਰੰਥ ਸਾਹਿਬ ਕਵਿਤਾ ਵਿਚ ਹੈ ਤੇ ਇਸ ਵਿਚ ਅਨੇਕ ਪ੍ਰਕਾਰ ਦੇ ਛੰਦ ਵਰਤੇ ਗਏ ਹਨ।

ਕੁਝ ਆਦਮੀ ਅਜਿਹੇ ਹਨ ਜਿਹੜੇ ਕਿ *ਗੁਰੂ ਗ੍ਰੰਥ ਸਾਹਿਬ* ਦੀ ਸਾਹਿਤਕ ਆਲੋਚਨਾ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਦਾ ਖਿਆਲ ਹੈ ਕਿੰ ਗੁਰਬਾਣੀ ਸਾਹਿਤਕ ਤੁਲਨਾ ਤੋਂ ਇਸ ਲਈ ਪਰੇ ਹੈ ਕਿ ਇਹ ਧੁਰ ਦੀ ਬਾਣੀ ਹੈ। ਅਜੇਹੇ ਵਿਚਾਰ ਬਾਰੇ ਬਹਿਸ ਵਿਚ ਪੈਣਾ ਮੁਸ਼ਕਲ ਹੈ ਪਰ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਇਸ ਪ੍ਰਕਾਰ ਦਾ ਵਿਸ਼ਵਾਸ ਗੁਰਬਾਣੀ ਦੀ ਮਹੱਤਤਾ ਨੂੰ ਘੱਟ ਕਰਦਾ ਹੈ। ਗੁਰਬਾਣੀ ਵਿਚ ਸਾਰੇ ਸਾਹਿਤਕ ਗੁਣ ਪਾਏ ਜਾਂਦੇ ਹਨ ਤੇ ਇਸਦੀ ਤੁਲਨਾ ਸਾਹਿਤਕ ਦ੍ਰਿਸ਼ਟੀਕੋਣ ਤੋਂ ਕਰਨ ਨਾਲ ਸਾਹਿਤਯ ਰਹੱਸ ਸਮਝਣ ਵਿਚ ਕਾਫੀ ਮੱਦਦ ਮਿਲਦੀ ਹੈ। ਇਸ ਤਰ੍ਹਾਂ ਕਰਨ ਲਗਿਆਂ ਸਮਾਲੋਚਕ ਲਈ ਇਸਦੇ ਧੁਰ ਦੀ ਬਾਣੀ ਹੋਣ ਤੋਂ ਇਨਕਾਰੀ ਹੋਣਾ ਜ਼ਰੂਰੀ ਨਹੀਂ, ਸਗੋਂ ਸੱਚ ਤਾਂ ਇਹ ਹੈ ਕਿ ਰੱਬੀ ਪ੍ਰੇਰਨਾ ਉੱਤਮ ਸਾਹਿਤ ਦਾ ਵਧੇਰੇ ਕਰਕੇ ਇਕ ਹਿੱਸਾ ਰਹੀ ਹੈ।

ਗੁਰਬਾਣੀ ਦੀ ਸਾਹਿਤਕ ਦ੍ਰਿਸ਼ਟੀਕੋਣ ਤੋਂ ਤੁਲਨਾ ਕਰਨ ਨਾਲ ਇਸਦੇ ਭਾਂਡੇ ਤੇ ਵਸਤੂ ਉੱਤੇ ਬਹੁਤ ਰੌਸ਼ਨੀ ਪੈਂਦੀ ਹੈ। ਗੁਰਬਾਣੀ ਵਿਚ ਸੰਤਭਾਸ਼ਾ ਤੇ ਪੰਜਾਬੀ ਦੀਆਂ ਉਪਭਾਖਾਵਾਂ ਦੇ ਅੱਡ ਅੱਡ ਨਮੂਨੇ ਮਿਲਦੇ ਹਨ। ਖੁਸ਼ਕਿਸਮਤੀ ਨਾਲ ਗੁਰਮਤਿ ਅਨੁਸਾਰ ਚਲਣ ਵਾਲੀਆਂ ਬਹੁਤ ਘੱਟ ਸੰਪ੍ਰਦਾਇਕ ਵੰਡੀਆਂ ਹਨ ਤੇ ਗੁਰਬਾਣੀ ਦਾ ਸ਼ੁੱਧ ਰੂਪ ਸਾਡੇ ਪਾਸ ਪ੍ਰਮਾਣੀਕ ਹੈ। ਇਸ ਕਾਰਣ ਅਸੀਂ ਪੰਜਾਬੀ ਬੋਲੀ ਦੇ ਸੈਂਕੜੇ ਸਾਲਾਂ ਦੇ ਇਤਿਹਾਸ ਦਾ ਅੰਦਾਜ਼ਾ ਕੇਵਲ *ਗੁਰੂ ਗ੍ਰੰਥ ਸਾਹਿਬ* ਦੇ ਸਾਹਿਤਕ ਅਧਿਐਨ ਤੋਂ ਹੀ ਲਗਾ ਸਕਦੇ ਹਾਂ। ਜਦੋਂ ਅਸੀਂ ਜਪੁਜੀ ਵਿਚ ਦਿੱਤੇ ਹੋਏ ਸੁਲਝੇ ਵਿਚਾਰਾਂ ਦੇ ਸਾਦੇ ਆਕਾਰ ਨੂੰ ਦੇਖਦੇ ਹਾਂ, ਜਾਂ ਬਾਬਰਵਾਣੀ ਦੀ ਪੁਰਜ਼ੋਰ ਭਾਸ਼ਾ ਦਾ ਖਿਆਲ ਕਰਦੇ ਹਾਂ, ਜਾਂ ਗੁਰੂ ਅਮਰਦਾਸ ਜੀ ਦੀ ਲੈ-ਭਰੀ ਬਾਣੀ ਨੂੰ ਵਿਚਾਰਦੇ ਹਾਂ ਤਾਂ ਅਸੀਂ ਇਸ ਸਿੱਟੇ ਤੇ ਪਹੁੰਚੇ ਬਗੈਰ ਨਹੀਂ ਰਹਿ ਸਕਦੇ ਕਿ ਪੰਜਾਬੀ ਬੋਲੀ ਦਾ ਵਿਕਾਸ ਉਸ ਪੜਾ ਤੇ ਪਹੁੰਚ ਚੁੱਕਾ ਸੀ ਜਿਥੇ ਕਿ ਇਹ ਉਚ ਕੋਟੀ ਦੇ ਸਾਹਿਤ ਲਈ ਇਕ ਯੋਗ ਮਾਧਿਅਮ ਬਣ ਸਕਦੀ ਸੀ। ਇਸ ਪ੍ਰਕਾਰ ਦਾ ਲਿਖਣ-ਢੰਗ, ਇਸ ਪ੍ਰਕਾਰ ਦੀ ਸੰਜਮ-ਭਰੀ ਪਿੰਗਲ-ਵਿਉਂਤ ਤੇ ਇਸ ਪ੍ਰਕਾਰ ਦਾ ਨਿਖੇੜਵਾਂ ਅਨੁਭਵ ਇਸ ਗੱਲ ਦਾ ਸੂਚਕ ਹੈ ਕਿ ਅਮਰ ਸਾਹਿਤ ਦੀ ਰਚਨਾ ਹੋ ਰਹੀ ਸੀ। ਗੁਰਬਾਣੀ ਨੇ ਪੰਜਾਬੀ ਸਾਹਿਤਕਾਰਾਂ ਦੀਆਂ ਕਈ ਨਸਲਾਂ ਨੂੰ ਹਮੇਸ਼ਾ ਇਕ ਅਗੰਮੀ ਪ੍ਰੇਰਣਾ

ਦਿੱਤੀ ਹੈ। ਨਿਰਮਲੇ ਸੰਤਾਂ ਦੇ ਗੱਦ ਸਾਹਿਤ ਵਿਚ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਵਿਚ ਜਿਹੜਾ ਸਿਦਕ-ਭਰਿਆ ਨਿਖ਼ਾਰ ਪਾਇਆ ਜਾਂਦਾ ਹੈ, ਉਸ ਦਾ ਸੋਮਾ ਗੁਰਬਾਣੀ ਹੀ ਹੈ। ਸਿੰਘ ਸਭਾ ਲਹਿਰ ਪਿਛੋਂ ਜਿਹੜੀ ਵਿਸ਼ਾਲ ਸਾਹਿਤਕ ਲਹਿਰ ਦਾ ਉੱਥਾਨ ਪੰਜਾਬੀ ਵਿਚ ਹੋਇਆ, ਉਹ ਗੁਰਬਾਣੀ ਦੇ ਸਦਕੇ ਹੀ ਸੀ।

ਗੁਰਬਾਣੀ ਵਿਚੋਂ ਅਸੀਂ ਪੰਜਾਬੀ ਜੀਵਨ ਦਾ ਹਰ ਇਕ ਪਹਲੂ ਦੇਖ ਸਕਦੇ ਹਾਂ। ਦੇਸ਼ ਦੀਆਂ ਰਾਗ ਰਾਗਣੀਆਂ ਦੀ ਇਹ ਖਾਣ ਹੈ, ਦੇਸ਼ ਦੀ ਮਿਥਿਹਾਸਕ ਤੇ ਬੀਰ-ਗਾਥਾ ਪਰੰਪਰਾ ਦੇ ਵਿਸ਼ੈ ਉੱਤੇ ਇਸ਼ਾਰੇ ਸਾਨੂੰ ਇਸ ਵਿਚ ਮਿਲਦੇ ਹਨ। ਪੰਜਾਬੀ ਪਿੰਗਲ ਆਪਣੀਆਂ ਬਹੁਰੰਗੀ ਸੁੰਦਰਤਾਈਆਂ ਵਿਚ ਸਾਨੂੰ ਗੁਰਬਾਣੀ ਵਿਚ ਹੀ ਮਿਲਦਾ ਹੈ।

ਗੁਰਬਾਣੀ ਦਾ ਲਿਖਣ-ਢੰਗ ਇੰਨਾ ਸੁੱਚਾ ਸੱਚਾ ਤੇ ਸੁਨੱਖਾ ਹੈ ਕਿ ਇਸਦਾ ਅਧਿਐਨ ਪਾਠਕ ਦੀ ਰਸਨਾ ਨੂੰ ਪਵਿੱਤਰਤਾ ਦਾ ਦਾਨ ਦੇਂਦਾ ਹੈ ਤੇ ਉਸ ਨੂੰ ਠਰੰਮ੍ਹੇ ਭਰੀ ਸ਼ੈਲੀ ਦਾ ਆਦਰਸ਼ਕ ਨਮੂਨਾ ਪੇਸ਼ ਕਰਦਾ ਹੈ।

ਗੁਰਬਾਣੀ ਬਾਬਤ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿੱਤ ਦੀਆਂ ਹੋਰ ਸਾਰੀਆਂ ਰਚਨਾਵਾਂ ਦੀ ਅਣਹੋਂਦ ਤੇ ਵੀ (ਜੇ ਦੁਰਭਾਗ ਨਾਲ ਪੰਜਾਬੀ ਸਾਹਿਤ ਦੀਆਂ ਹੋਰ ਧਾਰਾਵਾਂ ਦਾ ਸਾਹਿਤ ਅਲੱਭ ਹੁੰਦਾ) ਇਕੱਲੀ ਗੁਰਬਾਣੀ ਹੀ ਪੰਜਾਬੀ ਸਾਹਿਤ ਨੂੰ ਉੱਨਤ ਸਾਹਿਤ ਵਿਚ ਦਰਜਾ ਦੇਣ ਲਈ ਕਾਫੀ ਹੈ। ਪੰਜਾਬੀ ਸਾਹਿਤ ਦੀ ਹੋਰ ਕਿਸੇ ਧਾਰਾ ਦੇ ਸਾਹਿਤ ਵਿਚ ਇੰਨਾ ਰਾਗ ਨਹੀਂ, ਇੰਨੀ ਮਧੁਰਤਾ ਨਹੀਂ ਜਿੰਨੀ ਕਿ ਗੁਰਬਾਣੀ ਵਿਚ ਹੈ।

ਗੁਰਬਾਣੀ ਦੀ ਮਹੱਤਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਅੰਗਰੇਜ਼ੀ ਰਾਜ ਸਮੇਂ ਜਦੋਂ ਇਤਿਹਾਸਕ ਤੇ ਸਮਾਜਕ ਕਾਰਨਾਂ ਕਰਕੇ ਪੰਜਾਬੀ ਸਿਸ਼ਟਾਚਾਰ ਤੇ ਸਭਿਆਚਾਰ ਰਸਾਤਲ ਨੂੰ ਪਹੁੰਚ ਚੁੱਕਿਆ ਸੀ ਤਾਂ ਗੁਰਬਾਣੀ ਤੋਂ ਪ੍ਰੇਰਣਾ ਲੈਕੇ ਹੀ ਕੁਝ ਸਾਹਿਤਕਾਰਾਂ ਨੇ ਇਕ ਨਵੇਂ ਸਮਾਜਕ ਸੁਧਾਰ ਦੀ ਨੀਂਹ ਰੱਖੀ ਸੀ।

[*ਪੰਜਾਬੀ ਸਾਹਿੱਤ ਦਾ ਇਤਿਹਾਸ*, ਪੰਨਾ ੪੪-੪੫, ਤੀਜੀ ਛਾਪ, ੧੯੬੯]

੯੯. *ਡਾ: ਬਲਬੀਰ ਸਿੰਘ*

ਪੂਜਾ ਅਤੇ ਪ੍ਰਤਿਸ਼ਠਾ ਦੇ ਲਿਹਾਜ਼ ਨਾਲ *ਸ੍ਰੀ ਗੁਰੂ ਗ੍ਰੰਥ ਸਾਹਿਬ* ਇਕ ਅਦੁਤੀ ਧਰਮ ਗ੍ਰੰਥ ਹੈ। ਜਿਤਨਾ ਅਦਬ ਅਤੇ ਰਸਭਿੰਨਾ ਸਤਿਕਾਰ ਸਿੱਖ ਮਤ ਨੇ ਏਸ ਪ੍ਰਤਿ ਦਿਖਾਇਆ ਹੈ, ਉਹ ਆਦਰ ਤੇ ਸਨਮਾਨ ਦਾ ਆਪਣੇ ਆਪ ਵਿਚ ਇਕ ਨਮੂਨਾ ਹੈ। ਗੁਰੂ ਨਾਨਕ ਸਾਹਿਬ ਦਾ ਬਚਨ ਹੈ :

ਨਾਨਕੁ ਵੇਚਾਰਾ ਕਿਆ ਕਹੈ। ਸਭੁ ਲੋਕੁ ਸਲਾਹੇ ਏਕਸੈ
ਸਿਰੁ ਨਾਨਕ ਲੋਕਾ ਪਾਵ ਹੈ। ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ।

(ਬਸੰਤ *ਮ.* ੧, ਪੰਨਾ ੧੧੬੮)

ਇਹ ਤੁਕਾਂ ਅਰਥ-ਭਰਪੂਰ ਹਨ। ਇਹ ਲਖਾਇਕ ਹਨ ਉਸ ਮਾਨਸਿਕ ਬਿਰਤੀ ਦੀਆਂ ਜਿਸਨੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਸੰਕਲਨਾ ਵਿਚ ਹਿਰਦੇ ਦੀ ਅਗਾਧ ਵਿਸ਼ਾਲਤਾ ਤੋਂ ਕੰਮ ਲਿਆ ਹੈ। ਉਪਰਲੀਆਂ ਤੁਕਾਂ ਵਿਚ ਕਿਹਾ ਗਿਆ ਹੈ, ਉਨ੍ਹਾਂ ਲੋਕਾਂ ਦੇ ਚਰਨਾਂ ਉਪਰ ਨਾਨਕ

ਦਾ ਸਿਰ ਹੈ। ਐਸਾ ਕਹਿਣ ਦੀ ਕੀ ਲੋੜ ਪਈ ਕੀ ਇਹ ਨਿਮਰਤਾ ਦਰਸਾਉਣ ਦੀ ਖਾਤਰ ਹੈ? ਨਹੀਂ, ਐਸਾ ਨਹੀਂ। ਇਹ ਸੱਖਣੀ ਨਿਮਰਤਾ ਨਹੀਂ, ਇਸ ਕਥਨ ਦਾ ਪ੍ਰਯੋਜਨ ਇਹ ਹੈ ਕਿ ਚਾਹੇ ਆਪਸ ਵਿਚ ਕਈ ਧਾਰਮਿਕ ਅੰਗਾਂ ਦੇ ਵਿਚਾਰਾਂ ਬਾਬਤ ਮਤਭੇਦ ਹੋਵੇ, ਤਦ ਵੀ ਬਾਵਜੂਦ ਇਨ੍ਹਾਂ ਦੇ, ਜਿਥੇ ਉਪਾਸਨਾ ਦੇ ਆਦਰਸ਼ਾਂ ਦੀ ਏਕਤਾ ਹੈ, ਉਥੇ ਸਭ ਲਈ ਇਕੋ ਜੇਹਾ ਆਦਰ ਤੇ ਸਤਿਕਾਰ ਚਾਹੀਦਾ ਹੈ—ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ—ਇਸ ਕਥਨ ਵਿਚ ਡੂੰਘੀ ਝਲਕ ਹੈ। ਜਿਤਨੇ ਪਰਮਾਤਮਾ ਦੇ ਨਾਮ ਹਨ, ਉਹ ਲਖਾਇਕ ਹਨ ਅਨੇਕ ਧਰਮਾਂ ਦੇ। ਹਰ ਇਕ ਮਤ ਨੇ ਜੈਸਾ ਈਸ਼੍ਵਰ ਨੂੰ ਸਮਝਿਆ ਹੈ, ਵੈਸਾ ਹੀ ਉਸਦਾ ਵਰਣਨ ਕੀਤਾ ਹੈ। ਫਿਰ ਉਸਦੇ ਮੁਤਾਬਿਕ ਉਸਦਾ ਲੱਛਣ ਕੀਤਾ ਹੈ। ਇਸ ਤਰ੍ਹਾਂ ਲੱਛਣ ਇਕ ਪ੍ਰਕਾਰ ਦਾ ਨਿਚੋੜ ਹੁੰਦਾ ਹੈ, ਵਰਣਨ ਵਿਸਤਾਰ ਦਾ। ਇਸ ਲੱਛਣ ਨਿਚੋੜ ਦੇ ਹੋਰ ਗਾੜ੍ਹੇ ਕੀਤੇ ਸੰਖੇਪ ਰੂਪ ਵਿਚੋਂ ਉਹ ਸੰਕੇਤ ਮਿਲਦਾ ਹੈ ਜੋ ਕੁਲ ਵਰਣਨ ਵਿਸਤਾਰ ਦਾ ਸਾਰ ਤੱਤ ਹੈ। ਉਹ ਨਾਮ ਹੈ—ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ—ਇਸ ਵਾਕੰਸ਼ ਵਿਚ ਕੇਵਲ ਈਸ਼ਵਰ ਦੇ ਨਾਵਾਂ ਦੀ ਬਹੁਲਤਾ ਵਲ ਹੀ ਇਸ਼ਾਰਾ ਨਹੀਂ, ਪਰੰਤੂ ਅਨੇਕ ਧਰਮਾਂ ਦੀ ਵਿਭਿੰਨਤਾ ਦਾ ਸੰਕੇਤ ਹੈ ਅਤੇ ਨਾਲ ਹੀ ਉਨ੍ਹਾਂ ਧਰਮਾਂ ਵਲ ਪੂਰਨ ਸਤਿਕਾਰ ਭਾਵ ਦੀ ਚੇਸ਼ਟਾ ਹੈ। ਇਨ੍ਹਾਂ ਤੁਕਾਂ ਵਿਚੋਂ ਇਕ ਗੱਲ ਹੋਰ ਸਿੱਧ ਹੁੰਦੀ ਹੈ। ਸਪਸ਼ਟ ਤੌਰ ਤੇ ਕਿਹਾ ਹੈ ਕਿ 'ਸਭੁ ਲੋਕੁ ਸਲਾਹੇ ਏਕ ਸੈ।' ਮੁਰਾਦ ਹੈ ਕਿ ਸਾਰੀ ਦੁਨੀਆ ਜੋ ਆਸਤਿਕ ਹੈ, ਉਹ ਇਕੋ ਪਰਮਾਤਮਾ ਦੀ ਸਿਫਤ ਸਲਾਹ ਕਰ ਰਹੀ ਹੈ ਚਾਹੇ ਤਰੀਕੇ ਵੱਖ ਵੱਖ ਹਨ।

ਇਸ ਤੋਂ ਸਿੱਟਾ ਇਹ ਨਿਕਲਦਾ ਹੈ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਸਿਖਿਆ ਮੂਲਕ ਤੌਰ ਉੱਤੇ ਆਤਮਿਕ ਭਾਵ ਦੀ ਦ੍ਰਿੜ੍ਹਤਾ ਹੈ, ਇਹ ਬੁਨਿਆਦ ਹੈ। ਇਸ ਅਧਾਰ-ਸ਼ਿਲਾ ਉਪਰ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਸਰੂਪ ਦੀ ਮਹਲ-ਉਸਾਰੀ ਹੈ। ਇਸ ਵਿਚ ਉਨ੍ਹਾਂ ਸੰਤਾਂ ਨੂੰ, ਭਗਤਾਂ ਨੂੰ ਆਦਰ ਦਿੱਤਾ ਹੈ ਜੋ ਇਕ ਪਰਮਾਤਮਾ ਨੂੰ ਮੰਨਦੇ ਹਨ, ਉਸ ਦੀ ਭਗਤੀ ਕਰਦੇ ਹਨ। ਇਥੋਂ ਤਕ ਕਿ ਉਨ੍ਹਾਂ ਉਪਰ ਪ੍ਰਭੂ ਕ੍ਰਿਪਾਲ ਹੋ ਜਾਂਦਾ ਹੈ। ਜਿਨ੍ਹਾਂ ਉਪਰ ਪ੍ਰਭੂ ਦੀ ਮਿਹਰ ਹੈ, ਉਹੋ ਆਦਰਣੀਜ ਹਨ, ਉਨ੍ਹਾਂ ਦੀ ਹੀ ਬਾਣੀ ਜੋ ਉਪਲਬਧ ਸੀ, ਗੁਰੂ ਘਰ ਵਿਚ ਪ੍ਰਵਾਨ ਹੋਈ ਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗ ਬਣ ਜਾਂਦੀ ਹੈ।

× × ×

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ-ਬਾਣੀਆਂ ਦਾ ਪ੍ਰਵੇਸ਼ ਧਰਮ-ਗ੍ਰੰਥਾਂ ਦੇ ਇਤਿਹਾਸ ਵਿਚ ਇਕ ਬੜੀ ਮਹੱਤਾ ਦੀ ਘਟਨਾ ਹੈ। ਮੱਧ ਯੁਗ ਦੀ ਧਾਰਮਿਕ ਸਥਿਤੀ ਵਿਚ ਇਤਨੇ ਵੱਡੇ ਪੈਮਾਨੇ ਉੱਤੇ ਇਹ ਗੱਲ ਸਿਰੇ ਚਾੜ੍ਹਨੀ ਆਪਣਾ ਮੁੱਲ ਆਪ ਰਖਦੀ ਹੈ। ਭਗਤ-ਬਾਣੀਆਂ ਨੂੰ ਗੁਰਬਾਣੀ ਦਾ ਦਰਜਾ ਪ੍ਰਦਾਨ ਹੋ ਜਾਣਾ ਇਹ ਧਰਮ-ਨਿਰਪੱਖਤਾ ਦੇ ਸਿਖਰ ਦੀ ਗੱਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਨੇਕ ਪ੍ਰਕਾਰ ਦੇ ਚਿੰਤਨ ਦਾ ਵਿਵਰਣ ਹੁੰਦਿਆਂ ਹੋਇਆਂ ਵੀ ਇਕ ਨਾਲ ਨਾਲ ਗੁਰੂ-ਆਸ਼ੇ ਦੀ ਸੰਸ਼ੋਧਨ ਧਾਰਾ ਲਗਾਤਾਰ ਚਲਦੀ ਹੈ ਜੋ ਆਪਣੇ ਆਪ ਦਾ ਦਿਖਾਵਾ ਨਹੀਂ ਕਰਦੀ ਪਰ ਆਪਣੀ ਉਦੇਸ਼ ਪੂਰਤੀ ਦੀ ਗੰਭੀਰ ਚਾਲ ਵਿਚ ਗਤੀਮਾਨ ਰਹਿੰਦੀ ਹੈ।

[*ਨਿਰੁਕਤ—ਸ੍ਰੀ ਗੁਰੂ ਗ੍ਰੰਥ ਸਾਹਿਬ*, ਦੂਜੀ ਜਿਲਦ, ਪੰਨਾ ੧੩-੧੪, ੧੯੭੫]

੧੦੦. *ਸੁਆਮੀ ਰਾਮ ਤੀਰਥ ਦੰਡੀਸੁਆਮੀ*

ਪਹਿਲੇ ਅਧਿਆਵਾਂ ਵਿਚ ਭਾਰਤ ਦੇ ਪ੍ਰਾਚੀਨ ਧਰਮ-ਗ੍ਰੰਥਾਂ* ਵਿਚਲੇ ਬਾਮ-ਪੰਥੀ ਵਿਚਾਰਾਂ ਵਲ ਕੁਝ ਸੰਕੇਤ ਕੀਤੇ ਗਏ ਹਨ, ਜਿਨ੍ਹਾਂ ਦਾ ਭਾਵ ਇਨ੍ਹਾਂ ਧਰਮ-ਪੁਸਤਕਾਂ ਦੀ ਨਿਰਾਰਥਕਤਾ ਸਿੱਧ ਕਰਨਾ ਵੀ ਸੀ ਤੇ ਇਹ ਦਸਣਾ ਵੀ ਕਿ ਜਿਸ ਸਮਾਜ ਦੀਆਂ ਪਥ-ਪ੍ਰਦਰਸ਼ਕ ਅਜਿਹੀਆਂ ਬਾਣੀਆਂ ਹੋਣਗੀਆਂ ਉਹ ਸਮਾਜ ਕੇਵਲ ਪਸ਼ੂ-ਸਮਾਜ ਹੀ ਹੋ ਸਕਦਾ ਹੈ ਤੇ ਮਾਨਵ-ਸਮਾਜ ਜਾਂ ਦੇਵ-ਸਮਾਜ ਤਾਂ ਬਿਲਕੁਲ ਨਹੀਂ।

ਇਸ ਤੋਂ ਪਹਿਲਾਂ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੀ ਸਰਵੋਤਮਤਾ ਦਰਸਾਉਣ ਲਈ ਕੁਝ ਸੰਕੇਤ ਦਿੱਤੇ ਜਾਣ ਮੈਂ ਸਮੁੱਚੇ ਰੂਪ 'ਚ ਹੀ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਚਰਚਾ ਹੋ ਚੁੱਕੇ ਦੋਸ਼ਾਂ ਨੂੰ ਇਸ ਮਹਾਨ *ਗ੍ਰੰਥ* 'ਚ ਕੋਈ ਥਾਂ ਨਹੀਂ ਦਿੱਤੀ ਗਈ। ਸਗੋਂ ਅਜਿਹੇ ਅਕਲਿਆਣਕਾਰੀ ਤੱਤਾਂ ਦੀ ਕੋਈ ਤਿੱਖੀ ਆਲੋਚਨਾ ਨਜ਼ਰੀਂ ਪੈਂਦੀ ਹੈ। ਇਹ ਮਹਾਂ ਕਲਿਆਣਕਾਰੀ ਬਾਣੀ ਹੈ, ਕਿਉਂਕਿ ਇਸ ਦਾ ਸਦ ਉਪੇਦਸ਼ ਮਨੁੱਖ ਜਾਤੀ ਦੇ ਕਿਸੇ ਇਕ ਵਰਗ ਦੇ ਹਿਤ ਨੂੰ ਮੁੱਖ ਰਖਕੇ ਕੋਈ ਕਪਟ ਰੂਪ ਕਰਮਕਾਂਡ ਨਹੀਂ ਮਿਲਦਾ ਸਗੋਂ ਮਨੁੱਖੀ ਜੀਵਨ ਦੀ ਸਫ਼ਲ ਪੂਰਨਤਾ ਲਈ ਅਤਿ ਸੁਗਮ ਮਾਰਗ ਦੱਸਿਆ ਗਿਆ ਹੈ :

'ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।
ਹਸੰਦਿਆ, ਖੇਲੰਦਿਆ, ਪੈਨੰਦਿਆ ਵਿਚੇ ਹੋਵੈ ਮੁਕਤਿ।

(੧) ਇਹ ਮਹਾਨ ਗ੍ਰੰਥ ਕੇਵਲ ਅਕਾਲ ਪੁਰਖ ਦੀ ਭਗਤੀ ਹੀ ਉਪਦੇਸ਼ਦਾ ਹੈ।

(੨) ਪਸ਼ੂ-ਪੰਛੀਆਂ ਵਿਚ ਜਨਮ-ਪ੍ਰਧਾਨ ਹੈ, ਇਸ ਲਈ ਉਹ ਆਪਣੇ ਜੀਵਨਾਂ ਵਿਚ ਕਿਸੇ ਵੀ ਕਿਸਮ ਦੀ ਤਬਦੀਲੀ ਨਹੀਂ ਕਰ ਸਕਦੇ; ਪਰ ਮਨੁੱਖ-ਜਾਤੀ ਤਾਂ ਕਰਮ-ਪ੍ਰਧਾਨ ਹੈ। ਇਸੇ ਕਰਕੇ ਮਨੁੱਖ ਸਤਿਸੰਗ ਜਾਂ ਕੁਸੰਗ, ਵਿਵੇਕ ਜਾਂ ਮੂੜ੍ਹਤਾ ਰਾਹੀਂ ਆਪਣੇ ਜੀਵਨ 'ਚ ਜਿੰਨਾ ਚਾਹੇ ਪਰੀਵਰਤਨ ਕਰ ਲੈਂਦਾ ਹੈ। ਸਾਨੂੰ ਕਿਸੇ ਮਨੁੱਖ ਦਾ ਮੂਲਾਂਕਨ ਉਸ ਦੇ ਚੰਗੇ ਜਾਂ ਮੰਦੇ ਕੰਮਾਂ ਅਨੁਸਾਰ ਕਰਨਾ ਚਾਹੀਦਾ ਹੈ, ਜਨਮ ਕਰਕੇ ਨਹੀਂ। *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਵਿਚ ਇਹੋ ਵਿਚਾਰ ਹਨ।

(੩) ਗੁਰਬਾਣੀ ਵਿਚ ਲਿੰਗ ਦੇ ਆਧਾਰ ਤੇ ਮਨੁੱਖ ਜਾਂ ਇਸਤਰੀ ਵਿਚ ਕੋਈ ਉਚਤਾ ਜਾਂ ਨੀਚਤਾ ਨਹੀਂ ਮੰਨੀ ਗਈ। ਸੋ, ਗੁਰਬਾਣੀ ਦੇ ਅਨੁਯਾਈਆਂ ਨੂੰ ਦੋਵਾਂ ਵਰਗਾਂ 'ਚ ਸਮਾਨਤਾ ਦੇ ਹਾਮੀ ਹੋਣਾ ਚਾਹੀਦਾ ਹੈ।

(੪) ਕਿਸੇ ਵੀ ਦੇਵੀ ਦੇਵਤਾ ਜਾਂ ਧਰਮ ਦੇ ਨਾਂ ਉੱਤੇ ਉਪਜੀਵਕਾ ਚਲਾਉਣ ਵਾਲੇ ਨੂੰ ਗੁਰੂ ਜੀ ਨੇ 'ਚੋਰ' ਤੇ 'ਹਰਾਮਖੋਰ' ਕਿਹਾ ਹੈ, ਅਜਿਹੇ ਲੋਕਾਂ ਦਾ ਸੰਗ ਕਰਨਾ 'ਗੁਰੂ-ਸ਼ਿਸ਼ਾਂ' ਲਈ ਉਚਿੱਤ ਨਹੀਂ। ਹਰ ਕਿਸੇ ਨੂੰ ਆਪਣਾ ਜੀਵਨ ਨਿਰਬਾਹ ਆਪਣੇ ਬਾਹੂ-ਬਲ, ਤਪੋ-ਬਲ ਜਾਂ ਵਿਦਿਆ-ਬਲ ਰਾਹੀਂ ਕਰਨਾ ਚਾਹੀਦਾ ਹੈ।

(੫) ਗੁਰਮਤਿ ਅਨੁਸਾਰ ਘਰ ਬਾਰ ਤਿਆਗੀ ਸੰਤਾਂ ਲਈ ਸ਼ਾਦੀ ਕਰਾਉਣਾ, ਚਲ ਜਾਂ ਅਚਲ ਸੰਪਤੀ ਦੇ ਮਾਲਕ ਬਣਨਾ ਤੇ ਹੋਰ ਕਿਸੇ ਕੰਮ ਧੰਦੇ ਦੇ ਪ੍ਰਬੰਧ ਦੀ ਸਿਰਦਰਦੀ ਮੁੱਲ ਲੈਣਾ ਵਰਜਿਤ ਹਨ। ਅਜਿਹੇ ਹਾਲਾਤ ਵਿਚ ਆਮ ਤੌਰ ਤੇ ਮੁਕੱਦਮੇ ਆਦਿ ਚੱਲਦੇ ਰਹਿੰਦੇ ਹਨ ਤੇ

---

*ਲੇਖਕ ਨੇ ਵਿਸਤਾਰ ਨਾਲ ਪਹਿਲੇ ਪੁਰਾਣੇ ਧਰਮ ਗ੍ਰੰਥਾਂ ਦੇ ਹਾਨੀਕਾਰਕ ਸਿਧਾਂਤਾਂ ਦੀ ਪੜਚੋਲ ਕੀਤੀ ਹੈ।

'ਸੁਆਮੀ ਜੀ' ਅਖਵਾਉਣ ਵਾਲੇ ਸਾਧੂ ਸੰਤਾਂ ਨੂੰ ਛੋਟੇ ਤੋਂ ਛੋਟੇ ਜੱਜ ਅੱਗੇ ਪੇਸ਼ ਹੋ ਕੇ ਇਨਸਾਫ਼ ਲਈ ਹੱਥ ਅੱਡਣੇ ਪੈਂਦੇ ਹਨ। ਇਹ ਬੇਹੱਯਾਈ ਵਾਲੀ ਗੱਲ ਹੈ। ਨਾਲੇ ਜੇ ਸੰਸਾਰਿਕ ਝੰਜਟਾਂ 'ਚ ਲੱਤਾਂ ਫਸਾਉਣੀਆਂ ਹੀ ਹਨ ਤਾਂ ਗ੍ਰਿਹਸਤ ਹੀ ਕਿਉਂ ਤਿਆਗਿਆ ਜਾਏ, ਜੋ 'ਉਤਮ ਆਸ਼ਰਮ' ਮੰਨਿਆ ਗਿਆ ਹੈ। ਅੱਵਲ ਤੇ ਸਾਧੂਜਨਾਂ ਨੂੰ ਗੁਰੂ-ਆਗਿਆ ਤੋਂ ਵਿਪ੍ਰੀਤ ਨਹੀਂ ਚੱਲਣਾ ਚਾਹੀਦਾ ਜਾਂ ਫਿਰ ਲੋਕਾਂ ਨੂੰ ਚਾਹੀਦਾ ਹੈ ਕਿ ਅਜਿਹੇ ਅਖਾਉਤੀ 'ਨਿਹਕਲੰਕਾਂ' ਤੇ ਦੰਭੀਆਂ ਨੂੰ ਮੂੰਹ ਨਾ ਲਾਉਣ।

(੬) ਗੁਰੂ ਦੀ ਸਿਖਿਆ ਹੈ ਕਿ ਨੰਗੇ ਜਾਂ ਭੁਖੇ ਆਦਿ ਰਹਿਣਾ ਕੋਈ ਧਾਰਮਕ ਰਹਿਣੀ ਨਹੀਂ ਸਗੋਂ ਪਖੰਡ ਹੈ। ਸਾਨੂੰ ਨਾ ਆਪ ਅਜਿਹੇ ਪਖੰਡੀ ਬਣਨਾ ਚਾਹੀਦਾ ਹੈ ਤੇ ਨਾ ਹੀ ਅਜਿਹੇ ਵਿਅਕਤੀਆਂ ਦਾ ਕੋਈ ਮਾਨ ਮਹੱਤਵ ਕਰਨਾ ਚਾਹੀਦਾ ਹੈ।

(੭) ਗੁਰੂ ਭਗਤਾਂ ਨੂੰ ਤਾਮਸੀ ਭੋਜਨ—ਸ਼ਰਾਬ, ਤਮਾਕੂ ਤੇ ਚਰਸ ਆਦਿ—ਨਸ਼ਿਆਂ ਦਾ ਨਿਸ਼ੇਧ ਕਰਨਾ ਚਾਹੀਦਾ ਹੈ। ਮੇਰੀ ਰਾਏ ਅਨੁਸਾਰ ਧਰਮ-ਪਰਚਾਰਕਾਂ ਨੂੰ ਮੁਦਰਾ ਆਦਿ ਦੀ ਉਕੀ ਵਰਤੋਂ ਨਹੀਂ ਕਰਨੀ ਚਾਹੀਦੀ, ਕਿਉਂਕਿ ਉਹ ਤਾਂ ਗੁਰੂ ਜੀ ਦੇ ਉਤਮ ਸਿੱਖ ਹਨ।

ਕਿਉਂਕਿ ਦੂਜੇ ਧਰਮ-ਗ੍ਰੰਥਾਂ ਦੀ ਯਥਾਰਥ ਤੇ ਕਲਿਆਣਕਾਰੀ ਬਾਣੀ ਦਾ ਗੁਰੂ ਸਾਹਿਬਾਨ ਨੇ ਆਪਣੇ ਗ੍ਰੰਥ ਵਿਚ ਨਿੱਘਾ ਆਦਰ ਕੀਤਾ ਹੈ, ਇਸ ਲਈ ਉਨ੍ਹਾਂ ਗ੍ਰੰਥਾਂ ਦੀ ਗੁਰੂ-ਆਸ਼ੇ ਅਨੁਕੂਲ ਬਾਣੀ ਦਾ ਸਤਿਕਾਰ ਹੋਣਾ ਜ਼ਰੂਰੀ ਹੈ। ਗੁਰੂ-ਦੇਵਾਂ ਨੇ ਸਾਨੂੰ ਰੂੜ੍ਹੀਗਤ ਪਰੰਪਰਾਵਾਂ ਦੇ ਪਿਛਲੱਗ ਹੋਣ ਦੀ ਥਾਂ ਵਿਵੇਕਮਈ ਬਿਰਤੀ ਵਾਲੇ ਕਰਮ-ਯੋਗੀ ਹੋਣ ਦੀ ਪ੍ਰੇਰਨਾ ਕੀਤੀ ਹੈ।

[*ਸਿੰਘ ਸਭਾ ਪਤ੍ਰਿਕਾ* ਅੰਮ੍ਰਿਤਸਰ ਦਾ 'ਗੁਰੂ ਗ੍ਰੰਥ ਵਿਚਾਰ ਸੰਮੇਲਨ ਅੰਕ,
ਪੰਨਾ ੩੪-੫੬, ੧੯੭੬]

੧੦੧. *ਅਚਾਰਯ ਲੇਖਰਾਮ ਦੀਕਸ਼ਤ*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਕਿ ਭਾਸ਼ਾ ਤ੍ਰਿਲੋਕੀ ਨੂੰ ਸੁਖੱਲੇ ਰੂਪ ਵਿਚ ਅਪਣਾਇਆ ਹੈ ਕਿਉਂਕਿ ਗੁਰੂਆਂ ਤੇ ਸੰਤ ਮਹਾਤਮਾਵਾਂ ਦੇ ਸਾਹਮਣੇ ਇਕ ਵੱਡੀ ਸਮੱਸਿਆ ਸੀ ਕਿ ਚਿੰਤਨ ਪ੍ਰਧਾਨ ਉਪਨਿਸ਼ਦਾਂ ਦੀ ਵਿਚਾਰਧਾਰਾ, ਭਾਰਤੀ ਸੰਸਕ੍ਰਿਤੀ ਤੇ ਵੇਦਾਂ ਵਿਚ ਛਪੇ ਡੂੰਘੇ ਤੇ ਕਠਿਨ ਸ਼ਬਦਾਂ ਦੇ ਰੂਪ ਵਿਚ ਲਿਪਟੇ ਹੋਏ 'ਅੰਮ੍ਰਿਤਰਸ' ਦਾ ਪਾਨ ਆਮ ਲੋਕਾਂ ਨੂੰ ਕਿਵੇਂ ਕਰਾਇਆ ਜਾਵੇ। ਇਹ ਵੱਡਾ ਪ੍ਰਸ਼ਨ ਸੀ। ਪਹਿਲਾਂ ਚਿੰਤਨ ਸਾਮਗ੍ਰੀ ਕੇਵਲ ਸ਼ਾਸਤ੍ਰ ਭਾਸ਼ਾ ਵਿਚ ਹੀ ਸੀ ਜਿਸ ਤੋਂ ਸਰਬ ਹਿਤ (ਸਭ ਦੇ ਭਲੇ) ਲਈ ਸਤਿਕਾਰਯੋਗ ਗੁਰੂਆਂ ਨੇ ਆਪਣੇ ਮੌਲਿਕ ਚਿੰਤਨ (ਵਿਚਾਰਧਾਰਾ) ਦੇ ਦੁਆਰਾ ਸਭ ਨੂੰ ਉਸੇ ਥਾਂ ਦੀ ਭਾਸ਼ਾ ਵਿਚ 'ਅੰਮ੍ਰਿਤਰਸ ਪਾਨ' ਕਰਾਇਆ ਤੇ ਆਪਣੇ ਮੌਲਿਕ ਵਿਚਾਰਾਂ ਨਾਲ ਲੋਕਾਂ ਨੂੰ ਸਹੀ ਮਾਰਗ ਦੱਸਿਆ ਜਿਸ ਤੋਂ ਉਹ ਆਪਣੇ ਜੀਵਨ ਨੂੰ ਸਫਲ ਕਰ ਸਕਣ ਕਿਉਂਕਿ ਉਸ ਸਮੇਂ ਜਨਤਾ ਭੁੱਲੀ ਭਟਕੀ ਕੁਰਾਹੇ ਤੇ ਭਰਮਾਂ ਵਿਚ ਪਈ ਹੋਈ ਸੀ। ਇਸ ਵਿਚਾਰ ਨੂੰ ਮੁਖ ਰੱਖ ਕੇ ਗੁਰੂਆਂ ਨੇ ਉਨ੍ਹਾਂ ਨੂੰ ਸੋਖਾ ਮਾਰਗ ਦਸਿਆ। *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਬਾਣੀਕਾਰਾਂ ਨੇ ਸ਼ਾਸਤ੍ਰ ਭਾਸ਼ਾ ਨੂੰ ਸੰਗੀਤ ਦੇ ਆਰੋਹ ਅਵਰੋਹ ਦੇ ਸੁਰ ਤੇ ਤਾਲ ਵਿਚ ਬਧ ਕਰਕੇ ਗੇਯ-ਆਤਮਕਤਾ ਦਾ ਰੂਪ ਦੇ ਦਿੱਤਾ ਹੈ। ਸ਼ਾਸਤ੍ਰ ਚਿੰਤਨ ਤੇ ਲੋਕ ਤੱਤ ਇਕ ਰੂਪ ਧਾਰਣ ਕਰ ਸਰਸ ਕਵਿਤਾ ਦੇ ਰੂਪ ਵਿਚ ਆਏ। ਇਸ ਤੋਂ ਭਾਵ ਇਹ ਹੈ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਬਾਣੀਕਾਰਾਂ ਨੇ ਕਾਵਿ ਸ੍ਰਿਜਨ ਲਈ (ਕਾਵਿ

ਰਚਨਾ ਲਈ) ਕਾਵਿ ਭਾਸ਼ਾ ਦੇ ਨੈਸਰਗਿਕ (ਸੁਭਾਵਕ) ਸ਼ਬਦ ਉਪਮਾ, ਰੂਪਕ, ਦ੍ਰਿਸ਼ਟਾਂਤ ਆਦਿ ਅਲੰਕਾਰਾਂ ਨੂੰ ਲੋਕ ਜੀਵਨ ਤੋਂ ਲਿਆ ਤੇ ਸਾਰੀ ਸਾਂਸਕ੍ਰਿਤਿਕ ਭਾਵਨਾ ਦਾ ਰੂਪ ਪ੍ਰਗਟਾਉਣ ਲਈ ਤਤਸਮ, ਤਦਭਵ ਸ਼ਬ੍ਦਾਵਲੀ ਨੂੰ ਸ਼ਾਸਤ੍ਰ ਭਾਸ਼ਾ ਤੋਂ ਲਿਆ।

[*ਸਿੰਘ ਸਭਾ ਪਤ੍ਰਿਕਾ* ਦਾ ਉਪਰੋਕਤ ਅੰਕ]

੧੦੨. *ਪ੍ਰੋ. ਕਿਸ਼ਨ ਸਿੰਘ*

(ੳ) ਗੁਰੂ ਸਾਹਿਬਾਨ ਦੇ ਵੇਲੇ ਸਮਾਜਕ ਚੇਤਨਤਾ ਦਾ ਰੂਪ ਮਜ਼੍ਹਬੀ ਸੀ। ਚੇਤਨਤਾ ਦੀ ਪੱਧਰ ਉੱਤੇ ਹਰ ਸਮਾਜਕ ਮਨੁੱਖੀ ਮਸਲਾ ਮਜ਼ਬ ਦੇ ਰੂਪ ਵਿਚ ਪੇਸ਼ ਹੁੰਦਾ ਸੀ ਅਤੇ ਉਸ ਰੂਪ ਵਿਚ ਹੀ ਲੜ ਕੇ ਨਜਿਠਿਆ ਜਾਂਦਾ ਸੀ। ਮਜ਼੍ਹਬ ਸਮਾਜਕ ਅਸਲੀਅਤ ਦਾ ਰੂਪ ਹੈ, ਉਸ ਦਾ ਸਿਧਾਂਤ ਹੈ, ਉਸਦਾ ਰੈਸ਼ਨੇਲ ਹੈ, ਸਮਾਜਕ ਉਸਾਰ ਦਾ ਅੰਗ ਹੈ। ਉਸਾਰ ਦੇ ਰੂਪ ਵਾਂਗ ਇਹ ਆਪਣੀ ਨੀਂਹ, ਵਸਤੂ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ। ਮਜ਼੍ਹਬ ਨੂੰ ਸਹੀ ਸਮਝਣ ਦਾ ਤਰੀਕਾ ਇਹ ਹੈ ਕਿ ਉਸ ਵਿਚ ਪੇਸ਼ ਸਮਾਜਕ ਮਨੁੱਖੀ ਮਸਲਿਆਂ ਨੂੰ ਦੁਨਿਆਵੀ ਸ਼ਕਲ ਵਿਚ ਪੇਸ਼ ਕਰਕੇ ਸਮਝਿਆ, ਪਰਖਿਆ ਜਾਵੇ। ਇਸ ਤਰ੍ਹਾਂ ਹੀ ਗੁਰਬਾਣੀ ਦੇ ਸਮਾਜਕ ਮਨੁੱਖੀ ਰੋਲ ਦੀ ਸਹੀ ਸਮਝ ਆ ਸਕਦੀ ਹੈ।

ਗੁਰਬਾਣੀ ਦਾ ਨਾਇਕ ਰੱਬ ਹੈ ਅਤੇ ਨਾਲ ਉਸਦੇ ਸੱਚ ਦੇ ਮਨੁੱਖੀ ਸਰੂਪ—ਸਤਿਗੁਰੂ, ਸੰਤ, ਭਗਤ, ਗੁਰਮੁਖ ਹਨ। ਰੂਪ ਦੀ ਪੱਧਰ ਤੇ ਰੱਬ ਕਰਤਾਪੁਰਖ, ਆਪਣੇ ਆਪ ਤੋਂ ਪੈਦਾ ਹੁੰਦਾ ਆਉਂਦਾ ਸਰਬ ਪ੍ਰਵੇਸ਼ਕ, ਸਰਬਸ਼ਕਤੀਮਾਨ, ਚੇਤੰਨ, ਨਾ ਮਰਨ ਵਾਲਾ, ਨਾ ਜਨਮ ਵਿਚ ਪੈਣ ਵਾਲਾ, ਸਦਾ ਰਹਿਣ ਵਾਲਾ ਸੱਚ ਹੈ, ਅਸਲੀਅਤ ਹੈ, ਰੱਬ ਸੰਕਲਪ ਹੈ। ਉਸਦੀ ਵਸਤੂ ਲਾਜ਼ਮੀ ਕੋਈ ਸਮਾਜਕ ਅਸਲੀਅਤ ਹੈ। ਗੁਰਬਾਣੀ ਦੇ ਵਿਦਵਾਨ ਦਾ ਫਰਜ਼ ਹੈ ਕਿ ਉਹ ਦੱਸੇ ਕਿ ਰੱਬ ਦੇ ਚਿੱਤਰ ਦੀ ਸਮਾਜਕ ਮਨੁੱਖੀ ਵਸਤੂ ਕੀ ਹੈ। ਇਹ ਵਸਤੂ ਸਮਝਣ ਤੋਂ ਬਗੈਰ ਗੁਰਬਾਣੀ ਦੀ ਸਮਝ ਆਉਣੀ ਅਸੰਭਵ ਹੈ ਕਿਉਂਕਿ ਗੁਰਬਾਣੀ ਦੇ ਮੁਤਾਬਿਕ ਸਭ ਗੱਲ ਤੁਰਦੀ ਹੀ ਰੱਬ ਤੋਂ ਹੈ। ਉਹ ਹਰ ਗੱਲ ਦਾ ਕਾਰਨ ਹੈ, ਕਰਤਾ ਹੈ। ਗੁਰਬਾਣੀ ਵਿਚ ਪੇਸ਼ ਰੱਬ ਦੇ ਚਿਤਰ ਦੀ ਵਸਤੂ, ਪ੍ਰਸੰਗ ਅਨੁਸਾਰ ਸਮਾਜਕ ਪੈਦਾਵਾਰ ਦੀਆਂ ਸ਼ਕਤੀਆਂ ਸਮਾਜਕ ਉਸਾਰੀ ਦਾ ਕਾਨੂੰਨ, ਸਮਾਜਕ ਵੇਗ, ਲੋਕ ਹਿਤੀ ਸਟੇਟ, ਲੋਕ ਹਿਤੀ ਕੀਮਤਾਂ, ਲੋਕ ਹਿਤ ਹੈ। ਗੁਰਬਾਣੀ ਦੇ ਰੱਬ ਦਾ ਲੋਕ-ਹਿਤੀ ਜੁੱਸਾ ਤਾਂ ਸਪਸ਼ਟ ਹੀ ਹੈ। ਜਿਹੜੀ ਵੀ ਰਚਨਾ ਆਰਥਿਕ ਪੱਧਰ ਤੇ ਕਾਣੀ ਵੰਡ ਨੂੰ ਧਰਕੇ ਲੈਂਦੀ ਹੈ, ਐਸੀ ਵੰਡ ਕਰਨ ਵਾਲਿਆਂ ਨੂੰ 'ਮਾਣਸ ਖਾਣੇ' ਕਹਿੰਦੀ ਹੈ, ਆਪਣੇ ਮਨੁੱਖੀ ਹੱਕ ਤੇ ਸੰਤੋਖ ਕਰਾਉਣ ਤੇ ਬਜ਼ਿਦ ਹੈ, ਜਿਸਦਾ ਮੂਲ ਮਨੋਰਥ ਲਾਲਚ ਨੂੰ ਹਿਰਦੇ ਵਿਚੋਂ ਕੱਢਣਾ ਹੈ, ਉਸਦੀ ਥਾਂ ਦਇਆ, ਪਿਆਰ ਦੇ ਆਧਾਰ ਤੇ ਮਨੁੱਖ ਅਤੇ ਉਸਦੇ ਸਮਾਜ ਨੂੰ ਚਲਾਉਣਾ ਲੋੜਦੀ ਹੈ, ਉਹ ਕਿਸੇ ਜਮਾਤੀ ਸਮਾਜ ਦੀ ਸਭਿਅਤਾ ਦਾ ਸਿਧਾਂਤ, ਕਿਸੇ ਹਾਕਮ ਜਮਾਤ ਦੀ ਵਿਚਾਰਧਾਰਾ ਨਹੀਂ ਹੋ ਸਕਦੀ।

ਜਿਸ ਲਾਲਚ ਨੂੰ ਬਾਣੀ 'ਲੋਭ ਰਤੁ' ਕਹਿੰਦੀ ਹੈ, ਤੇ ਜਿਸ ਨੂੰ ਉਹ ਜੜ੍ਹਾਂ ਤੋਂ ਉਖਾੜਦੀ ਹੈ ਉਹ ਹੀ ਲਾਲਚ ਹੈ, ਜਿਸਦੀ ਬਾਬਤ ਏਂਗਲਜ਼ ਕਹਿੰਦਾ ਹੈ ਕਿ ਜਦੋਂ ਦੀ ਸਭਿਅਤਾ ਜਨਮੀ ਹੈ ਇਸਦਾ ਆਧਾਰ, ਮੂਲ ਤੇ ਅੰਤਮ ਮਨੋਰਥ ਜ਼ਾਤੀ ਜਾਇਦਾਦ ਬਣਾਉਣਾ ਹੀ ਤੁਰਿਆ ਆਇਆ ਹੈ, ਇਸਦਾ ਇਕੋ ਤੇ ਅੰਤਮ ਨਿਸ਼ਾਨਾ ਜ਼ਾਤੀ ਜਾਇਦਾਦ ਦੌਲਤ ਇਕੱਠੀ ਕਰਨਾ ਰਿਹਾ ਹੈ।

ਗੁਰਬਾਣੀ ਦੇ ਮੁਤਾਬਿਕ ਰੱਬ ਦੇ ਵਿਰੋਧੀ ਹੋਂਦ ਹੈ ਮਾਇਆ ਅਤੇ ਉਸਦੇ ਨਾਲ ਉਸਦੀ ਵਸਤੂ ਦੇ ਹੋਰ ਰੂਪ—ਹਉਮੈਂ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ—ਮਨੁੱਖੀ ਰੂਪ ਵਿਚ ਮਨਮੁਖ ਤੇ ਇਸਦੇ ਨਾਲ ਲਾਜ਼ਮੀ ਉਸਦੇ ਅਨੁਸਾਰੀ ਸਮਾਜਕ ਮਨੁੱਖੀ ਰਿਸ਼ਤੇ, ਮਜ਼ਬੀ, ਸਮਾਜਕ ਸਿਆਸੀ ਸੰਸਥਾਵਾਂ, ਵਿਚਾਰਧਾਰਾ, ਰੈਸ਼ਨੇਲ, ਪੂਰੀ ਦੀ ਪੂਰੀ ਸਭਿਅਤਾ, ਉਸਦੀ ਸਾਰੀ ਕਲਚਰ, ਰਸਮੋ ਰਿਵਾਜ ਆਦਿ। ਚੂੰਕਿ ਚੇਤਨਤਾ ਅਮਲੀ ਜੀਵਨ ਤੋਂ ਪੈਦਾ ਹੁੰਦੀ ਹੈ, ਅਮਲ ਦੀ ਅਸਲੀਅਤ ਦਾ ਸਿਧਾਂਤ ਹੁੰਦੀ ਹੈ, ਉਸਨੂੰ ਆਪਣੇ ਵਿਚ ਅਕਸਦੀ ਹੈ, ਇਸ ਵਾਸਤੇ ਰੱਬ ਦੇ ਸੰਕਲਪ ਵਾਂਗ ਮਾਇਆ ਦਾ ਸੰਕਲਪ ਵੀ ਕਿਸੇ ਸਮਾਜਕ ਅਸਲੀਅਤ ਦਾ ਰੂਪ ਹੈ। ਬਾਣੀ ਦੇ ਵਿਆਖਿਆਕਾਰ ਵਾਸਤੇ ਲਾਜ਼ਮੀ ਹੈ ਕਿ ਉਹ ਮਾਇਆ ਦੇ ਸੰਕਲਪ ਦੀ ਸਮਾਜਕ ਵਸਤੂ ਸਮਝੇ ਤੇ ਦੱਸੇ। ਇਸ ਤੋਂ ਬਗ਼ੈਰ ਬਾਣੀ ਦੀ ਸਮਝ ਵਲ ਇਕ ਪੈਰ ਨਹੀਂ ਪੁੱਟਿਆ ਜਾ ਸਕਦਾ। ਜਦੋਂ ਬਾਣੀ ਰਚੀ ਗਈ ਸੀ ਉਸ ਵਕਤ ਮਾਇਆ, ਹਉਮੈ ਆਦਿ ਪ੍ਰਚਲਤ ਚੇਤਨਤਾ ਦਾ ਮੁਹਾਵਰਾ ਸਨ। ਰਚਣ, ਲਿਖਣ ਵਾਲੇ ਇਸ ਮੁਹਾਵਰੇ ਰਾਹੀਂ ਆਪਣਾ ਅਨੁਭਵ ਪ੍ਰਗਟ ਕਰਦੇ ਸਨ ਅਤੇ ਉਨ੍ਹਾਂ ਦੀ ਰਚਨਾ ਨੂੰ ਪੜ੍ਹਨ ਸੁਣਨ ਵਾਲੇ ਇਸ ਮੁਹਾਵਰੇ ਰਾਹੀਂ ਪੇਸ਼ ਹੋ ਰਹੇ ਅਨੁਭਵ ਨੂੰ ਸੁਣਦੇ, ਸਮਝਦੇ ਦੇ ਗ੍ਰਹਿਣ ਕਰਦੇ ਸਨ ਅਤੇ ਉਸਦੀ ਸਮਾਜਕ ਮਨੁੱਖੀ ਅਮਲ ਵਿਚ ਤਰਜਮਾਨੀ ਕਰਦੇ ਸਨ। ਅਜ ਚੇਤਨਤਾ ਦਾ ਰੂਪ ਬਦਲ ਗਿਆ ਹੈ। ਮਾਇਆ, ਹਉਮੈ ਆਦਿ ਅਜ ਸਾਡੀ ਚੇਤਨਤਾ ਦਾ ਮੁਹਾਵਰਾਂ ਨਹੀਂ ਰਹੇ। ਵਿਆਖਿਆਕਾਰ ਵਾਸਤੇ ਜ਼ਰੂਰੀ ਹੈ ਕਿ ਉਹ ਸਾਡੀ ਅਜ ਦੀ ਸਾਇੰਟਿਫਕ ਚੇਤਨਤਾ ਦੇ ਮੁਹਾਵਰੇ ਰਾਹੀਂ ਦੱਸੇ ਕਿ ਇਨ੍ਹਾਂ ਦੀ ਵਸਤੂ ਕੀ ਹੈ।

ਗੁਰਬਾਣੀ ਦੇ ਮੁਤਾਬਿਕ ਸਮਾਜਕ ਮਨੁੱਖੀ ਜ਼ਿੰਦਗੀ ਜੀਊਣ ਦੇ ਦੋ ਹੀ ਰਾਹ, ਦੋ ਹੀ ਪੈਟਰਨ ਹਨ। ਇਕ ਪੈਟਰਨ ਮਾਇਆ ਦਾ ਹੈ, ਦੂਸਰੇ ਪੈਟਰਨ ਦਾ ਚਿੰਨ੍ਹ ਰੱਬ ਹੈ। ਇਹ ਪੈਟਰਨ ਇਕ ਦੂਸਰੇ ਦੇ ਵਿਰੋਧੀ ਹਨ, ਇਕ ਦੂਸਰੇ ਨੂੰ ਹਰ ਪੱਧਰ, ਹਰ ਪਹਿਲੂ ਤੇ ਕੱਟਦੇ ਹਨ। ਮਾਇਆ ਇਕ ਤਰਜ਼ਿ ਜ਼ਿੰਦਗੀ ਹੈ, ਦੋਹਾਂ ਪੈਟਰਨਾਂ ਵਿਚੋਂ ਇਕ ਤਰਜ਼ਿ ਜ਼ਿੰਦਗੀ ਦਾ ਨਾਂ ਰੱਬ ਹੈ। [ਪੰਨਾ ੩-੪]

ਗੁਰਬਾਣੀ ਦੇ ਮੁਤਾਬਿਕ ਜ਼ਿੰਦਗੀ ਵਿਚ ਸਾਰਾ ਪੁਆੜਾ ਮਾਇਆ ਦਾ ਹੈ। ਉਸਨੇ ਮਨੁੱਖ ਨੂੰ ਕੈਦ ਕੀਤਾ ਹੋਇਆ ਹੈ ਅਤੇ ਉਹ ਮਨੁੱਖ ਦੀ ਸਫਲਤਾ ਦੇ ਰਾਹ ਵਿਚ ਰੋੜਾ ਹੈ। ਬਾਣੀ ਦੇ ਵਿਆਖਿਆਕਾਰ ਦੇ ਸਾਹਮਣੇ ਮਸਲਾ ਇਹ ਹੈ ਕਿ ਗੁਰਬਾਣੀ ਦਾ ਰੱਬ ਜਿਸ ਮਾਇਆ ਦੇ ਧੁਰੋਂ ਸਿਰੋਂ ਵਿਰੋਧੀ ਹੈ, ਉਹ ਅਜ ਦੇ ਸਾਇੰਟਿਫਿਕ ਮੁਹਾਵਰੇ ਵਿਚ ਹੈ ਕੀ, ਮਾਇਆ ਦਾ ਨਿਜ਼ਾਮ ਕੀ ਹੈ? ਕਿਹੜਾ ਹੈ? ਇਸ ਤਰ੍ਹਾਂ ਹੀ ਮਾਇਆ ਦੇ ਗਿਆਨ ਤੋਂ, ਮਾਇਆ-ਅਨੁਸਾਰੀ ਕੀਮਤਾਂ ਦੇ ਸੱਚੇ ਤੋਂ ਅਤੇ ਰੱਬ ਦੇ ਜੱਸੇ ਦੀਆਂ ਕੀਮਤਾਂ ਦੇ ਪੈਟਰਨ ਤੋਂ ਦੂਸਰੇ ਪਾਸੇ ਪਤਾ ਇਹ ਕਰਨਾ ਹੈ ਕਿ ਉਹ ਕਿਹੜੀ ਕੈਸੀ ਤਰਜ਼ਿ ਜ਼ਿੰਦਗੀ ਹੈ ਜਿਹੜੀ ਗੁਰਬਾਣੀ ਦੇ ਰੱਬ ਨੂੰ ਪਰਵਾਨ ਹੈ ਜਿਸਦੀ ਅਸਥਾਪਨਾ ਵਾਸਤੇ ਗੁਰਬਾਣੀ ਸਾਰਾ ਜ਼ੋਰ ਲਾਉਂਦੀ ਹੈ। ਉਹ ਕਿਸ ਤਰ੍ਹਾਂ ਮਨੁੱਖ ਦੇ ਬੰਧਨ ਤੋੜਦੀ ਹੈ, ਉਸਨੂੰ ਕੈਦ ਤੇ ਗੁਲਾਮੀ ਤੋਂ ਰਿਹਾ ਕਰਵਾ ਕੇ ਉਸਦੀ ਸਫਲਤਾ ਕਰਵਾਉਂਦੀ ਹੈ।

ਪਿਆਦੇ ਦੇ ਪਟਵਾਰੀ ਦੇ ਅੱਗੇ ਵਿਛਦੇ ਕਿਸਾਨਾਂ, ਕਾਰੀਗਰਾਂ, ਕਮੀਣਾਂ ਤੇ ਉਨ੍ਹਾਂ ਤੋਂ ਵੀ ਛੋਟੀਆਂ ਜਾਤੀਆਂ ਨੇ ਗੁਰਬਾਣੀ ਦੇ ਇਸ ਸਿਧਾਂਤ ਤੇ ਪਲ ਕੇ ਖੱਬੀ ਖਾਨਾਂ ਦੀ ਧੌਣ ਤੇ ਲੱਤ ਦਿੱਤੀ ਅਤੇ ਮੁਗਲੀਆ ਸਲਤਨਤ ਨੂੰ ਵੰਗਾਰਿਆ। ਜੇ ਇਹ ਸਿਧਾਂਤ ਨਾਮ ਵਾਲਿਆਂ ਦੇ ਮਨਾਂ ਵਿਚ ਹਰਾਸ ਨ ਛੁਡਾਉਂਦਾ ਹੁੰਦਾ ਤਾਂ ਗੁਰਮੁਖ, ਅਨੰਦਪੁਰ ਵਾਲੇ ਖਾਲਸੇ ਦੀ ਸ਼ਕਲ

ਅਖਤਿਆਰ ਨਾ ਕਰ ਸਕਦੇ। ਗੁਰਬਾਣੀ ਵਿਚ ਇਸ ਸਿਧਾਂਤ ਦਾ ਰੋਲ ਇਨਕਲਾਬੀ ਹੈ।....

ਗੁਰਬਾਣੀ ਮਨੁੱਖ ਦੀ ਆਜ਼ਾਦੀ ਦਾ ਮਸਲਾ ਖੜਾ ਕਰਦੀ ਹੈ, ਸਰਬਤ ਦੀ ਆਜ਼ਾਦੀ ਦਾ ਸਵਾਲ ਉਠਾਉਂਦੀ ਹੈ, ਸਰਬਤ ਦੀ ਆਜ਼ਾਦੀ ਹੋ ਹੀ ਤਾਂ ਸਕਦੀ ਹੈ ਜੇ ਸਮਾਜਕ ਮਨੁੱਖੀ ਰਿਸ਼ਤੇ ਸਾਂਝ ਅਤੇ ਪਿਆਰ ਤੇ ਆਧਾਰਤ ਹੋਣ ਅਤੇ ਕੀਤਾ ਕੰਮ ਨਾ ਸਿਰਫ ਕਰਨ ਵਾਲੇ ਦੀ ਰੂਹ ਨੂੰ ਹੀ ਰਜਾਵੇ ਬਲਕਿ ਦੂਸਰਿਆਂ ਨੂੰ ਵੀ ਸਫਲਤਾ ਬਖ਼ਸ਼ੇ। ਸੋ ਸਮਾਜਕ ਮਨੁੱਖੀ ਰਿਸ਼ਤਿਆਂ ਵਿਚ ਗੁਰਬਾਣੀ ਪਿਆਰ ਨੂੰ, ਦਇਆ ਨੂੰ ਉਸਾਰਦੀ ਹੈ। ਜੋ ਜੋ ਵੀ ਇਸਦੇ ਰਾਹ ਵਿਚ ਰੁਕਾਵਟ ਹੈ ਉਹ ਉਸਨੂੰ ਧਰ ਕੇ ਲੈਂਦੀ ਹੈ, ਉਸਦੇ ਮਨੁੱਖ ਵਿਰੋਧੀ ਅਸਲੇ ਨੂੰ ਨੰਗਿਆਂ ਕਰਦੀ ਹੈ।......ਮਨੁੱਖੀ ਆਜ਼ਾਦੀ ਦਾ ਕੌਣ ਦੁਸ਼ਮਣ ਹੈ, ਇਸਦੀ ਬਾਬਤ ਗੁਰਬਾਣੀ ਕਿਸੇ ਕਿਸਮ ਦਾ ਕੋਈ ਭੁਲੇਖਾ ਨਹੀਂ ਰਹਿਣ ਦੇਂਦੀ। ਉਸ ਸਭਿਅਤਾ ਦਾ ਜਿਸ ਤਰ੍ਹਾਂ ਦਾ ਭਰਵਾਂ ਨਿਰੀਖਣ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਚਨਾ ਪੇਸ਼ ਕਰਦੀ ਹੈ, ਉਹ ਕਿਸੇ ਇਤਿਹਾਸ ਜਾਂ ਕਿਸੇ ਹੋਰ ਸਾਹਿਤਕ ਰਚਨਾ ਵਿਚ ਨਹੀਂ ਮਿਲਦਾ।

[*ਗੁਰਬਾਣੀ ਦਾ ਸੱਚ*, ਪੰਨਾ ੨੨, ਸੇਧ ਪ੍ਰਕਾਸ਼ਨ, ਨਵੀਂ ਦਿੱਲੀ]

(ਅ) *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਸਾਰੀ ਬਾਣੀ, ਸਮੇਤ ਭਗਤਾਂ ਦੀ ਬਾਣੀ ਦੇ, ਫ਼ਿਊਡਲਾਂ ਦੇ ਖ਼ਿਲਾਫ਼ ਲੋਕ-ਹਿੱਤ ਪ੍ਰਗਟ ਕਰਦੀ ਹੈ। ਸਾਰੀ ਬਾਣੀ ਦਾ ਪੈਟਰਨ ਇਹ ਹੈ ਕਿ ਰੱਬ ਹੈ। ਹਰ ਚੀਜ਼ ਦਾ ਸੋਮਾ ਉਹੀ ਹੈ ਅਤੇ ਸਭ ਸ੍ਰਿਸ਼ਟੀ ਉਸ ਦੇ ਹੁਕਮ ਵਿਚ ਹੈ। ਉਸ ਨੇ ਮੌਤ ਤੋਂ ਮਗਰੋਂ ਬੰਦੇ ਦੇ ਇਥੇ, ਬਤੌਰ ਸਮਾਜਕ ਮਨੁੱਖ, ਇਸ ਜ਼ਿੰਦਗੀ ਵਿਚ ਕੀਤੇ ਕੰਮਾਂ ਦਾ ਲੇਖਾ ਲੈਣਾ ਹੈ। ਇਸ ਜਾਮੇ ਵਿਚ ਕੀਤੇ ਕੰਮਾਂ ਦੇ ਆਧਾਰ ਉੱਤੇ ਬੰਦੇ ਨੂੰ ਰੱਬ ਦੀ ਦਰਗਾਹ ਵਿਚ ਜਾਂ ਆਦਰ ਮਾਣ, ਮੁਕਤੀ ਮਿਲੇਗੀ ਅਤੇ ਜਾਂ ਸਜ਼ਾ। ਸਾਰੀ ਬਾਣੀ ਬੰਦੇ ਨੂੰ ਹਿਦਾਇਤ ਹੈ ਕਿ ਉਹ ਇਸ ਘੜੀ ਤੋਂ ਹੀ ਉਹ ਕੰਮ ਕਰੇ ਜੋ ਰੱਬ ਨੂੰ ਪ੍ਰਵਾਨ ਹਨ ਅਤੇ ਜੋ ਉਸ ਨੂੰ ਪ੍ਰਵਾਨ ਨਹੀਂ ਉਨ੍ਹਾਂ ਨੂੰ ਤਿਆਗੇ। ਕੀਤੇ ਕੰਮਾਂ ਦਾ ਹਿਸਾਬ ਲੈਣ ਲਈ, ਉਨ੍ਹਾਂ ਦੀ ਪਰਖ ਵਾਸਤੇ ਕਾਨੂੰਨ ਕਸਵੱਟੀ, ਚੰਗੇ ਮਾੜੇ ਦਾ ਨਿਖੇੜ ਲਾਜ਼ਮੀ ਹੈ। ਕੀ ਚੰਗਾ ਹੈ, ਕੀ ਰੱਬ ਨੂੰ ਪ੍ਰਵਾਨ ਹੈ? ਕੀ ਮਾੜਾ ਹੈ, ਕੀ ਉਸ ਨੂੰ ਜਚਦਾ ਨਹੀਂ? ਇਹ ਪਤਾ ਹੋਣਾ ਜ਼ਰੂਰੀ ਹੈ। ਇਸ ਤੋਂ ਬਗ਼ੈਰ ਮਨੁੱਖ ਕਿਸ ਪਾਸੇ ਤੋਂ ਹਟੇ, ਕਿਸ ਪਾਸੇ ਲਗੇ? ਦੂਸਰੇ ਲਫ਼ਜ਼ਾਂ ਵਿਚ, ਮਨੁੱਖੀ ਕੀਮਤਾਂ ਦਾ ਸਮਾਜਕ ਨਿਖੇੜ ਲਾਜ਼ਮੀ ਹੈ। ਸਾਰੀ ਬਾਣੀ ਵਿਚ ਹੈ ਹੀ ਰੱਬ ਦੀ ਉਸਤਤਿ ਅਤੇ ਇਨ੍ਹਾਂ ਕੀਮਤਾਂ ਦਾ ਨਿਖੇੜ। ਸਮਾਜਕ ਕੀਮਤਾਂ ਸਮਾਜ ਦੀ ਕਿਸੇ ਜਮਾਤ ਦਾ ਹਿੱਤ ਹੁੰਦੀਆਂ ਹਨ। ਬਾਣੀ ਵਿਚ ਨਿਖੇੜ ਇੱਕੜ-ਦੁੱਕੜ ਕੰਮਾਂ ਜਾਂ ਇੱਕੜ-ਦੁੱਕੜ ਮਨੁੱਖੀ ਮਨੋਰਥਾਂ ਦਾ ਨਹੀਂ, ਬਲਕਿ ਆਰਥਕ ਸਮਾਜਕ ਫ਼ਾਰਮੇਸ਼ਨਾਂ ਦੀਆਂ ਕਿਸਮਾਂ ਦਾ ਹੈ। ਇਹ ਨਿਖੇੜ ਆਰਥਕਤਾ ਤੋਂ ਉਪਜਦੇ ਮਨੁੱਖੀ ਮਨੋਰਥਾਂ, ਕੀਤੇ ਕਰਮਾਂ ਤੇ ਸੱਧਰਾਂ ਰਾਹੀਂ ਬਣੀ ਪੂਰਨ ਮਨੁੱਖੀ ਸ਼ਖਸੀਅਤ, ਸਮਾਜਕ ਤੌਰ, ਰਹਿਤ ਬਹਿਤ, ਸਟੇਟ, ਸਭਿਅਤਾ ਤੇ ਸੰਸਕ੍ਰਿਤੀ ਦਾ ਹੈ। ਗੁਰਬਾਣੀ ਵਿਚ ਦਿੱਤੇ ਨਿਖੇੜ ਦੀ ਨੀਂਹ, ਉਸ ਦਾ ਪੈਮਾਨਾ ਜਮਾਤੀ ਸਟੇਟ ਦੇ ਦਿੱਤੇ ਕਾਨੂੰਨੀ ਕਬਜ਼ੇ ਦੇ ਵਿਰੁੱਧ ਮਨੁੱਖੀ ਲੋੜ ਦਾ ਪੈਮਾਨਾ ਹੈ।

'ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣ।
ਅਗੇ ਗਏ ਸਿੰਞਾਪਸਨਿ ਚੋਟਾ ਖਾਸੀ ਕਉਣ। ੪੪।

ਗੁਰਬਾਣੀ ਦੇ ਮੁਤਾਬਿਕ ਜ਼ਿੰਦਗੀ ਦੇ ਵਸੀਲਿਆਂ, ਸਮਾਜਕ ਪੈਦਾਵਾਰ ਦੀ ਕਾਣੀਵੰਡ, ਰੱਬ ਦੀਆਂ ਅੱਖਾਂ ਵਿਚ ਵੱਡਾ ਗੁਨਾਹ, ਸਭ ਗੁਨਾਹਾਂ ਦਾ ਮੂਲ ਹੈ। ਇਸ ਕਾਣੀ-ਵੰਡ ਨੂੰ ਜਾਰੀ

ਰਖਣ ਵਾਸਤੇ ਕਾਣੇ ਨਿਜ਼ਾਮਾਂ ਨੂੰ ਬਰਕਰਾਰ ਰਖਣ ਵਾਸਤੇ ਜਾਂ ਇਸ ਤੋਂ ਉਪਜਦੇ ਜੋ ਵੀ ਮਨੁੱਖ ਦੇ ਮਨ ਵਿਚ ਮਨੋਰਥ ਹਨ, ਜਾਂ ਉਨ੍ਹਾਂ ਤੋਂ ਉਪਜਦੇ ਕੰਮ ਹਨ, ਜਾਂ ਇਨ੍ਹਾਂ ਦੀ ਬਣਾਈ ਜ਼ਿੰਦਗੀ ਦੀ ਤਰਜ਼ ਤੋਰ ਹੈ, ਉਹ ਗੁਨਾਹੀ ਹੈ; ਰੱਬ ਦੇ ਦਰਬਾਰ ਵਿਚ ਸਜ਼ਾ ਦੀ ਹੱਕਦਾਰ ਹੈ।

ਰੱਬ ਦੇ ਵਿਰੋਧੀ ਸਭ ਕੰਮਾਂ ਦਾ ਮੂਲ ਕਾਮ, ਕ੍ਰੋਧ, ਲੋਭ ਮੋਹ ਤੇ ਹੰਕਾਰ ਹਨ ਅਤੇ ਇਨ੍ਹਾਂ ਵਿਚੋਂ ਮੋਢੀ ਲੋਭ ਹੈ। ਦਿੱਤੇ ਪੈਮਾਨੇ ਦੇ ਮੁਤਾਬਿਕ ਲੋਭ ਦੇ ਦੋ ਮਤਲਬ ਹੋ ਸਕਦੇ ਹਨ। ਜੇ ਕਾਬਿਜ਼ ਜਮਾਤੀ ਸਟੇਟ ਦਾ ਦਿੱਤਾ ਕਾਨੂੰਨੀ ਕਬਜ਼ਾ ਹੱਕ ਹਲਾਲ ਮੰਨਿਆ ਜਾਵੇ ਤਾਂ ਪੂੰਜੀਪਤੀਆਂ ਦੀ ਪੂੰਜੀ, ਉਨ੍ਹਾਂ ਦੀਆਂ ਮਹਿਲ ਮਾੜੀਆਂ ਉਨ੍ਹਾਂ ਦਾ ਹੱਕ ਹਨ, ਅਤੇ ਜੇ ਨੰਗਾ ਭੁੱਖਾ ਉਨ੍ਹਾਂ ਵਲ ਅੱਖ ਪੁੱਟ ਕੇ ਵੇਖਦਾ ਹੈ, ਉਹ ਲੋਭੀ ਹੈ। ਇਸ ਪੈਮਾਨੇ ਵਾਲੇ ਮਜ਼ਬ ਪੂੰਜੀਪਤੀਆਂ, ਫਿਊਡਲਾਂ ਦੀ ਸਟੇਟ ਦਾ ਪ੍ਰਚਾਰਕ ਵਿਭਾਗ ਹੁੰਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਵਿਚ ਪੈਮਾਨਾ ਚੂੰਕਿ ਮਨੁੱਖੀ ਲੋੜ ਦਾ ਹੈ, ਇਸ ਲਈ ਬਾਣੀ ਅਨੁਸਾਰ ਲੋਭੀ ਉਹ ਹੈ ਜੋ ਲੋਕਾਂ ਦੇ ਢਿੱਡ ਦੀ ਬੁਰਕੀ ਖੋਹ ਕੇ ਆਪਣਾ 'ਅਗਲਾ ਆਟਾ' ਬਣਾਈ ਬੈਠਾ ਹੈ। ਕਾਮ, ਕ੍ਰੋਧ, ਮੋਹ, ਹੰਕਾਰ ਐਸੇ ਲੋਭ ਦੇ ਸਾਥੀ ਹਨ। ਫ਼ਿਊਡਲ ਆਚਰਨ ਦੀਆਂ ਇਹ ਖ਼ਾਸੀਅਤਾਂ ਗੁਰਬਾਣੀ ਦੀ ਨਜ਼ਰ ਵਿਚ ਘੋਰ ਔਗੁਣ ਹਨ। ਰੱਬ ਤੇ ਉਨ੍ਹਾਂ ਦਾ ਅੱਗ ਪਾਣੀ ਦਾ ਵੈਰ ਹੈ। ਜਿੰਨਾ ਚਿਰ ਇਹ ਮਨੁੱਖ ਦੇ ਮਨ ਵਿਚ, ਦੂਜੇ ਲਫ਼ਜ਼ਾਂ ਵਿਚ ਮਨੁੱਖਾਂ ਦੇ ਕਰਮਾਂ ਤੇ ਰਿਸ਼ਤਿਆਂ ਰਾਹੀਂ ਸਮਾਜ ਵਿਚ ਪ੍ਰਵੇਸ਼ ਕਰਦੀਆਂ ਹਨ, ਰੱਬ ਨਹੀਂ ਰੀਝਦਾ। ਸਿਧਿਆਂ ਲਫ਼ਜ਼ਾਂ ਵਿਚ, ਗੁਰਬਾਣੀ ਦਾ ਰੱਬ ਪ੍ਰਚਲਤ ਸਮਾਜ ਵਿਚਲੇ ਜਮਾਤੀ ਅੰਗ ਦਾ ਵੈਰੀ ਹੈ। ਗੁਰਬਾਣੀ ਰੱਬ ਦੀ ਵਡਿਆਈ ਨਾਲ ਭਰੀ ਹੋਈ ਹੈ। ਰੱਬ ਸਟੇਟ ਦਾ ਚਿੱਤਰ ਹੈ। ਰੱਬਦੀ ਵਡਿਆਈ ਉਸ ਸਟੇਟ ਦੀ ਵਡਿਆਈ ਹੈ ਜੋ ਗੁਰੂ ਸਾਹਿਬ ਨੂੰ ਪ੍ਰਵਾਨ ਹੈ। [*ਸਿਖ ਲਹਿਰ* (੧੯੭੮), ਪੰਨਾ ੧੬-੧੮]

੧੦੩. *ਪ੍ਰਿੰ: ਸਤਿਬੀਰ ਸਿੰਘ*

ਹੈਨਰੀ ਸੀ. ਲਿੰਕ ਨੇ ਆਪਣੀ ਸੰਸਾਰ ਪ੍ਰਸਿੱਧ ਪੁਸਤਕ '*ਮੁੜ ਧਰਮ ਵਲ*' (*ਰੀਟਰਨ ਟੂ ਰਿਲੀਜਨ*) ਵਿਚ ਇਸ ਗੱਲ ਵਲ ਇਸ਼ਾਰਾ ਕੀਤਾ ਹੈ ਕਿ ਸਾਇੰਸ ਦੀ ਸੜਕ ਉੱਤੇ ਚਲਦਾ ਮਨੁੱਖ ਧਰਮ ਤੋਂ ਦੂਰ ਗਿਆ ਹੈ, ਉਸੇ ਸਾਇੰਸ ਦੇ ਮਾਰਗ ਤੇ ਟੁਰਦਾ ਉਹ ਮੁੜ ਧਰਮ ਵਲ ਆਵੇਗਾ।' ਇਸੇ ਵਿਚਾਰ ਨੂੰ ਅੱਗੇ ਟੋਰਦਾ ਹੋਇਆ ਪ੍ਰਸਿੱਧ ਇਤਿਹਾਸਕਾਰ ਆਰਨਲਡ ਟਾਇਨਬੀ ਆਪਣੀ ਪੁਸਤਕ '*ਇਤਿਹਾਸਕਾਰ ਦੇ ਦ੍ਰਿਸ਼ਟੀਕੋਣ ਤੋਂ ਧਰਮ*' ਵਿਚ ਲਿਖਦਾ ਹੈ ਕਿ ਜਦੋਂ ਸਾਰਾ ਜਗਤ ਕੋਈ ਧਰਮ ਅਪਣਾਏਗਾ ਤਾਂ ਉਹ ਧਰਮ ਅੱਜ ਦੇ ਰਸਮੀ, ਕਰਮਕਾਂਡ ਜਾਂ ਮਿਥਿਹਾਸ ਵਾਲਾ ਨਹੀਂ ਹੋਵੇਗਾ ਸਗੋਂ ਉਸਦਾ ਮੂਲ ਅਧਾਰ 'ਸੇਵਾ' ਤੇ 'ਸ਼ਬਦ' ਹੋਵੇਗਾ। ਇਥੇ ਹੀ ਉਸਨੇ ਉਦਾਹਰਣ ਵਜੋਂ ਕਿਹਾ ਹੈ ਕਿ ਸੇਵਾ ਦਾ ਆਦਰਸ਼ ਤਾਂ ਈਸਾਈਆਂ ਨੇ ਅਪਣਾ ਲਿਆ ਹੈ ਤੇ 'ਸ਼ਬਦ' ਦਾ ਪ੍ਰਯੋਗ ਸਿੱਖ ਧਰਮ ਦੀ '*ਗੁਰੂ ਗ੍ਰੰਥ-ਪੂਜਾ*' ਤੋਂ ਦੇਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮੁੱਢ ਤੋਂ ਹੀ ਦੇਖ ਲਿਆ ਸੀ ਕਿ ਜੇ ਧਰਮ ਨੇ ਸਰਬ ਵਿਆਪੀ, ਸਾਰੇ ਵਿਸ਼ਵ ਦਾ ਬਣਨਾ ਹੈ ਤਾਂ ਸ਼ਬਦ ਨੂੰ ਹੀ ਪਹਿਲ ਦੇਣੀ ਹੋਵੇਗੀ ਤੇ ਲੋਕਾਂ ਨੂੰ ਸ਼ਖਸੀ ਪੂਜਾ ਤੋਂ ਹਟਾਉਣਾ ਹੋਵੇਗਾ। ਇਸੇ ਕਰਕੇ ਗੁਰੂ ਸਾਹਿਬ ਨੇ ਹਰ ਇਕ ਨੂੰ ਹਰ ਵੇਲੇ, ਹਰ ਥਾਂ ਸ਼ਬਦ ਦੇ ਹੀ ਲੜ ਲਾਇਆ।

ਗੁਰੂ ਸਾਹਿਬਾਨ ਨੇ ਸੰਸਾਰ ਦੀ ਨਜ਼ਰ ਵਿਚ ਨੀਵਿਆਂ ਦੀ ਬਾਣੀ ਇਕ ਥਾਂ ਦਰਜ ਕਰਕੇ

ਧਰਮਾਂ ਦੇ ਇਤਿਹਾਸ ਵਿਚ ਇਕ ਨਵਾਂ ਤਜਰਬਾ ਕੀਤਾ। ਹਿੰਦੁਸਤਾਨ ਅਜ ਜਿਸ ਭਾਵਕ ਏਕਤਾ ਲਈ ਤੜਪ ਰਿਹਾ ਹੈ, ਤੇ ਸੰਸਾਰ ਜਿਸ ਮਿੱਲਤ ਲਈ ਤਰਲੇ ਲੈ ਰਿਹਾ ਹੈ, ਉਹ ਤਦ ਹੀ ਹੋਵੇਗੀ ਜੇ *ਗੁਰੂ ਗ੍ਰੰਥ ਸਾਹਿਬ* ਵਿਚ ਵਰਤਿਆ ਗਿਆ ਨੁਸਖਾ ਅਪਨਾਏਗਾ।

ਬੋਲੀ ਬਾਰੇ ਵੀ *ਗੁਰੂ ਗ੍ਰੰਥ ਸਾਹਿਬ* ਨੇ ਸਦੀਆਂ ਦਾ ਕੜ ਤੋੜਿਆ ਹੈ। ਈਸਾਈ ਖ਼ੁਦਾ ਦੀ ਬੋਲੀ ਲਾਤੀਨੀ, ਮੁਸਲਮਾਨ ਅਰਬੀ ਤੇ ਹਿੰਦੂ ਦੇਵਬਾਣੀ ਸੰਸਕ੍ਰਿਤ ਨੂੰ ਸਮਝਦੇ ਹਨ। *ਗੁਰੂ ਗ੍ਰੰਥ* ਨੇ ਸਮਝਾਇਆ ਕਿ ਅੱਲ੍ਹਾ, ਪਰਮਾਤਮਾ, ਵਾਹਿਗੁਰੂ ਦੀ ਕੋਈ ਖ਼ਾਸ ਬੋਲੀ ਨਹੀਂ, ਉਸਦੀ ਬੋਲੀ ਸਿਰਫ ਪਿਆਰ ਹੈ। ਇਸੇ ਲਈ *ਗੁਰੂ ਗ੍ਰੰਥ ਸਾਹਿਬ* ਵਿਚ ਹਰ ਪ੍ਰਾਂਤ, ਹਰ ਦੇਸ਼, ਹਰ ਇਲਾਕੇ ਤੇ ਹਰ ਧਰਮ ਦੇ ਸ਼ਬਦ ਵਰਤੇ ਗਏ ਹਨ। ਪ੍ਰੋ. ਸੀਤਾ ਰਾਮ ਬਾਹਰੀ ਨੇ ਬਹੁਤ ਸੁੰਦਰ ਗੱਲ ਆਖੀ ਹੈ ਕਿ ਜੇ ਕਦੇ ਹਿੰਦੁਸਤਾਨ ਨੇ ਇਕ ਸਾਂਝੀ ਬੋਲੀ ਅਪਨਾਈ ਤਾਂ ਉਹ ਸੁਖਮਨੀ ਸਾਹਿਬ ਵਾਲੀ ਹੀ ਹੋਵੇਗੀ। ਇਕ ਗੱਲ ਹੋਰ ਜੇ ਕੋਈ ਇਸਨੂੰ ਧਰਮ-ਪੁਸਤਕ ਕਹਿ ਕੇ ਸਿਰ ਨਾ ਵੀ ਨਿਵਾਵੇ ਤਾਂ ਵੀ ਉਸ ਨੂੰ ਇਸਦੇ ਸਾਹਿਤਕ ਸੁਆਦ ਤੇ ਆਤਮਕ ਬੁਲੰਦੀ ਅਗੇ ਸਿਰ ਝੁਕਾਉਣਾ ਹੀ ਪਵੇਗਾ। [ਇਕ ਟ੍ਰੈਕਟ—*ਗੁਰਸਿਖ ਵਾੜੀ*, ਪਟਿਆਲਾ, ੧੯੬੯]

੧੦੪. *ਗਿਆਨੀ ਗੁਰਦਿਤ ਸਿੰਘ*

'*ਆਦਿ ਗ੍ਰੰਥ ਸਾਹਿਬ*' ਦਾ '*ਗੁਰੂ ਗ੍ਰੰਥ*' ਨਾਮ ੧੭੬੫ ਬਿਕ੍ਰਮੀ, ਕੱਤਕ ਸੁਦੀ ਪੰਜ ਤੋਂ ਪਿਛੋਂ ਪਿਆ ਹੈ, ਜਿਸ ਦਿਨ ਗੁਰੂ ਗੋਬਿੰਦ ਸਿੰਘ ਜੋਤੀ ਜੋਤ ਸਮਾਏ ਸਨ। ਇਹੀ ਦਿਨ ਆਦਿ ਗ੍ਰੰਥ ਸਾਹਿਬ ਨੂੰ ਗੁਰਤਾ ਮਿਲਣ ਦਾ ਹੈ। ਇਸ ਤੋਂ ਪਹਿਲੋਂ *ਗੁਰੂ ਗ੍ਰੰਥ* ਦਾ ਨਾਮ ਕੇਵਲ '*ਗ੍ਰੰਥ ਜੀ*' ਉਸ ਤੋਂ ਪਹਿਲਾਂ '*ਪੋਥੀ ਸਾਹਿਬ*' ਸੀ।

ਸੱਤਵੇਂ ਪਾਤਸ਼ਾਹ ਤੋਂ ਨੌਵੇਂ ਦਸਵੇਂ ਪਾਤਸ਼ਾਹ ਦੇ ਵੇਲੇ ਤਕ ਦੀਆਂ ਬੀੜਾਂ ਦੇ ਅਰੰਭ ਵਿਚ, ਜਿਥੋਂ *ਆਦਿ ਗ੍ਰੰਥ* ਸ਼ੁਰੂ ਕੀਤਾ ਜਾਂਦਾ ਸੀ, '*ਤਤਕਰਾ ਗ੍ਰੰਥ ਜੀ ਕਾ ਲਿਖਿਆ*' ਦੀ ਸੂਚਨਾ ਹੈ। ਇਸ ਕਿਸਮ ਦੀਆਂ ਕੁਝ ਟਾਂਵੀਆਂ ਬੀੜਾਂ ਹੀ ਮਿਲਦੀਆਂ ਹਨ। ਜਿਨ੍ਹਾਂ ਦੇ ਆਮ ਤੌਰ ਤੇ ਅਰੰਭ ਵਿਚ 'ਤਤਕਰਾ ਪੋਥੀ ਕਾ' ਦੀ ਸੂਚਨਾ ਦਿੱਤੀ ਹੋਈ ਹੈ, ਉਹ ਬੀੜਾਂ ਇਸ ਵੇਲੇ ਵੀ ਵਧੇਰੇ ਪ੍ਰਾਪਤ ਹਨ।

ਆਦਿ ਬੀੜ ਦੀ ਸਭ ਤੋਂ ਪਹਿਲੀ ਨਕਲ ਭਾਈ ਬੰਨੋ ਵਾਲੀ ਬੀੜ, ਤੇ ਉਸ ਦੀਆਂ ਨਕਲਾਂ ਤੇ ਆਦਿ ਬੀੜ ਦੀਆਂ ਸਿੱਧੀਆਂ ਨਕਲਾਂ—ਪਿੰਡ ਸਾਗਰੀ, ਗੋਂਦਲਾਂ ਵਾਲਾ, ਤਰਨਤਾਰਨ, ਬੁਰਜ ਬਾਬਾ ਆਲਾ ਸਿੰਘ ਜੀ ਪਟਿਆਲਾ ਦੀਆਂ ਦੋ ਬੀੜਾਂ, ਬੀੜ ਹਜ਼ੂਰ ਸਾਹਿਬ, ਭਾ: ਪਰਮ ਸਿੰਘ ਧਰਮ ਸਿੰਘ ਵਾਲੀ ਆਦਿਕ ਬੀੜਾਂ ਦੇ ਤਤਕਰੇ ਆਰੰਭ ਵਿਚ ਇਹੋ 'ਤਤਕਰਾ ਪੋਥੀ ਕਾ' ਦੀ ਸੂਚਨਾ ਲਿਖੀ ਮਿਲਦੀ ਹੈ।

ਕੁਝ ਬੀੜਾਂ ਦੇ ਤਤਕਰੇ ਆਦਿ ਵਿਚ 'ਤਤਕਰਾ ਪੋਥੀ ਕਾ ਸੂਚੀ ਪੱਤਰ ਗ੍ਰੰਥ ਜੀ ਕਾ' ਇਸ ਤਰ੍ਹਾਂ ਦੀਆਂ ਸੂਚਨਾਵਾਂ ਵੀ ਮਿਲਦੀਆਂ ਹਨ, ਇਹਨਾਂ ਬੀੜਾਂ ਵਿਚੋਂ ਕੁਝ ਬੀੜਾਂ ਤਖਤ ਕੇਸ ਗੜ੍ਹ, ਅਕਾਲ ਤਖਤ ਤੇ ਪਟਨਾ ਸਾਹਿਬ ਦੇ ਤੋਸ਼ੇਖਾਨੇ ਵਿਚ ਪ੍ਰਾਪਤ ਹਨ, ਇਹ ਬੀੜਾਂ ਗੁਰੂ ਜੀ ਦੇ ਸਮੇਂ ਤੋਂ ਪਿਛੋਂ ਦੀਆਂ ਲਿਖੀਆਂ ਹਨ ਜਦੋਂ ਕਿ 'ਪੋਥੀ ਸਾਹਿਬ' ਨੂੰ '*ਗ੍ਰੰਥ ਸਾਹਿਬ*' ਵੀ ਸੱਦਿਆ ਜਾਣ ਲੱਗ ਪਿਆ ਸੀ। ਇਹਨਾਂ ਉਲੇਖਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਜਦੋਂ '*ਆਦਿ ਗ੍ਰੰਥ*' ਜੀ ਤਿਆਰ ਹੋਇਆ ਸੀ ਉਸ ਵੇਲੇ ਉਸ ਤੋਂ ਪਹਿਲਾਂ ਬਾਣੀ ਦੀ ਸੰਚੀ ਨੂੰ 'ਪੋਥੀ ਸਾਹਿਬ' ਜਾਂ 'ਪੋਥੀ'

ਹੀ ਆਖਿਆ ਜਾਂਦਾ ਸੀ, 'ਬਾਬਾ ਮੋਹਨ ਵਾਲੀਆਂ ਪੋਥੀਆਂ' ਆਪਣੇ ਨਾਂ ਸਮੇਤ ਅਜ ਤੱਕ ਇਸ ਗੱਲ ਦੀ ਗਵਾਹੀ ਦੇ ਰਹੀਆਂ ਹਨ। ਗੁਰੂ ਹਰਿ ਸਹਾਇ ਵਾਲੀ ਪੋਥੀ ਜੋ ਸੋਢੀ ਮੇਹਰਵਾਨ ਜੀ ਨੂੰ ਅਕਾਲ ਤਖਤ ਤੋਂ ਹੱਥ ਲੱਗੀ ਸੀ, ਤੇ ਪਿਛਲੇ ਸਾਲ ਚੋਰੀ ਹੋ ਚੁੱਕੀ ਹੈ, ਉਸ ਦਾ ਨਾਂ ਵੀ ਪੋਥੀ ਸਾਹਿਬ ਪੁਕਾਰਿਆ ਜਾਂਦਾ ਹੈ।

ਸਿੱਟਾ ਇਹ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਪਹਿਲਾਂ *ਆਦਿ ਗ੍ਰੰਥ ਸਾਹਿਬ ਜੀ* ਕੇਵਲ '*ਗ੍ਰੰਥ*' ਨਾਮ ਨਾਲ, ਨੌਵੇਂ ਪਾਤਸ਼ਾਹ ਦੇ ਸਮੇਂ ਤੋਂ ਪਹਿਲਾਂ 'ਪੋਥੀ' ਤੇ '*ਗ੍ਰੰਥ ਸਾਹਿਬ*' ਦੇ ਨਾਂ ਨਾਲ ਸੱਦੇ ਜਾਂਦੇ ਸਨ, ਪਰ ਇਸ ਤੋਂ ਪਹਿਲਾਂ ਕੇਵਲ 'ਪੋਥੀ' ਦੇ ਨਾਮ ਨਾਲ।

ਗੁਰੂ ਅਰਜਨ ਦੇਵ ਜੀ ਨੇ ਬੀੜ ਦੀ ਤਿਆਰੀ ਵੇਲੇ ਖ਼ੁਦ 'ਪੋਥੀ' ਨਾਮ ਦੀ ਹੀ ਵਰਤੋਂ ਕੀਤੀ ਹੈ। ਆਦਿ ਬੀੜ ਦੇ ਤਤਕਰੇ ਦੇ ਅਰੰਭ ਵਿਚ ਉਹਨਾਂ ਆਪ ਜੋ ਸੂਚਨਾ ਲਿਖਵਾਈ ਉਹ ਇਹ ਸੀ :

'ਸੂਚੀ ਪਤਰ ਪੋਥੀ ਦਾ ਤਤਕਰਾ ਲਿਖਿਆ ਰਾਗਾਂ ਕਾ ਤਥਾ ਸ਼ਬਦਾਂ ਕਾ
'ਜਪੁ ਸ੍ਰੀ ਗੁਰੂ ਰਾਮਦਾਸ ਜੀ ਕਿਆਂ ਦਸਖਤਾਂ ਕਾ ਨਕਲ।'

'ਪੋਥੀ' ਪਦ ਦੀ ਵਰਤੋਂ ਸਾਧਾਰਨ ਅਰਥਾਂ ਅੰਦਰ ਗੁਰੂ ਘਰ ਵਿਚ ਉਂਵ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੁੰਦੀ ਆਈ ਹੈ। ਉਹਨਾਂ ਦਾ ਇਕ ਫੁਰਮਾਨ ਹੈ।

'ਪੋਥੀ ਪੁਰਾਣੁ ਕਮਾਈਐ।
ਭਉ ਵਟੀ ਇਤ ਤਨ ਪਾਈਐ। *(ਸ੍ਰੀ ਰਾਗ ਮ. ੧)*

ਪਰੰਤੂ ਪੋਥੀ ਪਦ ਗੁਰਬਾਣੀ ਦੇ ਸੰਗ੍ਰਹਿ ਲਈ ਵੀ ਵਰਤਿਆ ਗਿਆ ਹੈ। ਗੁਰੂ ਅਰਜਨ ਦੇਵ ਜੀ ਦਾ ਵਾਕ ਹੈ : ਪੋਥੀ ਪਰਮੇਸਰ ਕਾ ਥਾਨੁ'। (ਸਾਰੰਗ ਮ. ੫)

ਪੋਥੀ ਸ਼ਬਦ ਦੀ ਇਸ ਤਰ੍ਹਾਂ ਅਦਬ ਵਾਲੀ ਵਰਤੋਂ ਤੋਂ ਪਤਾ ਚਲਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਮੁਰਾਦ ਉਸ ਪੋਥੀ ਤੋਂ ਸੀ ਜੋ ਉਹਨਾਂ ਨੂੰ ਗੁਰੂ ਨਾਨਕ ਦੇਵ ਤੋਂ ਲੈ ਕੇ ਪਹਿਲੇ ਤੋਂ ਹਰ ਦੂਜੇ ਅਗਲੇ ਗੁਰੂ ਸਾਹਿਬ ਨੂੰ ਗੱਦੀ ਦੀ ਨਿਸ਼ਾਨੀ ਰੂਪ ਵਿਚ ਮਿਲਦੀ ਆਈ ਸੀ ਜਿਸ ਨੂੰ ਉਹਨਾਂ ਆਪਣੇ ਜ਼ਮਾਨੇ ਤਕ ਦੀਆਂ ਰਚਨਾ ਪ੍ਰਾਪਤ ਕਰ ਕੇ ਭਗਤ ਭੱਟ ਬਾਣੀ ਸੰਪਾਦਨ ਕਰਕੇ ਆਪਣੀ ਬਾਣੀ ਵਿਚ ਦਰਜ ਕਰਕੇ ਵੱਡੀ ਪੋਥੀ (ਆਦਿ ਬੀੜ) ਦੇ ਰੂਪ ਵਿਚ ਸੰਚਿਤ ਕੀਤਾ ਸੀ।

ਗੁਰਤਾ ਦੇ ਚਿੰਨ੍ਹ ਬਾਰੇ ਇਹ ਖਿਆਲ ਗ਼ਲਤ ਹੈ ਕਿ ਪਹਿਲੇ ਗੁਰੂ ਅਗਲੇ ਸਾਹਿਬਾਨ ਨੂੰ ਗੱਦੀ ਦੇਣ ਵੇਲੇ ਸੇਲ੍ਹੀ ਟੋਪੀ ਰਖ ਕੇ ਗੱਦੀ ਦੇਂਦੇ ਸਨ, ਇਹ ਰੀਤੀ ਸਿਰੀ ਚੰਦ ਕਿਆਂ ਦੇ ਉਦਾਸੀ ਪੇਖ ਦੀ ਸੀ। ਪ੍ਰਾਚੀਨ ਪ੍ਰਮਾਣਾਂ ਤੋਂ ਗੁਰੂ ਘਰ ਦੀ ਗੁਰਗੱਦੀ ਦੀ ਰੀਤ ਗੁਰੂ ਘਰ ਵਿਚ ਗੁਰੂ ਗੱਦੀ ਦਾ ਚਿੰਨ੍ਹ 'ਪੋਥੀ' ਅਤੇ ਮਾਲਾ ਰਿਹਾ ਹੈ।

ਗੁਰੂ ਅਰਜਨ ਦੇਵ ਜੀ ਦੇ ਭਤੀਜੇ ਮਿਹਰਵਾਨ ਜੀ ਦੇ ਪੁੱਤਰ 'ਹਰਿ' ਜੀ ਦੀ ਲਿਖਤ ਇਕ ਉਸ ਸਮੇਂ ਦਾ ਹੀ ਪੁਰਾਣਾ ਗ੍ਰੰਥ ਮਿਲਿਆ ਹੈ ਜਿਸ ਦਾ ਨਾਮ 'ਬਾਬਾ ਮਿਹਰਵਾਨ ਦੀਆਂ ਗੋਸ਼ਟਾਂ' ਹੈ। ਗੁਰੂ ਘਰ ਵਿਚ ਗੁਰ ਗੱਦੀ ਦੇਣ ਵੇਲੇ ਦੀ ਮਰਿਆਦਾ ਉੱਤੇ ਇਸ ਗ੍ਰੰਥ ਦੀ ਲਿਖਤ ਸਭ ਤੋਂ ਨੇੜੇ ਦੀ ਅੱਖੀਂ ਦੇਖੀ ਬਲਕਿ ਹੱਡਬੀਤੀ ਰੀਤ ਹੈ। ਕਿਉਂਕਿ ਗੁਰੂ ਅਰਜਨ ਦੇਵ ਜੀ ਪਿਛੋਂ ਇਹ ਘਰਾਣਾ ਆਪਣੇ ਆਪ ਨੂੰ ਗੱਦੀ ਦਾ ਵਾਰਸ ਸਮਝਦਾ ਰਿਹਾ ਤੇ ਪ੍ਰਾਚੀਨ ਰੀਤੀ ਨਾਲ ਗੱਦੀਆਂ ਲੈਂਦਾ ਤੇ ਦਿੰਦਾ ਰਿਹਾ ਹੈ। ਉਸ ਪੋਥੀ ਵਿਚ ਆਉਂਦਾ ਹੈ।

1. .....'ਤਬ ਗੁਰੂ ਬਾਬਾ ਨਾਨਕ ਜੀ ਗੁਰੂ ਅੰਗਦ ਕਉ ਸ਼ਬਦ ਕੀ ਥਾਪਨਾ ਦੇ ਕਰ ਸੰਮਤ

੧੫੯੫ ਅੱਸੂ ਵਦੀ ੧੦ ਦਸਮੀ ਕਉ ਆਪ ਸਚੇ ਖੰਡ ਸਿਧਾਰੇ...... ।' (ਪੱਤਰਾ ੪)

2. ......'ਤਬ ਗੁਰੂ ਅੰਗਦ ਜੀ ਦੇ ੨੨ ਬਰਸ ੫ ਮਹੀਨੇ ੧੧ ਯਾਰਾਂ ਦਿਨ ਗੁਰੂ ਅਮਰਦਾਸ ਸੰਸਾਰ ਕੇ ਵਿਖੈ ਭਗਤਿ ਕਮਾਈ ਅਰ ਸ਼ਬਦ ਕੀ ਥਾਪਨਾ ਗੁਰੂ ਰਾਮਦਾਸ ਜੀ ਕਉ ਦੇ ਕਰਿ ਆਪ ਸਚੇ ਖੰਡ ਕਉ ਸਿਧਾਰੇ...... ।' (ਪੱਤਰਾ ੬)

3. 'ਤਬ ਗੁਰੂ ਰਾਮਦਾਸ ਸੰਮਤ ੧੬੩੯ ਭਾਦਰਉ ਸੁਦੀ (੩) ਤਿੰਨ ਕਉ ਸਬਦ ਕੀ ਥਾਪਨਾ ਗੁਰੂ ਅਰਜਨ ਕਉ ਦੇ ਕਰਿ ਸਚੇ ਖੰਡ ਕਉ ਸਿਧਾਰੇ।' (ਪੱਤਰਾ ੭)

4. 'ਤਬ ਗੁਰੂ ਅਰਜਨ ਜੀ ਕੇ ਦਿਨ ਭਗਤਿ ਕਰਤੇ ਬੀਤੇ (੨੪) ਚਉਬੀਸ ਬਰਸ (੯) ਮਹੀਨੇ (੧) ਇਕ ਦਿਨ ਭਗਤਿ ਕਮਾਈ, ਤਬੁ ਅਪਨੀ ਪੋਥੀ ਸ਼ਬਦ 'ਗੁਰੂ ਸਾਹਿਬ' ਜੀ ਕਉ ਦੀਆ।

5. 'ਤਬ ਗੁਰੂ ਸਾਹਿਬ ਜੀ ਕਉ ਗੁਰੂ ਅਰਜਨ ਅੰਗ ਸਾਥ ਲਾਇ ਕਰ ਮਸਤਕਿ ਹਥੁ ਧਰਿ ਕਰ ਕਿਰਪਾਲੂ ਹੋਇ ਕਰਿ ਵਿਦਾ ਕੀਆ।

ਇਸ ਲਿਖਤ ਵਿਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰਗੱਦੀ ਦੇਣ ਦੇ ਵੇਲੇ ਸ਼ਬਦ ਦੀ ਥਾਪਨਾ ਦਾ ਜ਼ਿਕਰ ਤੇ ਇਕ ਹੋਰ ਅਰਥ ਬਾਣੀ ਰਚਣ ਦੀ ਆਗਿਆ ਜਾਂ ਬਾਣੀ ਰਚਣ ਦੀ ਸ਼ਕਤੀ ਦੇਣਾ ਵੀ ਲਿਆ ਜਾ ਸਕਦਾ ਸੀ। ਪਰ ਬਾਣੀ ਦੀ ਰਚਨਾ ਕਿਸੇ ਵਰ ਜਾਂ ਵਿਰਸੇ ਤੋਂ ਆਉਣ ਵਾਲੀ ਚੀਜ਼ ਨਹੀਂ ਸੀ। ਜੇ ਅਜੇਹਾ ਹੁੰਦਾ ਤਾਂ ਛੇਵੇਂ ਤੇ ਸੱਤਵੇਂ ਪਾਤਸ਼ਾਹ ਵੀ ਜ਼ਰੂਰ ਬਾਣੀ ਰਚਦੇ ਸ਼ਬਦ ਦੀ ਥਾਪਨਾ ਸ਼ਬਦ ਜੋ ਬਾਣੀ ਦੇ ਰੂਪ ਵਿਚ ਸਨ ਉਹਨਾਂ ਦੀ ਥਾਪਨਾ-ਪੋਥੀ ਦੀ ਪੂਜਾ, ਗੁਰੂ ਗੱਦੀ ਲਈ ਜ਼ਰੂਰੀ ਸੀ। ਗੁਰੂ ਅਰਜਨ ਜੀ ਬਾਰੇ ਲਿਖੀ ਟਿੱਪਣੀ 'ਤਬੁ ਆਪਣੀ ਪੋਥੀ ਸ਼ਬਦੁ, ਗੁਰੂ ਸਾਹਿਬ ਜੀ ਕਉ ਦੀਆ।' 'ਸ਼ਬਦ ਦੀ ਥਾਪਨਾ' ਦਾ ਭਾਵ ਖੋਲ੍ਹ ਦੇਂਦੀ ਹੈ। ਇਹ ਇਸ਼ਾਰਾ ਆਦਿ ਤੋਂ ਵਿਰਸੇ ਵਿਚ ਮਿਲਦੀ ਆ ਰਹੀ ਪੋਥੀ ਵੱਲ ਹੈਸੀ।

ਇਸੇ ਲਿਖਤੀ ਪੋਥੀ ਵਿਚ ਲਿਖਿਆ ਹੈ :

'ਤਬ ਗੁਰੂ ਬਾਰੇ ਨਾਨਕ ਜੀ ਕਹਿਆ ਕਿ ਪੁਰਖਾ ਅੰਗਦਾ ! ਏਹੁ ਪਰਮੇਸਰ ਕੀ ਬਾਣੀ ਹੈ ਅਰ ਜਹਾਂ ਜਹਾਂ ਮੈਂ ਉਦਾਸੀ ਕੇ ਵਿਖੈ ਫਿਰਿਆ ਹੋਂ ਅਰੁ ਮੇਰੇ ਜਿ ਮੁਖ ਤੇ ਬਾਣੀ ਨਿਕਲੀ ਹੈ ਜੁ ਜਗਤ ਉਸ ਕੋ ਜਾਣਦਾ ਨਹੀਂ ਅਰੁ ਉਹ ਬਾਣੀ ਬਿਰਥੀ ਜਾਵੇਗੀ। ਤਾਂ ਹੀ ਅਰੁ ਅਬ ਮੈਂ ਤੁਝ ਕਉ ਥਾਪਿਆ ਹੈ ਸੁ ਉਹ ਬਾਣੀ ਕਿਛੁ ਏਕ ਤੇਰੇ ਮੁਖ ਤੋਂ ਭੀ ਉਪਜੇਗੀ ਅਰ ਤੁਝ ਤੋਂ ਪੀਛੈ ਜਿਨਾ ਪੁਰਖਾਂ ਸ਼ਬਦ ਦੀ ਥਾਪਨਾ ਹੋਏਗੀ ਉਹ ਬਾਣੀ ਉਸ ਦੇ ਮੁਖ ਤੋਂ ਪ੍ਰਗਟ ਹੋਤੀ ਜਾਏਗੀ।
(ਪੱਤਰਾ ੫)

ਬਾਬਾ ਹਰਿ ਜੀ ਨੇ ਗੁਰੂ ਅਰਜਨ ਦੇਵ ਜੀ ਤੋਂ ਗੁਰਗੱਦੀ ਬਾਬਾ ਪ੍ਰਿਥੀਚੰਦ ਤੇ ਫਿਰ ਉਹਨਾਂ ਦੇ ਪੁੱਤਰ ਤੇ ਆਪਣੇ ਪਿਤਾ ਮਿਹਰਵਾਨ ਜੀ ਨੂੰ ਵੀ ਇਸੇ ਰੀਤੀ ਨਾਲ ਮਿਲਦੀ ਦੱਸੀ ਹੈ।

'ਅਰ ਗੁਰੂ ਅਰਜਨ ਪੀਛੇ ਬਾਰਹ (੧੨) ਬਰਸ (੧੧) ਯਾਰਹ ਮਹੀਨੇ (੮) ਆਠ ਦਿਨ ਗੁਰੂ ਸਾਹਿਬ ਜੀ-ਪ੍ਰਿਥੀ ਚੰਦ ਜੀ ਭਗਤਿ ਕਮਾਈ। ਸੰਮਤ ੧੬੭੩ ਵੈਸਾਖ ਸੁਦੀ (੧੨) ਦੁਆਦਸ ਕੇ ਦਿਨ ਪਹਿਲੇ ਹੀ ਏਕੁ ਗੁਰੂ ਮਿਹਰਵਾਨ ਜੀ ਕਉ ਬੁਲਾਇ ਕਰਿ ਆਪਣੇ ਹੱਥੀਂ ਮਾਥੇ ਤਿਲਕੁ ਲਗਾਇਆ ਅਰ ਆਪਣੀ ਪਗਿ ਗੁਰ ਮਿਹਰਵਾਨ ਜੀ ਕੇ ਸਿਰਿ ਬਾਂਧੀ। ਪੋਥੀ ਮਾਲਾ ਹਾਥ ਦੀਨੀ।'

ਏਥੇ ਗੁਰੂ ਗੱਦੀ ਦੀ ਰੀਤੀ ਵਧੇਰੇ ਖੋਲ੍ਹ ਕੇ ਦਿੱਤੀ ਹੈ।

[*ਗੁਰਮਤਿ ਪਤ੍ਰਿਕਾ*, ਨਵੰਬਰ ੧੯੭੨, ਪਟਿਆਲਾ]

੧੦੫. *ਡਾ. ਜਸਬੀਰ ਸਿੰਘ ਆਹਲੂਵਾਲੀਆ*

ਸੰਸਾਰ ਭਰ ਦੇ ਪਾਵਨ ਪਵਿੱਤਰ ਗ੍ਰੰਥਾਂ ਵਿਚ *ਗੁਰੂ ਗ੍ਰੰਥ ਸਾਹਿਬ* ਦਾ ਇਸ ਕਰਕੇ ਨਿਵੇਕਲਾ ਸਥਾਨ ਹੈ ਕਿ ਜਿਥੇ ਹੋਰਨਾਂ ਧਰਮਾਂ ਦੀਆਂ ਪੋਥੀਆਂ ਨੂੰ ਧਰਮ ਗ੍ਰੰਥ ਹੋਣ ਦਾ ਰੁਤਬਾ ਇਕ ਲੰਬੇ ਸਮੇਂ ਵਿਚ ਹੌਲੀ-ਹੌਲੀ ਉਭਰਦੀ ਰਵਾਇਤ ਵਲੋਂ ਪ੍ਰਾਪਤ ਹੋਇਆ ਉਥੇ ਆਦਿ ਗ੍ਰੰਥ ਨੂੰ ਇਹ ਰੁਤਬਾ ਖ਼ੁਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੁਆਰਾ ਪ੍ਰਦਾਨ ਕੀਤਾ ਗਿਆ।

ਸਿੱਖ ਧਰਮ ਦੀ ਵਿਸ਼ੇਸ਼ਤਾਈ ਹੈ ਕਿ ਰੂਹਾਨੀ ਤੇ ਦੁਨਿਆਵੀ ਪ੍ਰਭੁਤਾ ਯਾਨੀ ਭਗਤੀ ਤੇ ਸ਼ਕਤੀ ਦਾ ਨਿਵੇਕਲਾ ਸੁਮੇਲ ਹੈ। ਇਹ ਮਹੱਤਵ ਲੋਕ ਪਰਲੋਕ ਦੋਹਾਂ ਲਈ ਹੈ। ਇਹ ਸਮਾਜਕ ਯਥਾਰਥ ਨਾਲ ਵੀ ਉਤਨਾ ਹੀ ਜੁੜਿਆ ਹੋਇਆ ਹੈ ਜਿਤਨਾ ਕਿ ਪਰਮਾਰਥ ਨਾਲ। ਸਿੱਖ ਧਰਮ ਦੀ ਇਹ ਵਿਸ਼ੇਸ਼ਤਾਈ ਜਿਹੜੀ ਪਹਿਲੇ ਗੁਰੂਆਂ ਦੇ ਸਿਧਾਂਤਾਂ ਵਿਚ ਰਮ ਰਹੀ ਸੀ ਉਦੋਂ ਸਪੱਸ਼ਟ ਰੂਪ ਵਿਚ ਪ੍ਰਗਟ ਹੋਈ, ਜਦੋਂ ਛੇਵੇਂ ਗੁਰੂ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ ਜਿਨ੍ਹਾਂ ਵਿਚੋਂ ਪਹਿਲੀ ਦੁਨਿਆਵੀ ਸ਼ਕਤੀ (ਸਮਾਜਕ-ਰਾਜਨੀਤਕ ਸੱਤਾ) ਤੇ ਦੂਜੀ ਰੂਹਾਨੀ ਪ੍ਰਭੁਤਾ ਦੀ ਪ੍ਰਤੀਕ ਸੀ। ਇਸ ਪਿਛੋਂ ਇਹ ਦੋਵੇਂ ਪ੍ਰਕਾਰ ਦੀ ਪ੍ਰਭੁਤਾ ਅਥਵਾ ਸ਼ਕਤੀ ਦਸਵੇਂ ਗੁਰੂ ਤੱਕ ਗੁਰੂ-ਸ਼ਖਸੀਅਤ ਤੇ ਕੇਂਦਰਿਤ ਰਹੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਦੁਨਿਆਵੀ ਪ੍ਰਭੁਤਾ (Sovereignty) ਪੰਥ ਨੂੰ ਪਰਦਾਨ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਰੂਹਾਨੀ ਪ੍ਰਭੁਤਾ ਸੌਂਪੀ। ਇੰਞ ਪੰਥ ਨੂੰ ਪੀਰੀ ਮਿਲੀ ਤੇ ਇਹ ਖ਼ਾਲਸਾ ਪੰਥ ਹੋ ਗਿਆ ਤੇ ਆਦਿ ਗ੍ਰੰਥ, '*ਗੁਰੂ ਗ੍ਰੰਥ*' ਮੰਨਿਆ ਜਾਣ ਲਗਾ। ਗੁਰੂ ਸਾਹਿਬ ਨੇ ਬਾਣੀ ਨੂੰ 'ਗੁਰੂ' ਦੀ ਪਦਵੀ ਸੌਂਪ ਦਿੱਤੀ ਤੇ ਅੱਗੋਂ ਤੋਂ ਸਿੱਖ ਸਮਾਜ ਵਿਚ 'ਦੇਹਧਾਰੀ ਗੁਰੂ' ਦੀ ਪ੍ਰਥਾ ਸਦਾ ਸਦਾ ਲਈ ਖ਼ਤਮ ਕਰ ਦਿੱਤੀ।

ਭਾਰਤੀ ਧਾਰਮਿਕ ਚਿੰਤਨ 'ਸ਼ਬਦ' ਨੂੰ 'ਯਥਾਰਥ' ਦਾ ਸਾਰ-ਤੱਤ ਮੰਨਦਾ ਹੈ ਜਦ ਕਿ ਪੱਛਮੀ ਵਿਚਾਰਧਾਰਾ ਪਈਥਾਗੋਰੋਸ ਦੀ ਇਸ ਅਭਿਧਾਰਣਾ ਦੀ ਕਾਇਲ ਹੈ ਕਿ ਸਾਰੀਆਂ ਚੀਜ਼ਾਂ ਸਾਰ-ਰੂਪ ਵਿਚ ਹਿੰਦਸੇ ਜਾਂ ਉਹਨਾਂ ਦੇ ਅਨੁਪਾਤ ਹਨ। ਇਹੋ ਕਾਰਨ ਹੈ ਕਿ ਭਾਰਤੀ ਚਿੰਤਨ ਸੁਭਾਵਿਕ ਰੂਪ ਵਿਚ ਹੀ ਰਹੱਸਵਾਦ ਵੱਲ ਰੁਝਾਨ ਰਖਦਾ ਹੈ ਜਦ ਕਿ ਪੱਛਮੀ ਦਰਸ਼ਨ ਵਿਚ ਤਰਕ-ਪੂਰਨ ਰੁਚੀ ਦਿਖਾਈ ਦਿੰਦਾ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ* ਦਾ ਆਰੰਭ ੧ੴ ਨਾਲ ਹੁੰਦਾ ਹੈ ਜੋ ਇਕ ਹਿੰਦਸੇ ਤੇ ਸ਼ਬਦ ਦੀ ਸੰਧੀ ਹੈ। ਜਿਸ ਦਾ ਦਾਰਸ਼ਨਿਕ ਤਾਤਪਰਯ ਸਿੱਖ ਦਰਸ਼ਨ ਨੂੰ ਸਮੁੱਚੇ ਭਾਰਤੀ ਚਿੰਤਨ ਦੀ ਵੇਦਾਂਤਕ ਪਰੰਪਰਾ ਨਾਲੋਂ ਵਖਰਿਆਉਂਦਾ ਹੈ।

ਇੰਞ *ਗੁਰੂ ਗ੍ਰੰਥ ਸਾਹਿਬ* ਵਿਚ ਵੱਖ ਵੱਖ ਇਲਾਕਿਆਂ, ਜਾਤਾਂ ਅਤੇ ਕਬੀਲਿਆਂ ਦੇ ਭਗਤਾਂ ਦੀ ਬਾਣੀ ਦਾ ਸ਼ਾਮਲ ਹੋਣਾ ਇਸ ਪਾਵਨ *ਗ੍ਰੰਥ* ਨੂੰ ਇਕ ਬੇਮਿਸਾਲ ਵਿਸ਼ਵ-ਵਿਆਪਕਤਾ ਦੀ ਭਾਵਨਾ ਪ੍ਰਦਾਨ ਕਰਦਾ ਹੈ ਅਤੇ ਇਹ ਗ੍ਰੰਥ ਭਾਰਤ ਦੇ ਧਾਰਮਿਕ ਸਾਂਸਕ੍ਰਿਤਕ ਵਿਰਸੇ ਦਾ, ਇਸ ਦੀ ਅਧਿਆਤਮਕ ਅੰਤਰ-ਦ੍ਰਿਸ਼ਟੀ ਦਾ, ਇਸ ਦੀਆਂ ਅਧਿਭੌਤਿਕ ਘੋਖਾਂ ਦਾ, ਇਸ ਦੇ ਰਹੱਸਆਤਮਕ ਅਨੁਭਵਾਂ ਦਾ, ਨੈਤਿਕ ਮਾਨਦੰਡਾਂ ਅਤੇ ਭਾਵਾਤਮਕ ਉਦਗਾਰਾਂ ਦਾ ਅਥਾਹ ਖ਼ਜ਼ਾਨਾ ਹੈ। *ਗੁਰੂ ਗ੍ਰੰਥ ਸਾਹਿਬ* ਵਿਚ ਮੱਧ-ਕਾਲ ਦੀਆਂ ਛੇ ਸਦੀਆਂ (ਬਾਰ੍ਹਵੀਂ ਤੋਂ ਸਤਾਰ੍ਹਵੀਂ ਸਦੀ ਤੱਕ) ਦਾ ਧਾਰਮਕ ਗਿਆਨ ਆਪਣੀ ਏਕਤਾ ਤੇ

ਅਨੇਕਤਾ ਸਮੇਤ ਸੰਪੂਰਨ ਰੂਪ ਵਿਚ ਪ੍ਰਗਟ ਹੋਇਆ ਹੋਇਆ ਹੈ।

[*ਜਾਗ੍ਰਤੀ* ਮਾਸਕ ਪੱਤ੍ਰ ਚੰਡੀਗੜ੍ਹ, ਦਸੰਬਰ ੧੯੭੮]

੧੦੯. *ਸ. ਸ਼ਮਸ਼ੇਰ ਸਿੰਘ ਅਸ਼ੋਕ*

ਇਸ ਲਈ ਗੁਰੂ ਸਾਹਿਬ ਨੇ ਬੜੀ ਉਦਾਰਤਾ ਨਾਲ ਦਸ ਗੁਰੂਆਂ ਦੀ ਆਤਮਕ ਜੋਤ ਰੂਪ ਨਾਮ-ਬਾਣੀ ਦੇ ਸੋਮੇ *ਸ੍ਰੀ ਆਦਿ ਗ੍ਰੰਥ ਜੀ* ਨੂੰ ਜਿਸ ਵਿਚ ਨੌਵੇਂ ਗੁਰੂ ਜੀ ਦੀ ਬਾਣੀ, ਗੁਰੂ ਜੀ ਨੇ ਆਪ ਆਪਣੇ ਹਥੀਂ ਸ੍ਰੀ ਦਮਦਮਾ, ਸਾਹਿਬ ਦੇ ਸਥਾਨ ਤੇ ਚਾੜ੍ਹੀ ਸੀ, ਦਸ ਗੁਰੂਆਂ ਦਾ ਰੂਪ ਸਮਝ ਕੇ ਗੱਦੀ ਦਿੱਤੀ। ਇਹ ਵਾਕਿਆ ਸੰਮਤ ੧੭੬੫ ਬਿ: ਮੁਤਾਬਿਕ ਸੰਨ ੧੭੦੮ ਈ. ਦਾ ਹੈ ਜਦ ਕਿ ਗੁਰੂ ਦਸਮੇਸ਼ ਜੀ ਦੇ ਨੰਦੇੜ (ਦੱਖਣ) ਦੇ ਸਥਾਨ ਪਰ ਜੋਤੀ ਜੋਤਿ ਸਮਾਏ ਸਨ।

ਸ੍ਰੀ ਦਸਮੇਸ਼ ਜੀ ਦਾ ਇਹ ਕਾਰਨਾਮਾ ਖਾਲਸਾ-ਪੰਥ ਦੇ ਉੱਜਲ ਭਵਿਖ ਨੂੰ ਮੁਖ ਰਖ ਕੇ ਇਸ ਦੇ ਰਾਹ ਵਿਚੋਂ ਬਨਾਉਟੀ ਗੁਰੂਆਂ ਦੀ ਪਰੰਪਰਾ ਨੂੰ ਕਤਈ ਤੌਰ ਤੇ ਦੂਰ ਕਰਨ ਦਾ ਸੀ, ਕਿਉਂਕਿ ਬਨਾਉਟੀ ਗੁਰੂ ਸੋਢੀ ਪ੍ਰਿਥੀ ਚੰਦ, ਮਿਹਰਬਾਨ ਤੇ ਹਰਿ ਜੀ ਦੇ ਰੂਪ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਆਪਣਾ ਅੰਦੋਲਨ ਚਲਾ ਰਹੇ ਸਨ ਅਤੇ ਜਿਸ ਕਾਰਣ ਗੁਰੂ ਤੇਗ ਬਹਾਦਰ ਜੀ ਨੌਵੇਂ ਪਾਤਸ਼ਾਹ ਦੇ ਸਮੇਂ ਸੋਢੀ ਧੀਰਮਲ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਜਿਵੇਂ ਕਿ ਕਵੀ ਕੇਸਰ ਸਿੰਘ ਛਿਬਰ ਦੇ ਕਥਨ ਅਨੁਸਾਰ, ਚੁਬੰਦੀਏ, ਜੀਤ ਮੱਲੀਏ ਤੇ ਹਠੀ ਸਿੰਘੀਏ ਆਦਿਕ ਦੇ ਰੂਪ ਵਿਚ ਕ੍ਰਮਵਾਰ ਉਭਰਦੇ ਰਹੇ ਪਰ ਇਹ ਸਾਰੇ ਹੀ ਨਕਲੀ ਗੁਰੂ ਭਾਦੋਂ ਦੀਆਂ ਖੁੰਬਾਂ ਵਾਂਗ ਆਪਣੇ ਆਪ ਉਭਰਦੇ ਤੇ ਆਪਣੇ ਆਪ ਹੀ ਖਤਮ ਹੁੰਦੇ ਰਹੇ ਤੇ ਇਨ੍ਹਾਂ ਵਿਚੋਂ ਗੁਰੂ ਪਦਵੀ ਉੱਤੇ ਕੋਈ ਵੀ ਪੂਰਾ ਨਾ ਉਤਰ ਸਕਿਆ।

ਇਸ ਤੋਂ ਬਾਅਦ ਸਿੱਖ ਰਾਜ ਦੇ ਸਮੇਂ ਵਿਚ ਸੋਢੀ ਵਡਭਾਗ ਸਿੰਘ ਜੀ ਕਰਤਾਰਪੁਰੀਏ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀਏ, ਬੇਦੀ ਸਾਹਿਬ ਸਿੰਘ ਜੀ ਊਨਾ, ਬਾਬਾ ਖੁਦਾ ਸਿੰਘ ਜੀ ਲਾਹੌਰ ਦੇ ਬਾਬਾ ਟਹਿਲ ਸਿੰਘ (ਪ੍ਰਸਿੱਧ ਨਾਮ ਭਾਈ ਮਹਾਰਾਜ ਸਿੰਘ) ਜੀ ਅੰਮ੍ਰਿਤਸਰ ਆਦਿ ਕਈ ਪੂਰ ਧਾਰਮਿਕ ਆਗੂਆਂ ਦੇ ਆਏ ਤੇ ਏਥੇ ਆਪਣੇ ਪੈਰ ਚਿੰਨ੍ਹ ਛੱਡ ਗਏ। ਉਨ੍ਹਾਂ ਦਾ ਗੁਰੂ ਪੰਥ ਦੀ ਸਾਂਝੀ ਜੱਥੇਬੰਦੀ ਉੱਤੇ ਕੋਈ ਪ੍ਰਭਾਵ ਨਾ ਪਿਆ।

ਸਮੇਂ ਦੇ ਇਸ ਦੌਰ ਵਿਚ ਹਿੰਦਾਲੀਏ, ਗੰਗੂ ਸ਼ਾਹੀਏ, ਮੀਣੇ ਮਸੰਦ, ਗੁਲਾਬਦਾਸੀਏ ਆਦਿ ਵੱਖੋ-ਵੱਖ ਫਿਰਕੇਬੰਦੀਆਂ ਦੇ ਮੋਢੀ ਆਪਣੇ ਗੁਰੂ ਡੰਮ ਦਾ ਹੋਕਾ ਦਿੰਦੇ ਰਹੇ, ਪਰ ਉਨ੍ਹਾਂ ਦੀ ਗੁਰਿਆਈ ਖਾਲਸੇ ਦੇ ਸਾਹਮਣੇ ਨਾਮ-ਬਾਣੀ ਦੇ ਬੋਹਿਥ ਤੇ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਤੇ ਕਿਸੇ ਹਾਲਤ ਵਿਚ ਵੀ ਕਾਮਯਾਬ ਤੇ ਕਾਰਆਮਾਦ ਸਾਬਤ ਨਾ ਹੋ ਸਕੀ।

ਸਿੱਖ ਰਾਜ ਤੋਂ ਪਿਛੋਂ ਗੁਰੂ ਸਿੱਖੀ ਦੇ ਪ੍ਰਚਾਰ ਨੂੰ ਮੁਖ ਰਖ ਕੇ ਦੋ ਸਿੱਖ ਸੰਪ੍ਰਦਾਵਾਂ ਨਿਰੰਕਾਰੀ ਤੇ ਨਾਮਧਾਰੀ ਸੰਪ੍ਰਦਾਇ ਦੇ ਰੂਪ ਵਿਚ ਸਾਡੇ ਸਾਹਮਣੇ ਆਈਆਂ। ਇਨ੍ਹਾਂ ਸੰਪ੍ਰਦਾਵਾਂ ਵਿਚ ਪਹਿਲੀ ਸੰਪ੍ਰਦਾਇ ਇਕ ਅਨੰਤ ਸਿੱਖੀ ਭਾਵ ਦੀ ਪ੍ਰਚਾਰਕ ਸੰਪ੍ਰਦਾਇ ਸੀ, ਜਿਸ ਵਿਚ ਗੁਰਬਾਣੀ ਤੇ ਦਸ ਗੁਰੂਆਂ ਦੀ ਸਿਖਿਆ ਨੂੰ ਖ਼ਾਸ ਮਹੱਤਵ ਦਿੱਤਾ ਸੀ। ਇਸ ਦੇ ਨਾਲ ਹੀ ਦੂਜੀ ਸੰਪ੍ਰਦਾਇ ਸੀ ਨਾਮਧਾਰੀ ਸੰਪ੍ਰਦਾਇ। ਇਨ੍ਹਾਂ ਸੰਪ੍ਰਦਾਵਾਂ ਦੇ ਮੋਢੀ ਨਾਮਬਾਣੀ ਦੇ ਪ੍ਰਚਾਰਕ ਹੋਣ ਕਰਕੇ ਆਪਣੇ ਆਪ ਨੂੰ 'ਭਾਈ' ਅਖਵਾਣ ਵਿਚ ਫਖਰ ਸਮਝਦੇ ਸਨ। ਪਰ ਪਿਛੋਂ ਇਨ੍ਹਾਂ ਦੇ ਸ਼ਰਧਾਲੂਆਂ ਨੇ ਪਹਿਲਾਂ 'ਬਾਬਾ' ਤੇ 'ਗੁਰੂ' ਆਦਿ ਅੱਲਾਂ ਲਾ ਦਿੱਤੀਆਂ ਤੇ ਫੇਰ ਦਸ ਗੁਰੂਆਂ

ਤੋਂ ਬਾਦ ਗਿਆਰ੍ਹਵਾਂ, ਬਾਰ੍ਹਵਾਂ, ਤੇਰ੍ਹਵਾਂ ਗੁਰੂ ਆਦਿ ਦੀ ਕਲਪਣਾ ਕਰਨ ਲਗੇ ਤੇ ਉਨ੍ਹਾਂ ਨੇ ਆਪਣੇ ਇਸ ਪੱਖ ਦੀ ਪੁਸ਼ਟੀ ਲਈ ਪਹਿਲਾਂ ਸ੍ਰੀ ਦਸਮੇਸ਼ ਦੇ ਰੂਪ ਵਿਚ ਬਾਬਾ ਅਜਾਪਲ ਸਿੰਘ ਜੀ ਨਾਭਾ ਤੇ ਫੇਰ ਉਨ੍ਹਾਂ ਰਾਹੀਂ ਬਾਬਾ ਰਾਮ ਸਿੰਘ ਜੀ ਆਦਿ ਦੀ ਗੁਰ-ਗੱਦੀ ਦੀ ਕਲਪਣਾ ਕਰ ਲਈ ਤੇ ਇਨ੍ਹਾਂ ਦੇ ਨਾਮਾਂ ਨਾਲ 'ਗੁਰੂ' ਪਦਵੀ ਜੋੜਨ ਲਗ ਪਏ, ਹਾਲਾਂਕਿ ਇਨ੍ਹਾਂ ਵਿਚੋਂ ਕਿਸੇ ਮਹਾਂਪੁਰਸ਼ ਨੇ ਆਪਣੇ ਆਪ ਨੂੰ ਕਦੇ ਗੁਰੂ ਨਹੀਂ ਅਖਵਾਇਆ ਸੀ, ਪਰ ਪਿਛੋਂ ਇਨ੍ਹਾਂ ਦੇ ਅਨੁਯਾਈਆਂ ਨੇ ਆਪਣੇ ਨਿਜੀ ਹਿੱਤਾਂ ਨੂੰ ਮੁਖ ਰਖ ਕੇ ਕਈ ਵਿੰਗੇ ਟੇਢੇ ਤਰੀਕੇ ਵਰਤੇ ਤੇ ਆਪੋ ਆਪਣੀਆਂ ਵੱਖੋ-ਵੱਖ ਗੁਰੂ ਪਰੰਪਰਾਵਾਂ ਕਾਇਮ ਕਰ ਲਈਆਂ। ਇਨ੍ਹਾਂ ਵਿਚੋਂ ਹੀ ਕੁਝ ਲੋਕ ਆਪਣੇ ਪੱਖ ਦੀ ਪੁਸ਼ਟੀ ਲਈ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੀ ਗੁਰੂ ਗੱਦੀ ਦਾ ਖੰਡਨ ਕਰਨ ਲਗ ਪਏ ਜੋ ਨਾ ਕੇਵਲ ਅਜੋਗ ਹੀ ਹੈ, ਸਗੋਂ ਇਤਿਹਾਸਕ ਪੱਖ ਤੋਂ ਬੜਾ ਬੇਹੂਦਾ ਤੇ ਕਾਬਲਿ ਇਤਰਾਜ਼ ਵੀ ਹੈ।

[*ਪਹਿਰੇਦਾਰ ਹਫਤੇਵਾਰ*, ੨ ਮਈ ੧੯੭੯ ਈ., ਨਵੀਂ ਦਿੱਲੀ]

੧੦੭. *ਪ੍ਰੋ. ਜੁਗਿੰਦਰ ਸਿੰਘ*

'ਬਾਣੀ ਗੁਰੂ ਗੁਰੂ ਹੈ ਬਾਣੀ' ਦੀ ਪਰੰਪਰਾ ਦਾ ਜੋ ਰਹੱਸ ਪਹਿਲੇ ਗੁਰੂ ਸਾਹਿਬਾਨ ਨੇ ਪ੍ਰਗਟਾਇਆ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਰਹੱਸ ਨੂੰ ਸਾਕਾਰ ਰੂਪ ਪ੍ਰਦਾਨ ਕਰਕੇ ਸਦਾ ਵਾਸਤੇ ਸਪਸ਼ਟ ਤੇ ਨਿਸ਼ਚਿਤ ਕਰ ਦਿੱਤਾ ਕਿ ਬਾਣੀ ਹੀ ਗੁਰੂ ਹੈ। ਗੁਰੂ ਕੋਈ ਦੇਹ ਜਾਂ ਸਰੀਰ ਨਹੀਂ। ਸ਼ਾਇਦ ਇਹੀ ਇਕ ਕਾਰਨ ਹੈ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਸਿਰਜਨਾ ਵਿਚ ਭਾਵੇਂ ੩੬ ਬਾਣੀਕਾਰਾਂ ਦਾ ਯੋਗਦਾਨ ਹੈ ਪਰ ਬਾਣੀ ਦਾ ਰੂਪ, ਬਾਣੀ ਦਾ ਅਨੁਭਵ, ਬਾਣੀ ਦਾ ਗਿਆਨ, ਬਾਣੀ ਦਾ ਆਦਰਸ਼ ਤੇ ਬਾਣੀ ਦਾ ਪ੍ਰਭਾਵ 'ਏਕਤਾ' ਤੇ 'ਇਕਾਗਤ੍ਰਾ' ਵਾਲਾ ਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਿਚ ਬਾਣੀਕਾਰਾਂ ਦੀ ਦੇਹ ਦਾ ਨਾ ਪ੍ਰਗਟਾ ਹੈ ਅਤੇ ਨਾ ਹੀ ਕਿਸੇ ਦੇਹ ਨੂੰ ਮਾਨਤਾ ਦਿੱਤੀ ਗਈ ਹੈ। ਪਰ ਉਹ ਦੇਹ ਦੀ ਤਾਂ ਰੱਜ ਦੇ ਨਿਖੇਧੀ ਕੀਤੀ ਗਈ ਹੈ, ਜਿਹੜੀ ਹਉਮੈ, ਜਾਤਿ ਵਰਣ, ਸਹਸਾ ਭਰਮ, ਤੇ ਦ੍ਵੈਤ-ਵਿਤਕਰਿਆਂ ਵਿਚ ਵਿਚਰਦੀ ਹੈ। ਇਹ ਵੀ ਇਕ ਆਧਾਰ ਹੈ ਕਿ ਗੁਰੂ ਅਰਜਨ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਨੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਸਰਿਜਨਾ ਵੇਲੇ ਕੇਵਲ ਉਸ ਬਾਣੀ ਨੂੰ ਹੀ ਪ੍ਰਥਮਤਾ ਤੇ ਮਾਨਤਾ ਦਿੱਤੀ ਹੈ ਜਿਹੜੀ ਦੇਹ ਕੀਮਤਾਂ ਤੋਂ ਆਜ਼ਾਦ ਹੋ ਕੇ ਪ੍ਰਭੂ-ਖਸਮ ਨਾਲ ਇਕ ਰੂਪ ਪ੍ਰਾਪਤ ਕਰਕੇ ਆਵੇਸ਼ ਰੂਪ ਵਿਚ ਪ੍ਰਗਟ ਹੋਈ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਬਾਣੀ ਰਚੀ ਨਹੀਂ ਗਈ, ਗੁਰੂ, ਭਗਤ ਤੋਂ ਭੱਟ-ਹਿਰਦਿਆਂ ਰਾਹੀਂ ਇਹ (ਖਸਮ ਦੀ ਬਾਣੀ) ਪਰਗਟ ਹੋਈ ਹੈ। ਪਰਗਟ ਹੋਈ ਬਾਣੀ ਦਾ ਰੂਪ ਨਿਰੰਤਰ ਪ੍ਰਕਾਸ਼ ਵਾਲਾ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ ਮੂਲ ਤੇ ਵਿਆਪਕ ਭਾਵਨਾ ਅਧਿਆਤਮਕ ਹੀ ਹੈ। ਸਮਕਾਲੀ ਸਮਾਜਕ ਤੇ ਰਾਜਨੀਤਕ ਸਥਿਤੀਆਂ ਬਾਰੇ ਜੋ ਤੱਥ ਤੇ ਸੰਕਲਪ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚੋਂ ਮਿਲਦੇ ਹਨ, ਉਹ ਵੀ ਵਿਆਪਕ ਤੌਰ ਤੇ ਅਧਿਆਤਮਕ ਰੰਗ ਤੇ ਦ੍ਰਿਸ਼ਟੀ ਨਾਲ ਭਿਜੇ ਹੋਏ ਹਨ। ਜੀਵਨ ਤੇ ਚਿੰਤਨ ਆਲੋਚਨਾ, ਭਾਵੇਂ ਜੋਗੀ ਦੀ ਹੋਈ ਹੈ, ਭਾਵੇਂ ਬ੍ਰਾਹਮਣ ਕਾਜ਼ੀ ਦੀ ਹੋਈ ਹੈ, ਆਲੋਚਨਾ ਦੇ ਅਧਾਰ ਅਧਿਆਤਮਕ ਹੀ ਨਿਸ਼ਚਤ ਕੀਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਮੁਚਾ ਵਾਤਾਵਰਣ ਤੇ ਪ੍ਰਭਾਵ ਵੀ ਅਧਿਆਤਮਕ ਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਸ ਗੁਰੂ ਜੋਤਿ ਦਾ ਪ੍ਰਕਾਸ਼ ਹੈ। ਗੁਰੂ ਜਾਮੇ ਜਾਂ ਸਰੀਰ ਭਾਵੇਂ ਦਸ ਹੋਏ ਹਨ ਪਰ ਗੁਰੂ ਜੋਤਿ ੧੪੬੯ ਈ. ਤੋਂ ੧੭੦੮ ਈ ਤਕ ਨਿਰੰਤਰ ਇਕ ਹੀ ਰਹੀ ਹੈ। ਇਹੀ ਕਾਰਨ ਹੈ ਕਿ ਗੁਰੂ ਜੋਤਿ ਦੁਆਰਾ ਪ੍ਰਗਟ ਹੋਈ ਬਾਣੀ ਦਾ ਅਨੁਭਵ ਪ੍ਰਕਾਸ਼, ਚਿੰਤਨ ਪਰੰਪਰਾ ਤੇ ਆਸ਼ਾ ਉਦੇਸ਼ ਇਕ ਹੀ ਹੈ।

... ...

ਸਪਸ਼ਟ ਹੈ ਜਿਹੜੀ ਬਾਣੀ ਗੁਰੂ ਜੋਤਿ ਰਾਹੀਂ ਪ੍ਰਗਟ ਹੋਈ ਹੈ, ਚੂੰਕਿ ਉਸਦਾ ਕੇਂਦਰੀ ਬਿੰਦੂ ਪਰਮੇਸਰ ਹੈ ਤੇ ਜਿਵੇਂ ਪਰਮੇਸਰ ਹਰ ਯੁਗ ਤੇ ਹਰ ਸਥਿਤੀ ਵਿਚ ਇਕ ਤੇ ਇਕਸਾਰ ਰਹਿੰਦਾ ਹੈ। ਬਿਲਕੁਲ ਇਸੇ ਤਰ੍ਹਾਂ (ਪਰਮੇਸਰ ਵਾਂਙ) ਬਾਣੀ ਦਾ ਅਨੁਭਵ, ਸੰਦੇਸ਼ ਦੇ ਪ੍ਰਭਾਵ ਹਰ ਸਥਿਤੀ ਵਿਚ ਇਕੋ ਜੇਹਾ ਤੇ ਪੂਰਨ ਹੀ ਰਹਿੰਦਾ ਹੈ। ਬਾਣੀ-ਪ੍ਰਕਾਸ਼ ਦੇ ਨਿਰੰਤਰ ਪੂਰਨ, ਹਿਤਕਾਰੀ ਤੇ ਕਲਿਆਣਕਾਰੀ ਰਹਿਣ ਕਰਕੇ ਹੀ ਅਜੋਕੀ ਧਾਰਮਿਕ ਤੇ ਸਮਾਜਕ ਜ਼ਿੰਦਗੀ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਮਾਨਤਾ ਤੇ ਵਡਿਆਈ ਦਿਨੋ ਦਿਨ ਵਧ ਰਹੀ ਹੈ।

[*ਗੁਰਮਤਿ ਪ੍ਰਕਾਸ਼*, ਸੰਤਬਰ ੧੯੮੦, ਅੰਮ੍ਰਿਤਸਰ]

੧੦੮. ***ਆਈ. ਸੇਰੇਬਰੀਆਕੋਵ***

ਪੰਜਾਬੀ ਲੋਕਾਂ ਦੇ ਸਾਹਿਤ ਦੇ ਵਿਕਾਸ ਦੇ ਅਮਲ ਵਿਚ *ਆਦਿ ਗ੍ਰੰਥ* ਦੀ ਸਥਾਪਨਾ ਦਾ ਸਿਰੇ ਚੜ੍ਹਨਾ ਇਕ ਮਹਾਨ ਘਟਨਾ ਹੈ, ਇਹ ਬਹੁ-ਮੁੱਲੇ ਸਾਹਿਤਕ ਖਜ਼ਾਨੇ ਦੀ ਸੰਭਾਲ ਵਜੋਂ ਵੀ ਬਹੁਤ ਮਹੱਤਵਪੂਰਣ ਹੈ। ਜਿਵੇਂ ਕਿ ਇਸ ਦਾ ਸਮਾਂ ਬਹੁ-ਭਾਸ਼ੀ ਸੀ, ਇਸ ਨਾਲ ਪੰਜਾਬੀ ਸਾਹਿਤ ਵਿਚ ਇਕ ਨਵੇਂ ਪੜਾ ਦਾ ਆਰੰਭ ਹੁੰਦਾ ਹੈ, ਉਹ ਸਮਾਂ ਜਦੋਂ ਇਸ ਦੀ ਬੋਲੀ ਪ੍ਰਮਾਣੀਕ ਬਣ ਗਈ ਅਤੇ ਇਹ ਛੇਤੀ ਹੀ ਆਮ ਵਰਤੋਂ ਦੀ ਬੋਲੀ ਬਣ ਗਈ। ਆਦਿ ਗ੍ਰੰਥ ਪੰਜਾਬੀ ਸਾਹਿਤ ਦੇ ਵਿਕਾਸ ਦੇ ਪਿਛੋਕੜ ਦੇ ਸੰਖੇਪ ਨੂੰ ਪੇਸ਼ ਕਰਦਾ ਹੈ। ਇਸ ਨੇ ਉਨ੍ਹਾਂ ਇਤਿਹਾਸ-ਸੰਬੰਧਾਂ ਨੂੰ ਦਰਸਾਇਆ ਹੈ ਜਿਨ੍ਹਾਂ ਦੀ ਕਿਸਮਤ ਕਿਸੇ ਨਾ ਕਿਸੇ ਤਰ੍ਹਾਂ ਪੰਜਾਬੀ ਲੋਕਾਂ ਨਾਲ ਰਲਦੀ ਮਿਲਦੀ ਸੀ ਜਾਂ ਜਿਨ੍ਹਾਂ ਦੇ ਆਰਥਿਕ ਅਤੇ ਰਾਜਸੀ ਹਾਲਤਾਂ ਨੇ ਕਿਸੇ ਤਰ੍ਹਾਂ ਉਨ੍ਹਾਂ ਨੂੰ ਪੰਜਾਬ ਦੇ ਸਬੰਧ ਵਿਚ ਲੈ ਆਂਦਾ। ਇਹ ਸਭ ਕੁਝ ਇਸ ਪੁਸਤਕ ਦੀਆਂ ਪ੍ਰਵਿਰਤੀਆਂ ਅਤੇ ਕਵਿਤਾ ਤੋਂ ਪ੍ਰਤੱਖ ਹੈ।

ਇਸ ਵਿਚ ਸ਼ਾਮਲ ਕੀਤੇ ਗਏ ਲੇਖਕਾਂ ਵਿਚ ਕਿਸਾਨ, ਕਾਰੀਗਰ ਅਤੇ ਵਪਾਰੀ ਆਦਿਕ ਹਨ। ਉਨ੍ਹਾਂ ਦੀਆਂ ਲਿਖਤਾਂ ਸਿਧੀਆਂ ਲੋਕ-ਕਥਾਵਾਂ ਵਿਚੋਂ ਆਉਂਦੀਆਂ ਹਨ। ਸਭ ਤੋਂ ਪਹਿਲਾਂ ਇਹ ਲੈਅ ਅਤੇ ਛੰਦਾਂ ਨੂੰ ਦਰਸਾਉਂਦਾ ਹੈ ਜਦੋਂ ਅਜੇ ਇਹ ਨੇਮ-ਬਧ ਨਹੀਂ ਸਨ ਹੋਏ ਅਤੇ ਸਿਰਜਣਾਤਮਕ ਕਲਪਣਾ ਲਈ ਕਾਫੀ ਸੁਤੰਤ੍ਰਤਾ ਸੀ, ਇਸ ਤੋਂ ਬਿਨਾਂ ਕਲਾਤਮਕ ਪ੍ਰਗਟਾ ਵਿਚ ਨਾਦ ਅਲੰਕਾਰ ਦੀ ਪ੍ਰਵਿਰਤੀ ਇਸ ਕਵਿਤਾ ਵਿਚ ਪਾਈ ਜਾਂਦੀ ਹੈ।

[*ਪੰਜਾਬੀ ਸਾਹਿਤ*, ਪੰਨਾ ੪੨-੪੩, ਨਿਊ ਏਜ ਬੁਕ ਸੈਂਟਰ, ਅੰਮ੍ਰਿਤਸਰ]

ਆਦਿ ਗ੍ਰੰਥ ਰਾਹੀਂ ਚਲ ਰਹੇ ਮੂਲ ਵਿਚਾਰ ਦਾ ਤੱਤ ਇਹ ਹੈ ਕਿ ਧਰਮ ਅਤੇ ਦਰਸ਼ਨ ਨਾ ਕੇਵਲ ਹਿੰਦੂ ਪੰਡਤਾਂ ਅਤੇ ਮੁਸਲਮਾਨ ਚਿੰਤਕਾਂ ਦੀ ਹੀ ਪਹੁੰਚ ਵਿਚ ਹੀ ਸੀ ਸਗੋਂ ਇਸ ਨੂੰ ਉੱਨੀ ਚੰਗੀ ਹੀ ਜੁਲਾਹੇ ਅਤੇ ਚਮਾਰ ਵੀ ਸਮਝ ਸਕਦੇ ਹਨ ਅਤੇ ਵਿਸ਼ਵ ਦੀ ਸੁੰਦਰਤਾ ਅਤੇ ਜੀਵਨ ਦੀ ਆਭਾ ਸਭ ਮਾਣ ਸਕਦੇ ਹਾਂ।

੧੦੯. *ਮੁਹੰਮਦ ਆਸਫ਼ ਖ਼ਾਂ*

ਦੁੱਖ ਦੀ ਗੱਲ ਇਹ ਹੈ ਕਿ ਅਸਾਂ ਮੁਸਲਮਾਨਾਂ ਮੁਕੱਦਸ ਵੇਦਾਂ ਨੂੰ ਪੜ੍ਹਨਾ ਛਡਿਆ ਕਿਉਂ ਜੁ ਹਿੰਦੂਆਂ ਨੇ ਉਨ੍ਹਾਂ ਨੂੰ ਆਪਣੀਆਂ ਮਜ਼ਹਬੀ ਕਿਤਾਬਾਂ ਵਿਚ ਸਭ ਤੋਂ ਉੱਚੀ ਥਾਂ ਦਿੱਤੀ ਸੀ......

ਇੰਜ ਹੀ *ਗੁਰੂ ਗ੍ਰੰਥ ਸਾਹਿਬ* ਨੂੰ ਵੀ ਸਿੱਖਾਂ ਦੀ ਮੁਕੱਦਸ ਮਜ਼ਹਬੀ ਕਿਤਾਬ ਜਾਣ ਕੇ ਉਹਦੇ ਤੋਂ ਅਵੇਸਲੇ ਹੋ ਗਏ। ਅਸਾਂ ਉਸਨੂੰ ਪੜਚੋਲਣ ਦੀ ਵੀ ਖੇਚਲ ਨ ਕੀਤੀ ਕਿ ਵੇਖੀਏ ਗੁਰੂ ਗ੍ਰੰਥ ਸਾਹਿਬ ਵਿਚ ੧੨ਵੀਂ ਤੋਂ ਲੈ ਸਤਾਰ੍ਹਵੀਂ ਸਦੀ ਤਕ ਦੀ ਬੋਲੀ, ਸਮਾਜ, ਤਾਰੀਖ਼ ਤੇ ਸੋਚ ਦੇ ਕਿੰਨੇ ਕੁ ਮਾਣਕ ਮੋਤੀ ਪਰੁਚੇ ਹੋਏ ਲਭਦੇ ਹਨ। ਫੇਰ ਇਹੋ ਨਹੀਂ ਸਗੋਂ ਦੋ ਮੁਸਲਮਾਨ ਅੱਲ੍ਹਾ ਲੋਕਾਂ—ਜਿਵੇਂ ਬਾਬਾ ਫਰੀਦ (੧੧੭੩—੧੨੬੫ ਈ.) ਤੇ ਭੀਖਨ (੧੪੮੦-੧੫੭੩) ਦਾ ਕਲਾਮ ਦਰਜ ਹੈ। ਇਨ੍ਹਾਂ ਬਜ਼ੁਰਗਾਂ ਨੇ ਉਦੋਂ ਆਪਣੀ ਮਾਂ ਬੋਲੀ ਨੂੰ ਇਜ਼ਹਾਰ ਦਾ ਜ਼ਰੀਆ ਬਣਾਇਆ ਜਦੋਂ ਅਰਬੀ ਫਾਰਸੀ ਦਾ ਸਿੱਕਾ ਚਲਦਾ ਸੀ। ਆਪਣੀ ਮਾਂ ਬੋਲੀ ਦੀ ਅਹਿਮੀਅਤ ਨੂੰ ਈ ਨਹੀਂ ਜਤਾਯਾ ਸਗੋਂ ਇਹ ਵੀ ਪ੍ਰਗਟਾਇਆ ਕਿ ਜੇ ਲੋਕਾਂ ਨਾਲ ਗੱਲ ਕਰਨੀ ਹੈ, ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨੇ ਹਨ, ਲੋਕਾਂ ਦੇ ਦੁਖ ਸੁਖ ਦੇ ਭਿਆਲੀ ਬਣਨਾ ਹੈ, ਲੋਕਾਂ ਲਈ ਓਪਰੇ ਤੇ ਵਿਡਾਣੇ ਨਹੀਂ ਰਹਿਣਾ ਤਾਂ ਉਨ੍ਹਾਂ ਦੀ ਬੋਲੀ ਨੂੰ ਅਪਣਾਉਣਾ ਪਉਸੀ।

[*ਆਖਿਆ ਬਾਬਾ ਫਰੀਦ ਨੇ*, ਪੰਨਾ ੪੫, ੪੬,
ਪਾਕਿਸਤਾਨੀ ਪੰਜਾਬੀ ਅਦਬੀ ਬੋਰਡ, ਲਾਹੌਰ]

੧੧੦. *ਅਖ਼ਲਾਕ ਹੁਸੈਨ ਦਿਹਲਵੀ*

ਪਵਿੱਤਰ *ਗੁਰੂ ਗ੍ਰੰਥ ਸਾਹਿਬ* ਸਿੱਖ ਧਰਮ ਦੀ ਇਕ ਸਤਿਕਾਰਯੋਗ ਧਾਰਮਕ ਪੁਸਤਕ ਹੈ ਸਗੋਂ ਹਿੰਦੁਸਤਾਨ ਦਾ ਸਭ ਤੋਂ ਪ੍ਰਥਮ ਸੈਕੂਲਰ ਗ੍ਰੰਥ ਹੈ। ਜਿਸਦਾ ਗੁਰੂ ਅਰਜਨ ਸ਼ਹੀਦ ਨੇ ੧੦੧੩ ਹਿ. ਅਰਥਾਤ ੧੬੦੪ ਈ. ਵਿਚ ਸੰਕਲਨ ਕੀਤਾ, ਜਿਹੜੇ ਸਿੱਖ ਧਰਮ ਦੇ ਪੰਜਵੇਂ ਗੁਰੂ ਸਨ। ਇਸ ਗ੍ਰੰਥ ਵਿਚ ਵੱਖ ਵੱਖ ਜਾਤੀਆਂ ਤੇ ਧਰਮਾਂ ਦੇ ਸੂਫੀ ਬਜ਼ੁਰਗਾਂ ਦੀ ਉਹ ਬਾਣੀ ਦਰਜ ਹੈ ਜਿਸ ਦੁਆਰਾ ਇਨਸਾਨੀ ਕਦਰਾਂ ਉਜਾਗਰ ਹੁੰਦੀਆਂ ਹਨ। ਨਿਜੀ ਪਛਾਣ ਅਤੇ ਰੱਬੀ ਪਛਾਣ ਦੀ ਅਣਮੁੱਲੀ ਦਾਤ ਪ੍ਰਾਪਤ ਹੁੰਦੀ ਹੈ ਅਤੇ ਰੂਹਾਨੀਅਤ ਦੀ ਮਸਤੀ ਤੇ ਸਰੂਰ ਹਾਸਿਲ ਹੁੰਦਾ ਹੈ ਜਿਸ ਰਾਹੀਂ ਮਨੁੱਖ, ਇਨਸਾਨ ਬਣ ਜਾਂਦਾ ਹੈ ਨਹੀਂ ਤਾਂ

'ਆਦਮੀ ਕੋ ਭੀ ਮੁਯੱਸਰ ਨਹੀਂ ਇਨਸਾਂ ਹੋਨਾ।'

[*ਖੋਜ ਦਰਪਣ*, ਜਨਵਰੀ ੧੯੮੦, ਪੰਨਾ ੨੪, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ]

੧੧੧. *ਪਿਆਰਾ ਸਿੰਘ ਪਦਮ*

ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਵਡਿਆਈ ਇਸੇ ਕਰਕੇ ਨਹੀਂ ਕਿ ਇਹ ਸਿੱਖਾਂ ਦਾ ਧਰਮ-ਗ੍ਰੰਥ ਹੈ ਬਲਕਿ ਇਸ ਵਡਿਆਈ ਦਾ ਵੱਡਾ ਕਾਰਨ ਉਹ ਸਰਬ-ਸਾਂਝਾ ਜਾਂ ਸਰਬਤ ਦੇ ਭਲੇ ਦਾ ਪੈਗ਼ਾਮ ਹੈ ਜੋ ਇਸ ਵਿਚ ਭਲੀ ਭਾਂਤ ਦਿੱਤਾ ਗਿਆ ਹੈ। *ਆਦਿ ਗੁਰੂ ਗ੍ਰੰਥ* ਰੱਬੀ ਏਕਤਾ ਦੇ ਸਿਧਾਂਤ ਉੱਤੇ ਮਨੁੱਖੀ ਏਕਤਾ ਦਾ ਸੁੰਦਰ ਮੰਦਰ ਜਿਸ ਢੰਗ ਨਾਲ ਉਸਾਰਦਾ ਹੈ, ਉਹੀ ਮਨੁੱਖ ਸਭਿਅਤਾ ਦੇ ਇਤਿਹਾਸ ਵਿਚ ਸੱਚਮੁਚ ਇਕ ਨਵੀਂ ਪ੍ਰਾਪਤੀ ਹੈ। ਜਿਥੋਂ ਤਕ ਇਸ ਰੂਹਾਨੀ ਸੰਦੇਸ਼ ਦਾ ਸੰਬੰਧ ਹੈ ਉਹ ਵਿਸ਼ਵਾਰਥੀ ਤੇ ਵਿਗਿਆਨਿਕ (Universal and

rational) ਹੋਣ ਕਰਕੇ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ। ਜਿਸ ਕਰਕੇ ਜਿਸ ਨੂੰ ਸੰਸਾਰ ਮਾਤਰ ਦਾ ਕਲਿਆਣਕਾਰੀ ਤੇ ਪੂਜਨੀਕ ਧਰਮ-ਗ੍ਰੰਥ ਵੀ ਆਖਿਆ ਜਾ ਸਕਦਾ ਹੈ। ਜਿਥੋਂ ਤਕ ਇਸ ਦੇ ਬਾਹਰੀ ਰੂਪ-ਭਾਸ਼ਾ ਤੇ ਸ਼ੈਲੀ ਦਾ ਸੰਬੰਧ ਹੈ, ਇਸ ਪੱਖ ਤੋਂ ਅਸੀਂ ਇਸ ਨੂੰ ਨਿਰਸੰਕੋਚ ਧਰਮ-ਨਿਰਪੇਖ ਨਵੇਂ ਭਾਰਤ ਦਾ ਨਵਾਂ ਧਰਮ-ਗਰੰਥ ਸਹਿਜੇ ਮੰਨ ਸਕਦੇ ਹਾਂ ਜਿਸ ਵਿਚ ਬਿਨਾਂ ਕਿਸੇ ਸਮਾਜਿਕ ਜਾਂ ਮਜ਼ਹਬੀ ਵਿਤਕਰੇ ਜਾਂ ਫ਼ਿਰ ਇਲਾਕਈ ਭਿੰਨ ਭੇਦ ਦੇ ਸਾਰੇ ਹਿੰਦੁਸਤਾਨ ਦੀ ਅਧਿਆਤਮਕ ਆਤਮਾ ਗੂੰਜ ਉਠੀ ਹੈ। ਪ੍ਰਬੀਨ ਸਿੱਖ ਗੁਰੂਆਂ ਇਸ ਵਿਚ ਕੇਵਲ ਆਪਣੀ ਬਾਣੀ ਹੀ ਸੰਕਲਿਤ ਨਹੀਂ ਕੀਤੀ ਸਗੋਂ ਸ਼ੇਖ ਫਰੀਦ ਤੇ ਭੀਖਨ ਵਰਗੇ ਸੂਫ਼ੀ ਫਕੀਰਾਂ ਤੇ ਰਾਮਾਨੰਦ ਤੇ ਕਬੀਰ ਵਰਗੇ ਭਗਤੀ ਲਹਿਰ ਦੇ ਸੰਤਾਂ ਦੇ ਅਮੋਲਕ ਬਚਨ ਵੀ ਬਰਾਬਰ ਚੁਣ ਕੇ ਰੱਖੇ ਹਨ। ਭਗਤੀ ਲਹਿਰ ਵਿਚ ਸਰਗੁਣਵਾਦ ਤੇ ਨਿਰਗੁਣਵਾਦ ਦੀਆਂ ਦੋ ਧਾਰਾਵਾਂ ਹਨ, ਮਗਰ ਸਤਿਗੁਰਾਂ ਦੁਹਾਂ ਦਾ ਸੰਗਮ ਰਚਿਆ ਤੇ ਕੁਦਰਤ ਦੇ ਵਿਚ ਵਿਆਪਕ ਪਰਮਾਤਮਾ ਦਾ ਸਰਗੁਣ ਰੂਪ ਤੱਕ ਕੇ ਉਸ ਦੇ ਨਿਰਗੁਣ ਰੂਪ ਦੀ ਵਿਆਖਿਆ ਵਿਲੱਖਣ ਭਾਂਤ ਕੀਤੀ। ਇਹ ਬ੍ਰਹਮ ਤੇ ਮਾਇਆ ਦਾ, ਕੁਦਰਤ ਤੇ ਕਾਦਰ ਦੀ ਏਕਤਾ ਦਾ ਦਰਸ਼ਨ ਸੀ। ਸੋ *ਆਦਿ ਗ੍ਰੰਥ* ਦਾ ਅਧਿਆਤਮਕ ਸ਼ਾਸ਼ਤ੍ਰ ਏਕਵਾਦੀ ਤੇ ਸਮਾਜ ਸ਼ਾਸ਼ਤ੍ਰ ਮਾਨਵਵਾਦੀ ਹੈ ਜੋ ਵਿਸ਼ਵ ਮਨੁੱਖ (Universal man) ਦਾ ਸੁੰਦਰ ਆਧਾਰ ਬਣਨ ਦੀ ਪੂਰਨ ਭਾਂਤ ਸਮੱਰਥਾ ਰਖਦਾ ਹੈ।

ਅਜ ਦੇ ਬੌਧਿਕ ਯੁਗ ਅੰਦਰ *ਗੁਰੂ ਗ੍ਰੰਥ* ਸਾਹਿਬ ਦੀ ਦੂਜੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਅਧਿਆਤਮਕ ਮਾਰਗ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਆਮ ਤੌਰ ਤੇ ਪੁਰਾਣੇ ਧਾਰਮਕ ਗ੍ਰੰਥਾਂ ਵਿਚ ਕਈ ਤਰ੍ਹਾਂ ਦੇ ਕਰਮ-ਕਾਂਡ, ਭਰਮ, ਵਹਿਮ, ਮਿਥਿਹਾਸ ਤੇ ਕਾਲਪਨਿਕ ਕਹਾਣੀਆਂ ਤੋਂ ਕੰਮ ਲਿਆ ਗਿਆ ਹੈ ਜਿਸ ਕਰਕੇ ਨਵੀਂ ਪੀੜ੍ਹੀ ਉਨ੍ਹਾਂ ਤੋਂ ਅਸੰਤੁਸ਼ਟ ਹੈ ਪਰ *ਗੁਰੂ ਗ੍ਰੰਥ* ਦਾ ਸਿਧਾਂਤ ਤਰਕ-ਕਸਵੱਟੀ ਤੇ ਪੂਰਾ ਉਤਰਨ ਵਾਲਾ ਹੈ ਤੇ ਕੋਈ ਅਜੇਹੀ ਗੱਲ ਨਹੀਂ ਕਹੀ ਗਈ ਜੋ ਆਤਮਕ ਦਾ ਅਨੁਭਵ ਦਾ ਵਿਗਿਆਨਕ ਆਧਾਰ ਨਾਲ ਰੱਖਦੀ ਹੋਵੇ। ਸਪਸ਼ਟ ਫੁਰਮਾਨ ਹੈ :

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ,
ਪਹਿਲਾਂ ਵਸਤ ਸਿਞਾਣ ਕੈ ਤਉ ਕੀਚੈ ਵਾਪਾਰੁ ॥ *(ਗੁਰੂ ਨਾਨਕ)*

ਸੋ ਇਹ ਦ੍ਰਿਸ਼ਟੀਕੋਣ ਦੱਸਦਾ ਹੈ ਕਿ ਗੁਰੂ ਸਾਹਿਬ ਕਿਸ ਤਰ੍ਹਾਂ ਅਧਿਆਤਮਕਤਾ ਨੂੰ ਵਿਗਿਆਨਕ ਰੂਪ ਵਿਚ ਪੇਸ਼ ਕਰਕੇ ਰਾਜ਼ੀ ਸਨ। ਤੀਸਰੀ ਗੱਲ ਜੋ ਆਦਿ ਗ੍ਰੰਥ ਦੀ ਵਡਿਆਈ ਹੋਰ ਪ੍ਰਗਟ ਕਰਦੀ ਹੈ ਉਹ ਇਹ ਕਿ ਇਹ ਧਰਮ ਗ੍ਰੰਥ ਕੇਵਲ ਪਰਲੋਕ ਦੀ ਅਗਵਾਈ ਲਈ ਹੀ ਨਹੀਂ ਬਲਕਿ ਇਸ ਲੋਕ ਨੂੰ ਸੰਵਾਰਨ ਸੁਧਾਰਨ ਅਤੇ ਸਮਾਜਿਕ ਤੌਰ ਤੇ ਜੀਵਨ ਨੂੰ ਉਚੇਰਾ ਕਰਨ ਲਈ ਵੀ ਉਤਨਾ ਹੀ ਪ੍ਰਯਤਨਸ਼ੀਲ ਹੈ ਜਿਤਨਾ ਕਿ ਮੁਕਤੀ ਲਈ, ਕਿਉਂਕਿ ਗੁਰੂ ਸਾਹਿਬ ਬਿਰਕਤੀ ਦੀ ਥਾਂ ਕਰਮਯੋਗੀ ਜੀਵਨ ਦੇ ਹਿਮਾਇਤੀ ਸਨ, ਇਸ ਕਰਕੇ ਉਨ੍ਹਾਂ ਸੰਸਾਰੀ ਪੱਖਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ। ਸਮਾਜਿਕ ਭਲਾਈ ਤੇ ਵਿਅਕਤੀਗਤ ਸੁਧਾਈ ਲਈ ਜਿਸ ਸਦਾਚਾਰ ਉੱਤੇ ਜ਼ੋਰ ਦਿੱਤਾ ਗਿਆ ਹੈ, ਉਹ ਅਤਿਅੰਤ ਸੰਤੁਸ਼ਟਾਦਾਇਕ ਹੈ। ਗੱਲ ਇਹ ਹੈ ਕਿ ਇਨ੍ਹਾਂ ਸਦਾਚਾਰਕ ਨੇਮਾਂ ਵਿਚ ਕੋਈ ਪੱਖਪਾਤ ਜਾਂ ਬੰਧਨ ਵਾਲੀ ਗੱਲ ਨਹੀਂ ਬਲਕਿ ਮਨੁੱਖੀ ਜੀਵਨ ਦੇ ਭਲੇ ਲਈ ਅਜਿਹੀਆਂ ਗੱਲਾਂ ਦੇ ਸੰਕੇਤ ਹਨ ਜੋ ਬਿਨਾਂ ਕਿਸੇ ਕੱਟਰਤਾ ਦੇ ਵਿਸ਼ਵ-ਸਦਾਚਾਰ ਦੀ ਬੁਨਿਆਦ ਬਣ ਸਕਦੇ ਹਨ, ਜਿਵੇ :

ਸਾਂਝ ਕੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ ॥ (ਸੂਹੀ ੧)

ਜਾਂ 'ਐਸਾ ਕੰਮ ਮੂਲੇ ਨ ਕੀਚੈ, ਜੀਤੁ ਅੰਤਿ ਪਛੋਤਾਈਐ ॥' (ਰਾਮਕਲੀ ੩)

ਚੌਥੀ ਗੱਲ ਜੋ ਇਸ ਦੇ ਮਹੱਤਵ ਨੂੰ ਹੋਰ ਗੌਰਵ-ਭਰਪੂਰ ਬਣਾਂਦੀ ਉਹ ਹੈ ਇਸ ਮਹਾਨ ਰਚਨਾ ਦਾ ਸੰਗੀਤਕ ਤੇ ਸਾਹਿਤਿਕ ਜਾਮੇ ਵਿਚ ਪੇਸ਼ ਕੀਤਾ ਜਾਣਾ। ਕਲਾ ਦੀ ਜਿਸ ਖ਼ੂਬਸੂਰਤੀ ਨਾਲ ਇਹ ਜੀਵਨ-ਸਿਧਾਂਤ ਪੇਸ਼ ਕੀਤਾ ਗਿਆ ਹੈ, ਉਹ ਪਾਠਕ ਦੀ ਸੁਹਜਵਾਦੀ ਰੁਚੀ ਨੂੰ ਸੰਤੁਸ਼ਟ ਕਰਨ ਵਾਲਾ ਹੈ। ਭਾਸ਼ਾ ਦੀ ਰਵਾਨੀ, ਸ਼ੈਲੀ ਦੀ ਸੁਹਿਰਦਤਾ ਅਲੰਕਾਰਮਾਲਾ ਦਾ ਕੁਦਰਤੀ ਘਰੇਲੂ ਰੰਗ ਤੇ ਵਿਸ਼ਵ ਸਾਂਝ ਦਾ ਵਿਸ਼ੇ-ਵਸ਼ਤੂ ਸਭ ਕੁਝ ਹੀ ਆਕਰਸ਼ਕ ਸਾਮੱਗਰੀ ਹੈ। ਇਸੇ ਕਰਕੇ ਇਸ ਨੂੰ ਜੀਵਨ ਲਈ ਲਾਜ਼ਮੀ ਚੀਜ਼ ਆਖਦਿਆਂ : ਇਹ ਵਸਤੁ ਤਜੀ ਨਾ ਜਾਈ, ਨਿਤ ਨਿਤ ਰਖ ਉਰ ਧਾਰੋ' ਦੀ ਤਾਕੀਦ ਕੀਤੀ ਮਿਲਦੀ ਹੈ।

ਪੰਜਵਾਂ ਨੁਕਤਾ, *ਗੁਰੂ ਗ੍ਰੰਥ* ਨੂੰ ਕੇਵਲ ਧਰਮ-ਗ੍ਰੰਥ ਹੀ ਨਾ ਮੰਨ ਕੇ 'ਗੁਰੂ' ਰੂਪ ਮੰਨਣਾ ਸਭ ਤੋਂ ਵੱਧ ਮਹਾਨ ਤੇ ਬੇਮਿਸਾਲ ਹੈ। ਇਤਿਹਾਸ ਪੜ੍ਹਨ ਤੋਂ ਇਉਂ ਜਾਪਦਾ ਹੈ ਕਿ ਜਿਵੇਂ ਸਿੱਖ ਗੁਰੂਆਂ ਦੀ ਸਾਰੀ ਘਾਲ ਦਾ ਮੰਤਵ *ਆਦਿ ਗ੍ਰੰਥ* ਤਿਆਰ ਕਰਕੇ ਮਨੁੱਖਤਾ ਦੀ ਝੋਲੀ ਹੀਰੇ ਮੋਤੀਆਂ ਨਾਲ ਭਰਪੂਰ ਕਰਨਾ ਸੀ, ਜਦੋਂ ਕਿ ਕੋਈ ਵੀ ਪੀਰ ਪੈਗ਼ੰਬਰ ਜਾਂ ਅਵਤਾਰ ਕੋਈ ਧਰਮ ਗ੍ਰੰਥ ਖ਼ੁਦ ਤਿਆਰ ਨਹੀਂ ਕਰ ਗਿਆ। ਸਤਿਗੁਰਾਂ ਇਹ ਕੰਮ ਇਸ ਲਈ ਖ਼ੁਦ ਕੀਤਾ ਕਿ ਇਸ ਨੂੰ ਗੁਰੂ ਥਾਪਣਾ ਹੈ। ਇਸ ਕਰਕੇ ਇਸ ਨੂੰ 'ਗੁਰੂ' ਦੀ ਪਦਵੀ ਨਾਲ ਸੁਸ਼ੋਭਤ ਕੀਤਾ ਗਿਆ ਤਾਂ ਕਿ ਮਨੁੱਖ ਹਰ ਤਰ੍ਹਾਂ ਦੀ ਸ਼ਖ਼ਸੀ ਗੁਲਾਮੀ ਤੋਂ ਛੁਟਕਾਰਾ ਪਾ ਸਕੇ। ਆਮ ਤੌਰ ਤੇ ਅਸੀਂ ਰਾਜਸੀ ਗੁਲਾਮੀ ਤੋਂ ਛੁਟਕਾਰਾ ਤਾਂ ਪਾ ਲੈਂਦੇ ਹਾਂ ਪਰ ਧਾਰਮਕ ਦੁਨੀਆਂ ਵਿਚ ਕਿਸੇ ਨਾ ਕਿਸੇ ਦੀ 'ਦਾਸਤਾ' ਪਰਵਾਨ ਕਰਨਾ ਜਾਇਜ਼ ਹੀ ਸਮਝਦੇ ਹਾਂ ਮਗਰ 'ਸ਼ਬਦ ਗੁਰ ਪੀਰਾ ਗਹਰ ਗੰਭੀਰਾ' ਜਾਂ 'ਬਾਣੀ ਗੁਰੂ ਗੁਰੂ ਹੈ ਬਾਣੀ' ਦਾ ਹੋਕਾ ਦੇਣ ਵਾਲੇ ਗੁਰੂਆਂ ਦਾ ਪੱਕਾ ਇਰਾਦਾ ਸੀ ਕਿ ਆਦਮੀ ਸਿਵਾਇ ਪਰਮੇਸ਼ਰ ਦੇ ਕਿਸੇ ਦਾ ਵੀ ਆਸ਼ਰੀ ਨਾ ਹੋਵੇ, ਇਸ ਲਈ ਇਸ ਨੂੰ ਸ਼ਬਦ ਯਾ 'ਬਾਣੀ' ਦਾ ਪੱਲਾ ਪਕੜਾਇਆ ਗਿਆ ਹੈ। ਸਪਸ਼ਟ ਹੈ ਕਿ ਸਿੱਖ ਗੁਰੂਆਂ ਨੇ ਆਦਿ ਗ੍ਰੰਥ ਨੂੰ ਗੁਰੂ ਸਥਾਪਿਤ ਕਰਕੇ ਮਨੁੱਖੀ ਸੁਤੰਤਰਤਾ ਲਈ ਇਕ ਨਵਾਂ ਕਾਰਨਾਮਾ ਕੀਤਾ, ਜਿਸ ਕਾਰਣ ਕਿਸੇ ਜਗਿਆਸੂ ਨੂੰ ਕਿਸੇ ਦੇਹਧਾਰੀ ਦਾ ਤਾਬੇਦਾਰ ਹੋਣ ਦੀ ਲੋੜ ਨਹੀਂ ਰਹਿ ਜਾਂਦੀ ਤੇ ਉਹ ਪ੍ਰਤੱਖ ਗੁਰੂ ਗੁਰਬਾਣੀ ਦੁਆਰਾ ਹੀ ਆਪਣਾ ਉਧਾਰ ਕਰ ਸਕਦਾ ਹੈ। ਧਰਮ ਦੀ ਦੁਨੀਆਂ ਵਿਚ ਇਹ ਇਕ ਇਨਕਲਾਬੀ ਘਟਨਾ ਹੈ ਜੋ ਕਿਸੇ ਹੋਰ ਧਰਮ ਦੇ ਇਤਿਹਾਸ ਵਿਚ ਨਹੀਂ ਮਿਲਦੀ। ਭਾਰਤੀ ਦਰਸ਼ਨ ਸ਼ਾਸਤ੍ਰੀਆਂ ਨੇ ਸ਼ਬਦ ਨੂੰ 'ਨਿੱਤ' ਜ਼ਰੂਰ ਕਿਹਾ ਹੈ ਜਾਂ ਇਕ ਥਾਂ 'ਸ਼ਬਦ ਬ੍ਰਹਮ' ਦੀ ਕਲਪਨਾ ਵੀ ਕੀਤੀ ਹੈ, ਪਰ ਇਸ ਅਧਿਆਤਮਿਕ ਸ਼ਬਦ ਨੂੰ ਗੁਰੂ ਬਣਾਉਣਾ ਇਹ ਸਿੱਖ ਗੁਰੂਆਂ ਦਾ ਹੀ ਬੋਧਿਕ ਕ੍ਰਿਸ਼ਮਾ ਸੀ। ਦੂਜੇ ਸ਼ਬਦਾਂ ਵਿਚ ਰੂਹਾਨੀ ਸਾਹਿਤ ਨੂੰ 'ਸਤਿਗੁਰੂ' ਮੰਨ ਕੇ ਤੁਰਨਾ ਮਨੁੱਖ ਸੰਸਕ੍ਰਿਤੀ ਦੀ ਇਕ ਨਵੀਂ ਮੰਜ਼ਿਲ ਸੀ ਪਰ ਇਸ ਦਾ ਗੌਰਵ ਅਜੇ ਤਕ ਪੂਰੀ ਤਰ੍ਹਾਂ ਅਨੁਭਵ ਨਹੀਂ ਕੀਤਾ ਗਿਆ। ਅੱਜ ਦੇ ਪਦਾਰਥਵਾਦੀ ਯੁਗ ਵਿਚ ਜਿਸ ਮਨੁੱਖੀ ਏਕਤਾ ਦੀ ਕਲਪਨਾ ਵਿਗਿਆਨ ਕਰਦਾ ਨਹੀਂ ਥੱਕਦਾ ਉਹ ਖ਼ੁਦਪ੍ਰਸਤੀ ਵਿਚ ਨਹੀਂ, ਖ਼ੁਦਾਪ੍ਰਸਤੀ ਵਿਚ ਹੈ ਅਤੇ ਉਹ ਕੌਮ-ਪ੍ਰਸਤੀ ਦੀ ਕਠੋਰਤਾ ਦੀ ਥਾਂ ਮਾਨਵਵਾਦੀ ਸੁਹਿਰਦਤਾ ਵਿਚ ਹੈ। ਪਦਾਰਥਵਾਦੀ ਨਵੀਂ ਸੋਚ ਮਨੁੱਖ ਨੂੰ ਰੱਬ ਦੀ ਥਾਂ ਸਟੇਟ ਦੇ ਹਵਾਲੇ ਕਰਦੀ ਹੈ ਤੇ ਸਟੇਟ ਇਕ ਪਾਰਟੀ ਦੀ ਕਠਪੁਤਲੀ ਹੈ ਜਿਸ ਵਿਚ ਪੱਖਪਾਤ ਤੇ ਹੋਰ ਮੰਦਾ ਅੰਸ਼ ਵੀ ਸ਼ਾਮਲ ਹੈ। ਪਦਾਰਥਵਾਦ ਸੰਸਾਰ ਨੂੰ

ਸ਼ਾਂਤੀ ਨਹੀਂ ਦੇ ਸਕਦਾ। ਸੋ ਇਸ ਐਟਮਵਾਦੀ ਯੁਗ ਦਾ ਉਧਾਰ ਪਰਮੇਸ਼ਰ ਦੇ 'ਨਾਮ ਦਾਰੂ' ਨਾਲ ਹੀ ਸੰਭਵ ਹੈ ਤੇ ਇਹ ਨਾਮ ਦਾ ਖ਼ਜ਼ਾਨਾ ਆਦਿ ਗੁਰੂ ਗ੍ਰੰਥ ਹੈ ਤੇ ਇਸ ਵਲ ਯੁਗ ਦਾ ਧਿਆਨ ਦਿਵਾਉਣਾ ਜ਼ਰੂਰੀ ਹੈ। [*ਆਦਿ ਗ੍ਰੰਥ ਦਰਸ਼ਨ*, ੧੯੬੭]

੧੧੨. *ਬਾਵਾ ਰਾਮਦਾਸ ਜੀ*

ਲਾਜ ਲਗਾਵੈ ਗੁਰੂ ਕੋ, ਭਜੈਂ ਰਾਮ ਕੀ ਆਸ
ਮੁਕਤਿ ਮਾਂਗਨੇ ਕਾਰਨੇ, ਕਾਸ਼ੀ ਕਰੈ ਨਿਵਾਸ। ੧੦।
ਸੇਵਕ ਨਾਨਕ ਸ਼ਾਹ ਕੇ, ਸ਼ਿਵ ਸਿਉਂ ਨਹੀਂ ਸਨੇਹ
ਚਰਨ ਗੁਰੂ ਕੇ ਚਿਤ ਵਸਹਿਂ, ਤਜਹਿ ਨ ਕਾਸ਼ੀ ਦੇਹ। ੧੨।
ਲੋਕਵੇਦ ਤੇ ਬਾਹਰਾ, ਗੁਰੂ ਨਾਨਕ ਕਾ ਪੰਥ
ਹਮਕਾਸ਼ੀ ਕਾਹੇ ਮਰਹਿ, ਛੋਡਿ ਗੁਰੂ ਕਾ ਗ੍ਰੰਥ। ੩੮।
ਹਮਰੈ ਦ੍ਰਿਢ ਵਿਸ਼ਵਾਸ ਹੈ, ਚਰਣ ਕਮਲ ਕੀ ਟੇਕ
ਤਜੈਂ ਨ ਮਾਰਗ ਗੁਰੂ ਕਾ, ਜੇ ਸੁਖ ਮਿਲੈ ਅਨੇਕ। ੩੯।

[*ਦੀਵਾਨੇ ਸਾਧੂਆਂ ਦਾ ਗ੍ਰੰਥ*]

੧੧੩. *ਪੰਡਿਤ ਬ੍ਰਹਿਮਾਨੰਦ ਉਦਾਸੀਨ* ੧੯੨੩

ਗੁਰੂ ਅਰਜਨ ਦੇਵ ਯਹ ਗ੍ਰੰਥ ਰਚ ਕਰਿ ਇਸਦੇ ਨਾਮ ਵਿਚ ਗੁਰੂ ਦੀ ਪਦਵੀ ਜੋੜ ਕਰ, '*ਗੁਰੂ ਗ੍ਰੰਥ ਸਾਹਿਬ*' ਰੱਖਿਆ ਜਿਸਨੂੰ ਪਿਛਲੀ ਪਾਤਸ਼ਾਹੀ (੬, ੭, ੮, ੯, ੧੦) ਬਰਾਬਰ ਗੁਰੂ ਮੰਨਦੇ ਚਲੇ ਆਏ ਸੀ ਜੋ ਹੁਣ ਤਾਂਈ ਸਾਰੇ ਜਗਤ ਦਾ ਪੂਜਯ ਹੋ ਰਿਹਾ ਹੈ।

'*ਗੁਰੂ ਗ੍ਰੰਥ* ਉਦਾਸੀਨ ਕਾ ਬਨਾ ਹੁਆ ਸਮਝਕੇ ਸਾਰੇ ਉਦਾਸੀਨ ਭੇਖ ਤੇ ਉਦਾਸੀਨ ਭੇਖ ਦੇ ਮੰਨਣ ਹਾਰੇ ਅਪਣਾ ਇਸ਼ਟ ਮੰਨਦੇ ਹਨ ਤੇ ਉਦਾਸੀਨ ਮਹਾਤਮਾ ਕੁੰਭ ਦੇ ਵੇਲੇ ਸ਼ਾਹੀਨੇਂ ਆਪਣਾ ਇਸ਼ਟ *ਸ੍ਰੀ ਗੁਰੂ ਗ੍ਰੰਥ ਸਾਹਿਬ* ਲੈ ਜਾਂਦੇ ਹਨ।'

[*ਗੁਰੂ ਉਦਾਸੀਨ ਮਤ ਦਰਪਣ*, ਪੰਨਾ ੧੨੯]

੧੧੪. *ਸਾਧੂ ਗੋਵਿੰਦ ਸਿੰਘ ਨਿਰਮਲੇ* ੧੯੨੫

ਅਕਾਲ ਪੁਰਖ, *ਗੁਰੂ ਗ੍ਰੰਥ* ਤਥਾ ਗੁਰੂ ਖਾਲਸਾ—ਇਨ ਉਪਾਸਨੀਯ ਤੀਨ ਕੇ, ਤ੍ਰੈਲੋਕੀ ਕੋ ਤੁਛ ਜਾਨਨਾ, ਆਪ ਲੋਗੋਂ ਕਾ ਮੁਖਯ ਧਰਮ ਹੈ। [*ਇਤਿਹਾਸ ਗੁਰੂ ਖਾਲਸਾ* (ਹਿੰਦੀ)]

੧੧੫. *ਸੰਤ ਨਿਧਾਨ ਸਿੰਘ ਆਲਮ* ੧੯੩੩

ਨਾਮਧਾਰੀ ਪੰਥ, ਗੁਰਬਾਣੀ ਦਾ ਸੱਚਾ ਪ੍ਰੇਮੀ ਹੈ। ਨਾਮਧਾਰੀਆਂ ਦੇ ਜੀਵਨ ਦਾ ਆਧਾਰ ਨਾਮ ਅਤੇ ਗੁਰਬਾਣੀ ਹੈ। ਨਾਮਧਾਰੀ ਪੰਥ ਗੁਰਬਾਣੀ ਨੂੰ ਗੁਰੂ ਬਾਣੀ ਅਤੇ ਰੱਬੀ ਬਾਣੀ ਹੋਣ ਦੀ ਹੈਸੀਅਤ ਵਿਚ ਪੂਜਨੀਯ ਮੰਨਦਾ ਹੈ।

ਧੁਰ ਕੀ ਬਾਣੀ, ਅਕਾਲ ਪੁਰਖ ਦਾ ਹੁਕਮ ਹੈ, ਜੋ ਗੁਰੂਆਂ ਵਾਸਤੇ ਵੀ ਸੀਸ ਨਿਵਾਣ ਦੀ ਜਗ੍ਹਾ ਹੈ ਸੋ ਨਾਮਧਾਰੀ ਸਿੱਖ ਅਤੇ ਉਨ੍ਹਾਂ ਦੇ ਸਤਿਗੁਰ *ਸ੍ਰੀ ਗੁਰੂ ਗ੍ਰੰਥ ਸਾਹਿਬ* ਦਾ ਉਸੇ ਤਰ੍ਹਾਂ ਹੀ ਅਦਬ ਅਤੇ ਸਨਮਾਨ ਕਰਦੇ ਹਨ ਜਿਸ ਤਰ੍ਹਾਂ ਪਹਿਲੇ ਸਤਿਗੁਰ ਅਤੇ ਉਨ੍ਹਾਂ ਦੇ ਸਿੱਖ ਆਪਣੇ ਸਮੇਂ ਵਿਚ ਕੀਤਾ ਕਰਦੇ ਸਨ। [*ਗੁਰੂ ਪਦ ਪ੍ਰਕਾਸ਼*, ਪੰਨਾ ੫, ੬]

੧੧੬. *ਮਹਾਰਾਜ ਚਰਨ ਸਿੰਘ* ੧੯੭੦

ਇਹ ਗ੍ਰੰਥ ਪੋਥੀਆਂ ਵੇਦ ਸ਼ਾਸਤ੍ਰ ਕੀ, ਚੀਜ਼ ਨੇ। ਗੁਰੂ ਸਾਹਿਬਾਂ ਨੇ, ਰਿਸ਼ੀਆਂ ਮੁਨੀਆਂ ਨੇ, ਪੀਰਾਂ ਪੈਗੰਬਰਾਂ ਨੇ ਕਮਾਈਆਂ ਕੀਤੀਆਂ। ਮਾਲਕ ਨਾਲ ਮਿਲੇ ਤੇ ਜੋ ਨਜ਼ਾਰੇ ਉਨ੍ਹਾਂ ਨੇ ਅੰਦਰ ਦੇਖੇ ਤੇ ਜੋ ਰੁਕਾਵਟਾਂ ਉਨ੍ਹਾਂ ਨੂੰ ਅੰਦਰ ਜਾਣ ਵਿਚ ਆਈਆਂ, ਉਨ੍ਹਾਂ ਨੇ ਇਨ੍ਹਾਂ ਸਭ ਦਾ ਹਾਲ ਸਾਡੇ ਲਾਭ ਲਈ ਇਨ੍ਹਾਂ ਧਰਮ-ਪੁਸਤਕਾਂ ਵਿਚ ਲਿਖ ਦਿੱਤਾ। ...ਅੰਦਰੋਂ ਰੂਹਾਨੀਅਤ ਦੀ ਖੋਜ ਦਾ ਸਾਧਨ ਕੇਵਲ ਸ਼ਬਦ ਜਾਂ ਨਾਮ ਦੀ ਕਮਾਈ ਹੈ 'ਅਸਲ ਵਿਚ ਗੁਰੂ ਦਾ ਅਸਲੀ ਸਰੂਪ ਸ਼ਬਦ ਹੀ ਹੈ।'

[*ਸੰਤ ਮਾਰਗ*, ਪੰਨਾ ੫੪, ੬੭, ਰਾਧਾ ਸੁਆਮੀ ਸਤਿਸੰਗ ਬਿਆਸ]

੧੧੭. *ਪ੍ਰੋ. ਗੁਲਵੰਤ ਸਿੰਘ*

